Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763



Hardeep S. Rai
ਇੰਮੇਗਰੇਸ਼ਨ ਵਕੀਲ Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Ad space available
Please call
Ph: 847-359-0756

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 20, May 20, 2017 20451 N Plum Grove Rd., Palatine, IL 60074 Ph:847-359-0746, Fax:847-705-9388

## 'ਆਪ' ਹੁਣ ਨਵੇਂ ਸਿਰਿਓਂ ਸ਼ੁਰੂ ਕਰੇਗੀ ਅਗਲੀ ਪਾਰੀ

### ਪੰਜਾਬ ਤੋਂ ਹੀ ਚੱਲੇਗੀ ਪੰਜਾਬ ਦੀ ਸਿਆਸਤ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਚਾਰ-ਚੁਫੇਰਿਓਂ ਨੁਕਤਾਚੀਨੀ ਦੇ ਵਾਰ ਸਹਿ ਰਹੇ ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਦੇ ਨਵੇਂ ਪ੍ਰਧਾਨ ਭਗਵੰਤ ਮਾਨ ਨੇ ਪਾਰਟੀ ਦੀ ਅਗਵਾਈ ਦੇ ਸਮਰੱਥ ਹੋਣ ਦੇ ਸੰਕੇਤ ਦਿੱਤੇ ਹਨ। ਪ੍ਰਧਾਨ ਵਜੋਂ ਪਾਰਟੀ ਦੀ ਪਲੇਠੀ ਮੀਟਿੰਗ ਵਿਚ ਭਗਵੰਤ ਮਾਨ ਪੰਜਾਬ ਦੀ ਸਮੂਹ ਲੀਡਰਸ਼ਿਪ ਨੂੰ ਇਕ ਛੱਤ ਥੱਲੇ ਲਿਆਉਣ ਵਿਚ ਸਫਲ ਰਹੇ। ਇਹ ਪਹਿਲਾ ਮੌਕਾ ਹੈ ਜਦੋਂ ਸਾਰੇ ਆਗੂ ਸਿਰ ਜੋੜ ਕੇ ਪਾਰਟੀ ਨੂੰ ਲੀਹ ਉਤੇ ਲਿਆਉਣ ਲਈ ਇਕਜੁਟ ਨਜ਼ਰ ਆਏ। ਪਾਰਟੀ ਆਗੂ ਇਸ ਨੂੰ ਸ਼ੁਭ ਸੰਕੇਤ ਮੰਨ ਰਹੇ ਹਨ। ਇਸ ਤੋਂ ਪਹਿਲੇ ਕਨਵੀਨਰਾਂ ਸੁੱਚਾ ਸਿੰਘ ਛੋਟੇਪੁਰ ਤੇ ਗੁਰਪ੍ਰੀਤ ਸਿੰਘ ਵੜੈਚ ਸਮੇਂ ਪਾਰਟੀ ਦੀ ਹਰ ਮੀਟਿੰਗ ਵਿਚ ਛੋਟਾ-ਮੋਟਾ ਹੰਗਾਮਾ ਹੁੰਦਾ ਆਇਆ ਹੈ।

ਇਸ ਅਹਿਮ ਮੀਟਿੰਗ ਵਿਚ ਦਿੱਲੀ ਦੀ ਲੀਡਰਸ਼ਿਪ ਵੱਲੋਂ ਬਣਾਏ ਜਥੇਬੰਦਕ ਢਾਂਚੇ ਨੂੰ ਭੰਗ ਕਰ ਕੇ ਇਕ ਮਹੀਨੇ ਵਿਚ ਪੰਜਾਬ ਦੀ ਨਵੀਂ ਬਾਡੀ ਬਣਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ, ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਪੰਜਾਬ ਇਕਾਈ ਦੇ ਸਹਿ-ਪ੍ਰਧਾਨ ਅਮਨ ਅਰੋੜਾ ਅਤੇ ਵਿਧਾਇਕ ਸੁਖਪਾਲ ਖਹਿਰਾ ਨਾਲ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਹਾਜ਼ਰ ਸੀ। ਇਹ ਵੀ ਪਤਾ ਲੱਗਾ ਹੈ ਕਿ ਆਗੂਆਂ ਨੇ ਮੁੜ ਆਪਣੇ-

*(ਬਾਕੀ ਸਫਾ 6 'ਤੇ)*



### ਦਿੱਲੀ ਵਾਲਿਆਂ ਨੂੰ ਦਿਖਾਇਆ ਅੰਗੂਠਾ

**ਚੰਡੀਗੜ੍ਹ:** 'ਆਪ' ਦੀ ਪੰਜਾਬ ਇਕਾਈ ਨੇ ਦਿੱਲੀ ਹਾਈ ਕਮਾਨ ਦੀ ਥਾਂ ਆਪਣੇ ਦਮ 'ਤੇ ਖੜ੍ਹੇ ਹੋਣ ਦਾ ਐਲਾਨ ਕੀਤਾ ਹੈ। ਸਮੂਹ ਆਗੂਆਂ ਨੇ ਪਾਰਟੀ ਨੂੰ ਕੇਂਦਰੀ ਲੀਡਰਸ਼ਿਪ ਦੇ ਜੂਲੇ ਵਿਚੋਂ ਕੱਢਣ ਲਈ ਸਹਿਮਤੀ ਦਿੱਤੀ। ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਵਿਚ ਪੰਜਾਬੀਆਂ ਨੂੰ ਪਹਿਲ ਦਿੱਤੀ ਜਾਵੇਗੀ। ਭਾਰਤ ਵਿਚ ਕਿਸੇ ਸਿਆਸੀ ਪਾਰਟੀ ਲਈ ਇਹ ਪਹਿਲਾ ਤਜਰਬਾ ਹੈ ਜਦ ਕਿਸੇ ਸੂਬੇ ਦੀ ਲੀਡਰਸ਼ਿਪ ਆਪਣੇ ਪੱਧਰ 'ਤੇ ਆਪਣਾ ਭਵਿੱਖ ਤੈਅ ਕਰੇਗੀ। ਹੁਣ ਤੱਕ ਪਾਰਟੀ ਦੀ ਪੰਜਾਬ ਇਕਾਈ ਵਿਚ ਦਿੱਲੀ ਲੀਡਰਸ਼ਿਪ ਦੀ ਦਖਲਅੰਦਾਜ਼ੀ ਦੇ ਦੋਸ਼ ਲੱਗਦੇ ਆਏ ਹਨ। ਇਥੋਂ ਤੱਕ ਕਿ ਪੰਜਾਬ ਚੋਣਾਂ ਵਿਚ ਹਾਰ ਲਈ ਵੀ ਦਿੱਲੀ ਲੀਡਰਸ਼ਿਪ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਸ ਪਿੱਛੋਂ ਵੱਡੇ ਪੱਧਰ ਉਤੇ ਮੰਗ ਉਠੀ ਸੀ ਕਿ ਦਿੱਲੀ ਆਗੂਆਂ ਦੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ ਤੇ ਜਥੇਬੰਦਕ ਢਾਂਚੇ ਵਿਚ ਪੰਜਾਬੀਆਂ ਨੂੰ ਹੀ ਨੁਮਾਇੰਦਗੀ ਮਿਲੇ। ਯਾਦ ਰਹੇ ਕਿ ਪੰਜਾਬ ਦੀ ਕਮਾਨ ਬਾਹਰੀ ਆਗੂਆਂ ਹੱਥ ਵੱਧ ਰਹੀ ਹੈ। ਪੰਜਾਬ ਇਕਾਈ ਦੇ ਇੰਚਾਰਜ ਸੰਜੈ ਸਿੰਘ ਅਤੇ ਸਮੁੱਚੇ ਜਥੇਬੰਦਕ ਢਾਂਚੇ ਦੇ ਮੁਖੀ ਦੁਰਗੇਸ਼ ਪਾਠਕ ਹੀ ਇਕਾਈ ਨੂੰ ਚਲਾਉਂਦੇ ਰਹੇ ਹਨ।

## ਇਟਲੀ 'ਚ ਕਿਰਪਾਨ ਪਹਿਨਣ 'ਤੇ ਪਾਬੰਦੀ

### ਅਦਾਲਤ ਨੇ ਅਵਾਸੀਆਂ ਬਾਰੇ ਕੀਤੀਆਂ ਬੜੀਆਂ ਸਖਤ ਟਿੱਪਣੀਆਂ

**ਰੋਮ:** ਇਟਲੀ ਵਿਚ ਸਿੱਖਾਂ ਦੇ ਕਿਰਪਾਨ ਪਹਿਨਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਥੋਂ ਦੀ ਸੁਪਰੀਮ ਕੋਰਟ ਨੇ ਇਕ ਭਾਰਤੀ ਸਿੱਖ ਦੇ ਸ੍ਰੀ ਸਾਹਿਬ ਪਹਿਨਣ ਦੇ ਕੇਸ ਦੀ ਸੁਣਵਾਈ ਦੌਰਾਨ ਇਹ ਫੈਸਲਾ ਸੁਣਾਇਆ। ਇਟਲੀ ਪੁਲਿਸ ਨੇ ਇਕ ਸਿੱਖ ਨੂੰ 20 ਸੈਂਟੀਮੀਟਰ ਸ੍ਰੀ ਸਾਹਿਬ ਪਾਉਣ 'ਤੇ 2000 ਯੂਰੋ ਜੁਰਮਾਨਾ ਕੀਤਾ ਗਿਆ ਸੀ। ਇਸ ਸਿੱਖ ਨੇ ਸ੍ਰੀ ਸਾਹਿਬ ਪਹਿਨਣਾ ਆਪਣਾ ਜਮਹੂਰੀ ਹੱਕ ਦੱਸਿਆ। ਹੁਣ ਇਹ ਮਾਮਲਾ ਅਦਾਲਤ ਵਿਚ ਸੀ।

ਸੁਪਰੀਮ ਕੋਰਟ ਨੇ ਭਾਰਤੀ ਸਿੱਖ ਦੇ ਇਸ ਦਾਅਵੇ ਨੂੰ ਮੁੱਢੋਂ ਹੀ ਖਾਰਜ ਕਰ ਦਿੱਤਾ ਹੈ ਅਤੇ ਬਾਹਰੋਂ ਆ ਕੇ ਇਟਲੀ ਵਿਚ ਵਸੇ ਵਿਦੇਸ਼ੀ ਭਾਈਚਾਰਿਆਂ ਲਈ ਵੀ ਸਖਤ ਟਿੱਪਣੀਆਂ ਕੀਤੀਆਂ ਹਨ। ਅਦਾਲਤ ਨੇ ਕਿਹਾ ਕਿ ਵਿਦੇਸ਼ੀਆਂ ਨੂੰ ਦੇਸ਼ ਦੇ ਕਾਨੂੰਨ ਦੀ ਪਾਲਣਾ ਕਰਨੀ ਜ਼ਰੂਰੀ ਹੈ ਜਿਨ੍ਹਾਂ ਨੇ ਸਾਡੀ ਧਰਤੀ 'ਤੇ ਰਹਿਣਾ ਹੈ; ਨਹੀਂ ਤਾਂ ਆਪਣੇ ਮੂਲ ਦੇਸ਼ਾਂ ਨੂੰ ਬੜੀ ਖੁਸ਼ੀ ਨਾਲ ਜਾ ਸਕਦੇ ਹਨ। ਅਦਾਲਤ ਨੇ ਕਿਹਾ ਹੈ- "ਇਟਲੀ ਵਿਚ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਤੋਂ ਆਏ ਹੋਏ ਇੰਮੀਗ੍ਰਾਂਟ ਰਹਿੰਦੇ ਹਨ, ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ, ਪਰ ਉਨ੍ਹਾਂ ਨੂੰ ਵੀ ਆਪਣੇ ਮੂਲ ਦੇਸ਼ਾਂ ਦੇ ਧਾਰਮਿਕ ਕਾਨੂੰਨਾਂ ਨੂੰ ਸਾਡੇ ਅਤੇ ਸਾਡੀ ਹੀ ਧਰਤੀ ਉਤੇ ਆ ਕੇ ਥੋਪਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸਾਡੇ ਸੰਵਿਧਾਨ ਦੀ ਧਾਰ ਨੰਬਰ-2 ਦੇ ਕਾਨੂੰਨ ਤਹਿਤ ਭਾਵੇਂ ਵੱਖ-ਵੱਖ ਦੇਸ਼ਾਂ ਦੇ ਬਹੁ-ਸਭਿਆਚਾਰਾਂ ਨੂੰ ਪ੍ਰਫੁਲਿਤ ਕਰਨ ਦੀ ਤਜਵੀਜ਼ ਹੈ, ਪਰ ਉਸ ਨੂੰ ਵੀ ਬਰਦਾਸ਼ਤ ਕਰਨ ਦੀ ਹੱਦ



ਤੱਕ ਹੀ ਸਵੀਕਾਰ ਕੀਤਾ ਜਾ ਸਕਦਾ ਹੈ।" ਅਦਾਲਤ ਨੇ ਭਾਰਤੀ ਸਿੱਖ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜਿਥੇ ਉਸ ਦੇ ਸਿੱਖ ਧਰਮ ਵਿਚ ਕਿਰਪਾਨ (ਸ੍ਰੀ ਸਾਹਿਬ) ਪਾਉਣ ਦਾ ਅਧਿਕਾਰ ਹੈ, ਪਰ ਉਥੇ ਇਟਲੀ ਦੇ ਸੰਵਿਧਾਨ ਦੇ ਪ੍ਰੀਮੀਅਰ ਅਧਿਕਾਰਾਂ ਤਹਿਤ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਦੇਸ਼ ਦੇ ਲੋਕਾਂ ਦੀ ਹਿਫਾਜ਼ਤ ਵਾਸਤੇ ਉਨ੍ਹਾਂ ਦੇ ਰੱਖਿਆ ਕਾਨੂੰਨਾਂ ਦੀ ਰੱਖਿਆ ਕਰੀਏ। ਇਸ ਲਈ ਦੋਹਾਂ ਧਿਰਾਂ ਨੂੰ ਖਿਆਲ ਰੱਖਣਾ ਪਵੇਗਾ। ਅਦਾਲਤ ਦੀਆਂ ਇਨ੍ਹਾਂ ਟਿੱਪਣੀਆਂ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

We Do Real Estate in
Bay Area & Central Valley
We do loans anywhere
in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


21ST ANNUAL
ਸੈਨਹੋਜੇ ਵਿਸਾਖੀ ਮੇਲਾ
FREE ENTRY
SAN JOSE VAISAKHI MELA
EVERGREEN VALLEY HIGH SCHOOL
3300 QUIMBY ROAD SAN JOSE, CA 95148
NEAR SAN JOSE GURDWARA
SUNDAY MAY 28TH 2017 FROM 10:00 AM TO 6:00 PM
DIAMOND SPONSOR INDER S. DOSANJH
Dublin FREMONT Auto Group
PLATINUM SPONSOR
A&I
Commitment To Service
KABADDI 1ST PLACE PRIZE
AMOLAK S. GAKHAL
PALWINDER S. GAKHAL
IQBAL S. GAKHAL
NARINDER S. SAHOTA
PALWINDER S. SAHOTA
JATINDER DUTT
MANINDER DEOL
SATTI SATVINDER
HARBHAJAN MANN
ASHA SHARMA
New India Bazar
HINDU TEMPLE AND COMMUNITY CENTER SOUTH BAY
RAJ BHANOT JI
MEEKA STUDIO
Bhandal Bros. Trucking Inc.
Radio Punjab
KINGS OF PUNJAB
8Elements
SHALIMAR RESTAURANT
BHANGRA & GIDHA
Kabaddi & Wrestling tournament dedicated in Loving Memory of Jet Singh
KABADDI OPEN & 21 AND UNDER
WRESTLING
VOLLEY BALL CUP
Thanks to our Community & Sponsors 2017
GOLD SPONSEORS
BHUPHINDAR (BOB) S. DHILLON
GENERAL SECRETARY SAN JOSE GURDWARA
PRITAM S. GREWAL, DEV S. GREWAL
STAGE SECRETARY SAN JOSE GURDWARA
SURJIT S. BAINS SR. VP (SJGPC)
SRI RAJ BHANOT JI
SUNNYVALE HINDHU TEMPLE
SILVER SPONSEORS
MANGAL S. BHANDAL
MANNY S. BHANDAL
HARDEV S. TAKHAR
SUKHDEV S. BANIWAL
CHARAN S. BHANDAL
SARABJIT S. MULTANI
NEW INDIA BAZAR
BRONZE SPONSEORS
JASVINDER S. SOHAL
SATWINDER S. SARAN
HARPREET S. SIDHU
GURSEWAK S. BHANJU
KULWANT S. KHERA
NEW INDIA BAZAR
GURSHARAN SEKHON
BRONZE SPONSEORS
DR. H.S. MANGAT
DR. KHERA
DR. SHOKER
SARBJIT S. SANDHU
PAUL S. SIDHU
DR. SATBIR K. KAHLON
KAMAL S. SANDHU
RAVINDER S. BANIWAL
IN KIND SPONSEORS: Kulwinder S. Bains, Yellow Cab San Jose, Gurbaksh S. Dhillon, Parminder S. Kalhon, Nettu S. Kalhon, Sarbjot S. Sawaddi, Dr. Balbir S. Bains, Ashok Kumar Of Central Express USA, Jarnail Singh, Jasbir Singh, Megha S. Sandhu, Manjit S. Sandhu, Avtar S. Tari, Kulwant S. Nijjar Jatinder S. Bhangu, Hardeep S. Tatla, Jas Bhangu, Gursewak S. Bhangu, Amaneep S. Sidhu (It Wing Akali Dal), Surjit S. Sohal, Ruby Lamba, Ragbir (Kala) Singh Gakhal. Rajinder Singh, Satinder S. Manghar, Arun Singh & Pritpal Kaur Mountain Mikes Pizza, Sam Sandhu.
CULTURAL & GENERAL INFO
JASVIR S. POWAR 408-416-7200
SATVINDER S. SARAN 408-624-7857
SARBJIT S. SANDHU 408-504-9365
KABADDI & WRESTLING
JASVINDER S. SOHAL 408-391-7013
PREMJEET S. TAKHAR 408-561-9528
MANNY S. BHANDAL 831-588-0725
BOOTH & VOLLEY BALL
RAMA S. BHANDAL 408-677-1234
CHARAN S. BHANDAL 408-482-1372
SARBJIT S. MULTANI 408-834-9548
POLITICIAN & BUREAUCRAT
BOB S. DHILLON 408-568-0034
SURJIT S. BAINS 408-394-3595
INDERJIT S. THIND 408-806-7122
Anything Subject to change without notice.

# ਵਾਦੀ ਨੂੰ ਲੱਗਾ ਹਿੰਦ-ਪਾਕਿ ਟਕਰਾਅ ਦਾ ਗ੍ਰਹਿਣ

**ਸ੍ਰੀਨਗਰ:** ਸਰਹੱਦ 'ਤੇ ਭਾਰਤ ਤੇ ਪਾਕਿਸਤਾਨ ਦਾ ਟਕਰਾਅ ਆਮ ਲੋਕਾਂ ਲਈ ਵੱਡੀ ਚੁਣੌਤੀ ਬਣ ਗਿਆ ਹੈ। ਪਾਕਿਸਤਾਨ ਵੱਲੋਂ ਕੀਤੀ ਗੋਲੀਬਾਰੀ ਵਿਚ ਪੰਜ ਭਾਰਤੀ ਨਾਗਰਿਕ ਮਾਰੇ ਗਏ। ਉਧਰ, ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਪਹਿਲ ਭਾਰਤ ਨੇ ਕੀਤੀ ਹੈ ਤੇ ਉਸ ਦੀ ਗੋਲੀਬਾਰੀ ਵਿਚ ਆਮ ਨਾਗਰਿਕ ਮਾਰੇ ਗਏ ਹਨ। ਗੋਲੀਬਾਰੀ ਪਿੱਛੋਂ ਸਰਹੱਦੀ ਵਾਸੀਆਂ ਨੂੰ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਨੌਸ਼ਿਹਰਾ ਸੈਕਟਰ ਦੇ 51 ਸਕੂਲ ਅਣਮਿਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ। ਰਾਜੌਰੀ ਜ਼ਿਲ੍ਹੇ ਵਿਚ ਕੰਟਰੋਲ ਰੇਖਾ ਨੇੜੇ ਪੈਂਦੇ ਇਲਾਕਿਆਂ ਦੇ ਬਾਸ਼ਿੰਦਿਆਂ ਨੂੰ ਸੁਰੱਖਿਅਤ ਥਾਂਵਾਂ ਉਤੇ ਪਹੁੰਚਾਇਆ ਗਿਆ ਹੈ।

ਪਿਛਲੇ ਦਸ ਦਿਨਾਂ ਦੌਰਾਨ ਗੋਲੀਬੰਦੀ ਦੀ ਉਲੰਘਣਾਵਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਪਾਕਿਸਤਾਨ ਮੀਡੀਆ ਅਨੁਸਾਰ ਭਾਰਤੀ ਸੁਰੱਖਿਆ ਬਲਾਂ ਵੱਲੋਂ ਕੀਤੀਆਂ ਉਲੰਘਣਾਵਾਂ ਵਿਚ ਦੋ ਫੌਜੀਆਂ ਸਮੇਤ ਅੱਠ ਪਾਕਿਸਤਾਨੀ ਮਾਰੇ ਜਾ ਚੁੱਕੇ ਹਨ ਅਤੇ ਦਰਜਨਾਂ ਜ਼ਖ਼ਮੀ ਹੋ ਚੁੱਕੇ ਹਨ। ਅੰਗਰੇਜ਼ੀ ਰੋਜ਼ਨਾਮਾ 'ਡਾਅਨ' ਦੀ ਰਿਪੋਰਟ ਅਨੁਸਾਰ ਭਾਰਤੀ ਪਾਸਿਉਂ ਹੋਈ ਗੋਲਾਬਾਰੀ ਵਿਚ ਅੱਠ ਔਰਤਾਂ ਤੇ ਇਕ ਨਿੱਕੇ ਬੱਚੇ ਸਮੇਤ 13 ਵਿਅਕਤੀ ਜ਼ਖ਼ਮੀ ਹੋ ਗਏ। ਪਿਛਲੇ ਇਕ ਹਫਤੇ ਦੌਰਾਨ ਦੋਵਾਂ ਦੇਸ਼ਾਂ ਨੇ ਇਕ ਦੂਜੇ ਦੇ ਡਿਪਟੀ ਹਾਈ ਕਮਿਸ਼ਨਰਾਂ ਨੂੰ ਦੋ-ਦੋ ਵਾਰ ਤਲਬ ਕਰ ਕੇ ਗੋਲਾਬਾਰੀ ਖਿਲਾਫ਼ ਰੋਸ ਪੱਤਰ ਸੌਂਪੇ। ਪਾਕਿਸਤਾਨ ਨੇ ਸੰਯੁਕਤ ਰਾਸ਼ਟਰ ਦੇ ਨਿਗਰਾਨਾਂ ਕੋਲ ਵੀ ਇਹ ਮਾਮਲਾ ਉਠਾਇਆ ਹੈ।

ਸ੍ਰੀਨਗਰ ਤੇ ਬਡਗਾਮ 'ਚ ਪ੍ਰਦਰਸ਼ਨਾਂ ਦੌਰਾਨ ਹੋਈਆਂ ਝੜਪਾਂ 'ਚ ਸ਼ਾਮਲ ਵਿਦਿਆਰਥੀਆਂ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ, ਇਨ੍ਹਾਂ ਝੜਪਾਂ 'ਚ ਦਰਜਨਾਂ ਵਿਦਿਆਰਥੀ ਤੇ ਪੁਲਿਸ ਕਰਮੀ ਜ਼ਖਮੀ ਹੋ ਗਏ। 17 ਅਪਰੈਲ ਨੂੰ ਵਿਦਿਆਰਥੀਆਂ ਤੇ ਪੁਲਿਸ ਵਿਚਾਲੇ ਤਕਰਾਰ ਦੇ ਬਾਅਦ ਹਿੰਸਕ ਝੜਪਾਂ 'ਚ 50 ਵਿਦਿਆਰਥੀ ਜ਼ਖਮੀ ਹੋ ਗਏ ਸਨ, ਜਿਸ ਦੇ ਵਿਰੋਧ 'ਚ ਸ੍ਰੀਨਗਰ ਸਮੇਤ ਸਮੁਚੀ ਵਾਦੀ ਵਿਚ ਕਾਲਜਾ ਵਿਦਿਆਰਥੀਆਂ ਦੇ ਰੋਸ ਦਾ ਸਿਲਸਿਲਾ ਤੇਜ਼ ਹੁੰਦਾ ਜਾ ਰਿਹਾ ਹੈ। ਨੌਸ਼ਹਿਰਾ, ਪੁਣਛ ਅਤੇ ਰਾਜੌਰੀ ਦੇ ਇਲਾਕੇ ਵਿਚ ਹਾਲਾਤ ਬੇਹੱਦ ਤਣਾਅਪੂਰਨ ਹੋ ਚੁੱਕੇ ਹਨ। ਦੋਵਾਂ ਦੇਸ਼ਾਂ ਵਿਚ 26 ਨਵੰਬਰ, 2003 ਵਿਚ ਆਪਸ ਵਿਚ ਗੋਲੀਬਾਰੀ ਬੰਦ ਕਰਨ ਦਾ ਸਮਝੌਤਾ ਹੋਇਆ ਸੀ, ਪਰ ਸਮਾਂ ਬੀਤਣ ਨਾਲ ਸਰਹੱਦਾਂ 'ਤੇ ਫੌਜੀ ਉਲੰਘਣਾ ਦੀਆਂ ਘਟਨਾਵਾਂ ਵੱਧ ਹੋਣ ਲੱਗੀਆਂ ਹਨ।

## ਕੌਮਾਂਤਰੀ ਅਦਾਲਤ 'ਚ ਭਾਰਤ ਅਤੇ ਪਾਕਿਸਤਾਨ ਆਹਮੋ-ਸਾਹਮਣੇ

**ਹੇਗ:** ਭਾਰਤ ਤੇ ਪਾਕਿਸਤਾਨ 18 ਸਾਲਾਂ ਬਾਅਦ ਕੌਮਾਂਤਰੀ ਨਿਆਂ ਅਦਾਲਤ ਵਿਚ ਆਹਮੋ-ਸਾਹਮਣੇ ਹਨ। ਭਾਰਤ ਨੇ ਮੰਗ ਕੀਤੀ ਹੈ ਕਿ ਪਾਕਿਸਤਾਨ ਦੀ ਸੈਨਿਕ ਅਦਾਲਤ ਵੱਲੋਂ ਕੁਲਭੂਸ਼ਣ ਯਾਦਵ ਨੂੰ ਦਿੱਤੀ ਫਾਂਸੀ ਦੀ ਸਜ਼ਾ ਤੁਰਤ ਰੋਕੀ ਜਾਵੇ। ਕੌਮਾਂਤਰੀ ਅਦਾਲਤ ਵਿਚ ਸ਼ੁਰੂ ਹੋਈ ਸੁਣਵਾਈ ਦੌਰਾਨ ਭਾਰਤ ਨੇ ਦਲੀਲ ਦਿੱਤੀ ਕਿ ਯਾਦਵ ਦੀ ਫਾਂਸੀ ਦੀ ਸਜ਼ਾ ਮਨੁੱਖੀ ਅਧਿਕਾਰਾਂ ਦੇ ਉਲਟ ਹੈ। ਪਾਕਿਸਤਾਨ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਅਦਾਲਤ ਵਿਚ ਪਾਕਿਸਤਾਨ ਦਾ ਪੱਖ ਪਾਕਿਸਤਾਨੀ ਵਿਦੇਸ਼ ਸਕੱਤਰ ਤਹਮੀਨਾ ਜੰਜੂਆ ਨੇ ਰੱਖਿਆ। ਪਾਕਿਸਤਾਨ ਦੀ ਸੈਨਿਕ ਅਦਾਲਤ ਨੇ ਪਿਛਲੇ ਮਹੀਨੇ ਭਾਰਤੀ ਨਾਗਰਿਕ ਕੁਲਭੂਸ਼ਣ ਯਾਦਵ ਫਾਂਸੀ ਦੀ ਸਜ਼ਾ ਦਿੱਤੀ ਹੈ।

# ਸ਼੍ਰੋਮਣੀ ਕਮੇਟੀ ਨੇ ਰਾਸ਼ਟਰਪਤੀ ਕੋਲ ਉਠਾਏ ਸਿੱਖ ਮਸਲੇ

**ਨਵੀਂ ਦਿੱਲੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਹੇਠ ਪੰਜ ਮੈਂਬਰੀ ਵਫ਼ਦ ਨੇ ਰਾਟਰਪਤੀ ਪ੍ਰਣਬ ਮੁਖਰਜੀ ਨਾਲ ਰਾਸ਼ਟਰਪਤੀ ਭਵਨ ਵਿਚ ਮੁਲਾਕਾਤ ਕੀਤੀ ਤੇ ਕਈ ਅਹਿਮ ਸਿੱਖ ਮੁੱਦਿਆਂ ਬਾਰੇ ਮੈਮੋਰੰਡਮ ਸੌਂਪਿਆ। ਪ੍ਰੋ. ਬਡੂੰਗਰ ਨੇ ਰਾਸ਼ਟਰਪਤੀ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਆਉਣ ਦਾ ਸੱਦਾ ਵੀ ਦਿੱਤਾ। ਬਡੂੰਗਰ ਨੇ ਦੱਸਿਆ ਕਿ ਰਾਸ਼ਟਰਪਤੀ ਕੋਲ ਸਿੱਖ ਕੈਦੀਆਂ ਦੀ ਰਿਹਾਈ, ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ ਸਥਾਪਤੀ, ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਸਾਮਾਨ ਵਾਪਸ ਕਰਨ, ਸਿਕਲੀਗਰ ਸਿੱਖਾਂ ਦੀਆਂ ਮੁਸ਼ਕਲਾਂ ਅਤੇ ਵਿਦੇਸ਼ੀ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦੇ ਗੰਭੀਰ ਮਸਲੇ ਉਠਾਏ ਗਏ ਹਨ। ਇਟਲੀ ਵਿਚ ਜਨਤਕ ਸਥਾਨਾਂ 'ਤੇ ਕਿਰਪਾਨ ਪਾਉਣ ਉਤੇ ਲਾਈ ਪਾਬੰਦੀ ਬਾਰੇ ਬਡੂੰਗਰ ਨੇ ਕਿਹਾ ਕਿ ਉਹ ਸਬੰਧੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨਾਲ ਗੱਲ ਕਰਨਗੇ।

ਉਨ੍ਹਾਂ ਦੱਸਿਆ ਕਿ ਮੁਲਾਕਾਤ ਦੌਰਾਨ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਕੇਸ ਦਾ ਛੇਤੀ ਨਿਪਟਾਰਾ ਕਰਨ, ਪਾਵਨ ਸਰੂਪਾਂ ਦੀ ਬੇਅਦਬੀ ਦੇ ਮਾਮਲੇ 'ਚ ਖੁਫੀਆ ਏਜੰਸੀਆਂ ਰਾਹੀਂ ਦੋਸ਼ੀਆਂ ਦਾ ਪਤਾ ਲਗਾ ਕੇ ਸਖ਼ਤ ਸਜ਼ਾਵਾਂ ਦੇਣ, ਗੁਰਦੁਆਰਾ ਗਿਆਨ ਗੋਦੜੀ ਸਾਹਿਬ ਨੂੰ ਬਿਨਾਂ ਦੇਰੀ ਮੁੜ ਸਥਾਪਤ ਕਰਵਾਉਣ ਲਈ ਸਬੰਧਤ ਸਰਕਾਰ ਨੂੰ ਆਦੇਸ਼ ਦੇਣ, ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਅਤੇ ਸਾਕਾ ਨੀਲਾ ਤਾਰਾ ਦੌਰਾਨ ਸਿੱਖ ਰੈਫਰੈਂਸ ਲਾਇਬਰੇਰੀ ਦੇ ਜ਼ਬਤ ਕੀਤੇ ਕੀਮਤੀ ਸਾਹਿਤ ਤੇ ਸਿੱਖ ਨਿਸ਼ਾਨੀਆਂ ਵਾਪਸ ਕਰਨ ਦੀ ਮੰਗ ਕੀਤੀ ਗਈ।

# ਲਾਲੂ ਤੇ ਚਿਦੰਬਰਮ ਨੂੰ ਘੇਰਾ

**ਨਵੀਂ ਦਿੱਲੀ:** ਰਾਸ਼ਟਰੀ ਜਨਤਾ ਦਲ ਮੁਖੀ ਲਾਲੂ ਪ੍ਰਸਾਦ ਯਾਦਵ ਦੇ ਟਿਕਾਣਿਆਂ 'ਤੇ ਆਮਦਨ ਕਰ ਵਿਭਾਗ ਤੇ ਕਾਂਗਰਸੀ ਆਗੂ ਪੀ. ਚਿਦੰਬਰਮ ਦੇ ਪੁੱਤਰ ਕਾਰਤੀ ਚਿਦੰਬਰਮ ਦੇ ਟਿਕਾਣਿਆਂ ਉਤੇ ਸੀ.ਬੀ.ਆਈ. ਨੇ ਛਾਪੇ ਮਾਰੇ।

ਆਮਦਨ ਕਰ ਵਿਭਾਗ ਨੇ ਯਾਦਵ ਪਰਿਵਾਰ ਦੇ ਮੈਂਬਰਾਂ ਵੱਲੋਂ 1000 ਕਰੋੜ ਰੁਪਏ ਦੇ ਬੇਨਾਮੀ ਸੌਦਿਆਂ ਦੇ ਮਾਮਲੇ ਵਿਚ ਉਨ੍ਹਾਂ ਦੇ ਦਿੱਲੀ ਤੇ ਲਾਗਲੇ ਇਲਾਕਿਆਂ ਵਿਚ ਸਥਿਤ 22 ਟਿਕਾਣਿਆਂ ਦੀ ਤਲਾਸ਼ੀ ਲਈ।

ਦੂਜੇ ਪਾਸੇ ਸੀ.ਬੀ.ਆਈ. ਨੇ ਚਾਰ ਸ਼ਹਿਰਾਂ ਵਿਚ ਚਿਦੰਬਰਮ ਪਰਿਵਾਰ ਦੇ ਘਰਾਂ ਤੇ ਦਫਤਰਾਂ ਵਿਚ ਛਾਪੇ ਮਾਰੇ। ਸ੍ਰੀ ਪੀ. ਚਿਦੰਬਰਮ ਨੇ ਇਨ੍ਹਾਂ ਛਾਪਿਆਂ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਵੱਲੋਂ ਉਸ ਦੇ ਪੁੱਤਰ ਨੂੰ ਨਿਸ਼ਾਨਾ ਬਣਾਉਣ ਲਈ ਸੀ.ਬੀ.ਆਈ. ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਸ੍ਰੀ ਯਾਦਵ ਨੇ ਦਲੇਰੀ ਦਿਖਾਉਂਦਿਆਂ ਕਿਹਾ ਕਿ ਉਹ 'ਇਸ ਤੋਂ ਨਹੀਂ ਡਰਦੇ' ਤੇ 'ਫਾਸ਼ੀਵਾਦੀ ਤਾਕਤਾਂ' ਖਿਲਾਫ਼ ਆਪਣੀ ਲੜਾਈ ਜਾਰੀ ਰੱਖਣਗੇ।


ਰਵੀ ਬਾਠ

ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ



ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626
rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741

**5887A Lone Tree Way**
**Antioch, CA 94531**

Better Homes | MASON-McDUFFIE



ਸੰਜਨਾ ਪ੍ਰਭਾਕਰ

ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ

*(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)*

- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?



ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

*email: sanjana4loans@gmail.com*

Arcus Lending — America's Premier Mortgage Experts
*Arcus NMLS # 1035734*

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ



PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਘੁੱਗੀ ਦੀ ਉਡਾਰੀ ਪਿੱਛੋਂ ਆਮ ਆਦਮੀ ਪਾਰਟੀ ਵਿਚ ਹਿਲਜੁਲ ਤੇਜ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਵਿਚ ਹਿਲਜੁਲ ਜਾਰੀ ਹੈ। ਆਪ ਪੰਜਾਬ ਤੋਂ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਵੱਲੋਂ ਨਾਰਾਜ਼ ਹੋ ਕੇ ਪਾਰਟੀ ਤੋਂ ਅਸਤੀਫਾ ਦੇਣ ਦੇ ਐਲਾਨ ਨਾਲ ਇਸ ਨਵੀਂ ਉਭਰੀ ਪਾਰਟੀ ਨੂੰ ਇਕ ਹੋਰ ਵੱਡਾ ਝਟਕਾ ਲੱਗਾ ਹੈ। ਗੁਰਪ੍ਰੀਤ ਘੁੱਗੀ ਨੇ ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ ਵਿਚੋਂ ਕੱਢਣ ਸਬੰਧੀ ਸਵਾਲ ਖੜ੍ਹੇ ਕੀਤੇ ਹਨ। ਉਸ ਨੇ ਦੋਸ਼ ਵੀ ਲਾਇਆ ਹੈ ਕਿ ਭਗਵੰਤ ਮਾਨ ਨੂੰ ਪ੍ਰਧਾਨ ਨਿਯੁਕਤ ਕਰਨ ਲੱਗਿਆਂ ਉਨ੍ਹਾਂ ਨੂੰ ਪੁੱਛਣਾ ਤਾਂ ਕੀ ਸੀ ਸਗੋਂ ਦੱਸਿਆ ਵੀ ਨਹੀਂ ਗਿਆ।

ਗੁਰਪ੍ਰੀਤ ਸਿੰਘ ਵੜੈਚ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦਿੰਦਿਆਂ ਕਿਹਾ ਕਿ ਉਹ ਸ਼ਰਾਬ ਨਾ ਪੀਣ ਦੀ ਸ਼ਰਤ ਉਤੇ ਪ੍ਰਧਾਨ ਬਣਾਏ ਭਗਵੰਤ ਮਾਨ ਦੀ ਕਮਾਂਡ ਹੇਠ ਕੰਮ ਕਰਨ ਤੋਂ ਅਸਮਰੱਥ ਹਨ। ਸ੍ਰੀ ਵੜੈਚ ਨੇ ਕਿਹਾ ਕਿ ਜਦੋਂ ਸੁੱਚਾ ਸਿੰਘ ਛੋਟੇਪੁਰ ਨੂੰ ਬਰਖਾਸਤ ਕਰਨ ਮੌਕੇ ਪਾਰਟੀ ਵਿਚ ਵੱਡਾ ਖਲਾਅ ਪੈਦਾ ਹੋਇਆ ਸੀ ਤਾਂ ਉਸ ਵੇਲੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ (ਵੜੈਚ) ਨੂੰ ਕਨਵੀਨਰ ਬਣਾਇਆ ਸੀ, ਜਦੋਂਕਿ ਉਦੋਂ ਵੀ ਭਗਵੰਤ ਮਾਨ ਮੌਜੂਦ ਸਨ, ਫਿਰ ਉਸ ਵੇਲੇ ਮਾਨ ਨੂੰ ਕਨਵੀਨਰ ਕਿਉਂ ਨਹੀਂ ਬਣਾਇਆ ਗਿਆ? ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਦਿਨਾਂ ਵਿਚ ਭਗਵੰਤ ਮਾਨ ਨੇ ਜਿਥੇ ਆਪਣੇ ਘਰ ਲੱਗੇ ਪਾਰਟੀ ਦੇ ਪੋਸਟਰ ਗੁੱਸੇ ਵਿਚ ਪਾੜ ਦਿੱਤੇ ਸਨ, ਉਥੇ ਦਿੱਲੀ ਦੀ ਲੀਡਰਸ਼ਿਪ ਦੀ ਵੀ ਖੂਬ ਝਾੜ-ਝੰਬ ਕੀਤੀ ਸੀ ਅਤੇ ਅਮਰੀਕਾ ਉਡਾਰੀ ਮਾਰਨ ਦਾ ਦਾਬਾ ਮਾਰਿਆ ਸੀ। ਸ਼ਾਇਦ ਇਸੇ ਕਾਰਨ ਹੀ ਹਾਈ ਕਮਾਂਡ ਦੀ ਭਗਵੰਤ ਮਾਨ ਨੂੰ ਪ੍ਰਧਾਨ ਬਣਾਉਣ ਦੀ ਮਜਬੂਰੀ ਬਣ ਗਈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਇਸ ਸ਼ਰਤ ਉਤੇ ਪ੍ਰਧਾਨ ਬਣਾਇਆ ਹੈ ਕਿ ਉਹ ਭਵਿੱਖ ਵਿਚ ਸ਼ਰਾਬ ਨਹੀਂ ਪੀਣਗੇ ਤੇ ਖੁਦ ਸ੍ਰੀ ਮਾਨ ਨੇ ਵੀ ਮੀਟਿੰਗ ਦੌਰਾਨ ਵਾਅਦਾ ਕੀਤਾ ਹੈ ਕਿ ਜੇ ਉਹ ਸ਼ਰਾਬ ਪੀਣ ਤਾਂ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਮੁਅੱਤਲ ਕੀਤੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ, ਵਿਧਾਇਕ ਸੁਖਪਾਲ ਸਿੰਘ ਖਹਿਰਾ ਜਾਂ ਐਚ.ਐਸ. ਫੂਲਕਾ ਨੂੰ ਪ੍ਰਧਾਨ ਬਣਾਉਣ ਵਿਚ ਪਾਰਟੀ ਦਾ ਭਲਾ ਸੀ।

ਸ੍ਰੀ ਵੜੈਚ ਨੇ ਭਗਵੰਤ ਮਾਨ ਨੂੰ ਪ੍ਰਧਾਨ ਬਣਾਉਣ ਲਈ ਅਪਣਾਈ ਪ੍ਰਕਿਰਿਆ ਨੂੰ ਧੋਖਾ ਦੱਸਦਿਆਂ ਕਿਹਾ ਕਿ ਚੋਣ ਪ੍ਰਕਿਰਿਆ ਵਿਚ 20 ਵਿਧਾਇਕਾਂ ਤੋਂ ਬਿਨਾਂ 20 ਦੇ ਕਰੀਬ ਮਨਮਾਨੇ ਢੰਗ ਨਾਲ ਵਿੰਗਾਂ ਦੇ ਆਗੂ ਤੇ ਅਹੁਦੇਦਾਰ ਸੱਦੇ ਗਏ ਸਨ, ਜਿਸ ਤੋਂ ਸਪੱਸ਼ਟ ਸੀ ਕਿ ਪ੍ਰਧਾਨ ਦੀ ਮੋਹਰ ਪਹਿਲਾਂ ਹੀ ਸ੍ਰੀ ਮਾਨ ਦੇ ਨਾਂ 'ਤੇ ਲਾਈ ਜਾ ਚੁੱਕੀ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਦੀ ਚੋਣ ਘੱਟੋ-ਘੱਟ ਚੋਣ ਲੜੇ ਸਾਰੇ ਉਮੀਦਵਾਰਾਂ ਅਤੇ ਸਰਗਰਮ ਵਲੰਟੀਅਰਾਂ ਦੀ ਰਾਇ ਨਾਲ ਕਰਨੀ ਚਾਹੀਦੀ ਸੀ। ਸ੍ਰੀ ਵੜੈਚ ਨੇ ਕਿਹਾ ਕਿ ਜੇ ਸ੍ਰੀ ਕੇਜਰੀਵਾਲ ਦੀ ਭਗਵੰਤ ਮਾਨ ਨੂੰ ਪ੍ਰਧਾਨ ਬਣਾਉਣ ਦੀ ਕੋਈ ਮਜਬੂਰੀ ਸੀ ਤਾਂ ਉਨ੍ਹਾਂ ਨੂੰ ਖੁਦ ਆਪਣੇ ਕੋਲ ਸੱਦ ਕੇ ਅਸਤੀਫਾ ਲੈ ਲੈਂਦੇ। ਸ੍ਰੀ ਵੜੈਚ ਨੇ ਕਿਹਾ ਕਿ ਟਿਕਟਾਂ ਵੰਡਣ ਵੇਲੇ ਉਨ੍ਹਾਂ ਨੂੰ ਕਈ ਆਗੂਆਂ ਖਿਲਾਫ਼ ਪੈਸੇ ਲੈਣ ਸਣੇ ਹੋਰ 'ਸੰਗੀਨ' ਸ਼ਿਕਾਇਤਾਂ ਮਿਲੀਆਂ ਸਨ ਤੇ ਉਨ੍ਹਾਂ ਨੇ ਸ਼ਿਕਾਇਤਾਂ ਉਤੇ ਕਾਰਵਾਈ ਕਰਨ ਲਈ ਹਾਈ ਕਮਾਂਡ ਨੂੰ ਲਿਖਿਆ ਸੀ, ਪਰ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਇਕਾਈ ਦੇ ਸਾਬਕਾ ਇੰਚਾਰਜ ਸੰਜੇ ਸਿੰਘ ਬਾਰੇ ਉਨ੍ਹਾਂ ਨੂੰ ਅਜਿਹੀ ਕੋਈ ਸ਼ਿਕਾਇਤ ਨਹੀਂ ਮਿਲੀ। ਉਨ੍ਹਾਂ ਖੁਲਾਸਾ ਕੀਤਾ ਕਿ ਪਾਰਟੀ ਨੇ ਸ੍ਰੀ ਛੋਟੇਪੁਰ ਵੱਲੋਂ ਪੈਸੇ ਲੈਣ ਦੀ ਵੀਡੀਓ ਵਾਰ-ਵਾਰ ਕਹਿਣ ਦੇ ਬਾਵਜੂਦ ਉਨ੍ਹਾਂ ਨੂੰ ਨਹੀਂ ਦਿਖਾਈ। ਮੌਜੂਦਾ ਲੀਡਰਸ਼ਿਪ ਸਿਧਾਂਤਾਂ ਤੋਂ ਭਟਕ ਚੁੱਕੀ ਹੈ।



## ਘੁੱਗੀ ਨੂੰ ਸਵਾਲ

ਆਮ ਆਦਮੀ ਪਾਰਟੀ ਦੇ ਲੀਗਲ ਸੈੱਲ ਬਠਿੰਡਾ ਜ਼ੋਨ ਦੇ ਸਾਬਕਾ ਕਨਵੀਨਰ ਐਡਵੋਕੇਟ ਗੁਰਲਾਭ ਸਿੰਘ ਮਾਹਲ ਨੇ ਇਹ ਦਾਅਵਾ ਕੀਤਾ ਹੈ ਕਿ ਸੁੱਚਾ ਸਿੰਘ ਛੋਟੇਪੁਰ ਦਾ 'ਸਟਿੰਗ ਓਪਰੇਸ਼ਨ' ਉਨ੍ਹਾਂ ਗੁਰਪ੍ਰੀਤ ਸਿੰਘ ਘੁੱਗੀ ਨੂੰ ਪਾਰਟੀ ਕਨਵੀਨਰ ਬਣਨ ਤੋਂ ਪਹਿਲਾਂ ਮੁਹਾਲੀ 'ਚ ਹਿੰਮਤ ਸਿੰਘ ਸ਼ੇਰਗਿੱਲ ਦੇ ਘਰ ਵਿਖਾਇਆ ਸੀ। ਇਹ ਵੀਡੀਓ ਵਿਖਾਉਣ ਸਮੇਂ ਸ਼ੇਰਗਿੱਲ ਤੋਂ ਇਲਾਵਾ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਤੇ ਸਹਿ ਇੰਚਾਰਜ ਦੁਰਗੇਸ਼ ਪਾਠਕ ਵੀ ਮੌਜੂਦ ਸਨ। ਉਧਰ, ਘੁੱਗੀ ਨੇ 'ਸਟਿੰਗ ਓਪਰੇਸ਼ਨ' ਨਾ ਵੇਖਣ ਦੀ ਗੱਲ ਕਹੀ ਹੈ।

## ਘੁੱਗੀ ਤੋਂ ਇਹ ਆਸ ਨਹੀਂ ਸੀ: ਭਗਵੰਤ ਮਾਨ

**ਚੰਡੀਗੜ੍ਹ:** ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਗੁਰਪ੍ਰੀਤ ਸਿੰਘ ਵੜੈਚ ਤੋਂ ਅਜਿਹੀ ਆਸ ਨਹੀਂ ਸੀ, ਕਿਉਂਕਿ ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਕਨਵੀਨਰ ਚੁਣਿਆ ਗਿਆ ਸੀ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਵੜੈਚ ਹੁਣ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਕਈ ਲੀਡਰਾਂ ਵਿਰੁੱਧ 'ਸੰਗੀਨ' ਸ਼ਿਕਾਇਤਾਂ ਮਿਲੀਆਂ ਸਨ, ਪਰ ਉਸ ਵੇਲੇ ਉਹ ਚੁੱਪ ਕਿਉਂ ਰਹੇ?

## ਭਗਵੰਤ ਮਾਨ ਵੱਲੋਂ ਬਾਗੀਆਂ 'ਤੇ ਚੜ੍ਹਾਈ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਪਾਰਟੀ ਦੀ ਕਮਾਨ ਸੰਭਾਲਦਿਆਂ ਹੀ ਬਾਗੀਆਂ ਦੇ ਖੰਭ ਕੁਤਰਨੇ ਸ਼ੁਰੂ ਕਰ ਦਿੱਤੇ ਹਨ। ਭਗਵੰਤ ਮਾਨ ਨੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਦੇ ਲੀਡਰ ਉਪਕਾਰ ਸਿੰਘ ਸੰਧੂ ਨੂੰ ਪਾਰਟੀ ਵਿਚੋਂ ਬਰਖਾਸਤ ਕਰ ਦਿੱਤਾ ਹੈ। ਭਗਵੰਨ ਮਾਨ ਨੇ ਦੱਸਿਆ ਕਿ ਪਾਰਟੀ ਵਿਰੋਧੀ ਗਤੀਵਿਧਿਆਂ ਕਾਰਨ ਉਪਕਾਰ ਸਿੰਘ ਸੰਧੂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਮਾਨ ਨੇ ਕਿਹਾ ਕਿ ਵਲੰਟੀਅਰ ਆਮ ਆਦਮੀ ਪਾਰਟੀ ਦੀ ਤਾਕਤ ਹਨ, ਪਰ ਅਨੁਸਾਸ਼ਨਹੀਣਤਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਕਾਬਲੇਗੌਰ ਹੈ ਕਿ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਹਿ ਚੁੱਕੇ ਉਪਕਾਰ ਸੰਧੂ ਨੇ ਪਾਰਟੀ ਦੇ ਨਵੇਂ ਸੂਬਾ ਪ੍ਰਧਾਨ ਭਗਵੰਤ ਮਾਨ ਨੂੰ ਸ਼ਰਾਬੀ ਕਿਹਾ ਸੀ।

# ਭਾਰਤ ਸਮੇਤ 100 ਮੁਲਕਾਂ 'ਤੇ ਵੱਡਾ ਸਾਈਬਰ ਹਮਲਾ



**ਲੰਡਨ:** ਹੁਣ ਤੱਕ ਦੇ ਸਭ ਤੋਂ ਵੱਡੇ ਸਾਈਬਰ ਹਮਲੇ ਤਹਿਤ ਭਾਰਤ ਸਮੇਤ ਤਕਰੀਬਨ 100 ਮੁਲਕ ਇਸ ਦੀ ਲਪੇਟ 'ਚ ਆ ਗਏ ਹਨ। ਅਮਰੀਕੀ ਕੌਮੀ ਸੁਰੱਖਿਆ ਏਜੰਸੀ (ਐਨ.ਐਸ.ਏ.) ਤੋਂ ਚੋਰੀ ਕੀਤੇ ਗਏ 'ਸਾਈਬਰ ਟੂਲਜ਼' ਰਾਹੀਂ ਕੰਪਿਊਟਰ ਬੰਦ ਹੋ ਗਏ ਅਤੇ ਕਈਆਂ ਦੀਆਂ ਫਾਈਲਾਂ ਠੱਪ ਹੋ ਕੇ ਰਹਿ ਗਈਆਂ। ਅਮਰੀਕੀ ਮੀਡੀਆ ਰਿਪੋਰਟਾਂ ਮੁਤਾਬਕ ਸਾਈਬਰ ਹਮਲੇ ਸਭ ਤੋਂ ਪਹਿਲਾਂ ਸਵੀਡਨ, ਬ੍ਰਿਟੇਨ ਅਤੇ ਫਰਾਂਸ 'ਚ ਹੋਏ।

ਸਕਿਊਰਟੀ ਸਾਫਟਵੇਅਰ ਕੰਪਨੀ ਅਵਾਸਟ ਮੁਤਾਬਕ ਇਸ ਹਫਤੇ ਕੰਪਿਊਟਰਾਂ 'ਚ ਗੜਬੜੀ ਦੀ ਸ਼ਿਕਾਇਤ ਮਿਲਣੀ ਸ਼ੁਰੂ ਹੋਈ ਸੀ ਅਤੇ ਇਹ ਤੇਜ਼ੀ ਨਾਲ ਵੱਧ ਗਈ। ਕੰਪਨੀ ਨੇ ਕਿਹਾ ਕਿ ਕੁਝ ਹੀ ਘੰਟਿਆਂ ਅੰਦਰ ਦੁਨੀਆਂ ਭਰ 'ਚ 75 ਹਜ਼ਾਰ ਹਮਲੇ ਸਾਹਮਣੇ ਆਏ।

# ਪੰਜਾਬ 'ਚ ਇਸ਼ਤਿਹਾਰ ਮਾਫੀਏ ਦਾ ਸੱਚ...

**ਲੁਧਿਆਣਾ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅਕਾਲੀ ਸਰਕਾਰ ਦੀ ਦੋਸ਼ਪੂਰਨ ਇਸ਼ਤਿਹਾਰ ਨੀਤੀ ਬਾਰੇ ਕਈ ਹੈਰਾਨੀਜਨਕ ਤੱਥ ਵੀ ਪੇਸ਼ ਕੀਤੇ। ਉਨ੍ਹਾਂ ਆਖਿਆ ਕਿ ਜਲੰਧਰ ਨਿਗਮ ਨੂੰ ਸ਼ਹਿਰ ਵਿਚ ਪ੍ਰਾਈਵੇਟ ਇਸ਼ਤਿਹਾਰ ਤੋਂ ਸਿਰਫ 34 ਲੱਖ ਰੁਪਏ ਦੀ ਕਮਾਈ ਅਤੇ ਲੁਧਿਆਣਾ ਨਗਰ ਨਿਗਮ ਨੂੰ 1.5 ਕਰੋੜ ਦੀ ਆਮਦਨ ਹੋ ਰਹੀ ਹੈ। ਐਡ ਮਾਫੀਆ ਨਗਰ ਨਿਗਮ ਨੂੰ ਸਿਰਫ 20 ਲੱਖ ਰੁਪਏ ਦਾ ਟੈਕਸ ਦੇ ਖੁਦ ਦੋ ਕਰੋੜ ਰੁਪਏ ਦੀ ਕਮਾਈ ਕਰ ਰਿਹਾ ਹੈ। ਇਸ ਮਾਫੀਆ ਦੀ ਧੱਕੇਸ਼ਾਹੀ ਨੂੰ ਖਤਮ ਕਰਨ ਲਈ ਵਿਭਾਗ ਵੱਲੋਂ ਨਵੀਂ ਨੀਤੀ ਬਣਾਈ ਜਾ ਰਹੀ ਹੈ ਜਿਸ ਨਾਲ ਸਰਕਾਰੀ ਵਿਭਾਗ ਨੂੰ 300 ਕਰੋੜ ਰੁਪਏ ਦੀ ਆਮਦਨ ਹੋਵੇਗੀ।

# ਬਜ਼ੁਰਗ ਨੇ ਇੰਜ ਲਿਆ ਪੁੱਤ ਦੇ ਕਤਲ ਦਾ ਬਦਲਾ

**ਮਾਛੀਵਾੜਾ ਸਾਹਿਬ:** ਧੂਰੀ ਨੇੜਲੇ ਪਿੰਡ ਸੁਲਤਾਨਪੁਰ ਦੇ ਰਹਿਣ ਵਾਲੇ ਨੌਜਵਾਨ ਜਰਨੈਲ ਸਿੰਘ ਦੇ ਕਤਲ ਮਾਮਲੇ ਵਿਚ ਪੁਲਿਸ ਨੇ 65 ਸਾਲਾ ਮੇਜਰ ਸਿੰਘ ਅਤੇ ਦਿਲਬਾਰਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਸੁਲਤਾਨਪੁਰ ਦਾ ਹੀ ਮੇਜਰ ਸਿੰਘ 11 ਮਈ ਦੀ ਸ਼ਾਮ ਨੂੰ ਜਰਨੈਲ ਸਿੰਘ ਨੂੰ ਉਸ ਦੇ ਘਰੋਂ ਕੋਈ ਕੰਮ ਦਾ ਬਹਾਨਾ ਬਣਾ ਕੇ ਲੈ ਗਿਆ ਸੀ ਅਤੇ ਉਸ ਨੇ ਆਪਣੇ ਸਾਥੀ ਨਾਲ ਮਿਲ ਕੇ ਜਰਨੈਲ ਸਿੰਘ ਨੂੰ ਬਹਿਲੋਲਪੁਰ ਨੇੜੇ ਲਿਆ ਕੇ ਕਤਲ ਕਰ ਦਿੱਤਾ।

ਪਤਾ ਲੱਗਾ ਹੈ ਕਿ ਜਰਨੈਲ ਸਿੰਘ ਨੇ ਇਲਾਕੇ ਦੇ ਕੁਝ ਵਿਅਕਤੀਆਂ ਨਾਲ ਮਿਲ ਕੇ ਮੇਜਰ ਸਿੰਘ ਦੇ ਪੁੱਤਰ ਅਮਨਦੀਪ ਸਿੰਘ ਦਾ 10 ਮਹੀਨੇ ਪਹਿਲਾਂ 24 ਅਗਸਤ ਨੂੰ ਬੱਸ 'ਚੋਂ ਉਤਾਰ ਕੇ ਕਤਲ ਕਰ ਦਿੱਤਾ ਸੀ ਜਿਸ ਕਾਰਨ ਬਜ਼ੁਰਗ ਦੇ ਮਨ 'ਚ ਪੁੱਤ ਦਾ ਬਦਲਾ ਲੈਣ ਦੀ ਰੰਜਸ਼ ਸੀ। ਪੁੱਤ ਦਾ ਬਦਲਾ ਲੈਣ ਲਈ ਭਰਾ ਬਣੇ ਪੁਰਾਣੇ ਸਾਥੀ ਦਿਲਬਾਰਾ ਸਿੰਘ ਦੀ ਮਦਦ ਲਈ ਅਤੇ ਜਰਨੈਲ ਸਿੰਘ ਨੂੰ ਨਸ਼ੇ ਦੀ ਹਾਲਤ 'ਚ ਬਹਿਲੋਲਪੁਰ ਨੇੜੇ ਲਿਆ ਕੇ ਨਲਕੇ ਦੀ ਹੱਥੀ ਤੇ ਕਿਰਚ ਮਾਰ ਕੇ ਕਤਲ ਕਰ ਦਿੱਤਾ। ਅਜੇ ਇਹ ਸਹੀ ਤਰ੍ਹਾਂ ਪਤਾ ਨਹੀਂ ਲੱਗਿਆ ਕਿ ਜਰਨੈਲ ਸਿੰਘ ਨੇ ਅਮਨਦੀਪ ਸਿੰਘ ਦਾ ਕਤਲ ਕਿਉਂ ਕੀਤਾ ਸੀ।

# ਕਰੀਮਪੁਰੀ ਨੂੰ ਪੰਜਾਬ ਤੋਂ ਕੀਤਾ ਲਾਂਭੇ

**ਜਲੰਧਰ:** ਬਹੁਜਨ ਸਮਾਜ ਪਾਰਟੀ ਦੀ ਸੂਬਾ ਲੀਡਰਸ਼ਿਪ 'ਤੇ ਡੇਢ ਦਹਾਕੇ ਤੋਂ ਕਾਬਜ਼ ਸਾਬਕਾ ਰਾਜ ਸਭਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਨੂੰ ਪਾਰਟੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ ਪੰਜਾਬ ਦੀ ਸਿਆਸਤ ਤੋਂ ਲਾਂਭੇ ਕਰ ਦਿੱਤਾ ਹੈ।

ਤਕਰੀਬਨ ਹਫਤਾ ਪਹਿਲਾਂ ਲਖਨਊ ਵਿਚ ਹੋਈ ਮੀਟਿੰਗ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਸੀ ਕਿ ਸ੍ਰੀ ਕਰੀਮਪੁਰੀ ਦੇ ਪੰਜਾਬ ਪ੍ਰਧਾਨ ਰਹਿੰਦਿਆਂ ਬਸਪਾ ਦਾ ਆਧਾਰ ਤੇਜ਼ੀ ਨਾਲ ਸੁੰਗੜਿਆ ਹੈ ਤੇ ਪਾਰਟੀ ਵਿਚ ਧੜੇਬੰਦੀ ਵਧੀ ਹੈ। ਪਾਰਟੀ ਸੁਪਰੀਮੋ ਕੁਮਾਰੀ ਮਾਇਆਵਤੀ ਨੂੰ ਪਹਿਲਾਂ ਵੀ ਉਨ੍ਹਾਂ ਖਿਲਾਫ਼ ਸ਼ਿਕਾਇਤਾਂ ਮਿਲਦੀਆਂ ਰਹੀਆਂ ਸਨ, ਪਰ ਕੋਈ ਕਾਰਵਾਈ ਨਹੀਂ ਸੀ ਹੋ ਰਹੀ।

ਸ੍ਰੀ ਕਰੀਮਪੁਰੀ ਨੂੰ ਪੰਜਾਬ ਦੀ ਸਿਆਸਤ ਤੋਂ ਲਾਂਭੇ ਕਰਦਿਆਂ ਉਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਦੀਆਂ ਪੰਜ ਵਿਧਾਨ ਸਭਾ ਸੀਟਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਬਸਪਾ ਵਿਚ ਉਨ੍ਹਾਂ ਦਾ ਵਿਰੋਧੀ ਧੜਾ ਇਸ ਗੱਲ ਤੋਂ ਖੁਸ਼ ਹੈ। ਬਸਪਾ ਦੀ ਸੂਬਾ ਲੀਡਰਸ਼ਿਪ ਦੀ ਇਥੇ ਹੋਈ



ਮੀਟਿੰਗ ਦੌਰਾਨ ਕਰੀਮਪੁਰੀ ਧੜੇ ਦੇ ਸਮਰਥਕਾਂ ਨੂੰ ਉਨ੍ਹਾਂ ਦੀ ਗੈਰਹਾਜ਼ਰੀ ਰੜਕਦੀ ਰਹੀ। ਵਿਰੋਧੀ ਧੜੇ ਦਾ ਮੰਨਣਾ ਹੈ ਕਿ ਕੋਈ ਸਮਾਂ ਸੀ, ਜਦੋਂ ਬਸਪਾ ਕੋਲ ਪੰਜਾਬ ਦਾ 16 ਫੀਸਦੀ ਵੋਟ ਹਿੱਸਾ ਹੁੰਦਾ ਸੀ ਜੋ ਹੁਣ ਘਟ ਕੇ ਸਿਰਫ ਡੇਢ ਫੀਸਦੀ ਰਹਿ ਗਿਆ ਹੈ। ਇਸ ਗਿਰਾਵਟ ਲਈ ਪੰਜਾਬ ਦੀ ਲੀਡਰਸ਼ਿਪ ਜ਼ਿੰਮੇਵਾਰ ਹੈ।

# ਅਫਸਰਸ਼ਾਹੀ ਅਜੇ ਵੀ ਅਕਾਲੀਆਂ ਦੀ 'ਸੇਵਾਦਾਰ'

**ਚੰਡੀਗੜ੍ਹ:** ਕਾਂਗਰਸੀ ਆਗੂਆਂ ਨੂੰ ਫੀਲਡ 'ਚ ਤਾਇਨਾਤ ਬਹੁ ਗਿਣਤੀ ਅਫਸਰ ਅਕਾਲੀਆਂ ਦੇ ਹੀ 'ਸੇਵਾਦਾਰ' ਨਜ਼ਰ ਆ ਰਹੇ ਹਨ, ਜਿਸ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਵਾਲੇ ਵਿਧਾਇਕਾਂ ਦੀਆਂ ਸ਼ਿਕਾਇਤਾਂ ਦਿਨ ਪ੍ਰਤੀ ਦਿਨ ਵਧਦੀਆਂ ਜਾ ਰਹੀਆਂ ਹਨ। ਇਨ੍ਹਾਂ ਸ਼ਿਕਾਇਤਾਂ ਵਿਚ ਮੁੱਖ ਮੁੱਦਾ ਪੁਲਿਸ ਅਧਿਕਾਰੀਆਂ ਤੇ ਸਿਵਲ ਅਫਸਰਾਂ ਦੀਆਂ ਤਾਇਨਾਤੀਆਂ ਦਾ ਹੀ ਰਹਿੰਦਾ ਹੈ। ਪੰਜਾਬ ਦੇ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੂੰ ਅਕਾਲੀਆਂ ਦੇ ਪ੍ਰਭਾਵ ਤੋਂ ਮੁਕਤ ਕਰਨਾ ਕੈਪਟਨ ਸਰਕਾਰ ਲਈ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ।

ਪੁਲਿਸ ਅਤੇ ਸਿਵਲ ਅਫਸਰਾਂ ਦੇ ਤਬਾਦਲਿਆਂ ਦੇ ਬਾਵਜੂਦ ਕਾਂਗਰਸੀ ਆਗੂਆਂ ਵਿਚ ਬੇਚੈਨੀ ਹੈ, ਜਿਸ ਦਾ ਸਰਕਾਰ ਨੂੰ ਹੱਲ ਨਹੀਂ ਲੱਭ ਰਿਹਾ। ਸੀਨੀਅਰ ਕਾਂਗਰਸੀ ਨੇਤਾ ਵੀ ਇਸ ਮਾਮਲੇ ਵਿਚ ਦਖਲ ਦੇਣ ਲੱਗੇ ਹਨ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਇਸ ਮਾਮਲੇ 'ਤੇ ਕੁਝ ਸੂਬਾਈ ਆਗੂਆਂ ਤੇ ਮੰਤਰੀਆਂ ਨੇ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਵੀ ਗੱਲਬਾਤ ਕੀਤੀ ਹੈ।

ਮੁੱਖ ਮੰਤਰੀ ਦਫਤਰ ਦੇ ਸੂਤਰਾਂ ਦਾ ਦੱਸਣਾ ਹੈ ਕਿ ਕਾਂਗਰਸ ਹਾਈ ਕਮਾਨ ਨਾਲ ਸਬੰਧਤ ਸੀਨੀਅਰ ਨੇਤਾਵਾਂ ਨੇ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਵਿਧਾਇਕਾਂ ਅਤੇ ਵਰਕਰਾਂ ਦੀ ਨਾਖੁਸ਼ੀ ਤੇ ਨਾਰਾਜ਼ਗੀ ਦੂਰ ਕਰਨ ਦਾ ਮਸ਼ਵਰਾ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਸੱਤਾ ਸੰਭਾਲਿਆਂ ਹੁਣ ਤਕਰੀਬਨ ਦੋ ਮਹੀਨਿਆਂ ਦਾ ਸਮਾਂ ਹੋਣ ਲੱਗਾ ਹੈ, ਪਰ ਕਾਂਗਰਸੀ ਵਰਕਰਾਂ ਅਤੇ ਸਰਕਾਰ



ਦਰਮਿਆਨ ਤਣਾਅਪੂਰਨ ਮਾਹੌਲ ਬਣਦਾ ਜਾ ਰਿਹਾ ਹੈ। ਸੂਤਰਾਂ ਮੁਤਾਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਵਾਲੇ ਵਿਧਾਇਕ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੀਆਂ ਸ਼ਿਕਾਇਤਾਂ ਹੀ ਕਰਦੇ ਹਨ। ਸਭ ਤੋਂ ਜ਼ਿਆਦਾ ਸ਼ਿਕਾਇਤਾਂ ਪੁਲਿਸ ਅਫਸਰਾਂ ਵੱਲੋਂ ਹਾਕਮ ਪਾਰਟੀ ਦੇ ਨੇਤਾਵਾਂ ਪ੍ਰਤੀ ਅਖਤਿਆਰ ਕੀਤੇ ਰਵੱਈਏ ਨੂੰ ਲੈ ਕੇ ਹੋ ਰਹੀਆਂ ਹਨ।

ਮੁਹਾਲੀ ਦੇ ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਮੁੱਖ ਮੰਤਰੀ ਦੇ ਧਿਆਨ 'ਚ ਲਿਆਂਦਾ ਕਿ ਹਾਲ ਹੀ ਵਿਚ ਮੁਹਾਲੀ 'ਚ ਤਾਇਨਾਤ ਕੀਤੇ ਇਕ ਅਫਸਰ ਨੂੰ ਕੁਰਸੀ 'ਤੇ ਬਿਠਾਉਣ ਲਈ ਅਕਾਲੀ ਨੇਤਾ ਸਬੰਧਤ ਪੁਲਿਸ ਅਫਸਰ ਦੇ ਦਫਤਰ ਤੱਕ ਗਏ ਅਤੇ ਇਸ ਦੀਆਂ ਫੋਟੋਆਂ ਵੀ ਸੋਸ਼ਲ ਮੀਡੀਆ ਰਾਹੀਂ ਵਾਇਰਲ ਕਰ ਕੇ ਪੁਲਿਸ ਤੇ ਅਕਾਲੀਆਂ ਦੀ ਸਾਂਝ ਦਾ ਮੁਜ਼ਾਹਰਾ ਕੀਤਾ। ਕਾਂਗਰਸ ਦੇ ਕੁਝ ਨੇਤਾਵਾਂ ਨੇ ਤਾਂ ਇਹ ਵੀ ਸ਼ਿਕਾਇਤਾਂ ਕੀਤੀਆਂ ਕਿ ਥਾਣਿਆਂ ਆਦਿ ਵਿਚ ਅਕਾਲੀਆਂ ਦੀ ਪੁੱਛਗਿੱਛ ਕਾਂਗਰਸੀ ਆਗੂਆਂ ਨਾਲੋਂ ਜ਼ਿਆਦਾ ਹੋ ਰਹੀ ਹੈ। ਮਾਲਵੇ ਦੇ ਇਕ ਵਿਧਾਇਕ ਨੇ ਦੱਸਿਆ ਕਿ ਉਹ ਐਸ.ਐਸ.ਪੀ. ਨੂੰ ਮਿਲਣ ਲਈ ਇਕ ਘੰਟਾ ਦਫਤਰ ਦੇ ਬਾਹਰ ਬੈਠ ਕੇ ਇੰਤਜ਼ਾਰ ਕਰਦਾ ਰਿਹਾ ਅਤੇ ਅਖੀਰ ਬਿਨਾਂ ਮਿਲੇ ਹੀ ਵਾਪਸ ਆ ਗਿਆ।

ਪੰਜਾਬ ਦੇ ਇਕ ਸੀਨੀਅਰ ਅਧਿਕਾਰੀ ਨੇ ਕਾਂਗਰਸੀਆਂ ਦੀ ਨਾਰਾਜ਼ਗੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸੂਬੇ ਵਿਚ ਇਕ ਦਹਾਕਾ ਅਕਾਲੀ ਦਲ ਦਾ ਰਾਜ ਰਿਹਾ ਹੈ। ਇਸ ਲਈ ਇਸ ਸਮੇਂ ਦੌਰਾਨ ਬਹੁ ਗਿਣਤੀ ਅਫਸਰਾਂ ਨੇ ਹਾਕਮਾਂ ਨੂੰ ਖੁਸ਼ ਰੱਖਿਆ। ਅਕਾਲੀਆਂ ਨੇ ਵੀ ਅਫਸਰਾਂ ਨੂੰ ਬੇਲੋੜਾ ਪ੍ਰੇਸ਼ਾਨ ਨਹੀਂ ਕੀਤਾ। ਅਜਿਹੇ ਅਫਸਰ ਬਹੁਤ ਘੱਟ ਬਚੇ ਹਨ ਜੋ ਅਕਾਲੀਆਂ ਦੀ ਹਕੂਮਤ ਸਮੇਂ ਬਿਲਕੁਲ ਖੁੱਡੇ ਲਾਈਨ ਲੱਗੇ ਰਹੇ ਹਨ।

## ਕੈਪਟਨ ਨੇ ਚੁੱਕਿਆ ਔਲਖ ਦੇ ਇਲਾਜ ਦਾ ਖਰਚ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਂਸਰ ਰੋਗ ਨਾਲ ਜੂਝ ਰਹੇ ਪ੍ਰਸਿੱਧ ਸਾਹਿਤਕਾਰ ਅਜਮੇਰ ਔਲਖ ਨੂੰ ਦੋ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪ੍ਰਮੁੱਖ ਸਕੱਤਰ ਨੂੰ ਮੁੱਖ ਮੰਤਰੀ ਰਾਹਤ ਫੰਡ ਵਿਚੋਂ ਇਹ ਰਾਸ਼ੀ ਤੁਰਤ ਜਾਰੀ ਕਰਨ ਲਈ ਆਖਿਆ। ਜ਼ਿਕਰਯੋਗ ਹੈ ਕਿ ਰੰਗਮੰਚ ਦੀ ਉਘੀ ਹਸਤੀ ਅਜਮੇਰ ਔਲਖ ਨੇ ਆਪਣਾ ਸਮੁੱਚਾ ਜੀਵਨ ਸਮਾਜ ਦੇ ਦੱਬੇ-ਕੁਚਲੇ ਵਰਗਾਂ ਨੂੰ ਦਰਪੇਸ਼ ਸਮੱਸਿਆਵਾਂ ਤੇ ਔਕੜਾਂ ਭਰੇ ਹਾਲਾਤ ਨੂੰ ਨਾਟਕਾਂ ਰਾਹੀਂ ਉਭਾਰਦਿਆਂ ਸਮਰਪਤ ਕੀਤਾ ਹੈ।

# ਸੜਕ ਹਾਦਸਿਆਂ 'ਚ ਰੋਜ਼ ਜਾਂਦੀਆਂ ਹਨ 3000 ਜਾਨਾਂ

**ਜੈਨੇਵਾ:** ਦੁਨੀਆਂ ਵਿਚ ਹਰ ਰੋਜ਼ 3 ਹਜ਼ਾਰ ਲੋਕਾਂ ਦੀ ਮੌਤ ਸੜਕ ਹਾਦਸਿਆਂ ਵਿਚ ਹੁੰਦੀ ਹੈ। ਇਸ ਗੱਲ ਦਾ ਖੁਲਾਸਾ ਡਬਲਿਊ.ਐਚ.ਓ. ਵੱਲੋਂ ਕੀਤਾ ਗਿਆ ਹੈ। ਡਬਲਿਊ.ਐਚ.ਓ. ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਹਰ ਸਾਲ ਸੜਕ ਹਾਦਸਿਆਂ ਕਾਰਨ 1.2 ਮਿਲੀਅਨ ਲੋਕ ਆਪਣੀ ਜਾਨ ਤੋਂ ਹੱਥ ਧੋਂਦੇ ਹਨ। 2015 ਦਰਮਿਆਨ ਇਨ੍ਹਾਂ ਵਿਚ ਇਕ ਤਿਹਾਈ ਮੌਤਾਂ ਘੱਟ ਆਮਦਨੀ ਵਾਲੇ ਦੇਸ਼ ਅਫਰੀਕਾ ਤੇ ਦੱਖਣੀ ਏਸ਼ੀਆ ਵਿਚ ਹੋਈਆਂ ਹਨ।

ਰਿਪੋਰਟ ਅਨੁਸਾਰ ਸਭ ਤੋਂ ਜ਼ਿਆਦਾ ਨੌਜਵਾਨ ਹਾਦਸਿਆਂ ਕਾਰਨ ਮਰਦੇ ਹਨ। ਇਸ ਤੋਂ ਬਾਅਦ ਇਨਫੈਕਸ਼ਨ ਤੇ ਖੁਦਕੁਸ਼ੀਆਂ ਕਾਰਨ ਮਰਦੇ ਹਨ। 10-19 ਸਾਲ ਦੇ ਉਮਰ ਦੇ ਬੱਚਿਆਂ ਤੇ ਨੌਜਵਾਨਾਂ ਸਭ ਤੋਂ ਜ਼ਿਆਦਾ ਸੜਕ ਹਾਦਸਿਆਂ ਵਿਚ ਆਪਣੀ ਜਾਨ ਤੋਂ ਹੱਥ ਧੋ ਰਹੇ ਹਨ। ਰਿਪੋਰਟ ਅਨੁਸਾਰ ਅਜਿਹੀਆਂ ਮੌਤਾਂ ਦਾ ਅੰਕੜਾ 115,000 ਹੈ। ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਪੈਦਲ ਚੱਲਣ ਵਾਲੇ ਰਸਤੇ, ਸਾਈਕਲ ਚਲਾਉਣ ਵਾਲੇ ਤੇ ਮੋਟਰਸਾਈਕਲ ਚਾਲਕ ਹਾਦਸਿਆਂ ਦਾ ਜ਼ਿਆਦਾ ਸ਼ਿਕਾਰ ਹੁੰਦੇ ਹਨ। ਜੇਕਰ ਭਾਰਤ ਦੀ ਗੱਲ ਕਰੀਏ ਜਾਵੇ ਤਾਂ ਹਰ ਚਾਰ ਮਿੰਟ ਵਿਚ ਇਕ ਵਿਅਕਤੀ ਦੀ ਜਾਨ ਸੜਕ ਹਾਦਸੇ ਵਿਚ ਜਾਂਦੀ ਹੈ। ਇਕ ਅਨੁਮਾਨ ਅਨੁਸਾਰ ਭਾਰਤ ਵਿਚ ਹਰ ਸਾਲ ਡੇਢ ਲੱਖ ਤੋਂ ਜ਼ਿਆਦਾ ਲੋਕ ਹਾਦਸਿਆਂ ਵਿਚ ਆਪਣੀ ਜਾਨ ਦਿੰਦੇ ਹਨ। ਇਹ ਅੰਕੜਾ ਕਿਸੇ ਵੀ ਮਹਾਂਮਾਰੀ ਤੇ ਜੰਗ ਤੋਂ ਜ਼ਿਆਦਾ ਹੈ।

# ਹਾਈ ਕੋਰਟ ਪੁੱਜਾ ਹੋਦ ਚਿੱਲੜ ਕਾਂਡ

**ਚੰਡੀਗੜ੍ਹ:** ਹੋਦ ਚਿੱਲੜ ਕਾਂਡ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਪੁੱਜ ਗਿਆ ਹੈ। ਹਾਈ ਕੋਰਟ ਨੇ ਸੁਣਵਾਈ ਲਈ ਪਟੀਸ਼ਨ ਮਨਜ਼ੂਰ ਕਰ ਲਈ ਹੈ। ਨਵੰਬਰ 1984 'ਚ ਕਤਲ ਕੀਤੇ ਗਏ 32 ਸਿੱਖਾਂ ਦਾ ਮਾਮਲਾ ਅੱਜ 32 ਸਾਲਾਂ ਬਾਅਦ ਜਸਟਿਸ ਸੁਰਿੰਦਰ ਗੁਪਤਾ ਦੀ ਅਦਾਲਤ 'ਚ ਲੱਗਿਆ। ਜਸਟਿਸ ਸੁਰਿੰਦਰ ਗੁਪਤਾ ਨੇ ਕੇਸ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਮੁਕੱਰਰ ਕਰ ਦਿੱਤੀ ਹੈ।

ਪਿਛਲੇ ਦਿਨੀਂ ਹੋਦ ਚਿੱਲੜ ਤਾਲਮੇਲ ਕਮੇਟੀ ਦੇ ਆਗੂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ ਦੀ ਅਗਵਾਈ 'ਚ ਜਸਟਿਸ ਟੀ.ਪੀ. ਗਰਗ ਦੀ ਰਿਪੋਰਟ ਦੇ ਅਧਾਰ 'ਤੇ ਹਾਈ ਕੋਰਟ 'ਚ ਸੁਣਵਾਈ ਵਾਸਤੇ ਪਟੀਸ਼ਨ ਦਾਖਲ ਕੀਤੀ ਸੀ।ਸੁਣਵਾਈ ਦੌਰਾਨ ਪੁਲਿਸ ਅਫਸਰਾਂ ਨੂੰ ਮੁਲਜ਼ਮ ਦਰਸਾਉਂਦੇ ਦਸਤਾਵੇਜ਼ ਅਦਾਲਤ 'ਚ ਪੇਸ਼ ਕੀਤੇ ਗਏ, ਜਿਸ ਤੋਂ ਮਗਰੋਂ ਜਸਟਿਸ ਸੁਰਿੰਦਰ ਗੁਪਤਾ ਨੇ ਕੇਸ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਰੱਖ ਲਈ ਹੈ।

*To Advertise with Punjab Times*
***Call: 847-359-0746***

## ਰਿਚਮੰਡ ਵਿਚ ਪੰਜਾਬੀ ਨੌਜਵਾਨ ਦਾ ਕਤਲ

**ਵੈਨਕੂਵਰ:** ਵੈਨਕੂਵਰ ਦੇ ਨਾਲ ਲੱਗਦੇ ਸ਼ਹਿਰ ਰਿਚਮੰਡ ਵਿਚ ਇਕ ਪੰਜਾਬੀ ਨੌਜਵਾਨ ਨੂੰ ਚੱਲਦੀ ਕਾਰ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਜਸਦੀਪ ਸਿੰਘ ਕਲੇਰ ਵਿਰੁੱਧ ਡਰੱਗ ਤਸਕਰੀ/ਵਿਕਰੀ ਦੇ ਦੋਸ਼ ਹੇਠ ਕੇਸ ਦਰਜ ਸੀ। ਚਸ਼ਮਦੀਦਾਂ ਅਨੁਸਾਰ ਰਿਚਮੰਡ ਵਿਚ ਗਰੈਨਵਿਲੇ ਰੋਡ 'ਤੇ ਜਾਂਦਿਆਂ ਹਮਲਾਵਰਾਂ ਨੇ ਉਸ ਦੇ ਬਰਾਬਰ ਕਾਰ ਲਿਜਾ ਕੇ ਗੋਲੀਆਂ ਮਾਰੀਆਂ ਜਿਸ ਤੋਂ ਬਾਅਦ ਜਖ਼ਮੀ ਕਲੇਰ ਦੀ ਕਾਰ ਦਰਖਤ ਨਾਲ ਟਕਰਾ ਗਈ। ਹੰਗਾਮੀ ਅਮਲੇ ਵੱਲੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਗਈ।

ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ

ਪਾਲੋ ਆਲਟੋ (ਬੇਏਰੀਏ) ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ।


ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ

ਫੋਨ: 408-836-8757

20-23

ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਹਵੇਲੀ' ਲਈ ਅਨੁਭਵੀ ਤੰਦੂਰੀਏ ਤੇ ਕਿਚਨ ਹੈਲਪਰ ਦੀ ਲੋੜ ਹੈ

ਸੰਪਰਕ ਕਰੋ

ਫੋਨ: 262-391-7666

18-20

**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

**Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.**



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਡਾ. ਕਰਮ ਚੰਦ ਨੇ ਹੱਥੀਂ ਲਿਖੇ ਆਪਣੇ ਕਰਮ

## ਪਤਨੀ ਨੂੰ ਇਨਸਾਫ਼ ਦਿਵਾਉਣ ਲਈ ਬਜ਼ੁਰਗ ਬਣਿਆ ਵਕੀਲ

**ਬਠਿੰਡਾ:** ਸ਼ਹਿਰ ਨਾਲ ਸਬੰਧਤ ਬਜ਼ੁਰਗ ਡਾ. ਕਰਮ ਚੰਦ ਗਰਗ ਨੇ ਆਪਣੀ ਪਤਨੀ ਨੂੰ ਇਨਸਾਫ਼ ਦਿਵਾਉਣ ਲਈ 75 ਸਾਲ ਦੀ ਉਮਰ 'ਚ ਕਾਨੂੰਨ ਦੀ ਡਿਗਰੀ ਹਾਸਲ ਕਰ ਕੇ ਵੱਖਰੀ ਮਿਸਾਲ ਕਾਇਮ ਕੀਤੀ ਹੈ।

ਡਾਕਟਰ ਕਰਮ ਚੰਦ ਮੁਤਾਬਕ, ਉਸ ਦੀ ਪਤਨੀ ਨੂੰ ਬਿਨਾਂ ਕੋਈ ਨੋਟਿਸ ਦਿੱਤੇ ਤੇ ਸੀਨੀਆਰਤਾ ਸੂਚੀ ਦੀ ਅਣਦੇਖੀ ਕਰ ਕੇ ਉਸ ਦੇ ਵਿਭਾਗ ਵੱਲੋਂ ਮਈ 2013 ਵਿਚ ਰਿਲੀਵ ਕਰ ਦਿੱਤਾ ਗਿਆ ਸੀ। ਆਪਣੀ ਪਤਨੀ ਨਾਲ ਹੋਈ ਇਸ ਬੇਇਨਸਾਫ਼ੀ ਲਈ ਉਸ ਨੇ ਕਾਨੂੰਨੀ ਲੜਾਈ ਲੜਨ ਦਾ ਫ਼ੈਸਲਾ ਕੀਤਾ ਅਤੇ ਖ਼ੁਦ ਐਲ.ਐਲ.ਬੀ. ਕਰਨ ਦਾ ਫ਼ੈਸਲਾ ਕਰ ਲਿਆ। ਇਸ ਮਗਰੋਂ ਉਸ ਨੇ ਪੰਜਾਬੀ ਯੂਨੀਵਰਸਿਟੀ ਤੋਂ ਰੈਗੂਲਰ ਵਕਾਲਤ ਦੀ ਡਿਗਰੀ ਕੀਤੀ। ਉਸ ਨੇ ਖ਼ੁਦ ਆਪਣੀ ਪਤਨੀ ਦਾ ਕੇਸ ਹਾਈਕੋਰਟ ਵਿਚ ਲੜਿਆ। ਹੁਣ ਉਸ ਦੀ ਡਿਗਰੀ ਮੁਕੰਮਲ ਹੋਈ ਹੈ ਅਤੇ ਕੇਸ ਵੀ ਖ਼ਤਮ ਹੋ ਗਿਆ ਹੈ। ਹੁਣ ਡਾ.



ਕਰਮ ਚੰਦ ਗਰਗ ਨੇ ਰਹਿੰਦੀ ਉਮਰ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦੇਣ ਦਾ ਅਹਿਦ ਲਿਆ ਹੈ। ਬਠਿੰਡਾ ਦੀ ਗਰੀਨ ਐਵੇਨਿਊ ਕਲੋਨੀ ਦਾ ਰਹਿਣ ਵਾਲਾ ਇਹ ਡਾਕਟਰ ਡਿਗਰੀ ਕਰਨ ਵੇਲੇ ਕਾਲਜ ਵਿਚ ਆਪਣੇ ਅਧਿਆਪਕਾਂ ਤੋਂ ਦੁੱਗਣੀ ਉਮਰ ਦਾ ਸੀ।

ਬਜ਼ੁਰਗ ਨੇ 58 ਫੀਸਦ ਨੰਬਰਾਂ ਨਾਲ ਵਕਾਲਤ ਦੀ ਡਿਗਰੀ ਪਾਸ ਕੀਤੀ ਹੈ। ਉਹ ਸੰਨ 2001 ਵਿਚ ਜ਼ਿਲ੍ਹਾ ਪਰਿਵਾਰ ਨਿਯੋਜਨ ਅਫ਼ਸਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ। ਇਸ ਤੋਂ ਇਲਾਵਾ ਉਹ ਵੱਖ-ਵੱਖ ਸ਼ਹਿਰਾਂ ਵਿਚ ਐਸ.ਐਮ.ਓ. ਦੇ ਅਹੁਦੇ 'ਤੇ ਵੀ ਰਹਿ ਚੁੱਕੇ ਹਨ, ਜਦਕਿ ਉਨ੍ਹਾਂ ਦੀ ਪਤਨੀ ਡਾ. ਰਾਜੇਸ਼ ਰਾਣੀ ਗੁਪਤਾ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਈ ਹੈ। ਉਹ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਵਿਚ ਚਮੜੀ ਵਿਭਾਗ ਦੀ ਮੁਖੀ ਵੀ ਰਹਿ ਚੁੱਕੀ ਹੈ।

ਬਜ਼ੁਰਗ ਦਾ ਕਹਿਣਾ ਹੈ ਕਿ ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ, ਸਾਨੂੰ ਸਾਰੀ ਜ਼ਿੰਦਗੀ ਕੁਝ ਨਾ ਕੁਝ ਸਿੱਖਦੇ ਰਹਿਣਾ ਚਾਹੀਦਾ ਹੈ, ਕਿਉਂਕਿ ਹਾਸਲ ਕੀਤਾ ਗਿਆਨ ਕਦੇ ਵਿਅਰਥ ਨਹੀਂ ਜਾਂਦਾ।

## ਨਜੀਬ ਕੇਸ ਦੀ ਜਾਂਚ ਹੁਣ ਸੀ.ਬੀ.ਆਈ. ਹਵਾਲੇ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਲਾਪਤਾ ਵਿਦਿਆਰਥੀ ਨਜੀਬ ਅਹਿਮਦ ਦਾ ਮਾਮਲਾ ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਤੋਂ ਲੈ ਕੇ ਸੀ.ਬੀ.ਆਈ. ਨੂੰ ਸੌਂਪ ਦਿੱਤਾ ਹੈ।

ਲਾਪਤਾ ਵਿਦਿਆਰਥੀ ਦੇ ਮਾਪਿਆਂ ਦੀ ਅਪੀਲ ਉਤੇ ਸੁਣਵਾਈ ਕਰਦਿਆਂ ਜੀ.ਐਸ. ਸਿਸਤਾਨੀ ਤੇ ਰੇਖਾ ਪਾਲੀ ਆਧਾਰਤ ਬੈਂਚ ਨੇ ਇਹ ਮਾਮਲਾ ਤੁਰੰਤ ਸੀ.ਬੀ.ਆਈ. ਨੂੰ ਸੌਂਪਣ ਦੀ ਹਦਾਇਤ ਕੀਤੀ। ਉਧਰ ਦਿੱਲੀ ਪੁਲਿਸ ਨੇ ਵੀ ਕੇਸ ਸੀ.ਬੀ.ਆਈ. ਨੂੰ ਸੌਂਪਣ 'ਤੇ ਕੋਈ ਉਜ਼ਰ ਨਹੀਂ ਜਤਾਇਆ। ਸੀ.ਬੀ.ਆਈ. ਦਾ ਡੀ.ਆਈ.ਜੀ. ਪੱਧਰ ਦਾ ਅਧਿਕਾਰੀ ਹੁਣ ਇਸ ਸਾਰੇ ਮਾਮਲੇ ਦੀ ਨਿਗਰਾਨੀ ਕਰੇਗਾ ਅਤੇ ਅਗਲੀ ਸੁਣਵਾਈ 17 ਜੁਲਾਈ ਨੂੰ ਹੋਵੇਗੀ। ਨਜੀਬ ਅਹਿਮਦ ਦੀ ਮਾਂ ਨੇ ਕਿਹਾ ਕਿ ਉਨ੍ਹਾਂ ਨੂੰ ਹੁਣ ਨਿਆਂ ਦੀ ਉਮੀਦ ਬੱਝੀ ਹੈ।

## ਸਰਕਾਰ ਏਅਰ ਇੰਡੀਆ ਦੇ ਦੇਣਦਾਰ

**ਨਵੀਂ ਦਿੱਲੀ:** ਏਅਰ ਇੰਡੀਆ ਦਾ ਕੇਂਦਰ ਸਰਕਾਰ ਵੱਲ 451.75 ਕਰੋੜ ਰੁਪਏ ਦਾ ਬਕਾਇਆ ਹੈ। ਇਹ ਬਕਾਇਆ ਰਾਸ਼ਟਰਪਤੀ, ਉਪ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਲੈ ਕੇ ਜਾਣ ਵਾਲੀ ਏਅਰ ਇੰਡੀਆ ਦੀ ਵੀ.ਵੀ.ਆਈ.ਪੀ. ਉਡਾਣ ਦੇ ਨਾਲ ਵਿਸ਼ੇਸ਼ ਮਿਸ਼ਨ ਲਈ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਸਬੰਧੀ ਹੈ। ਆਰ.ਟੀ.ਆਈ. ਤਹਿਤ ਇਹ ਜਾਣਕਾਰੀ ਪ੍ਰਾਪਤ ਹੋਈ ਹੈ।


## ਦਲਾਈ ਲਾਮਾ ਮੁਲਾਕਾਤ: ਚੀਨ ਵੱਲੋਂ ਅਮਰੀਕਾ ਕੋਲ ਰੋਸ

**ਪੇਈਚਿੰਗ:** ਅਮਰੀਕੀ ਕਾਂਗਰਸੀਆਂ ਦੇ ਇਕ ਵਫਦ ਵੱਲੋਂ ਭਾਰਤ ਵਿਚ ਤਿੱਬਤੀ ਆਗੂ ਦਲਾਈ ਲਾਮਾ ਨਾਲ ਕੀਤੀ ਮੁਲਾਕਾਤ ਖਿਲਾਫ਼ ਚੀਨ ਨੇ ਸਫਾਰਤੀ ਰੋਸ ਜਤਾਇਆ ਹੈ। ਚੀਨ ਨੇ ਕਿਹਾ ਕਿ ਅਮਰੀਕਾ ਦੀ ਇਸ ਪੇਸ਼ਕਦਮੀ ਨਾਲ ਨਾ ਸਿਰਫ ਕੁਲ ਆਲਮ ਨੂੰ 'ਗਲਤ ਸੁਨੇਹਾ' ਜਾਂਦਾ ਹੈ ਬਲਕਿ ਇਹ ਅਮਰੀਕਾ ਦੀ ਤਿੱਬਤ ਦੀ ਆਜ਼ਾਦੀ ਨੂੰ ਹਮਾਇਤ ਨਾ ਦੇਣ ਦੀ ਵਚਨਬੱਧਤਾ ਦਾ ਵੀ ਉਲੰਘਣ ਹੈ।

# ਹਰੇ ਇਨਕਲਾਬ ਦੇ ਮੋਢੀ ਡਾ. ਅਠਵਾਲ ਦਾ ਦੇਹਾਂਤ

**ਨਿਊ ਜਰਸੀ:** ਪੰਜਾਬ ਵਿਚ ਹਰੇ ਇਨਕਲਾਬ ਦੇ ਮੋਢੀ ਡਾ. ਦਿਲਬਾਗ ਸਿੰਘ ਅਠਵਾਲ ਦਾ ਅਮਰੀਕਾ ਵਿਚ ਨਿਊ ਜਰਸੀ ਵਿਖੇ ਦੇਹਾਂਤ ਹੋ ਗਿਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਉਪ ਕੁਲਪਤੀ ਤੇ ਹੋਰ ਅਧਿਕਾਰੀਆਂ ਨੇ ਪੰਜਾਬ ਵਿਚ ਕਣਕ ਦੀ ਕ੍ਰਾਂਤੀ ਦੇ ਮੋਢੀ ਡਾ. ਦਿਲਬਾਗ ਸਿੰਘ ਅਠਵਾਲ ਨੂੰ ਸ਼ਰਧਾਂਜਲੀ ਦੇਣ ਲਈ ਯੂਨੀਵਰਸਿਟੀ ਵਿਚ ਸੋਗ ਸਭਾ ਕੀਤੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਮਹਾਨ ਵਿਗਿਆਨੀ ਸਨ ਅਤੇ ਉਨ੍ਹਾਂ ਨੇ ਖੇਤੀ ਖੋਜ ਨੂੰ ਨਵੀਂ ਦਿਸ਼ਾ ਦਿੱਤੀ।

ਸਾਲ 1928 ਵਿਚ ਪੰਜਾਬ ਦੇ ਕਲਿਆਣਪੁਰ ਪਿੰਡ ਵਿਚ ਜਨਮੇ ਡਾ. ਅਠਵਾਲ ਖੇਤੀਬਾੜੀ ਖੇਤਰ ਵਿਚ ਕੌਮਾਂਤਰੀ ਪੱਧਰ ਦੇ ਜੈਨੇਟਿਕਸ ਅਤੇ ਪਲਾਂਟ ਬਰੀਡਿੰਗ ਵਿਗਿਆਨੀ ਸਨ। ਉਹ ਉਨ੍ਹਾਂ ਵੱਡੇ ਖੇਤੀ ਵਿਗਿਆਨੀਆਂ ਵਿਚੋਂ ਸਨ ਜਿਨ੍ਹਾਂ ਨੇ ਦੇਸ਼ ਦੀ ਹਰੀ ਕ੍ਰਾਂਤੀ ਨੂੰ ਕਣਕ ਦੀ 'ਪੀ ਵੀ 18' ਅਤੇ 'ਕਲਿਆਣ' ਕਿਸਮਾਂ ਦੇ ਕੇ ਮਹਾਨ ਯੋਗਦਾਨ ਪਾਇਆ। 'ਕਲਿਆਣ ਸੋਨਾ' ਜੋ ਆਪਣੇ ਜ਼ਮਾਨੇ



ਦੀ ਪ੍ਰਚਲਿਤ ਕਿਸਮ ਰਹੀ, ਦਾ ਨਾਮ ਵੀ ਡਾ.ਅਠਵਾਲ ਦੇ ਪਿੰਡ ਕਲਿਆਣਪੁਰ (ਪੰਜਾਬ) ਦੇ ਨਾਮ ਉਪਰ ਰੱਖਿਆ ਗਿਆ ਸੀ। ਉਨ੍ਹਾਂ ਦੀਆਂ ਵੱਡੀਆਂ ਪ੍ਰਾਪਤੀਆਂ ਨੂੰ ਨਵਾਜਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਆਪਣੇ ਨਵੇਂ ਕੌਮਾਂਤਰੀ ਗੈਸਟ ਹਾਊਸ ਦਾ ਨਾਮ ਡਾ. ਐਸ. ਅਠਵਾਲ ਦੇ ਨਾਂ 'ਤੇ ਰੱਖਿਆ ਹੈ।

## ਮੋਦੀ ਵੱਲੋਂ ਫਲਸਤੀਨ ਨੂੰ ਭਰੋਸਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੂੰ ਫਲਸਤੀਨ ਦੇ ਹੱਕਾਂ ਲਈ ਭਾਰਤ ਦੀ ਹਮਾਇਤ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਭਾਰਤ ਹਮੇਸ਼ਾ ਇਕਮੁੱਠ ਅਤੇ ਆਜ਼ਾਦ ਫਲਸਤੀਨ ਦੇਖਣ ਦਾ ਚਾਹਵਾਨ ਹੈ।

ਜੁਲਾਈ ਵਿਚ ਇਸਰਾਈਲ ਦੇ ਦੌਰਾ ਉਤੇ ਜਾ ਰਹੇ ਸ੍ਰੀ ਮੋਦੀ ਨੇ ਫਲਸਤੀਨ ਅਤੇ ਇਸਰਾਈਲ ਦੀ ਗੱਲਬਾਤ ਵੀ ਛੇਤੀ ਸ਼ੁਰੂ ਹੋਣ ਦਾ ਭਰੋਸਾ ਜ਼ਾਹਿਰ ਕੀਤਾ ਤਾਂ ਕਿ ਉਹ ਆਪਣੇ ਮਸਲਿਆਂ ਦਾ ਹੱਲ ਕੱਢ ਸਕਣ। ਇਸ ਮੌਕੇ ਦੋਵਾਂ ਆਗੂਆਂ ਦੀ ਵਿਆਪਕ ਗੱਲਬਾਤ ਤੋਂ ਬਾਅਦ ਭਾਰਤ ਤੇ ਫਲਸਤੀਨ ਦਰਮਿਆਨ ਪੰਜ ਸਮਝੌਤੇ ਸਹੀਬੰਦ ਹੋਏ। ਸ੍ਰੀ ਅੱਬਾਸ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਮੋਦੀ ਨੇ ਭਾਰਤ ਦੀ ਫਲਸਤੀਨੀ ਕਾਜ ਲਈ ਅਟੱਲ ਹਮਾਇਤ ਹੈ। ਇਹ ਟਿੱਪਣੀਆਂ ਇਸਰਾਈਲ ਦੇ ਦੌਰੇ ਤੋਂ ਐਨ ਪਹਿਲਾਂ ਆਈਆਂ ਹਨ ਅਤੇ ਇਸਰਾਈਲ ਨਾਲ ਭਾਰਤ ਦੀ ਵਧ ਰਹੀ ਨੇੜਤਾ ਦੇ ਮੱਦੇਨਜ਼ਰ ਅਹਿਮੀਅਤ ਰੱਖਦੀਆਂ ਹਨ। ਯਾਰ ਰਹੇ ਕਿ ਇਸਰਾਈਲ ਦੇ ਦੌਰੇ ਉਤੇ ਜਾਣ ਵਾਲੇ ਸ੍ਰੀ ਮੋਦੀ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹੋਣਗੇ। ਇਸ ਮੌਕੇ ਸ੍ਰੀ ਅੱਬਾਸ ਨੇ ਕਿਹਾ ਕਿ ਭਾਰਤ ਵੱਲੋਂ ਦਿੱਤੀ ਜਾ ਰਹੀ ਹਮਾਇਤ ਦੀ ਫਲਸਤੀਨ ਸ਼ਲਾਘਾ ਕਰਦਾ ਹੈ।

## ਚਾਰ ਅਤਿਵਾਦੀਆਂ ਨੂੰ ਫਾਹੇ ਟੰਗਿਆ

**ਇਸਲਾਮਾਬਾਦ:** ਪਾਕਿਸਤਾਨ ਵਿਚ ਚਾਰ ਖਤਰਨਾਕ ਤਾਲਿਬਾਨੀ ਅਤਿਵਾਦੀਆਂ ਨੂੰ ਫਾਂਸੀ ਦੇ ਦਿੱਤੀ। ਇਨ੍ਹਾਂ ਅਤਿਵਾਦੀਆਂ ਨੂੰ ਪਾਕਿਸਤਾਨ ਦੀ ਵਿਵਾਦਤ ਮਿਲਟਰੀ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ। ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚ 2014 ਦੇ ਪਿਸ਼ਾਵਰ ਹਮਲੇ ਤੋਂ ਬਾਅਦ ਹੁਣ ਤੱਕ ਤਕਰੀਬਨ 160 ਅਤਿਵਾਦੀਆਂ ਨੂੰ ਫਾਹੇ ਲਾਇਆ ਜਾ ਚੁੱਕਾ ਹੈ।

## ਬੰਗਲਾਦੇਸ਼ ਵਿਚ ਪੰਜ ਨੇ ਖੁਦ ਨੂੰ ਉਡਾਇਆ

**ਢਾਕਾ:** ਪੁਲਿਸ ਨੇ ਜਦੋਂ ਦਹਿਸ਼ਤਗਰਦਾਂ ਦੇ ਇਕ ਟਿਕਾਣੇ 'ਤੇ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਪਰਿਵਾਰ ਦੇ ਪੰਜ ਮੈਂਬਰਾਂ ਨੇ ਆਪਣੇ ਆਪ ਨੂੰ ਧਮਾਕੇ ਨਾਲ ਉਡਾ ਲਿਆ। ਇਸਲਾਮੀ ਦਹਿਸ਼ਤਗਰਦਾਂ ਖਿਲਾਫ਼ ਮੁਲਕ 'ਚ ਕਾਰਵਾਈ ਦੌਰਾਨ ਇਹ ਤਾਜ਼ਾ ਵਾਰਦਾਤ ਹੈ। ਇਹ ਘਟਨਾ ਰਾਜਸ਼ਾਹੀ ਜ਼ਿਲ੍ਹੇ ਦੇ ਗੋਦਗਾਰੀ ਇਲਾਕੇ 'ਚ ਵਾਪਰੀ।

# 'ਆਪ' ਹੁਣ ਨਵੇਂ ਸਿਰਿਓਂ ਸ਼ੁਰੂ ਕਰੇਗੀ ਅਗਲੀ ਪਾਰੀ

*(ਸਫਾ ਇਕ ਦੀ ਬਾਕੀ)*

ਆਪ ਨੂੰ ਲਾਮਬੰਦ ਕਰਨ ਦਾ ਟੀਚਾ ਮਿਥਿਆ ਹੈ ਤੇ ਵਿਧਾਨ ਸਭਾ ਚੋਣਾਂ ਵਿਚ ਹਾਰ ਦਾ ਆਤਮ-ਮੰਥਨ ਵੀ ਕੀਤਾ ਹੈ। ਆਗੂਆਂ ਨੇ ਨਗਰ ਨਿਗਮ ਚੋਣਾਂ ਸਮੇਤ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪੂਰੇ ਜ਼ੋਰ ਨਾਲ ਨਿਤਰਨ ਦਾ ਐਲਾਨ ਕੀਤਾ। ਮੀਟਿੰਗ ਵਿਚ ਪੰਜਾਬ ਚੋਣਾਂ ਵਿਚ ਹਾਰ ਦਾ ਠੀਕਰ ਵੋਟਰਾਂ ਦੀ ਥਾਂ 'ਆਪ' ਆਗੂਆਂ ਸਿਰਫ ਭੰਨਿਆ ਗਿਆ।

ਇਹ ਵੀ ਦਾਅਵਾ ਕੀਤਾ ਗਿਆ ਕਿ ਪੰਜਾਬ ਦੇ 13 ਲੋਕ ਸਭਾ ਹਲਕਿਆਂ ਦੇ ਜ਼ੋਨਾਂ ਦੀ ਸਮੁੱਚੀ ਲੀਡਰਸ਼ਿਪ, ਵਿਧਾਇਕਾਂ, ਚੋਣ ਹਾਰੇ ਉਮੀਦਵਾਰਾਂ ਅਤੇ ਵੱਖ-ਵੱਖ ਵਿੰਗਾਂ ਦੇ ਮੁਖੀਆਂ ਨਾਲ ਮੀਟਿੰਗਾਂ ਉਪਰੰਤ ਸੂਬੇ ਵਿਚ ਮੁੜ 'ਝਾੜੂ' ਦਾ ਬੋਲਬਾਲਾ ਕਾਇਮ ਕੀਤਾ ਜਾਵੇਗਾ। ਭਗਵੰਤ ਮਾਨ ਦੀ ਪ੍ਰਧਾਨਗੀ ਦਾ ਸਭ ਤੋਂ ਵੱਧ ਵਿਰੋਧ ਕਰਨ ਵਾਲੇ ਸ. ਖਹਿਰਾ ਨੇ ਵੀ ਆਖਿਆ ਕਿ ਉਹ ਕੇਂਦਰੀ ਲੀਡਰਸ਼ਿਪ ਵੱਲੋਂ ਪੰਜਾਬ ਦਾ ਪ੍ਰਧਾਨ ਬਣਾਉਣ ਲਈ ਅਪਣਾਈ ਨੀਤੀ ਦੇ ਵਿਰੁੱਧ ਹਨ, ਪਰ ਭਗਵੰਤ ਮਾਨ ਨਾਲ ਉਨ੍ਹਾਂ ਦਾ ਕੋਈ ਮਤਭੇਦ ਨਹੀਂ ਹੈ। ਇਸੇ ਦੌਰਾਨ ਭਗਵੰਤ ਮਾਨ ਨੇ ਵੀ ਆਖਿਆ ਹੈ ਕਿ ਉਸ ਦਾ ਅਗਲਾ ਮਿਸ਼ਨ ਹੁਣ ਰੁੱਸਿਆਂ ਨੂੰ ਮਨਾਉਣ ਦਾ ਹੈ।

ਯਾਦ ਰਹੇ ਕਿ ਭਗਵੰਤ ਮਾਨ ਦਾ ਵਿਵਾਦਾਂ ਨਾਲ ਚੋਖਾ ਵਾਹ-ਵਾਸਤਾ ਰਿਹਾ ਹੈ। ਉਸੇ 'ਤੇ ਜਨਤਕ ਥਾਂਵਾਂ ਉਤੇ ਸ਼ਰਾਬ ਪੀ ਕੇ ਜਾਣ ਦੇ ਦੋਸ਼ ਲੱਗਦੇ ਰਹੇ ਹਨ। ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਉਸ ਦੀਆਂ ਦਿੱਲੀ ਹਾਈ ਕਮਾਨ ਬਾਰੇ ਬਾਗੀ ਸੁਰਾਂ ਵੀ ਚਰਚਾ ਦਾ ਵਿਸ਼ਾ ਰਹੀਆਂ। ਉਸ ਦਾ ਕੋਈ ਲੰਮਾ ਸਿਆਸੀ ਤਜਰਬਾ ਨਹੀਂ ਹੈ। 'ਆਪ' ਵਿਚ ਸ਼ਾਮਲ ਹੋਣ ਪਿੱਛੋਂ ਉਹ ਸਿੱਧੇ ਸੰਸਦ ਮੈਂਬਰ ਬਣੇ। ਫਿਰ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਦੀ ਕਮਾਨ ਸੌਂਪੀ ਗਈ। ਚੋਣਾਂ ਵਿਚ ਪਾਰਟੀ ਦਾ ਭਾਵੇਂ ਮਾੜਾ ਪ੍ਰਦਰਸ਼ਨ ਰਿਹਾ, ਪਰ ਚੋਣ ਪ੍ਰਚਾਰ ਦੌਰਾਨ ਭਾਰੀ ਇਕੱਠ ਨੇ ਵਿਰੋਧੀਆਂ ਦੇ ਸਾਹ ਸੁਕਾਈ ਰੱਖੇ।

ਸ. ਮਾਨ ਨੂੰ ਪੰਜਾਬ ਇਕਾਈ ਦਾ ਮੁਖੀ ਥਾਪਣ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਸੀ। ਇਥੋਂ ਤੱਕ ਕਿ ਪਰਵਾਸੀ ਪੰਜਾਬੀਆਂ ਵੱਲੋਂ ਵੀ ਉਨ੍ਹਾਂ ਨੂੰ ਸੂਬੇ ਦੀ ਕਮਾਨ ਸੌਂਪਣ 'ਤੇ ਸਵਾਲ ਖੜ੍ਹੇ ਕੀਤੇ ਸਨ। ਭਗਵੰਤ ਮਾਨ ਬਾਰੇ ਐਲਾਨ ਤੋਂ ਤੁਰੰਤ ਬਾਅਦ ਪੰਜਾਬ ਵਿਧਾਨ ਸਭਾ ਪਾਰਟੀ ਦੇ ਮੁੱਖ ਵ੍ਹਿਪ ਤੇ ਪਾਰਟੀ ਦੇ ਮੁੱਖ ਤਰਜਮਾਨ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ। 'ਆਪ' ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੇ ਤਾਂ ਖੁੱਲ੍ਹ ਕੇ ਬਗਾਵਤ ਕੀਤੀ ਅਤੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ

ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਬ੍ਰਿਟਿਸ਼ ਕੋਲੰਬੀਆ ਚੋਣਾਂ ਵਿਚ ਛਾ ਗਏ ਪੰਜਾਬੀ

**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਵਿਚ ਪੰਜਾਬੀਆਂ ਨੇ ਮੁੜ ਝੰਡੇ ਗੱਡੇ ਹਨ। ਇਨ੍ਹਾਂ ਚੋਣਾਂ ਵਿਚ ਕੁੱਲ 18 ਪੰਜਾਬੀ ਉਮੀਦਵਾਰ ਖੜ੍ਹੇ ਸਨ, ਜਿਨ੍ਹਾਂ ਵਿਚੋਂ ਸੱਤ ਨੂੰ ਫਤਿਹ ਨਸੀਬ ਹੋਈ। 87 ਮੈਂਬਰੀ ਵਿਧਾਨ ਸਭਾ ਵਿਚ ਤਿੰਨ ਧਿਰੀ ਮੁਕਾਬਲੇ ਵਿਚ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਿਆ, ਪਰ ਸੱਤਾ ਦਾ ਤਵਾਜ਼ਨ ਤਿੰਨ ਸੀਟਾਂ ਜਿੱਤਣ ਵਾਲੀ ਗਰੀਨ ਪਾਰਟੀ ਦੇ ਹੱਥ ਆ ਗਿਆ ਹੈ ਤੇ ਉਹ ਕਿੰਗਮੇਕਰ ਦੀ ਭੂਮਿਕਾ ਨਿਭਾਏਗੀ। ਉਂਜ ਤਿੰਨਾਂ ਪਾਰਟੀਆਂ ਦੇ ਪ੍ਰਧਾਨਾਂ ਲਈ ਮੁੜ ਤੋਂ ਵਿਧਾਨ ਸਭਾ ਦੇ ਦਰਵਾਜ਼ੇ ਖੁੱਲ੍ਹ ਗਏ ਹਨ। ਦੋਵਾਂ ਮੁੱਖ ਪਾਰਟੀਆਂ ਵੱਲੋਂ ਪੰਜਾਬੀ ਨੂੰ ਪੰਜਾਬੀ ਨਾਲ ਭਿੜਾਉਣ ਦਾ ਫਾਰਮੂਲਾ ਰਾਸ ਆਇਆ ਹੈ। ਵੱਡੀ ਗਿਣਤੀ ਪੰਜਾਬੀਆਂ ਨੇ ਸਰੀ ਤੋਂ ਨਿਊ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰਾਂ ਵਜੋਂ ਜਿੱਤ ਦਰਜ ਕੀਤੀ ਹੈ।



ਪੰਜਾਬੀਆਂ ਦੇ ਹਲਕਾ ਵਾਰ ਨਤੀਜਿਆਂ ਵਿਚ ਸਰੀ ਪੈਨੋਰਮਾ 'ਚੋਂ ਜਿੰਨੀ ਸਿਮਜ਼ (ਜੁਗਿੰਦਰ ਕੌਰ ਹੋਠੀ) ਨੇ ਵਕੀਲ ਪੁਨੀਤ ਨੂੰ ਹਰਾਇਆ। ਨਿਊਟਨ ਤੋਂ ਹੈਰੀ ਬੈਂਸ, ਲਿਬਰਲ ਦੇ ਗੁਰਵਿੰਦਰ ਸਿੰਘ ਪਰਹਾਰ ਨੂੰ ਹਰਾ ਕੇ ਚੌਥੀ ਵਾਰ ਜਿੱਤ ਦਰਜ ਕੀਤੀ। ਗਰੀਨ ਟਿੰਬਰ ਸਰੀ ਤੋਂ ਰਚਨਾ ਸਿੰਘ ਨੇ ਗੋਰੀ ਬਰੈਂਡਾ ਲੌਕ ਨੂੰ ਹਰਾਇਆ। ਜਗਰੂਪ ਬਰਾੜ ਨੇ ਸਰੀ ਤੋਂ ਸੱਤਾਧਾਰੀ ਪਾਰਟੀ ਦੇ ਵੱਡੇ ਆਗੂ ਪੀਟਰ ਫਾਸਬੈਂਡਰ ਨੂੰ ਵੱਡੇ ਫਰਕ ਨਾਲ ਮਾਤ ਦਿੱਤੀ। ਗੋਰੇ ਗੈਰੀ ਬੈਗ ਨੇ ਮੰਤਰੀ ਅਮਰੀਕ ਵਿਰਕ ਨੂੰ ਹਰਾਇਆ। ਫੀਲਡ ਹਾਕੀ ਓਲੰਪੀਅਨ ਰਵੀ ਕਾਹਲੋਂ ਨੇ ਨਾਰਥ ਡੈਲਟਾ ਤੋ ਜਿੱਤ ਕੇ ਇਹ ਸੀਟ ਲੰਮੇ ਸਮੇਂ ਬਾਅਦ ਐਨ.ਡੀ.ਪੀ. ਦੀ ਝੋਲੀ ਪਾਈ। ਰਾਜ ਚੌਹਾਨ ਨੇ ਬਰਨਬੀ ਹਲਕੇ ਵਿਚੋਂ ਆਪਣੀ ਹਰਮਨ ਪਿਆਰਤਾ ਬਰਕਰਾਰ ਰੱਖੀ। ਰਿਚਮੰਡ ਕੁਈਨਜ਼ਬਰੋ ਤੋਂ ਜੈਸ ਜੌਹਲ ਨੇ ਅਮਨ ਸਿੰਘ ਨੂੰ ਹਰਾਇਆ। ਗਰੀਨ ਪਾਰਟੀ ਨੇ ਐਤਕੀਂ ਵੋਟ ਪ੍ਰਤੀਸ਼ਤ ਤੇ ਸੀਟਾਂ ਦੀ ਗਿਣਤੀ ਵਿਚ ਪਿਛਲੀ ਵਾਰ ਤੋਂ ਤਿੰਨ ਗੁਣਾ ਵਾਧਾ ਕੀਤਾ। ਮੌਜੂਦਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਕਲੋਨਾ ਤੋਂ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ। ਗਰੀਨ ਪਾਰਟੀ ਪ੍ਰਧਾਨ ਐਂਡਰਿਊ ਵੀਵਰ ਨੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ।

ਪੰਜਾਬੀ ਵਸੋਂ ਵਾਲੇ ਸ਼ਹਿਰ ਸਰੀ ਦੀਆਂ ਨੌਂ ਸੀਟਾਂ 'ਚੋਂ ਸੱਤਾਧਾਰੀ ਸਿਰਫ ਤਿੰਨ ਸੀਟਾਂ ਹੀ ਜਿੱਤ ਸਕੀ। ਛੇ ਸੀਟਾਂ ਐਨ.ਡੀ.ਪੀ. ਜਿੱਤੀ। ਇਥੋਂ ਦੇ ਕਾਨੂੰਨ ਅਨੁਸਾਰ ਹਲਕੇ ਤੋਂ ਗੈਰਹਾਜ਼ਰ ਵੋਟਰਾਂ ਦੀਆਂ ਡਾਕ ਰਾਹੀਂ ਆਉਣ ਵਾਲੀਆਂ ਵੋਟਾਂ ਦੀ ਗਿਣਤੀ 24 ਮਈ ਨੂੰ ਹੋਵੇਗੀ, ਜੋ 9 ਵੋਟਾਂ ਨਾਲ ਐਨ.ਡੀ.ਪੀ. ਦੇ ਖਾਤੇ ਪੈਣ ਵਾਲੀ ਸੀਟ ਦਾ ਦ੍ਰਿਸ਼ ਬਦਲ ਕੇ ਸੱਤਾਧਾਰੀ ਪਾਰਟੀ ਨੂੰ ਬਹੁਮਤ ਵਿਚ ਲਿਆ ਸਕਦਾ ਹੈ।

ਸਰੀ ਗਰੀਨ ਟਿੰਬਰ ਤੋਂ ਜੇਤੂ ਰਹੀ ਐਨ.ਡੀ.ਪੀ. ਦੀ ਉਮੀਦਵਾਰ ਰਚਨਾ ਸਿੰਘ ਯੋਜਨਾਬੰਦ ਢੰਗ ਨਾਲ ਚਲਾਈ ਚੋਣ ਮੁਹਿੰਮ ਕਾਰਨ ਸਫਲ ਰਹੀ। ਪੰਜਾਬ ਵਿਚ ਛਪਦੇ ਮੈਗਜ਼ੀਨ 'ਸਿਰਜਣਾ' ਦੇ ਬਾਨੀ ਰਘਬੀਰ ਸਿੰਘ ਦੀ ਧੀ ਤੇ ਪੱਤਰਕਾਰ ਗੁਰਪਰੀਤ ਸਿੰਘ ਦੀ ਪਤਨੀ, ਰਚਨਾ ਸੋਲਾਂ ਕੁ ਸਾਲ ਪਹਿਲਾਂ ਕੈਨੇਡਾ ਆਈ ਤੇ ਹੁਣ ਉਸ ਨੇ ਵਿਧਾਨ ਸਭਾ ਵੱਲ ਵਹੀਰਾਂ ਘੱਤ ਲਈਆਂ ਹਨ। ਸਰੀ ਪੈਨੋਰਮਾ ਤੋਂ ਐਨ.ਡੀ.ਪੀ. ਵਜੋਂ ਆਪਣੇ ਵਿਰੋਧੀ ਤੇ ਵਕੀਲ ਪੁਨੀਤ ਸੰਧਰ ਨੂੰ ਹਰਾਉਣ ਵਾਲੀ ਜੁਗਿੰਦਰ ਕੌਰ ਹੋਠੀ, ਇਕ ਗੋਰੇ ਨੂੰ ਜੀਵਨ ਸਾਥੀ ਬਣਾ ਕੇ ਜਿੰਨੀ ਸਿਮਜ਼ ਬਣ ਗਈ। ਉਹ 2011 ਤੋਂ 2015 ਤੱਕ ਪਾਰਲੀਮੈਂਟ ਮੈਂਬਰ ਵੀ ਰਹੀ, ਪਰ ਅਕਤੂਬਰ 2015 ਵਿਚ ਸੁਖ ਧਾਲੀਵਾਲ ਤੋਂ ਹਾਰ ਗਈ ਸੀ। ਰਵੀ ਕਾਹਲੋਂ ਫੀਲਡ ਹਾਕੀ ਵਿਚ ਓਲੰਪੀਅਨ ਹੈ ਤੇ ਡੈਲਟਾ ਖੇਤਰ ਵਿਚ ਉਸ ਦੇ ਚੰਗੇ ਰਸੂਖ ਕਾਰਨ ਹੀ ਪਾਰਟੀ ਨੇ ਉਸ ਨੂੰ ਲਿਬਰਲ ਦੇ ਸਕਾਟ ਹਮਿਲਟਨ ਮੁਕਾਬਲੇ ਖੜ੍ਹਾਇਆ ਸੀ। ਚੌਥੀ ਵਾਰ ਜਿੱਤੇ ਹੈਰੀ ਬੈਂਸ ਦਾ ਮੁਕਾਬਲਾ ਚਾਰਟਰਡ ਅਕਾਊਂਟੈਂਟ ਗੁਰਵਿੰਦਰ ਸਿੰਘ ਪਰਹਾਰ ਨਾਲ ਸੀ। ਮੁਕਾਬਲਾ ਸਖਤ ਸਮਝਿਆ ਜਾਂਦਾ ਸੀ, ਪਰ ਉਹ ਵੱਡੇ ਫਰਕ ਨਾਲ ਜੇਤੂ ਰਿਹਾ। ਆਜ਼ਾਦ ਉਮੀਦਵਾਰ ਬਲਪਰੀਤ ਤਿੰਨ ਕੁ ਸੌ ਵੋਟਾਂ 'ਤੇ ਹੀ ਸਿਮਟ ਕੇ ਰਹਿ ਗਿਆ।

ਜਗਰੂਪ ਬਰਾੜ, ਜੋ ਪਿਛਲੀ ਵਾਰ ਕ੍ਰਿਸਟੀ ਕਲਾਰਕ ਦੇ ਭਰੋਸੇਯੋਗ ਤੇ ਕਦਾਵਰ ਸਿਆਸੀ ਆਗੂ ਪੀਟਰ ਫਾਸਬੈਂਡਰ ਤੋਂ ਕੁਝ ਸੌ ਵੋਟਾਂ ਦੇ ਫਰਕ ਨਾਲ ਹਾਰ ਗਿਆ ਸੀ, ਨੇ ਐਤਕੀਂ ਗੋਰੇ ਨਾਲ ਸਿੰਗ ਫਸਾ ਕੇ ਉਸ ਨੂੰ ਵੱਡੇ ਫਰਕ ਨਾਲ ਚਿੱਤ ਕੀਤਾ। ਰਿਚਮੰਡ ਦੀਆਂ ਚਾਰੇ ਸੀਟਾਂ ਹਾਲਾਂਕਿ ਲਿਬਰਲਾਂ ਦੀ ਝੋਲੀ ਪਈਆਂ ਹਨ, ਪਰ ਕੁਈਨਜ਼ਬਰੋ ਹਲਕੇ ਵਿਚ ਰੇਡੀਓ ਬਰੌਡਕਾਸਟਰ ਤੇ ਟੀ.ਵੀ. ਹੋਸਟ ਜੈਸ ਜੌਹਲ ਨੇ ਹਾਂਗਕਾਂਗ ਦੇ ਜੰਮਪਲ ਨੌਜਵਾਨ ਅਮਨ ਸਿੰਘ ਨਾਲ ਫਸਵੇਂ ਮੁਕਾਬਲੇ ਵਿਚ ਤਿੰਨ ਕੁ ਸੌ ਵੋਟਾਂ ਦੇ ਫਰਕ ਨਾਲ ਸੀਟ ਕੱਢੀ।

## ਕਾਲ ਸੈਂਟਰ ਘੁਟਾਲੇ ਵਿਚ ਭਾਰਤੀ ਦੋਸ਼ੀ

**ਵਾਸ਼ਿੰਗਟਨ:** ਅਮਰੀਕਾ ਵਿਚ 28 ਸਾਲਾ ਭਾਰਤੀ ਹਰਸ਼ ਪਟੇਲ ਨੂੰ ਬਹੁ-ਕਰੋੜੀ ਡਾਲਰ ਘੁਟਾਲੇ ਵਿਚ ਸ਼ਾਮਲ ਹੋਣ ਦਾ ਦੋਸ਼ੀ ਪਾਇਆ ਗਿਆ। ਇਹ ਘੁਟਾਲਾ ਭਾਰਤ ਵਿਚਲੇ ਕਾਲ ਸੈਂਟਰਾਂ ਰਾਹੀਂ ਸਿਰੇ ਚੜ੍ਹਿਆ, ਜਿਸ ਵਿਚ ਅਮਰੀਕੀਆਂ ਨਾਲ ਟੈਕਸ ਤੇ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਨਾਂ ਉਤੇ ਠੱਗੀਆਂ ਮਾਰੀਆਂ ਗਈਆਂ। ਹਰਸ਼ ਇਸ ਮਾਮਲੇ ਵਿਚ ਦੋਸ਼ੀ ਠਹਿਰਾਇਆ ਤੀਜਾ ਭਾਰਤੀ ਨਾਗਰਿਕ ਹੈ।

## ਬਹੁਮਤ ਕਿਸੇ ਧਿਰ ਨੂੰ ਨਾ ਮਿਲਿਆ

**ਵੈਨਕੂਵਰ:** 1953 ਤੋਂ ਬਾਅਦ ਪਹਿਲਾ ਮੌਕਾ ਹੈ ਜਦੋਂ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਿਚ ਕਿਸੇ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਿਆ। ਸੱਤਾਧਾਰੀ ਲਿਬਰਲ ਪਾਰਟੀ 43 ਸੀਟਾਂ ਜਿੱਤ ਕੇ ਬਹੁਮਤ ਤੋਂ ਹੇਠਾਂ ਰਹਿ ਗਈ।ਵਿਰੋਧੀ ਐਨ.ਡੀ.ਪੀ. ਨੂੰ 41 ਜਦਕਿ ਗਰੀਨ ਪਾਰਟੀ ਨੂੰ 3 ਸੀਟਾਂ 'ਤੇ ਜਿੱਤ ਹਾਸਲ ਹੋਈ। ਲਿਬਰਲ ਪਾਰਟੀ ਨੂੰ 41 ਫੀਸਦੀ, ਐਨ.ਡੀ.ਪੀ. ਨੂੰ 40 ਫੀਸਦੀ, ਗਰੀਨ ਪਾਰਟੀ ਨੂੰ 15 ਫੀਸਦੀ ਜਦਕਿ ਚਾਰ ਫੀਸਦੀ ਵੋਟਾਂ ਆਜ਼ਾਦ ਉਮੀਦਵਾਰਾਂ ਨੂੰ ਪਈਆਂ।

## ਚੰਡੀਗੜ੍ਹ ਦੀ ਰਚਨਾ ਸਿੰਘ ਨੇ ਕੈਨੇਡਾ ਵਿਚ ਰਚਿਆ ਇਤਿਹਾਸ

**ਚੰਡੀਗੜ੍ਹ:** ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਵਿਚ ਚੰਡੀਗੜ੍ਹ ਦੀ ਜੰਮ-ਪਲ ਰਚਨਾ ਸਿੰਘ ਨੇ ਸਰੀ ਦੀ ਗਰੀਨ ਟਿੰਬਰ ਸੀਟ 'ਤੇ ਜਿੱਤ ਪ੍ਰਾਪਤ ਕਰ ਕੇ ਸ਼ਹਿਰ ਦਾ ਨਾਂ ਰੋਸ਼ਨ ਕਰ ਦਿੱਤਾ ਹੈ। ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦੀ ਉਮੀਦਵਾਰ ਰਚਨਾ ਸਿੰਘ ਨੇ ਪਹਿਲੀ ਵਾਰ ਹੀ ਚੋਣ ਲੜੀ ਅਤੇ ਪਹਿਲੇ ਹੀ ਹੱਲੇ ਆਪਣੀ ਵਿਰੋਧੀ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾਇਆ।



ਪੰਜਾਬੀ ਦੇ ਉਘੇ ਆਲੋਚਕ ਅਤੇ ਤ੍ਰੈ-ਮਾਸਿਕ 'ਸਿਰਜਣਾ' ਦੇ ਸੰਪਾਦਕ ਡਾ. ਰਘਬੀਰ ਸਿੰਘ ਤੇ ਪ੍ਰੋ. ਸੁਲੇਖਾ ਦੀ ਧੀ ਅਤੇ ਪੱਤਰਕਾਰ ਗੁਰਪ੍ਰੀਤ ਸਿੰਘ ਦੀ ਪਤਨੀ ਰਚਨਾ ਸਿੰਘ ਨੇ ਚੰਡੀਗੜ੍ਹ ਤੋਂ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਇਲਾਵਾ ਉਚੇਰੀ ਸਿੱਖਿਆ ਵੀ ਇਥੋਂ ਹੀ ਪ੍ਰਾਪਤ ਕੀਤੀ ਹੈ। ਰਚਨਾ ਸਿੰਘ ਦਾ ਜਨਮ ਖੱਬੇ ਪੱਖੀ ਵਿਚਾਰਧਾਰਾ ਨਾਲ ਸਬੰਧਤ ਪਰਿਵਾਰ 'ਚ ਹੋਇਆ। ਯਾਦ ਰਹੇ ਕਿ ਰਚਨਾ ਸਿੰਘ ਪੰਜਾਬੀ ਦੇ ਮਰਹੂਮ ਲੇਖਕ ਤੇਰਾ ਸਿੰਘ ਚੰਨ ਦੀ ਦੋਹਤੀ ਹੈ।

ਬ੍ਰਿਟਿਸ਼ ਕੋਲੰਬੀਆ ਚੋਣਾਂ 'ਚ ਸਰੀ ਦੇ ਗਰੀਨ ਟਿੰਬਰ ਸੀਟ ਤੋਂ ਉਨ੍ਹਾਂ ਨੇ ਲਿਬਰਲ ਪਾਰਟੀ ਦੀ ਉਮੀਦਵਾਰ ਬਰੇਡਾਂ ਜੋਏ ਨੂੰ ਵੱਡੇ ਫਰਕ ਨਾਲ ਹਰਾਇਆ। ਇਸ ਸੀਟ 'ਤੇ ਕੁੱਲ ਪਈਆਂ ਵੋਟਾਂ ਵਿਚੋਂ ਉਨ੍ਹਾਂ ਨੇ 59.6 ਫੀਸਦੀ ਦੇ ਲਗਭਗ ਵੋਟਾਂ ਪ੍ਰਾਪਤ ਕੀਤੀਆਂ ਜਦਕਿ ਉਨ੍ਹਾਂ ਦੀ ਵਿਰੋਧੀ ਨੂੰ 33 ਫੀਸਦੀ ਵੋਟਾਂ ਮਿਲੀਆਂ।


## ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

11-

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email: Homeomedicine@yahoo.com

## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL · EQUAL HOUSING OPPORTUNITY · REALTOR®



**Gurbans Singh Gill**
Realtor
BRE#01227109

18 Years Experiance in Real Estate

e-mail: gurbans@gotracy.com

**Gurbans Gill**

**Office 209-835-4545**

**Direct 209-815-1869**

Fax: 209-836-0706

www.gotracy.com

1486 W 11th Street, Tracy, CA 95376

# ਇੰਡੀਅਨਐਪੋਲਿਸ ਪੁਲਿਸ 'ਚ ਸਿੱਖ ਅਫਸਰ ਭਰਤੀ



**ਇੰਡੀਅਨਐਪੋਲਿਸ, ਇੰਡੀਆਨਾ:** ਇੰਡੀਅਨਐਪੋਲਿਸ ਮੈਟਰੋਪਾਲੀਟਨ ਪੁਲਿਸ ਡਿਪਾਰਟਮੈਂਟ ਨੇ ਵਿਭਾਗ ਵਿਚ ਵਿਭਿੰਨਤਾ ਵਧਾਉਣ ਦੇ ਮਕਸਦ ਨਾਲ ਪਹਿਲੀ ਵਾਰ ਸਿੱਖ ਭਾਈਚਾਰੇ ਦੇ ਕਿਸੇ ਨੌਜਵਾਨ ਨੂੰ ਪੁਲਿਸ ਅਫਸਰ ਦੇ ਅਹੁਦੇ 'ਤੇ ਤਾਇਨਾਤ ਕੀਤਾ ਹੈ।

ਇੰਡੀਅਨਐਪੋਲਿਸ ਪੁਲਿਸ ਨੇ 26 ਸਾਲਾ ਮਿੱਤਨ ਸਿੰਘ ਕਟੋਚ ਨੂੰ ਇਸ ਅਹੁਦੇ ਲਈ ਚੁਣਿਆ ਹੈ। ਮਿੱਤਨ ਸਿੰਘ ਅਮਰੀਕਾ ਦੀ ਆਈ.ਐਮ.ਪੀ.ਡੀ. ਵਿਚ ਪੁਲਿਸ ਅਫਸਰ ਵਜੋਂ ਭਰਤੀ ਹੋਣ ਵਾਲਾ ਪਹਿਲਾ ਸਿੱਖ ਬਣ ਗਿਆ ਹੈ। ਮਿੱਤਨ ਸਿੰਘ ਨੇ ਕਿਹਾ ਕਿ ਇਹ ਮੌਕਾ ਮੇਰੇ ਲਈ ਕਿਸੇ ਸੁਪਨੇ ਤੋਂ ਘੱਟ ਨਹੀਂ ਹੈ ਅਤੇ ਮੈਂ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਵਾਂਗਾ। ਮੈਨੂੰ ਇਸ ਗੱਲ ਦੀ ਹੋਰ ਵੀ ਖੁਸ਼ੀ ਹੈ ਕਿ ਮੈਂ ਇੰਡੀਆਨਾ ਪੁਲਿਸ ਵਿਚ ਸਿੱਖ ਭਾਈਚਾਰੇ ਦਾ ਪਹਿਲਾ ਅਫਸਰ ਹਾਂ, ਮੈਨੂੰ ਖੁਸ਼ੀ ਹੈ ਕਿ ਮੈਂ ਵੱਖ-ਵੱਖ ਭਾਈਚਾਰਿਆਂ ਦਰਮਿਆਨ ਸਾਂਝ ਵਧਾਉਣ ਲਈ ਪੁਲ ਦਾ ਕੰਮ ਕਰਾਂਗਾ। ਆਈ.ਐਮ.ਪੀ.ਡੀ. ਮੁਤਾਬਕ ਵਿਭਾਗ ਵਿਚ 18 ਫੀਸਦੀ ਕੋਟਾ ਘੱਟ ਗਿਣਤੀਆਂ ਲਈ ਰਾਖਵਾਂ ਹੈ ਅਤੇ ਵਿਭਿੰਨਤਾ ਨੂੰ ਵਧਾਉਣ ਲਈ ਇਸ ਨਵੀਂ ਭਰਤੀ ਲਈ ਵਿਭਾਗ ਕਾਫੀ ਉਤਸ਼ਾਹਿਤ ਅਤੇ ਉਤਸੁਕ ਹੈ।

ਪੰਜਾਬ ਦੇ ਮੁਹਾਲੀ ਜ਼ਿਲ੍ਹੇ ਨਾਲ ਸਬੰਧਤ ਮਿੱਤਨ ਦੇ ਮਾਤਾ-ਪਿਤਾ ਨੇ ਦੱਸਿਆ ਕਿ ਮਿੱਤਨ ਪਾਈਲਟ ਬਣਨਾ ਚਾਹੁੰਦਾ ਸੀ ਜਿਸ ਲਈ ਉਸ ਨੇ ਕਲਾਸਾਂ ਵੀ ਲਾਈਆਂ ਸਨ ਅਤੇ ਇਕ ਸਾਲ ਲਈ ਮਰੀਨ ਦੀ ਨੌਕਰੀ ਵੀ ਕੀਤੀ ਸੀ, ਪਰ ਮਿੱਤਨ ਦੀ 2 ਸਾਲਾ ਕਰਿਮਿਨਲ ਜਸਟਿਸ ਦੀ ਡਿਗਰੀ ਨੇ ਉਸ ਨੂੰ ਇਸ ਅਹੁਦੇ 'ਤੇ ਤਾਇਨਾਤ ਹੋਣ 'ਚ ਸਹਾਇਤਾ ਕੀਤੀ ਹੈ। ਇਸ ਅਹੁਦੇ ਤੱਕ ਪਹੁੰਚਣ ਲਈ ਕਈ ਪੜਾਅ ਪਾਰ ਕਰਨੇ ਪੈਂਦੇ ਹਨ ਅਤੇ ਮਿੱਤਨ 1000 ਉਮੀਦਵਾਰਾਂ ਵਿਚੋਂ ਚੁਣੇ ਗਏ 40 ਅਫਸਰਾਂ ਵਿਚੋਂ ਇਕ ਹੈ।

## ਯੂ.ਕੇ ਸੰਸਦੀ ਚੋਣਾਂ 'ਚ ਸਿੱਖਾਂ ਦੀ ਬੱਲੇ-ਬੱਲੇ

**ਲੰਡਨ:** ਯੂ.ਕੇ. ਦੀਆਂ ਪਾਰਲੀਮੈਂਟ ਚੋਣਾਂ ਵਿਚ ਲੇਬਰ ਪਾਰਟੀ ਨੇ ਪਹਿਲੀ ਵਾਰ ਸਿੱਖ ਚਿਹਰਿਆਂ ਨੂੰ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਹੈ। ਲੇਬਰ ਪਾਰਟੀ ਨੇ ਕੁੱਲ 6 ਸਿੱਖ ਉਮੀਦਵਾਰਾਂ ਨੂੰ ਟਿਕਟ ਦਿੱਤੀ ਹੈ। ਯੂ.ਕੇ. ਵਿਚ ਪਹਿਲੀ ਵਾਰ ਹੈ ਜਦੋਂ ਪਾਰਲੀਮੈਂਟ ਚੋਣਾਂ ਵਿਚ ਸਿੱਖ ਉਮੀਦਵਾਰਾਂ ਨੂੰ ਕਿਸੇ ਵੱਡੀ ਪਾਰਟੀ ਵੱਲੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਸਲੋਅ ਤੋਂ ਤਨਮਨਜੀਤ ਸਿੰਘ ਢੇਸੀ ਚੋਣ ਮੈਦਾਨ ਵਿਚ ਹਨ, ਟੈਲਫਰਡ ਤੋਂ ਕੁਲਦੀਪ ਸਿੰਘ ਸਹੋਤਾ, ਹਾਰਨਚਰਚ ਐਂਡ ਅਪਮਿਨਸਟਰ ਤੋਂ ਰੌਕੀ ਗਿੱਲ, ਬਰਮਿੰਘਮ ਐਜਬਾਸਟਨ ਤੋਂ ਪਰੀਤ ਕੌਰ ਗਿੱਲ, ਕੈਨਿਲਬਾਰਥ ਐਂਡ ਸਾਊਥਮ ਤੋਂ ਬੈਲੀ ਸਿੰਘ ਅਤੇ ਬਿਊਕਸਬਰੀ ਤੋਂ ਮਨਿੰਦਰ ਸਿੰਘ ਕੰਗ ਚੋਣ ਮੈਦਾਨ ਵਿਚ ਹਨ। ਸਾਰੇ ਉਮੀਦਵਾਰਾਂ ਦੀ ਆਪੋ ਆਪਣੇ ਇਲਾਕਿਆਂ ਵਿਚ ਚੰਗੀ ਪਛਾਣ ਹੈ ਅਤੇ ਲੋਕਾਂ ਦੀ ਭਲਾਈ ਨਾਲ ਜੁੜੇ ਕਾਰਜਾਂ ਲਈ ਇਹ ਸਦਾ ਕਾਰਜ ਕਰਦੇ ਹਨ। ਯੂ.ਕੇ. ਵਿਚ 8 ਜੂਨ ਨੂੰ ਨਵੀਂ ਪਾਰਲੀਮੈਂਟ ਦੀ ਚੋਣ ਲਈ ਵੋਟਾਂ ਪੈਣਗੀਆਂ।

# ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿਚ ਕੁੜੀਆਂ ਨੇ ਮੁੜ ਬਾਜ਼ੀ ਮਾਰੀ

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਸ਼੍ਰੇਣੀ ਦੇ ਐਲਾਨੇ ਨਤੀਜਿਆਂ ਵਿਚ ਇਸ ਵਾਰ ਫਿਰ ਲੜਕੀਆਂ ਨੇ ਵੱਧ ਪੁਜ਼ੀਸ਼ਨਾਂ ਹਾਸਲ ਕਰ ਕੇ ਆਪਣੀ ਝੰਡੀ ਬਰਕਰਾਰ ਰੱਖੀ। ਲੜਕੀਆਂ ਦੀ ਪਾਸ ਫੀਸਦੀ 72.59 ਹੈ, ਜਦੋਂ ਕਿ ਲੜਕਿਆਂ ਦੀ 54.42 ਫੀਸਦੀ ਹੈ। ਐਤਕੀਂ ਕਿਸੇ ਵੀ ਵਿਦਿਆਰਥੀ ਨੂੰ ਗਰੇਸ ਅੰਕ ਨਹੀਂ ਦਿੱਤੇ ਗਏ, ਜਿਸ ਕਾਰਨ ਪਹਿਲਾਂ ਨਾਲੋਂ ਪਾਸ ਫੀਸਦੀ ਘਟੀ ਹੈ।

36 ਹਜ਼ਾਰ 376 ਬੱਚੇ ਫੇਲ੍ਹ ਹਨ, ਜਦੋਂ ਕਿ 252 ਬੱਚਿਆਂ ਦਾ ਨਤੀਜਾ ਲੇਟ ਹੈ ਅਤੇ 62 ਹਜ਼ਾਰ 916 ਵਿਦਿਆਰਥੀਆਂ ਦੀ ਕੰਪਾਰਟਮੈਂਟ ਆਈ ਹੈ। ਮੈਰਿਟ ਸੂਚੀ ਮੁਤਾਬਕ ਅਕਾਦਮਿਕ ਵਰਗ ਵਿਚ ਆਰ.ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ਾਸਤਰੀ ਨਗਰ (ਲੁਧਿਆਣਾ) ਦੀ ਵਿਦਿਆਰਥਣ ਅਮੀਸ਼ਾ ਅਰੋੜਾ (ਕਾਮਰਸ ਗਰੁੱਪ) ਨੇ 450 ਵਿਚੋਂ 443 ਅੰਕ (98.44 ਫੀਸਦੀ) ਲੈ ਕੇ ਪੰਜਾਬ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਪਿਛਲੇ ਸਾਲ ਵੀ ਇਸੇ ਸਕੂਲ ਦੀ ਵਿਦਿਆਰਥਣ ਮਹਿਮਾ ਨਾਗਪਾਲ ਸੂਬੇ ਵਿਚੋਂ ਅੱਵਲ ਰਹੀ ਸੀ।

ਬੀ.ਸੀ.ਐਮ. ਸੀਨੀਅਰ ਸੈਕੰਡਰੀ ਸਕੂਲ, ਐਚ.ਐਮ. 150, ਜਮਾਲਪੁਰ ਕਾਲੋਨੀ, ਫੋਕਲ ਪੁਆਇੰਟ ਲੁਧਿਆਣਾ ਦੀ ਪ੍ਰਭਜੋਤ ਜੋਸ਼ੀ (ਹਿਊਮੈਨਟੀਜ਼ ਗਰੁੱਪ) ਨੇ 442 ਅੰਕ (98.22 ਫੀਸਦੀ) ਲੈ ਕੇ ਦੂਜਾ ਅਤੇ ਟੈਗੋਰ ਸੈਂਟਨਰੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬਹਿਰਾਮਪੁਰ ਰੋਡ, ਗੁਰਦਾਸਪੁਰ ਦੀ ਵਿਦਿਆਰਥਣ ਰੀਆ (ਸਾਇੰਸ ਗਰੁੱਪ) ਨੇ 441 ਅੰਕਾਂ (98 ਫੀਸਦੀ) ਨਾਲ ਤੀਜਾ ਸਥਾਨ ਹਾਸਲ ਕੀਤਾ। ਖੇਡ ਕੋਟੇ ਦੀ ਮੈਰਿਟ ਵਿਚ ਬਾਬਾ ਸਾਹਿਬ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਫੱਗੂਵਾਲਾ, ਸੰਗਰੂਰ ਦੀ ਹੁਸਨਦੀਪ ਕੌਰ (ਸਾਇੰਸ ਗਰੁੱਪ) ਨੇ ਪਹਿਲਾ, ਬੀ.ਸੀ.ਐਮ. ਸੀਨੀਅਰ ਸੈਕੰਡਰੀ ਸਕੂਲ (ਲੁਧਿਆਣਾ) ਦੀ ਨੈਨਸੀ ਗੋਇਲ (ਹਿਊਮੈਨਟੀਜ਼ ਗਰੁੱਪ) ਨੇ ਦੂਜਾ ਅਤੇ ਆਰ.ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ਾਸਤਰੀ ਨਗਰ (ਲੁਧਿਆਣਾ) ਦੇ ਸ਼ਿਵਮ ਕੁਮਾਰ (ਸਾਇੰਸ ਗਰੁੱਪ) ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਇਨ੍ਹਾਂ ਤਿੰਨਾਂ ਵਿਦਿਆਰਥੀਆਂ ਨੇ 100 ਫੀਸਦੀ ਅੰਕ ਹਾਸਲ ਕੀਤੇ ਹਨ, ਜਿਨ੍ਹਾਂ ਦੀ ਜਨਮ ਮਿਤੀ ਨੂੰ ਆਧਾਰ ਬਣਾ ਕੇ ਪਹਿਲਾ, ਦੂਜਾ ਤੇ ਤੀਜਾ ਸਥਾਨ ਦਿੱਤਾ ਗਿਆ।



## ਸ਼ਿਵਮ ਨੇ ਡਾਕਟਰਾਂ ਦੇ ਦਾਅਵੇ ਨੂੰ ਝੁਠਲਾਇਆ

**ਮੁਹਾਲੀ:** ਪਹਿਲਾ ਸਥਾਨ ਲੁਧਿਆਣਾ ਜ਼ਿਲ੍ਹੇ ਦੀ ਅਮੀਸ਼ਾ ਅਰੋੜਾ ਨੇ 98.44 ਫੀਸਦੀ ਅੰਕਾਂ ਨਾਲ ਹਾਸਲ ਕੀਤਾ ਹੈ। ਇਸੇ ਹੀ ਸਕੂਲ ਦੇ ਸ਼ਿਵਮ ਨੇ ਸਪੋਰਟਸ ਕੋਟੇ ਵਿਚ 100 ਫੀਸਦੀ ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕਰ ਕੇ ਨਾਂ ਚਮਕਾਇਆ ਹੈ। ਸ਼ਿਵਮ ਸਕੂਲ ਵਿਚ ਸਹਾਇਕ ਲੈਬ ਟੈਕਨੀਸ਼ੀਅਨ ਰਜਿੰਦਰ ਕੁਮਾਰ ਦਾ ਪੁੱਤਰ ਹੈ। ਰਜਿੰਦਰ ਕੁਮਾਰ ਆਪਣੇ ਪੁੱਤਰ ਦੀ ਪ੍ਰਾਪਤੀ ਉਤੇ ਮਾਣ ਨਾਲ ਭਰ ਕੇ ਕਹਿੰਦਾ ਹੈ ਕਿ ਉਸ ਦੇ ਪੁੱਤਰ ਨੂੰ ਡਾਕਟਰਾਂ ਨੇ ਕਮ ਦਿਮਾਗ ਦੱਸਿਆ, ਪਰ ਉਸ ਦੀ ਪ੍ਰਾਪਤੀ ਨੇ ਸਭ ਨੂੰ ਜਵਾਬ ਦੇ ਦਿੱਤਾ ਹੈ। ਸ਼ਿਵਮ ਡਾਕਟਰ ਬਣਨਾ ਚਾਹੁੰਦਾ ਹੈ।

## ਪਾਠ ਪੁਸਤਕਾਂ ਬਾਰੇ ਕੇਂਦਰ ਤੋਂ ਜੁਆਬ ਮੰਗਿਆ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕੇਂਦਰ ਤੋਂ ਉਸ ਸੀ.ਬੀ.ਐਸ.ਈ. ਸਰਕੂਲਰ ਨੂੰ ਰੱਦ ਕਰਨ ਸਬੰਧੀ ਅਪੀਲ .ਤੇ ਪ੍ਰਤੀਕਿਰਿਆ ਮੰਗੀ ਹੈ ਜਿਸ ਮੁਤਾਬਕ ਸਕੂਲਾਂ ਨੂੰ ਕਥਿਤ ਤੌਰ .ਤੇ ਐਨ.ਸੀ.ਈ.ਆਰ.ਟੀ. ਵੱਲੋਂ ਸੂਚੀ ਵਿੱਚ ਸ਼ਾਮਲ ਪ੍ਰਕਾਸ਼ਕਾਂ ਵੱਲੋਂ ਛਾਪੀਆਂ ਪੁਸਤਕਾਂ ਹੀ ਲਗਵਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਜਸਟਿਸ ਏ.ਕੇ. ਪਾਠਕ ਨੇ ਮਨੁੱਖੀ ਸਰੋਤ ਅਤੇ ਵਿਕਾਸ ਮੰਤਰਾਲੇ ਅਤੇ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਨੂੰ ਨੋਟਿਸ ਜਾਰੀ ਕਰ ਕੇ .ਇੰਡੀਪੈਂਡੈਂਟ ਸਕੂਲਜ਼ ਫੈਡਰੇਸ਼ਨ ਆਫ਼ ਇੰਡੀਆ. ਵੱਲੋਂ ਪਾਈ ਗਈ ਅਪੀਲ .ਤੇ ਜੁਆਬ ਮੰਗਿਆ ਹੈ।ਅਪੀਲ ਵਿਚ ਦੋਸ਼ ਲਾਇਆ ਗਿਆ ਹੈ ਕਿ ਐਨ.ਸੀ.ਈ.ਆਰ.ਟੀ. ਦੇ ਪੈਨਲ ਵਿਚ ਸ਼ਾਮਲ ਕੁਝ ਪ੍ਰਕਾਸ਼ਕ ਪੁਸਤਕਾਂ ਪ੍ਰਕਾਸ਼ਿਤ ਕਰਨ ਦੇ ਮਾਮਲਿਆਂ ਵਿਚ ਏਕਾਧਿਕਾਰ ਸਥਾਪਤ ਕਰ ਰਹੇ ਹਨ। ਐਡਵੋਕੇਟ ਰਵੀ ਪ੍ਰਕਾਸ਼ ਗੁਪਤਾ ਵੱਲੋਂ ਪਾਈ ਅਪੀਲ ਵਿਚ ਕਿਹਾ ਗਿਆ ਹੈ ਕਿ ਸੀ.ਬੀ.ਐਸ.ਈ. ਨੇ ਪਹਿਲੀ ਅਪਰੈਲ ਦੇ ਸਰਕੂਲਰ ਰਾਹੀਂ ਸਬੰਧਤ ਸਕੂਲਾਂ ਨੂੰ ਐਨ.ਸੀ.ਈ.ਆਰ.ਟੀ. ਦੇ ਪੈਨਲ ਵਿਚ ਸ਼ਾਮਲ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਹੀ ਲਗਵਾਉਣ ਲਈ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ।

# ਸਿੱਖਾਂ ਦੇ ਆਪਸੀ ਟਕਰਾਅ ਤੋਂ ਜਥੇਦਾਰ ਚਿੰਤਤ

**ਅੰਮ੍ਰਿਤਸਰ:** ਜਰਮਨੀ ਦੇ ਫਰੈਂਕਫਰਟ ਸ਼ਹਿਰ ਦੇ ਗੁਰਦੁਆਰਾ ਸਿੱਖ ਸੈਂਟਰ ਵਿਚ ਸਿੱਖਾਂ ਦੇ ਦੋ ਧੜਿਆਂ ਵਿਚ ਹੋਈ ਝੜਪ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਮਾਮਲੇ ਦੀ ਜਾਂਚ ਕਰਾਉਣ ਅਤੇ ਦੋਵਾਂ ਧਿਰਾਂ ਨੂੰ ਅਕਾਲ ਤਖਤ 'ਤੇ ਤਲਬ ਕਰਨ ਦਾ ਫੈਸਲਾ ਕੀਤਾ ਹੈ।

ਜਥੇਦਾਰ ਨੇ ਗੁਰਦੁਆਰੇ ਵਿਚ ਸਿੱਖਾਂ ਦੇ ਆਪਸੀ ਟਕਰਾਅ ਦੀ ਘਟਨਾ ਨੂੰ ਨਿੰਦਣਯੋਗ ਅਤੇ ਮੰਦਭਾਗੀ ਦੱਸਿਆ ਹੈ। ਇਸ ਘਟਨਾ ਨੇ ਸਿੱਖੀ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਸਿੱਖਾਂ ਅਤੇ ਸਿੱਖੀ ਨੂੰ ਜਿੱਥੇ ਮਾਣ ਸਤਿਕਾਰ ਮਿਲ ਰਿਹਾ ਹੈ, ਉਥੇ ਸਿੱਖ ਭਾਈਚਾਰਾ ਆਪਸ ਵਿਚ ਲੜ ਕੇ ਇਕ ਦੂਜੇ ਦੀਆਂ ਦਸਤਾਰਾਂ ਉਤਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਯੂਰਪ ਵਿਚ ਜਿਥੇ ਸਿੱਖ ਪਹਿਲਾਂ ਹੀ ਦਸਤਾਰ ਦੇ ਮੁੱਦੇ 'ਤੇ ਕਾਨੂੰਨੀ ਲੜਾਈ ਲੜ ਰਹੇ ਹਨ, ਉਥੇ ਦਸਤਾਰ ਦੀ ਬੇਅਦਬੀ ਕਰਨਾ ਅਤਿ ਮੰਦਭਾਗਾ ਹੈ। ਇਸ ਨਾਲ ਕਾਨੂੰਨੀ ਲੜਾਈ ਕਮਜ਼ੋਰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਮਸਲੇ ਦਾ ਮਿਲ ਬੈਠ ਕੇ ਹੱਲ ਹੋ ਸਕਦਾ ਸੀ, ਪਰ ਕੁਝ ਲੋਕਾਂ ਨੇ ਆਪਣੀ ਜ਼ਿਦ ਨੂੰ ਪੂਰਾ ਕਰਨ ਲਈ ਸਿੱਖ ਕੌਮ ਨੂੰ ਨੀਵਾਂ ਕੀਤਾ ਹੈ। ਦੱਸਣਯੋਗ ਹੈ ਕਿ ਭਾਈ ਪੰਥਪ੍ਰੀਤ ਸਿੰਘ ਫਰੈਂਕਫਰਟ ਸਥਿਤ ਗੁਰਦੁਆਰਾ ਸਿੱਖ ਸੈਂਟਰ ਵਿਚ ਕਥਾ ਕੀਰਤਨ ਲਈ ਪੁੱਜੇ ਤਾਂ ਉਥੇ ਦੋ ਧੜਿਆਂ ਵਿਚਾਲੇ ਟਕਰਾਅ ਹੋ ਗਿਆ। ਨਾਅਰੇਬਾਜ਼ੀ ਦੌਰਾਨ ਦੋਵਾਂ ਧਿਰਾਂ ਨੇ ਅਪਸ਼ਬਦ ਵਰਤੇ ਅਤੇ ਦਸਤਾਰਾਂ ਦੀ ਬੇਅਦਬੀ ਹੋਈ।

# ਡਰੱਗ ਕੇਸ: ਜਗਜੀਤ ਚਾਹਲ ਗ੍ਰਿਫ਼ਤਾਰ

**ਜਲੰਧਰ:** ਡਾਇਰੈਕਟੋਰੇਟ ਆਫ ਇਨਫੋਰਸਮੈਂਟ (ਈ.ਡੀ.) ਦੀ ਟੀਮ ਨੇ ਮੁਹਾਲੀ ਵਿਚ ਪੇਸ਼ੀ ਭੁਗਤਣ ਪੁੱਜੇ ਜਗਜੀਤ ਚਾਹਲ ਨੂੰ ਗ੍ਰਿਫ਼ਤਾਰ ਕਰ ਕੇ ਇਥੋਂ ਦੇ ਜ਼ੋਨਲ ਦਫ਼ਤਰ ਲਿਆਂਦਾ ਹੈ। ਉਸ ਨੂੰ 7 ਵਾਰ ਸੰਮਨ ਭੇਜੇ ਗਏ ਸਨ, ਪਰ ਉਹ ਪੇਸ਼ ਨਹੀਂ ਸੀ ਹੋ ਰਿਹਾ।

ਚੇਤੇ ਰਹੇ, ਸਿੰਥੈਟਿਕ ਡਰਗ ਕੇਸ ਦੀ ਜਾਂਚ ਈ.ਡੀ. ਦੇ ਸੀਨੀਅਰ ਅਧਿਕਾਰੀ ਨਿਰੰਜਣ ਸਿੰਘ ਕਰ ਰਹੇ ਹਨ। ਜਗਜੀਤ ਚਾਹਲ ਦੀਆਂ ਲੰਘੀ 31 ਮਾਰਚ ਨੂੰ 65 ਕਰੋੜ ਦੇ ਕਰੀਬ ਦੀਆਂ ਜਾਇਦਾਦਾਂ ਵੀ ਅਟੈਚ ਕੀਤੀਆਂ ਸਨ। ਇਸ ਦੇ ਨਾਲ ਹੀ ਉਸ ਦੇ ਦੋ ਰਿਸ਼ਤੇਦਾਰਾਂ ਦੀਆਂ ਜਾਇਦਾਦਾਂ ਨੂੰ ਵੀ ਈ.ਡੀ. ਨੇ ਕੁਰਕ ਕਰਨ ਦੇ ਹੁਕਮ ਕੀਤੇ ਹੋਏ ਹਨ। ਚਾਹਲ ਨੂੰ ਪਹਿਲਾਂ 2013 ਵਿਚ ਅੰਮ੍ਰਿਤਸਰ ਦੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ।

# ਬੱਸ ਨੂੰ ਅੱਗ ਲੱਗਣ ਕਾਰਨ ਤਿੰਨ ਮੁਸਾਫਰ ਜਿਊਂਦੇ ਸੜੇ




**ਰਾਮਪੁਰਾ ਫੂਲ:** ਇਕ ਪ੍ਰਾਈਵੇਟ ਕੰਪਨੀ ਦੀ ਏਅਰਕੰਡੀਸ਼ਨਡ ਬੱਸ ਨੂੰ ਅੱਗ ਲੱਗਣ ਕਾਰਨ ਤਿੰਨ ਮੁਸਾਫਰ ਜਿਊਂਦੇ ਸੜ ਗਏ, ਜਦੋਂ ਕਿ ਦੋ ਦਰਜਨ ਤੋਂ ਵੱਧ ਜ਼ਖਮੀ ਹੋ ਗਏ। ਰਾਈਆ ਟਰਾਂਸਪੋਰਟ ਕੰਪਨੀ (ਆਰ.ਟੀ.ਸੀ.) ਦੀ ਏਅਰਕੰਡੀਸ਼ਨਡ ਬੱਸ ਬਠਿੰਡਾ ਤੋਂ ਲੁਧਿਆਣਾ ਜਾ ਰਹੀ ਸੀ। ਯਾਤਰੀਆਂ ਨਾਲ ਭਰੀ ਹੋਈ ਇਹ ਬੱਸ ਜਿਉਂ ਹੀ ਰਾਮਪੁਰਾ ਫੂਲ ਰੇਲਵੇ ਫਾਟਕਾਂ ਕੋਲ ਪੁੱਜੀ ਤਾਂ ਇਸ ਵਿਚੋਂ ਅੱਗ ਦੇ ਭਾਂਬੜ ਨਿਕਲਦੇ ਦਿਖਾਈ ਦਿੱਤੇ।

ਚਸ਼ਮਦੀਦਾਂ ਅਨੁਸਾਰ ਘਟਨਾ ਸਥਾਨ ਤੋਂ ਕਿਲੋਮੀਟਰ ਪਿਛੇ ਹੀ ਬੱਸ ਵਿਚੋਂ ਧੂੰਆਂ ਨਿਕਲਦਾ ਦਿਖਾਈ ਦਿੱਤਾ, ਪਰ ਡਰਾਈਵਰ ਨੇ ਬੱਸ ਰੋਕ ਕੇ ਚੈਕ ਕਰਨ ਦੀ ਥਾਂ ਰਾਮਪੁਰਾ ਫੂਲ ਦਾ ਰੇਲਵੇ ਫਾਟਕ ਪਾਸ ਕਰਨ ਦੀ ਕਾਹਲ ਕੀਤੀ। ਲੋਕਾਂ ਦੇ ਦੱਸਣ ਮੁਤਾਬਕ ਇਸ ਲਾਪਰਵਾਹੀ ਕਾਰਨ ਬੱਸ ਜਿਉਂ ਹੀ ਰੇਲਵੇ ਫਾਟਕਾਂ ਤੱਕ ਪੁੱਜੀ ਤਾਂ ਅੱਗ ਦੀਆਂ ਉਚੀਆਂ ਉਚੀਆਂ ਲਾਟਾਂ ਦਿਖਾਈ ਦਿੱਤੀਆਂ। ਡਰਾਈਵਰ ਨੇ ਜਦੋਂ ਹਾਈਡਰੌਲਿਕ ਤਾਕੀਆਂ ਖੋਲ੍ਹੀਆਂ ਤਾਂ ਅੱਗ ਨੇ ਯਾਤਰੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਯਕਦਮ ਹਫੜਾ ਦਫੜੀ ਮੱਚਣ ਕਾਰਨ ਯਾਤਰੀ ਬੱਸ ਵਿਚੋਂ ਉਤਰਨ ਲਈ ਇਕ ਦੂਜੇ ਤੋਂ ਅੱਗੇ ਲੰਘਣ ਦਾ ਯਤਨ ਕਰਨ ਲੱਗੇ। ਜ਼ਿਕਰਯੋਗ ਹੈ ਕਿ 14 ਅਕਤੂਬਰ 1988 ਨੂੰ ਨਥਾਣਾ ਦੇ ਪਿੰਡ ਕਲਿਆਣ ਮਲਕਾ ਨੇੜੇ ਪੰਜਾਬ ਰੋਡਵੇਜ਼ ਦੀ ਜਲੰਧਰ ਤੋਂ ਬਠਿੰਡਾ ਜਾ ਰਹੀ ਬੱਸ ਨੂੰ ਵੀ ਅਚਾਨਕ ਅੱਗ ਲੱਗ ਗਈ ਸੀ, ਜਿਸ ਵਿਚ 14 ਯਾਤਰੀ ਜਿਊਂਦੇ ਸੜ ਗਏ ਸਨ।

## ਫ਼ੌਜੀ ਤਾਕਤ ਵਜੋਂ ਭਾਰਤ ਦਾ ਚੌਥਾ ਨੰਬਰ

**ਨਵੀਂ ਦਿੱਲੀ:** ਫ਼ੌਜੀ ਤਾਕਤ ਦੇ ਹਿਸਾਬ ਨਾਲ ਅਮਰੀਕਾ ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਹੈ। ਅਮਰੀਕਾ ਕੁੱਲ ਮਿਲਾ ਕੇ ਚੀਨ ਅਤੇ ਰੂਸ ਤੋਂ ਤਿੰਨ ਗੁਣਾ ਵੱਧ ਖਰਚ ਆਪਣੀ ਫ਼ੌਜੀ ਤਾਕਤ 'ਤੇ ਕਰਦਾ ਹੈ। ਇਹ ਤੱਥ ਹਾਲ ਹੀ ਵਿਚ ਜਾਰੀ ਕੀਤੀ ਗਈ ਗਲੋਬਲ ਰੈਂਕਿੰਗ 'ਚ ਸਾਹਮਣੇ ਆਏ ਹਨ।

ਇਸ ਸੂਚੀ ਵਿਚ ਭਾਰਤ ਚੌਥੇ ਸਥਾਨ 'ਤੇ ਹੈ। ਭਾਰਤ ਆਪਣੇ ਰੱਖਿਆ ਬਜਟ 'ਤੇ ਕੁੱਲ 51 ਅਰਬ ਡਾਲਰ ਖਰਚ ਕਰਦਾ ਹੈ ਜਦੋਂ ਕਿ ਅਮਰੀਕਾ ਰੱਖਿਆ ਬਜਟ 'ਤੇ ਕਰੀਬ 600 ਅਰਬ ਡਾਲਰ ਖਰਚ ਕਰਦਾ ਹੈ। ਰੂਸ ਦਾ ਰੱਖਿਆ ਬਜਟ 54 ਅਰਬ ਡਾਲਰ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਰੱਖਿਆ ਬਜਟ 'ਤੇ ਹੋਰ ਧਿਆਨ ਦੇਣਗੇ।

# ਫਰਿਜ਼ਨੋ 'ਚ ਡਾ. ਅੰਬੇਡਕਰ ਦੇ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਟੈਂਪਲ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਇਕ ਸਮਾਗਮ ਕੀਤਾ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਰਾਮ ਸਿੰਘ ਦੇ ਜਥੇ ਨੇ ਹਾਜ਼ਰੀ ਭਰੀ। ਦੋ ਬੱਚਿਆਂ-ਇੰਦਰਜੀਤ ਸਿੰਘ ਅਤੇ ਅਮਨਜੋਤ ਸਿੰਘ ਮਾਛੀਵਾੜਾ ਨੇ ਸ਼ਬਦ ਗਾਇਨ ਕੀਤੇ। ਕਵੀਸ਼ਰ ਗੁਰਦੇਵ ਸਿੰਘ ਸਾਹੋਕੇ ਦੇ ਜਥੇ ਨੇ ਇਤਿਹਾਸਕ ਵਾਰਾਂ ਗਾਈਆਂ।

ਡਾ. ਅੰਬੇਡਕਰ ਦੀ ਜ਼ਿੰਦਗੀ ਅਤੇ ਸੰਵਿਧਾਨਕ ਦੇਣ ਨਾਲ ਸਬੰਧਤ ਵਿਚਾਰਾਂ ਵੀ ਹੋਈਆਂ। ਸੰਗਤ ਨੂੰ ਹੋਰਨਾਂ ਤੋਂ ਇਲਾਵਾ ਹਰਬਿਲਾਸ ਸਿੰਘ, ਮਲਕੀਤ ਸਿੰਘ ਬੰਗੜ, ਰਾਜ ਗੁਰੂ, ਅਮਰ ਦਰੋਚ, ਰਾਜਿੰਦਰ ਗਨਜ਼ਰ, ਸ਼ੀਲਾ ਮਹੇ, ਜਸਵੀਰ ਮੱਮਨ, ਪ੍ਰਿਥੀਪਲ ਮਹਿਮੀ, ਮਨਦੀਪ ਕੌਰ, ਪਲਵਿੰਦਰ ਕੌਰ, ਡਾ. ਸਤਿਨਾਮ ਬੰਗੜ, ਪ੍ਰੇਮ ਸੋਢੀ, ਪਿਆਰਾ ਬਿਰਦੀ, ਸੁਰਜੀਤ ਸਿੰਘ ਮਾਛੀਵਾੜਾ ਨੇ ਸੰਬੋਧਨ ਕਰਦਿਆਂ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਅਤੇ ਸੰਵਿਧਾਨ ਦੇ ਨਿਰਮਤਾ ਡਾ. ਅੰਬੇਡਕਰ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਭਾਈਚਾਰਕ ਸਾਂਝ ਤੇ ਜਾਤ-ਪਾਤ ਦੇ ਵਿਤਕਰੇ ਤੋਂ ਉਚਾ ਉਠ ਕੇ ਸਿਖਿਅਤ ਹੋਣ ਦੀ ਗੱਲ ਕੀਤੀ।

## Matrimonial

### ਵਰ ਦੀ ਲੋੜ

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India)
11-18

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658
15-

### ਲੜਕੀ ਦੀ ਲੋੜ

Well settled Kamboj Sikh family looking for a suitable US citizen or Green Card holder match for their son 31, 5'-7", architect on work visa. Pl. E-mail details & photo: nyrbik26@gmail.com
19-22

ਜੱਟ ਸਿੱਖ ਉਮਰ 25 ਸਾਲ ਕੱਦ 5'-10" ਵਰਕ ਪਰਮਿਟ 'ਤੇ ਕੰਮ ਕਰ ਰਹੇ ਲੜਕੇ ਲਈ ਯੂ.ਐਸ.-ਕੈਨੇਡਾ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜਰੂਰਤ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 612-481-4662
16-19

Ramgariah family looking for a suitable Ramgariah match for their Sr. Financial Analyst 33 years, U.S. born son. Please contact: jsnov1973@aol.com
14/-4

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ ਵੈਸ਼ਨੂੰ ਬੀ.ਟੈਕ ਇਲੈਕਟ੍ਰਾਨਿਕਸ, ਉਮਰ 32 ਸਾਲ, 6' ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ ਸਿਟੀਜ਼ਨ, ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਦਾਦਕਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 416-898-7144 ਅਤੇ ਬਾਇਓਡਾਟਾ ਤੇ ਤਸਵੀਰ ਈਮੇਲ ਕਰੋ: hbhangu@hotmail.com
17-20

28 year old Dentist from India clean shaven Arora Sikh, finishing health management course in Australia by the end of April 2017, looking for a suitable educated US citizen girl to marry and settle in US. Contact: Jaytg@aol.com, Ph: 847-830-5361
15-18

30 year old handsome Gursikh priest from Jammu and Kashmir looking to marry US citizen Gursikh girl to settle down in US, presently in the Midwest (USA). Also has a 28 year old priest brother in Australia interested in marrying Gursikh US citizen girl to settle in US. Both fluent in English. Contact: jaytg@aol.com, Ph: 847-830-5361
15-18

*To Advertise with Punjab Times*
**Call: 847-359-0746**
**punjabtimes1@gmail.com**

# ਪੰਜਾਬ 'ਚ ਸਸਤੀ ਬਿਜਲੀ ਅਜੇ ਦੂਰ ਦੀ ਕੌਡੀ

**ਪਟਿਆਲਾ:** ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਡੀ.ਐਸ. ਬੈਂਸ ਵੱਲੋਂ ਅਸਤੀਫਾ ਦੇਣ ਮਗਰੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਹਰ ਖਪਤਕਾਰ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦਾ ਐਲਾਨ ਇਕ ਵਾਰ ਠੰਢੇ ਬਸਤੇ ਵਿਚ ਜਾ ਪਿਆ ਹੈ। ਇਕ ਪਾਸੇ ਪਾਵਰਕੌਮ ਦੀ ਵਿੱਤੀ ਸਥਿਤੀ ਮੁਤਾਬਕ ਇਹ ਸੰਭਵ ਨਹੀਂ ਕਿ ਹਰ ਖਪਤਕਾਰ ਵਰਗ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾ ਸਕੇ ਤੇ ਦੂਜੇ ਪਾਸੇ ਪੰਜਾਬ ਸਰਕਾਰ ਦਾ ਖਜ਼ਾਨਾ ਵੀ ਖਾਲੀ ਹੈ। ਪਾਵਰਕੌਮ ਨੂੰ ਦਿੱਤੀ ਜਾਣ ਵਾਲੀ ਬਿਜਲੀ ਮੁਆਫੀ ਦੀ 31 ਸੌ ਕਰੋੜ ਰੁਪਏ ਦੀ ਸਬਸਿਡੀ ਪੰਜਾਬ ਸਰਕਾਰ ਵੱਲ ਬਕਾਇਆ ਖੜ੍ਹੀ ਹੈ।

ਜੇਕਰ ਪੰਜਾਬ ਸਰਕਾਰ ਵੱਲੋਂ ਪੰਜ ਰੁਪਏ ਪ੍ਰਤੀ ਯੂਨਿਟ 'ਤੇ ਬਿਜਲੀ ਦਰਾਂ ਦਾ ਨਵਾਂ ਫੈਸਲਾ ਰੈਗੂਲੇਟਰੀ ਕਮਿਸ਼ਨ ਪਾਸੋਂ ਲਾਗੂ ਕਰਵਾਇਆ ਜਾਂਦਾ ਹੈ ਤਾਂ ਪਾਵਰਕੌਮ 'ਤੇ ਤਕਰੀਬਨ 3 ਹਜ਼ਾਰ ਕਰੋੜ ਰੁਪਏ ਦਾ ਵਾਧੂ ਵਿੱਤੀ ਬੋਝ ਪੈ ਜਾਵੇਗਾ। ਪਾਵਰਕੌਮ ਸਿਰ ਇਸ ਵੇਲੇ 29 ਹਜ਼ਾਰ ਕਰੋੜ ਦੇ ਕਰੀਬ ਕਰਜ਼ਾ ਹੈ। ਕਰਜ਼ੇ ਦਾ ਪਾਵਰਕੌਮ ਨੂੰ 3 ਹਜ਼ਾਰ ਕਰੋੜ ਰੁਪਏ ਤਾਂ ਵਿਆਜ ਭਰਨਾ ਪੈ ਰਿਹਾ ਹੈ। ਅਦਾਰਾ 21 ਸੌ ਕਰੋੜ ਦੇ ਕਰੀਬ ਸਿੱਧੇ ਤੌਰ 'ਤੇ ਘਾਟੇ ਵਿਚ ਹੈ। ਮਾਹਰਾਂ ਮੁਤਾਬਕ ਇਸ ਲੋੜਾਂ ਦੀ ਪੂਰਤੀ ਲਈ ਪਾਵਰਕੌਮ ਨੂੰ 31 ਹਜ਼ਾਰ ਕਰੋੜ ਰੁਪਇਆ ਚਾਹੀਦਾ ਹੈ, ਜਦ ਕਿ ਪੂਰਤੀ ਮੁਸ਼ਕਲ ਨਾਲ 25 ਹਜ਼ਾਰ 6 ਸੌ ਕਰੋੜ ਦੇ ਕਰੀਬ ਹੀ ਹੋ ਰਹੀ। ਪਾਵਰਕੌਮ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਸਮੇਤ ਸੇਵਾ ਮੁਕਤੀ ਦਾ ਸਾਲਾਨਾ ਖਰਚਾ 51 ਸੌ ਕਰੋੜ ਰੁਪਏ ਨੂੰ ਜਾ ਢੁੱਕਿਆ ਹੈ। ਪਾਵਰਕੌਮ ਦੀ ਅਜਿਹੀ ਵਿੱਤੀ ਹਾਲਾਤ ਤੇ ਹੁਣ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਡੀ.ਐਸ. ਬੈਂਸ ਦੇ ਅਸਤੀਫੇ ਨਾਲ ਸਸਤੀ ਬਿਜਲੀ ਦੇਣ ਦਾ ਮਾਮਲਾ ਲਟਕ ਗਿਆ ਹੈ। ਰੈਗੂਲੇਟਰੀ ਕਮਿਸ਼ਨ ਕੋਲ ਹੁਣ ਸਿਰਫ ਇਕ ਮੈਂਬਰ ਹੀ ਰਹਿ ਗਿਆ ਹੈ, ਜਦ ਕਿ ਕਮਿਸ਼ਨ ਦੇ ਦੂਸਰੇ ਮੈਂਬਰ ਦੀ ਆਸਾਮੀ ਲਈ ਅਰਜ਼ੀਆਂ ਮੰਗੀਆਂ ਹੋਈਆਂ ਹਨ।


ਵਿੱਤੀ ਹਾਲਾਤ 'ਚ 5 ਰੁਪਏ ਪ੍ਰਤੀ ਯੂਨਿਟ ਬਿਜਲੀ ਖਪਤਕਾਰਾਂ ਨੂੰ ਨਹੀਂ ਦਿੱਤੀ ਜਾ ਸਕਦੀ।

## ਅਮਰੀਕਾ ਨੇ ਕੀਤਾ ਭਾਰਤ ਨੂੰ ਖਬਰਦਾਰ

**ਵਾਸ਼ਿੰਗਟਨ:** ਅਮਰੀਕਾ ਦੇ ਇਕ ਅਧਿਕਾਰੀ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਪਾਕਿਸਤਾਨ ਆਧਾਰਤ ਦਹਿਸ਼ਤਗਰਦ ਸੰਗਠਨ ਭਾਰਤ ਤੇ ਅਫਗਾਨਿਸਤਾਨ ਵਿਚ ਵੱਡਾ ਹਮਲਾ ਕਰਨ ਦੀ ਯੋਜਨਾ ਤਿਆਰ ਕਰ ਰਿਹਾ ਹੈ। ਅਮਰੀਕਾ ਦੀ ਕੌਮੀ ਇੰਟੈਲੀਜੈਂਸ ਦੇ ਡਾਇਰੈਕਟਰ ਡੈਨੀਅਲ ਕੋਟਸ ਨੇ ਆਖਿਆ ਕਿ ਇਸਲਾਮਾਬਾਦ ਦਹਿਸ਼ਤਗਰਦਾਂ ਨੂੰ ਪਾਕਿਸਤਾਨ ਅੰਦਰ ਖਤਮ ਕਰਨ ਵਿਚ ਅਸਫਲ ਰਿਹਾ ਹੈ। ਇਹ ਦਹਿਸ਼ਤਗਰਦ ਸੰਗਠਨ ਅਮਰੀਕਾ ਦੇ ਇਸ ਖੇਤਰ ਵਿਚ ਹਿੱਤਾਂ ਤੇ ਭਾਰਤ-ਅਫਗਾਨਿਸਤਾਨ ਉਤੇ ਹਮਲੇ ਕਰਨ ਦੀ ਤਾਕ ਵਿਚ ਹਨ।

## ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
18-21

## Prince's Barber Shop

37477 Fremont Blvd, suite C, Fremont, CA 94536

**Men & Children's Hair Cut**
*Threading *Custom Text
*Men's Facials *Hair Coler
*Custom Designing *Shave &
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)


Cell: (510)-677-9942
Shop: (510)-505-9605
www.princebarbershop.com


# ਕਾਂਗਰਸੀਆਂ ਨੇ ਅਕਾਲੀ ਕੌਂਸਲਰ ਦੇ ਪਤੀ ਨਾਲ ਕੀਤੀ ਕੁੱਟਮਾਰ

**ਭੁੱਚੋ ਮੰਡੀ:** ਰਾਮਪੁਰਾ ਫੂਲ ਤੋਂ ਕਾਂਗਰਸ ਦੇ ਬਲਾਕ ਪ੍ਰਧਾਨ ਅਤੇ ਪਿੰਡ ਮਹਿਰਾਜ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਬੀਰਾ ਨੇ ਆਪਣੇ ਸਾਥੀਆਂ ਸਮੇਤ ਰਾਮਪੁਰਾ ਦੇ ਅਕਾਲੀ ਕੌਂਸਲਰ ਦੇ ਪਤੀ ਵਿਨੋਦ ਕੁਮਾਰ ਦੀ ਆਦੇਸ਼ ਹਸਪਤਾਲ ਅੱਗੇ ਕੁੱਟਮਾਰ ਕੀਤੀ ਅਤੇ ਉਸ ਦੇ ਕੱਪੜੇ ਪਾੜ ਦਿੱਤੇ। ਕਾਂਗਰਸੀਆਂ ਨੇ ਇਸ ਘਟਨਾ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਵੀ ਕਰ ਦਿੱਤੀ ਹੈ। ਪੁਲਿਸ ਨੇ ਗੁਰਪ੍ਰੀਤ ਸਿੰਘ ਬੀਰਾ, ਉਸ ਦੇ ਭਤੀਜੇ ਅਤੇ 2-3 ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਹੈ।

ਹਸਪਤਾਲ ਵਿਚ ਜ਼ੇਰੇ ਇਲਾਜ ਵਿਨੋਦ ਕੁਮਾਰ ਨੇ ਦੱਸਿਆ ਕਿ ਉਹ ਆਦੇਸ਼ ਹਸਪਤਾਲ ਕਿਸੇ ਕੰਮ ਆਇਆ ਸੀ। ਹਸਪਤਾਲ ਦੀ ਸਾਈਕਲ ਪਾਰਕਿੰਗ ਕੋਲ ਪਹਿਲਾਂ ਤੋਂ ਹੀ ਮੌਜੂਦ 20-25 ਕਾਂਗਰਸੀਆਂ ਨੇ ਉਸ 'ਤੇ ਗੰਡਾਸੀ ਨਾਲ ਵਾਰ ਕਰ ਦਿੱਤਾ ਤੇ ਉਨ੍ਹਾਂ ਉਸ ਨੂੰ ਘੇਰ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਹਮਲਾਵਰਾਂ ਨੇ ਉਸ ਦੇ ਕੱਪੜੇ ਪਾੜ ਦਿੱਤੇ ਤੇ ਗਾਲ੍ਹਾਂ ਵੀ ਕੱਢੀਆਂ ਗਈਆਂ। ਪੀੜਤ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਹਮਲਾ ਇਸ ਲਈ ਕੀਤਾ ਕਿਉਂਕਿ ਉਸ ਦੀ ਪਤਨੀ ਬਿੰਦੂ ਬਾਲਾ ਰਾਮਪੁਰਾ ਦੇ ਵਾਰਡ ਨੰ. 4 ਦੀ ਅਕਾਲੀ ਕੌਂਸਲਰ ਹੈ। ਕਾਂਗਰਸੀ ਨਗਰ ਕੌਂਸਲ ਰਾਮਪੁਰਾ ਦੇ ਅਕਾਲੀ ਪ੍ਰਧਾਨ ਨੂੰ ਪ੍ਰਧਾਨਗੀ ਤੋਂ ਲਾਹੁਣ ਲਈ ਲੋੜੀਂਦੇ ਕੌਂਸਲਰ ਜੁਟਾਉਣ ਲਈ ਉਸ 'ਤੇ ਆਪਣੀ ਪਤਨੀ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਲਈ ਦਬਾਅ ਪਾ ਰਹੇ ਸੀ, ਪਰ ਉਨ੍ਹਾਂ ਨਾਂਹ ਕਰ ਦਿੱਤੀ।

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਐਸ.ਵਾਈ.ਐਲ: ਹਰਿਆਣੇ ਦੀ ਜ਼ਿਦ ਨੇ ਬਣਦੀ ਗੱਲ ਵਿਗਾੜੀ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਦਖਲ ਪਿੱਛੋਂ ਪੰਜਾਬ ਅਤੇ ਹਰਿਆਣਾ ਸਤਲੁਜ-ਜਮਨਾ ਲਿੰਕ ਨਹਿਰ ਦੇ ਮਸਲੇ ਨੂੰ ਗੱਲਬਾਤ ਰਾਹੀਂ ਨਿਬੇੜਨ ਵਾਸਤੇ ਸਹਿਮਤ ਹੋ ਗਏ, ਪਰ ਕੁਝ ਘੰਟੇ ਬਾਅਦ ਹਰਿਆਣਾ ਸਰਕਾਰ ਨੇ ਆਖ ਦਿੱਤਾ ਕਿ ਗੱਲਬਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਉਤਰੀ ਜ਼ੋਨ ਕੌਂਸਲ ਦੀ 28ਵੀਂ ਮੀਟਿੰਗ ਦੀ ਮੇਜ਼ਬਾਨੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਤਲੁਜ-ਜਮੁਨਾ ਲਿੰਕ ਨਹਿਰ ਵਿਵਾਦ ਨੂੰ ਆਪਸੀ ਸਹਿਮਤੀ ਨਾਲ ਹੱਲ ਕਰਨ ਦਾ ਸੁਝਾਅ ਦਿੱਤਾ ਸੀ। ਕੇਂਦਰੀ ਗ੍ਰਹਿ ਮੰਤਰੀ ਨੇ ਸੁਝਾਅ ਨਾਲ ਸਹਿਮਤੀ ਪ੍ਰਗਟ ਕੀਤੀ ਅਤੇ ਕਿਹਾ ਕਿ ਮੁਲਾਕਾਤਾਂ ਦੇ ਲੰਮੇ ਸਿਲਸਿਲੇ ਰਾਹੀਂ ਮਸਲਾ ਨਿਬੇੜਿਆ ਜਾ ਸਕਦਾ ਹੈ, ਪਰ ਅਜਿਹਾ ਨਾ ਹੋਣ 'ਤੇ ਅਦਾਲਤ ਨੂੰ ਫੈਸਲਾ ਕਰਨਾ ਹੋਵੇਗਾ।

### ਆਪਸੀ ਗੱਲਬਾਤ ਦੀ ਥਾਂ ਅਦਾਲਤ 'ਤੇ ਭਰੋਸਾ



ਹਰਿਆਣਾ ਦੇ ਖੇਤੀ ਮੰਤਰੀ ਓ.ਪੀ. ਧਨਖੜ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਸੂਬੇ ਦੇ ਹੱਕ ਵਿਚ ਫੈਸਲਾ ਸੁਣਾ ਚੁੱਕੀ ਹੈ ਅਤੇ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਪਟੀਸ਼ਨ 'ਤੇ ਜੁਲਾਈ ਵਿਚ ਸੁਣਵਾਈ ਹੋਣੀ ਹੈ। ਅਜਿਹੇ ਵਿਚ ਪੰਜਾਬ ਨਾਲ ਗੱਲਬਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਕੌਮਾਂਤਰੀ ਪੱਧਰ 'ਤੇ ਪ੍ਰਵਾਨਤ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਦਰਿਆਈ ਪਾਣੀਆਂ ਦੀ ਢੁਕਵੀਂ ਵਰਤੋਂ ਦੇ ਅਨੁਕੂਲ ਹੱਲ ਲਈ ਸਬੰਧਤ ਸੂਬਿਆਂ ਨੂੰ ਭਾਰਤ ਸਰਕਾਰ ਨਾਲ ਤਾਲਮੇਲ ਕਰਨ ਦਾ ਸੱਦਾ ਦਿੱਤਾ।

ਕੇਂਦਰੀ ਗ੍ਰਹਿ ਮੰਤਰੀ ਨੇ ਆਖਿਆ ਕਿ ਇਸ ਮਸਲੇ ਦਾ ਆਪਸੀ ਗੱਲਬਾਤ ਰਾਹੀਂ ਹੱਲ ਲੱਭਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਕੋਈ ਮਸਲਾ ਸਿਰੇ ਨਹੀਂ ਚੜ੍ਹਦਾ ਤਾਂ ਉਸ ਨੂੰ ਅਦਾਲਤ ਦੇ ਫੈਸਲੇ 'ਤੇ ਛੱਡ ਦੇਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀ ਦਾ ਮੁੜ ਮੁਲਾਂਕਣ ਕੀਤੇ ਜਾਣ ਦੀ ਮੰਗ ਨੂੰ ਦੁਹਰਾਉਂਦਿਆਂ ਕਿਹਾ ਕਿ ਪਾਣੀ ਦਾ ਪੱਧਰ ਹੇਠਾਂ ਜਾਣ ਕਰ ਕੇ ਪੰਜਾਬ ਸੰਕਟ ਵਿਚੋਂ ਲੰਘ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਮਾਹਿਰਾਂ ਦੀ ਸਲਾਹ ਨਾਲ ਇਨ੍ਹਾਂ ਦਰਿਆਵਾਂ ਦੇ ਪਾਣੀ ਦੇ ਵਹਾਅ ਦਾ ਭਰੋਸੇਯੋਗ ਅਨੁਮਾਨ ਲਾਇਆ ਜਾਵੇ। ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ ਵਿਚ ਦੇਰੀ ਦਾ ਜ਼ਿਕਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਜੰਮੂ ਕਸ਼ਮੀਰ ਨੇ ਇਸ ਨੂੰ ਮੁਕੰਮਲ ਕਰਨ ਲਈ ਸਮਝੌਤਾ ਕੀਤਾ ਸੀ ਜਿਸ ਨੂੰ ਸੂਬੇ ਨੇ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਜੰਮੂ ਕਸ਼ਮੀਰ ਵੀ ਸਮਝੌਤੇ ਨੂੰ ਛੇਤੀ ਮਨਜ਼ੂਰੀ ਦੇਵੇ ਤਾਂ ਜੋ ਕੰਮ ਅੱਗੇ ਤੁਰ ਸਕੇ।

ਕੇਂਦਰ ਸਰਕਾਰ ਵੱਲੋਂ ਗੁਆਂਢੀ ਸੂਬਿਆਂ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਨੂੰ ਦਿੱਤੀਆਂ ਜਾ ਰਹੀਆਂ ਵਿੱਤੀ ਅਤੇ ਸਨਅਤੀ ਰਿਆਇਤਾਂ ਦੀ ਤਰਜ਼ 'ਤੇ ਪੰਜਾਬ ਨੂੰ ਵੀ ਰਿਆਇਤਾਂ ਦੇਣ ਦੀ ਮੰਗ ਕੀਤੀ ਤਾਂ ਜੋ ਸੂਬੇ ਨੂੰ ਪਏ ਆਰਥਿਕ ਘਾਟੇ ਦੀ ਭਰਪਾਈ ਕੀਤੀ ਜਾ ਸਕੇ।

ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਸਾਰੇ ਵਿਭਾਗਾਂ ਅਤੇ ਮੁਲਾਜ਼ਮਾਂ ਦੀ ਭਰਤੀ ਮੌਕੇ 60:40 ਦੇ ਅਨੁਪਾਤ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਚੰਡੀਗੜ੍ਹ ਪ੍ਰਸ਼ਾਸਨ ਨੂੰ ਹੁਕਮ ਜਾਰੀ ਕੀਤੇ ਜਾਣ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸਾਰੇ ਸੂਬਿਆਂ ਦੇ ਆਗੂਆਂ ਨੂੰ ਕਿਹਾ ਕਿ ਜੰਮੂ ਕਸ਼ਮੀਰ ਦੇ ਵਿਦਿਆਰਥੀਆਂ ਦੀ ਸੁਰੱਖਿਆ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤੇ ਉਨ੍ਹਾਂ ਨਾਲ ਕਿਸੇ ਤਰ੍ਹਾਂ ਵਿਤਕਰਾ ਨਹੀਂ ਹੋਣਾ ਚਾਹੀਦਾ।

## ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀ ਪਹਿਲ

**ਚੰਡੀਗੜ੍ਹ:** ਕੈਪਟਨ ਨੇ ਹਿਮਾਚਲ ਪ੍ਰਦੇਸ਼ ਵਿਚ ਆਪਣੇ ਹਮਰੁਤਬਾ ਪਾਸੋਂ ਉਥੋਂ ਦੀਆਂ ਸਨਅਤਾਂ ਤੇ ਸ਼ਹਿਰਾਂ ਦੇ ਦੂਸ਼ਿਤ ਪਾਣੀ ਦਾ ਵਹਾਅ ਵੱਖ-ਵੱਖ ਨਦੀਆਂ-ਨਾਲਿਆਂ ਰਾਹੀਂ ਸਤਲੁਜ ਵਿਚ ਪੈਣ ਤੋਂ ਰੋਕਣ ਲਈ ਤੁਰਤ ਦਖਲ ਦੇਣ ਦੀ ਮੰਗ ਕੀਤੀ। ਦੋਵੇਂ ਸੂਬਿਆਂ ਨੇ ਫੈਸਲਾ ਕੀਤਾ ਕਿ ਅਗਲੇ ਤਿੰਨ ਸਾਲਾਂ ਵਿਚ ਕਿਸੇ ਵੀ ਸ਼ਹਿਰ ਅਤੇ ਸਨਅਤ ਦੇ ਗੰਦੇ ਪਾਣੀ ਨੂੰ ਦਰਿਆਵਾਂ ਵਿਚ ਜਾਣ ਤੋਂ ਰੋਕ ਦਿੱਤਾ ਜਾਵੇਗਾ। ਪੰਜਾਬ ਅਤੇ ਹਰਿਆਣਾ ਨੇ ਘੱਗਰ ਦਰਿਆ ਦੇ ਪਾਣੀ ਨੂੰ ਗੰਦੇ ਹੋਣ ਤੋਂ ਰੋਕਣ ਲਈ ਕਦਮ ਚੁੱਕਣ ਲਈ ਸਹਿਮਤੀ ਦਿੱਤੀ ਹੈ।

## ਕੈਪਟਨ ਨੇ ਨਸ਼ਿਆਂ ਬਾਰੇ ਕੇਂਦਰ ਤੋਂ ਮੰਗਿਆ ਸਹਿਯੋਗ

**ਚੰਡੀਗੜ੍ਹ:** ਕੈਪਟਨ ਨੇ ਸਰਹੱਦ ਪਾਰੋਂ ਨਸ਼ਿਆਂ ਦੀ ਸਮਗਲਿੰਗ ਰੋਕਣ ਲਈ ਕੇਂਦਰ ਸਰਕਾਰ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਕੌਮਾਂਤਰੀ ਸਰਹੱਦ 'ਤੇ ਬੀ.ਐਸ.ਐਫ. ਦੀ ਪੈਟਰੋਲਿੰਗ ਵਧਾਈ ਜਾਵੇ ਅਤੇ ਰਾਜਸਥਾਨ ਦੀ ਹੱਦ ਨਾਲ ਲੱਗਦੇ ਅਫੀਮ ਦੇ ਠੇਕੇ ਹਟਾ ਲਏ ਜਾਣ। ਉਨ੍ਹਾਂ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨੂੰ ਪੋਸਤ ਅਤੇ ਭੰਗ ਦੀ ਗੈਰ-ਕਾਨੂੰਨੀ ਤੌਰ 'ਤੇ ਹੋ ਰਹੀ ਖੇਤੀ ਨੂੰ ਖਤਮ ਕਰਨ ਲਈ ਪੁਖਤਾ ਯਤਨ ਕੀਤੇ ਜਾਣ ਦੀ ਅਪੀਲ ਕੀਤੀ।

## ਹੁਣ ਕੋਈ ਵੀ ਨਹੀਂ ਕਰ ਸਕੇਗਾ ਕਿਸਾਨਾਂ ਦੀ ਜ਼ਮੀਨ ਕੁਰਕ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਲਈ ਕੁਰਕੀ ਸਬੰਧੀ ਧਾਰਾ ਨੂੰ ਖਤਮ ਕਰਨ ਦੇ ਸੰਦਰਭ ਵਿਚ ਸੂਬੇ ਦੇ ਸਹਿਕਾਰੀ ਵਿਭਾਗ ਨੂੰ ਕਿਸੇ ਤਰ੍ਹਾਂ ਦੀ ਰਿਆਇਤ ਦੇਣ ਨੂੰ ਰੱਦ ਕਰਦਿਆਂ ਆਖਿਆ ਕਿ ਇਸ ਸਬੰਧੀ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿਚ ਕੀਤੇ ਵਾਅਦੇ ਤੋਂ ਪਿੱਛੇ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਮੁੱਦੇ 'ਤੇ ਸਹਿਕਾਰਤਾ ਵਿਭਾਗ ਵੱਲੋਂ ਵਿੱਤ ਵਿਭਾਗ ਪਾਸੋਂ ਸਹਾਇਤਾ ਮੰਗਣ ਬਾਰੇ ਲਿਖੇ ਪੱਤਰ ਬਾਰੇ ਮੀਡੀਆ ਦੇ ਇਕ ਹਿੱਸੇ ਵੱਲੋਂ ਪ੍ਰਕਾਸ਼ਿਤ ਕੀਤੀ ਖਬਰ 'ਤੇ ਮੁੱਖ ਮੰਤਰੀ ਨੇ ਇਹ ਪ੍ਰਤੀਕਰਮ ਦਿੰਦੇ ਹੋਏ ਆਖਿਆ ਕਿ ਮੰਤਰੀ ਮੰਡਲ ਦੀ ਅਗਲੀ ਮੀਟਿੰਗ ਵਿਚ ਇਹ ਮਾਮਲਾ ਲਿਜਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਖੁਦਕੁਸ਼ੀਆਂ ਰੋਕਣ ਦਾ ਅਨੋਖਾ ਰਾਹ

**ਵਾਸ਼ਿੰਗਟਨ:** ਖੁਦਕੁਸ਼ੀ ਦੇ ਯਤਨਾਂ ਨੂੰ ਰੋਕਣ ਲਈ ਨਵੀਂ ਖੋਜ ਸਾਹਮਣੇ ਆਈ ਹੈ। ਖੋਜ ਅਨੁਸਾਰ, ਜੇਕਰ ਕਿਸੇ ਵਿਅਕਤੀ ਵਿਚ ਆਤਮ ਹੱਤਿਆ ਕਰਨ ਦੀ ਪ੍ਰਵਿਰਤੀ ਹੈ ਤਾਂ ਉਸ ਨੂੰ ਕੁਝ ਫੋਨ ਕਰ ਕੇ ਆਤਮ ਹੱਤਿਆ ਤੋਂ ਰੋਕਿਆ ਜਾ ਸਕਦਾ ਹੈ।

ਯੂਨੀਵਰਸਿਟੀ ਆਫ ਕਾਲੋਰਾਡੋ ਅਨਾਸ਼ੂਟਸ ਮੈਡੀਕਲ ਕੈਂਪਸ ਤੇ ਬ੍ਰਾਊਨ ਯੂਨੀਵਰਸਿਟੀ ਦੇ ਖੋਜੀਆਂ ਨੇ ਪਾਇਆ ਹੈ ਕਿ ਆਤਮ ਹੱਤਿਆ ਦਾ ਯਤਨ ਕਰਨ ਵਾਲੇ ਮਰੀਜ਼ਾਂ ਨੂੰ ਐਮਰਜੈਂਸੀ ਛੁੱਟੀ ਤੋਂ ਬਾਅਦ ਫੋਨ ਕਾਲ ਕਰਨ ਨਾਲ ਉਨ੍ਹਾਂ ਦੇ ਭਵਿੱਖ ਵਿਚ ਆਤਮ ਹੱਤਿਆਵਾਂ ਦੇ ਯਤਨ ਵਿਚ 30 ਫੀਸਦੀ ਦੀ ਕਮੀ ਆਈ ਹੈ।

ਖੋਜ ਵਿਚ ਅਮਰੀਕਾ ਦੇ 1,376 ਮਰੀਜ਼ ਸ਼ਾਮਲ ਸਨ। ਇਨ੍ਹਾਂ ਮਰੀਜ਼ਾਂ ਦੀ ਵਿਸ਼ੇਸ਼ ਜਾਂਚ ਕੀਤੀ ਗਈ। ਇਨ੍ਹਾਂ ਨੂੰ ਸੁਰੱਖਿਆ ਮਾਰਗ ਦਰਸ਼ਨਾਂ ਤੇ ਬਾਅਦ ਵਿਚ ਫੋਨ ਕਾਲ ਵੀ ਕੀਤੇ ਗਏ। ਮਹਿਰਾ ਪ੍ਰੋਫੈਸਰ ਮਾਈਕਲ ਐਲਾਨ ਨੇ ਦੱਸਿਆ ਕਿ ਵੈਸੇ ਜਿਨ੍ਹਾਂ ਵਿਅਕਤੀਆਂ ਵਿਚ ਆਤਮ ਹੱਤਿਆ ਦੀ ਪ੍ਰਵਿਰਤੀ ਹੁੰਦੀ ਹੈ, ਉਹ ਹਮੇਸ਼ਾ ਹੀ ਸਮਾਜਿਕ ਤੌਰ ਉਤੇ ਵੱਖਰੇ ਹੁੰਦੇ ਹਨ। ਇਸ ਕਰ ਕੇ ਇਨ੍ਹਾਂ ਨੂੰ ਅਜਿਹਾ ਸੰਪਰਕ ਚੰਗਾ ਮਹਿਸੂਸ ਕਰਵਾਉਂਦਾ ਹੈ।

ਅਮਰੀਕਾ ਵਿਚ ਆਤਮ ਹੱਤਿਆਵਾਂ ਮੌਤ ਦਾ 10ਵਾਂ ਵੱਡਾ ਕਾਰਨ ਹੈ। ਹਰ ਸਾਲ 10 ਲੱਖ ਤੋਂ ਜ਼ਿਆਦਾ ਲੋਕ ਆਪਣੀ ਜਾਨ ਲੈਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਆਖਿਆ ਕਿ ਅਸੀਂ ਮਰੀਜ਼ ਨੂੰ ਹਸਪਤਾਲ ਤੋਂ ਛੁੱਟੀ ਦੇਣ ਤੋਂ ਬਾਅਦ ਸੱਤ ਵਾਰ ਫੋਨ ਕਰਦੇ ਹਾਂ। ਐਲਾਨ ਨੇ ਦੱਸਿਆ ਕਿ ਘੱਟ ਤਕਨੀਕ ਵਾਲਾ ਤੇ ਘੱਟ ਖਰਚ ਵਾਲਾ ਇਹ ਤਰੀਕਾ ਮਰੀਜ਼ ਦੀ ਜ਼ਿੰਦਗੀ ਬਚਾ ਸਕਦਾ ਹੈ।

# ਭਾਰਤੀਆਂ ਨੇ ਲੱਭ ਲਿਆ ਐਚ-1ਬੀ ਵੀਜ਼ੇ ਦਾ ਤੋੜ

**ਨਵੀਂ ਦਿੱਲੀ:** ਡੋਨਲਡ ਟਰੰਪ ਵੱਲੋਂ ਰਾਸ਼ਟਰਪਤੀ ਬਣਨ ਤੋਂ ਬਾਅਦ ਹੀ ਐਚ-1ਬੀ ਵੀਜ਼ਾ ਨਿਯਮ ਸਖਤ ਕਰ ਦਿੱਤੇ ਗਏ ਸਨ। ਇਸ ਕਰ ਕੇ ਭਾਰਤੀਆਂ ਵਿਚ ਐਚ-1ਬੀ ਵੀਜ਼ਾ ਲੈਣ ਵਿਚ ਕਮੀ ਦੇਖਣ ਨੂੰ ਮਿਲ ਰਹੀ ਹੈ। ਦੂਜੇ ਪਾਸੇ ਅਮੀਰ ਭਾਰਤੀ ਈ.ਬੀ.-5 ਵੀਜ਼ੇ ਦਾ ਸਹਾਰਾ ਲੈ ਕੇ ਗਰੀਨ ਕਾਰਡ ਹਾਸਲ ਕਰਨ ਵਿਚ ਜੁਟ ਗਏ ਹਨ। ਐਚ-1ਬੀ ਵੀਜ਼ਾ ਨਿਯਮ ਸਖਤ ਕੀਤੇ ਜਾਣ ਤੋਂ ਬਾਅਦ ਅਮੀਰ ਭਾਰਤੀ ਈ.ਬੀ.-5 ਵੀਜ਼ਾ, ਜਿਸ ਨੂੰ ਗੋਲਡਨ ਵੀਜ਼ਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਲਈ ਅਪਲਾਈ ਕਰ ਰਹੇ ਹਨ।




ਇਸ ਨੂੰ ਗੋਲਡਨ ਵੀਜ਼ਾ ਇਸ ਲਈ ਆਖਿਆ ਜਾਂਦਾ ਹੈ ਕਿਉਂਕਿ ਇਸ ਨੂੰ ਹਾਸਲ ਕਰਨ ਲਈ ਕਿਸੇ ਵੀ ਸ਼ਖਸ ਨੂੰ 500,000 (ਤਕਰੀਬਨ ਤਿੰਨ ਕਰੋੜ) ਤੱਕ ਖਰਚ ਕਰਨਾ ਹੁੰਦਾ ਹੈ। ਈ.ਬੀ.-5 ਵੀਜ਼ਾ ਨਿਯਮ ਹਾਸਲ ਕਰਨ ਦੇ ਨਿਯਮਾਂ ਦੀ ਗੱਲ ਕਰੀਏ ਤਾਂ ਇਸ ਲਈ ਕਿਸੇ ਵਿਦੇਸ਼ੀ ਨਾਗਰਿਕ ਨੂੰ ਅਮਰੀਕਾ ਵਿਚ ਕਿਸੇ ਕਾਰੋਬਾਰ ਵਿਚ ਇਕ ਵਾਰ ਲਈ 500,000 ਡਾਲਰ ਦਾ ਨਿਵੇਸ਼ ਕਰਨਾ ਹੋਵੇਗਾ। ਇਸ ਕਾਰੋਬਾਰ ਵਿਚ 10 ਅਮਰੀਕੀ ਨਾਗਰਿਕਾਂ ਜਾਂ ਉਸ ਤੋਂ ਜ਼ਿਆਦਾ ਲੋਕਾਂ ਨੂੰ ਨੌਕਰੀ ਮਿਲਣੀ ਚਾਹੀਦੀ ਹੈ। ਰਿਪੋਰਟ ਅਨੁਸਾਰ ਹੁਣ ਹੀ ਈ.ਬੀ.-5 ਵੀਜ਼ੇ ਲਈ ਅਪਲਾਈ ਕਰਨ ਵਾਲੇ ਅਮੀਰਾਂ ਵਿਚ ਭਾਰਤੀਆਂ ਦੀ ਤਾਦਾਦ ਵਿਚ ਇਜ਼ਾਫਾ ਦੇਖਣ ਨੂੰ ਮਿਲ ਰਿਹਾ ਹੈ। ਇਕ ਰਿਪੋਰਟ ਅਨੁਸਾਰ ਔਸਤਨ ਹਰ ਹਫਤੇ ਤਿੰਨ ਭਾਰਤੀ ਇਸ ਵੀਜ਼ੇ ਨੂੰ ਹਾਸਲ ਕਰਨ ਦੀ ਕੋਸ਼ਿਸ਼ ਵਿਚ ਅੱਧਾ ਮਿਲੀਅਨ ਡਾਲਰ ਤੱਕ ਖਰਚ ਕਰਨ ਲਈ ਸਾਈਨ-ਅਪ ਕਰਦੇ ਹਨ। ਇਸ ਵੀਜ਼ੇ ਜਰੀਏ ਜ਼ਿਆਦਾ ਤੋਂ ਜ਼ਿਆਦਾ ਅਮੀਰ ਭਾਰਤੀ ਯੂ.ਐਸ. ਗਰੀਨ ਕਾਰਡ ਹਾਸਲ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹਨ। ਉਥੇ ਹੀ ਅਮਰੀਕਾ ਦੇ ਸਭ ਤੋਂ ਜ਼ਿਆਦਾ ਈ.ਬੀ. -5 ਵੀਜ਼ਾ ਹਾਸਲ ਕਰਨ ਵਾਲਾ ਦੇਸ਼ ਚੀਨ ਹੈ। ਹਰ ਸਾਲ ਦਿੱਤੇ ਜਾਣ ਵਾਲੇ 10 ਹਜ਼ਾਰ ਵੀਜ਼ਿਆਂ ਦਾ 85 ਫੀਸਦੀ ਚੀਨ ਕੋਲ ਹੈ। ਐਚ-1ਬੀ ਵੀਜ਼ੇ ਨੂੰ ਲੈ ਕੇ ਚੱਲ ਰਹੇ ਰੌਲ ਕਾਰਨ ਹੁਣ ਲੋਕ ਈ.ਬੀ.-5 ਵੀਜ਼ੇ ਦਾ ਇਸਤੇਮਾਲ ਕਰਨ ਲੱਗੇ ਪਏ ਹਨ।

# ਪਾਕਿਸਤਾਨ ਦਹਿਸ਼ਤਗਰਦਾਂ 'ਤੇ ਅਮਰੀਕਾ ਨੇ ਲਾਈ

**ਨਿਊ ਯਾਰਕ:** ਅਮਰੀਕਾ ਨੇ ਪਾਕਿਸਤਾਨ ਵਿਚ ਮੌਜੂਦ ਦਹਿਸ਼ਤਗਰਦਾਂ ਅਤੇ ਮੁੰਬਈ ਹਮਲੇ ਦੇ ਸਾਜ਼ਿਸ਼ਘਾੜੇ ਹਾਫ਼ਿਜ਼ ਸਈਦ ਦੀ ਜਮਾਤ-ਉਦ-ਦਾਵਾ ਜਥੇਬੰਦੀ 'ਤੇ ਪਾਬੰਦੀਆਂ ਲਾਈਆਂ ਹਨ। ਇਹ ਪਾਬੰਦੀ ਦਹਿਸ਼ਤਗਰਦਾਂ ਦੀ ਅਗਵਾਈ ਅਤੇ ਪੈਸੇ ਇਕੱਠੇ ਕਰਨ ਵਾਲੇ ਨੈੱਟਵਰਕਾਂ ਨੂੰ ਤਬਾਹ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਲਾਈ ਗਈ ਹੈ।

ਇਹ ਪਾਬੰਦੀ ਲਸ਼ਕਰ-ਏ-ਤੋਇਬਾ, ਜਮਾਤ-ਉਦ-ਦਾਵਾ, ਤਾਲਿਬਾਨ, ਜਮਾਤ-ਉਦ-ਦਾਵਾ ਅਲ ਕੁਰਾਨ, ਇਸਲਾਮਿਕ ਸਟੇਟ ਆਫ ਇਰਾਕ ਐਂਡ ਸੀਰੀਆ ਅਤੇ ਆਈ.ਐਸ. ਆਈ. ਐਸ. ਖੁਰਾਸਾਨ 'ਤੇ ਲਾਈ ਗਈ ਹੈ। ਖੁਰਾਸਾਨ ਇਕ ਇਤਿਹਾਸਕ ਖੇਤਰ ਹੈ ਜਿਸ 'ਚ ਉਤਰ-ਪੂਰਬੀ ਇਰਾਨ ਦਾ ਵੱਡਾ ਇਲਾਕਾ, ਦੱਖਣੀ ਤੁਰਕਮੇਨਿਸਤਾਨ, ਉਤਰੀ ਅਫਗਾਨਿਸਤਾਨ ਅਤੇ ਭਾਰਤ ਦਾ ਹਿੱਸਾ ਸ਼ਾਮਲ ਹੈ। ਇਹ ਪਾਬੰਦੀ ਉਚੇਚੇ ਤੌਰ 'ਤੇ ਹਯਾਤੁੱਲ੍ਹਾ ਗੁਲਾਮ ਮੁਹੰਮਦ (ਹਾਜੀ ਹਯਾਤੁੱਲ੍ਹਾ), ਅਲੀ ਮੁਹੰਮਦ ਅਬੂ ਤੁਰਬ, ਇਨਾਯਤ-ਉਰ ਰਹਿਮਾਨ, ਵੈਲਫੇਅਰ ਐਂਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ ਆਫ ਜਮਾਤ-ਉਦ-ਦਾਵਾ ਫਾਰ ਕੁਰਾਨ ਐਂਡ ਸੁਨ੍ਹਾ ਲਈ ਫੰਡ ਇਕੱਠੇ ਕਰਨ ਵਾਲੀ ਜਥੇਬੰਦੀ ਇਨਾਯਤ-ਉਰ ਰਹਿਮਾਨ 'ਤੇ ਲਾਈ ਗਈ ਹੈ। ਖਜ਼ਾਨਾ ਵਿਭਾਗ ਦੇ ਵਿਦੇਸ਼ੀ ਅਸਾਸੇ ਕੰਟਰੋਲ ਦੇ ਡਾਇਰੈਕਟਰ ਜੌਹਨ ਸਮਿੱਥ ਨੇ ਕਿਹਾ ਕਿ ਪਾਕਿਸਤਾਨ ਆਧਾਰਿਤ ਦਹਿਸ਼ਤਗਰਦਾਂ ਦੇ ਮਾਲੀ ਨੈੱਟਵਰਕ ਨੂੰ ਤੋੜਨ ਲਈ ਇਹ ਕਦਮ ਚੁੱਕਿਆ ਗਿਆ ਹੈ।






ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਤੌਰ 'ਤੇ ਲੋੜ ਹੈ

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

**Restaurant Help**

**Immediately hiring Kitchen Helper & Dish Washer for Indian restaurant in Indiana.**

*Good salary and free accommodation.

ਸੰਪਰਕ ਕਰੋ: ਟੋਨੀ

ਫੋਨ: 317-340-1470

20

# ਗਾਖਲ ਵਲੋਂ ਪੰਜਾਬੀ ਫਿਲਮ 'ਲਹੌਰੀਏ' ਲਈ ਨਿਰਮਾਤਾ ਨਿਰਦੇਸ਼ਕ ਨੂੰ ਵਧਾਈ

**ਸੈਨ ਹੋਜ਼ੇ (ਬਿਊਰੋ):** ਨਿਰਦੇਸ਼ਕ ਤੇ ਲੇਖਕ ਅੰਬਰਦੀਪ ਅਤੇ ਅਭਿਨੇਤਾ ਅਮਰਿੰਦਰ ਗਿੱਲ ਦੀ ਫਿਲਮ 'ਲਹੌਰੀਏ' ਨੂੰ ਵਿਸ਼ਵ ਭਰ ਵਿਚ ਚੰਗਾ ਹੁੰਗਾਰਾ ਮਿਲ ਰਿਹਾ ਹੈ। ਹੱਦਾਂ ਸਰਹੱਦਾਂ ਦੇ ਦੁਆਲੇ ਘੁੰਮਦੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਕਹਾਣੀ ਤੇ ਸੱਭਿਆਚਾਰ ਦੇ ਅਮੀਰ ਵਿਰਸੇ ਨੂੰ ਦਰਸਾਉਂਦੀ ਇਸ ਫਿਲਮ ਲਈ ਜੀ.ਬੀ. ਐਂਟਰਟੇਨਮੈਂਟ ਦੇ ਅਮੋਲਕ ਸਿੰਘ ਗਾਖਲ ਨੇ ਅੰਬਰਦੀਪ ਅਤੇ ਅਮਰਿੰਦਰ ਗਿੱਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਿਛਲੇ ਕੁਝ ਅਰਸੇ ਤੋਂ ਪੰਜਾਬੀ ਫਿਲਮਾਂ ਪ੍ਰਤੀ ਦਰਸ਼ਕਾਂ ਦਾ ਰੱਜਵਾਂ ਮੋਹ ਇਸ ਗੱਲ ਦਾ ਪ੍ਰਤੀਕ ਹੈ ਕਿ ਪੰਜਾਬੀ ਫਿਲਮ ਉਦਯੋਗ ਮੁੜ ਨਵੀਆਂ ਬੁਲੰਦੀਆਂ ਵੱਲ ਵਧ ਰਿਹਾ ਹੈ।

ਸ. ਗਾਖਲ ਨੇ ਕਿਹਾ ਕਿ ਅੰਬਰਦੀਪ ਅਤੇ ਅਮਰਿੰਦਰ ਗਿੱਲ ਦੀ ਜੋੜੀ ਉਨ੍ਹਾਂ ਦੀਆਂ ਅਗਲੀਆਂ ਦੋ ਪੰਜਾਬੀ ਫਿਲਮਾਂ ਵਿਚ ਵੀ ਵੇਖਣ ਨੂੰ ਮਿਲੇਗੀ। ਇਨ੍ਹਾਂ ਵਿਚੋਂ ਇਕ ਫਿਲਮ ਦਾ ਸਮੁੱਚਾ ਲਿਖਤੀ ਕਾਰਜ ਐਸ. ਅਸ਼ੋਕ ਭੌਰਾ ਵਲੋਂ ਕੀਤਾ ਜਾਵੇਗਾ। ਸ੍ਰੀ ਭੌਰਾ ਨੇ ਪੰਜਾਬੀ ਫਿਲਮਾਂ ਦੀ ਇਸ ਨਵੀਂ ਚੜ੍ਹਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬੀਆਂ ਨੂੰ ਥਿਏਟਰ ਵਿਚ ਫਿਲਮ ਦੇਖਣੀ ਚਾਹੀਦੀ ਹੈ ਇੰਟਰਨੈਟ ਉਤੇ ਨਹੀਂ। ਇੰਟਰਨੈਟ 'ਤੇ ਫਿਲਮ ਦੇਖਣਾ ਪੰਜਾਬੀ ਫਿਲਮਾਂ, ਸੱਭਿਆਚਾਰ ਅਤੇ ਮਾਂ ਬੋਲੀ ਦੇ ਇਕ ਤਰ੍ਹਾਂ ਨਾਲ ਵੱਖੀ 'ਚ ਕੂਹਣੀ ਮਾਰਨ ਬਰਾਬਰ ਹੋਵੇਗਾ।

## ਨੈਸ਼ਨਲ ਹੈਰਾਲਡ ਕੇਸ 'ਚ ਗਾਂਧੀ ਪਰਿਵਾਰ ਨੂੰ ਝਟਕਾ

**ਨਵੀਂ ਦਿੱਲੀ:** ਨੈਸ਼ਨਲ ਹੈਰਾਲਡ ਮਾਮਲੇ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਹਾਈ ਕੋਰਟ ਤੋਂ ਕਰਾਰਾ ਝਟਕਾ ਮਿਲਿਆ ਹੈ। ਦਿੱਲੀ ਹਾਈ ਕੋਰਟ ਨੇ ਇਸ ਮਾਮਲੇ 'ਚ ਆਮਦਨ ਕਰ ਵਿਭਾਗ ਨੂੰ ਜਾਂਚ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਨੈਸ਼ਨਲ ਹੇਰਾਲਡ 'ਚ ਯੰਗ ਇੰਡੀਆ, ਰਾਹੁਲ ਗਾਂਧੀ ਤੇ ਸੋਨੀਆ ਗਾਂਧੀ ਦੀ ਹਿੱਸੇਦਾਰੀ ਹੈ।

## *ਸਾਹਿਤ ਸਭਾ ਦੀ 18ਵੀਂ ਸਾਲਾਨਾ ਕਾਨਫਰੰਸ 21 ਨੂੰ*

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ (ਯੂਬਾ ਸਿਟੀ/ਸੈਕਰਾਮੈਂਟੋ) ਦੀ 18ਵੀਂ ਸਾਲਾਨਾ ਕਾਨਫਰੰਸ 21 ਮਈ, ਐਤਵਾਰ ਨੂੰ ਇਥੇ ਫੋਰ ਪੁਆਇੰਟਸ ਸ਼ੈਰੇਟਨ ਰਿਵਰ ਹਾਲ (4900 ਡਕਹੌਰਨ ਰੋਡ) ਵਿਚ ਰੱਖੀ ਗਈ ਹੈ। ਉਸਤਾਦ ਗਜ਼ਲਗੋ ਹਰਭਜਨ ਸਿੰਘ ਬੈਂਸ ਮੁੱਖ ਮਹਿਮਾਨ ਅਤੇ ਡਾ. ਮੋਹਨ ਤਿਆਗੀ, ਡਾ. ਸ਼ਵਿੰਦਰ ਛੀਨਾ ਤੇ ਡਾ. ਜਸਵਿੰਦਰ ਕੰਵਰ ਵਿਸ਼ੇਸ਼ ਮਹਿਮਾਨ ਹੋਣਗੇ।

ਸਭਾ ਵਲੋਂ ਜਾਰੀ ਬਿਆਨ ਅਨੁਸਾਰ ਕਾਨਫਰੰਸ ਵਿਚ ਸਥਾਨਕ ਅਤੇ ਪੰਜਾਬ ਤੋਂ ਉਘੇ ਵਿਦਵਾਨ ਤੇ ਲੇਖਕ ਵਿਚਾਰ-ਵਟਾਂਦਰਾ ਕਰਨਗੇ। ਕਾਨਫਰੰਸ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਚੱਲੇਗੀ ਜਿਸ ਵਿਚ 10:30 ਤੋਂ 11:30 ਵਜੇ ਤੱਕ ਕਹਾਣੀ ਦਰਬਾਰ ਹੋਵੇਗਾ ਅਤੇ 11:30 ਤੋਂ 12:30 ਵਜੇ ਤੱਕ ਪਰਚੇ ਪੜ੍ਹੇ ਜਾਣਗੇ। ਬਾਅਦ ਦੁਪਹਿਰ 12:30 ਤੋਂ ਡੇਢ ਵਜੇ ਤੱਕ ਪ੍ਰਧਾਨਗੀ ਭਾਸ਼ਣ ਅਤੇ ਵਿਚਾਰਾਂ ਹੋਣਗੀਆਂ। ਉਪਰੰਤ ਕਵੀ ਦਰਬਾਰ, ਮਾਣ ਸਨਮਾਨ ਅਤੇ ਗੀਤ-ਸੰਗੀਤ ਦਾ ਦੌਰ ਚੱਲੇਗਾ।

# ਜਗਮੀਤ ਸਿੰਘ ਨੇ ਐਨ.ਡੀ.ਪੀ. ਦੀ ਕਮਾਨ ਸਾਂਭਣ ਲਈ ਸਿਰ ਕੱਢਿਆ



**ਟੋਰਾਂਟੋ:** ਬਰੈਂਪਟਨ ਦੇ ਵਿਧਾਇਕ ਤੇ ਓਂਟਾਰੀਓ ਦੇ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦੇ ਡਿਪਟੀ ਆਗੂ ਜਗਮੀਤ ਸਿੰਘ ਹੁਣ ਪਾਰਟੀ ਦੀ ਕਮਾਨ ਸੰਭਾਲਣ ਵਾਲਿਆਂ ਦੀ ਦੌੜ ਵਿਚ ਸ਼ਾਮਲ ਹੋਣ ਜਾ ਰਹੇ ਹਨ। ਜਗਮੀਤ ਸਿੰਘ ਤੋਂ ਇਲਾਵਾ ਚਾਰ ਹੋਰ ਉਮੀਦਵਾਰ ਲੀਡਰਸ਼ਿਪ ਦੀ ਦੌੜ ਵਿਚ ਸ਼ਾਮਲ ਹਨ। ਪੇਸ਼ੇਵਰ ਵਕੀਲ 38 ਸਾਲਾ ਅੰਮ੍ਰਿਤਧਾਰੀ ਜਗਮੀਤ ਸਿੰਘ 2011 'ਚ ਸੂਬਾਈ ਸਿਆਸਤ ਵਿਚ ਆਏ ਸਨ।

ਪਹਿਲੀ ਵਾਰ 2015 'ਚ ਸੂਬਾਈ ਐਨ.ਡੀ.ਪੀ. ਦੇ ਡਿਪਟੀ ਆਗੂ ਬਣੇ। ਜ਼ਿਕਰਯੋਗ ਹੈ ਕਿ ਜਗਮੀਤ ਸਿੰਘ ਨੇ ਸੂਬਾਈ ਚੋਣ ਮੁਹਿੰਮ ਦੌਰਾਨ ਜਾਤ-ਪਾਤ ਦੀ ਬਰਾਬਰਤਾ ਜਤਾਉਣ ਲਈ ਆਪਣਾ ਗੋਤ ਧਾਲੀਵਾਲ ਨਾਮ ਨਾਲੋਂ ਹਟਾ ਦਿੱਤਾ ਸੀ। ਸੂਬਾਈ ਪਾਰਟੀ ਪ੍ਰਧਾਨ ਐਂਡਰੀਆ ਹੌਰਵਥ ਨੇ ਆਖਿਆ ਕਿ ਜਗਮੀਤ ਸਿੰਘ ਆਪਣੇ ਕੰਮਾਂ 'ਚ ਸੁਹਿਰਦਤਾ ਕਾਰਨ ਪਾਰਟੀ ਦੀ ਤਾਕਤ ਬਣਿਆ ਹੈ। ਸਿਆਸਤ ਤੋਂ ਇਲਾਵਾ ਜਗਮੀਤ ਸਿੰਘ ਦਾ ਨਾਮ ਲਾਈਫ ਮੈਗਜ਼ੀਨ 'ਚ ਟੋਰਾਂਟੋ ਦਾ 'ਵਧੀਆ ਪਹਿਰਾਵੇ ਵਾਲਾ' ਤੇ 'ਟਾਪ 50 ਲੋਕਾਂ' ਦੀ ਸੂਚੀ ਵਿਚ ਵੀ ਸ਼ਾਮਲ ਹੈ।


**Mann Insurance Brokers Inc.**

DBA Global Green Insurance Agency of the Bay Area
4 Union Square #E, Union City, CA 94587



*Gurdawar Singh*
*Lic.# OF34231*

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ

PROGRESSIVE
MERCURY INSURANCE GROUP
THE HARTFORD
Safeco Insurance. A Liberty Mutual Company
TRAVELERS

**Ph: 510-487-1000**

mann@ggiausa.com


# ਭਾਈ ਪੰਥਪ੍ਰੀਤ ਸਿੰਘ 'ਤੇ ਜਰਮਨ ਵਿਚ ਹੋਏ ਹਮਲੇ ਦੀ ਨਿੰਦਾ

**ਫਰਿਜ਼ਨੋ (ਨੀਟਾ ਮਾਛੀਕੇ):** ਤੱਤ ਗੁਰਮਤਿ ਨਾਲ ਸਬੰਧਤ ਸਿੱਖ ਪ੍ਰਚਾਰਕਾਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਨੂੰ ਲੈ ਕੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਤੇ ਪੀ.ਸੀ.ਏ. ਨੇ ਚਿੰਤਾ ਪ੍ਰਗਟਾਉਂਦਿਆਂ ਇਸ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਪਿਛਲੇ ਦਿਨੀਂ ਫਰੈਂਕਫੋਰਡ, ਜਰਮਨੀ ਵਿਚ ਭਾਈ ਪੰਥਪ੍ਰੀਤ ਸਿੰਘ 'ਤੇ ਹੋਏ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਗਿਆ ਹੈ ਕਿ ਗੁਰੂ ਗ੍ਰੰਥ ਸਹਿਬ ਸਾਡੇ ਮਾਰਗ ਦਰਸ਼ਨ ਹਨ, ਜਿਹੜਾ ਵੀ ਪ੍ਰਚਾਰਕ ਗੁਰੂ ਗ੍ਰੰਥ ਸਹਿਬ ਦੀ ਬਾਣੀ ਨੂੰ ਆਧਾਰ ਬਣਾ ਕੇ ਕਥਾ ਕਰਦਾ ਹੈ ਅਤੇ ਜੀਹਦੇ ਵਿਚਾਰ ਗੁਰੂ ਗ੍ਰੰਥ ਸਹਿਬ ਦੀ ਕਸਵੱਟੀ 'ਤੇ ਪੂਰੇ ਉਤਰਦੇ ਹਨ, ਉਸ ਪ੍ਰਚਾਰਕ ਦਾ ਵਿਰੋਧ ਕਰਨ ਵਾਲੇ ਅਖੌਤੀ ਸਿੱਖ ਅਸਲ ਵਿਚ ਗੁਰੂ ਗ੍ਰੰਥ ਸਹਿਬ ਤੋਂ ਮੂੰਹ ਫੇਰ ਕੇ ਏਜੰਸੀਆਂ ਦੇ ਮਨਸੂਬਿਆਂ ਨੂੰ ਕਾਮਯਾਬ ਕਰ ਰਹੇ ਹਨ।

ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜਿਵੇਂ ਜਿਵੇਂ ਆਧੁਨਿਕ ਯੁਗ ਵਿਚ ਸਿੱਖ ਜਾਗਰੂਕ ਹੋ ਰਿਹਾ ਹੈ, ਤਿਵੇਂ ਤਿਵੇਂ ਝੂਠੀਆਂ ਕਹਾਣੀਆਂ ਸੁਣਾ ਕੇ ਲੁਟਣ ਵਾਲੇ ਬੂਬਨਿਆਂ ਦਾ ਤੋਰੀ ਫੁਲਕਾ ਬੰਦ ਹੋ ਰਿਹਾ। ਅੱਜ ਜਿਹੜਾ ਵੀ ਪ੍ਰਚਾਰਕ ਨਿਰੋਲ ਗੁਰੂ ਸਿਧਾਂਤ ਦੀ ਗੱਲ ਕਰਦਾ, ਉਹ ਪਖੰਡੀ ਡੇਰੇਦਾਰਾਂ ਤੋਂ ਬਰਦਾਸ਼ਤ ਨਹੀਂ ਹੁੰਦਾ ਤੇ ਕੁਝ ਕੁ ਏਜੰਸੀਆਂ ਦੇ ਬੰਦੇ ਆਪਣੇ ਕੂੜ ਪ੍ਰਚਾਰ ਕਾਰਨ ਸੰਗਤਾਂ ਨੂੰ ਗੁੰਮਰਾਹ ਕਰਕੇ ਅਜਿਹੇ ਪ੍ਰਚਾਰਕਾਂ ਖਿਲਾਫ ਸੰਗਤਾਂ ਨੂੰ ਭੜਕਾ ਕੇ ਮਾਹੌਲ ਖਰਾਬ ਕਰ ਰਹੇ ਹਨ। ਬਿਆਨ ਵਿਚ ਕਿਹਾ ਗਿਆ ਕਿ ਜਿਵੇਂ ਮੁਸਲਮਾਨਾਂ ਜਾਂ ਇਸਾਈਆਂ ਦੇ ਦੋ-ਦੋ ਗਰੁਪ ਬਣੇ ਹੋਏ ਹਨ, ਅਜਿਹਾ ਭੰਬਲਭੂਸਾ ਕੁਝ ਕੁ ਚਲਾਕ ਲੋਕ ਸਿੱਖ ਧਰਮ ਵਿਚ ਖੜਾ ਕਰਨ ਦੀ ਕੋਝੀ ਕੋਸ਼ਿਸ਼ ਕਰ ਰਹੇ ਹਨ।

## ਚੌਟਾਲਾ ਨੇ ਜੇਲ੍ਹ 'ਚ ਕੀਤੀ 12ਵੀਂ ਪਾਸ

**ਪਾਣੀਪਤ:** ਤਿਹਾੜ ਜੇਲ੍ਹ ਵਿਚ ਬੰਦ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਸਿੰਘ ਚੌਟਾਲਾ ਨੇ 82 ਸਾਲ ਦੀ ਉਮਰ ਵਿਚ ਬਾਰ੍ਹਵੀਂ ਦੀ ਪ੍ਰੀਖਿਆ ਫਸਟ ਡਿਵੀਜ਼ਨ ਵਿਚ ਪਾਸ ਕਰ ਲਈ ਹੈ। ਚੌਟਾਲਾ ਨੇ ਹੁਣ ਗਰੈਜੂਏਸ਼ਨ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ ਹੈ। ਚੌਟਾਲਾ ਨੇ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲ ਤੋਂ 12ਵੀਂ ਦੀ ਪ੍ਰੀਖਿਆ ਪਾਸ ਕੀਤੀ ਹੈ। ਓਮ ਪ੍ਰਕਾਸ਼ ਚੌਟਾਲਾ ਤੇ ਉਨ੍ਹਾਂ ਦੇ ਪੁੱਤਰ ਅਜੇ ਚੌਟਾਲਾ ਨੂੰ 16 ਜਨਵਰੀ, 2013 ਨੂੰ ਜੇ.ਬੀ.ਟੀ. ਭਰਤੀ ਮਾਮਲੇ ਵਿਚ 10 ਸਾਲ ਦੀ ਸਜ਼ਾ ਹੋਈ ਹੈ। ਓਮ ਪ੍ਰਕਾਸ਼ ਚੌਟਾਲਾ ਦੇ ਪੋਤੇ ਦਿਗਵਿਜੇ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਨੇ ਹੁਣ ਬੀ.ਏ. ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਲਈ ਉਨ੍ਹਾਂ ਜੇਲ੍ਹ ਵਿਚ ਕਿਤਾਬਾਂ ਵੀ ਮੰਗਵਾ ਲਈਆਂ ਹਨ।


ਹੈਲਪਰ, ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੋਰੀ ਵਿਚ ਅਨੁਭਵੀ ਕੁੱਕ, ਹੈਲਪਰ ਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ, ਗੁਰਦੇਵ ਸਿੰਘ
ਫੋਨ: 816-806-6065

20



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 20 ਮਈ 2017*

## ਪੰਜਾਬ, ਆਪ ਅਤੇ ਸਿਆਸਤ

ਕਈ ਪਾਸਿਓਂ ਤਿੱਖੀ ਆਲੋਚਨਾ ਅਤੇ ਵਿਰੋਧ ਦੇ ਬਾਵਜੂਦ ਸੰਸਦ ਮੈਂਬਰ ਭਗਵੰਤ ਮਾਨ ਨੂੰ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੀ ਕਮਾਨ ਸੌਂਪ ਦਿੱਤੀ ਗਈ ਹੈ। ਇਸ ਤੋਂ ਬਾਅਦ ਇਕਾਈ ਦੀ ਪਲੇਠੀ ਮੀਟਿੰਗ ਕਈ ਕਾਰਨਾਂ ਕਰ ਕੇ ਧਰਵਾਸ ਵਾਲੀ ਹੀ ਆਖੀ ਜਾ ਸਕਦੀ ਹੈ, ਕਿਉਂਕਿ ਜਿਸ ਢੰਗ ਨਾਲ ਇਕ-ਦੂਜੇ ਖਿਲਾਫ ਬਿਆਨ ਦਾਗੇ ਜਾ ਰਹੇ ਸਨ, ਉਸ ਤੋਂ ਜਾਪ ਇਹ ਰਿਹਾ ਸੀ ਕਿ ਇਕਾਈ ਅੰਦਰ ਸਭ ਅੱਛਾ ਨਹੀਂ ਚੱਲ ਰਿਹਾ। ਮੀਟਿੰਗ ਅੰਦਰ ਸਭ ਆਗੂਆਂ ਨੇ ਤਹੱਮਲ ਦਿਖਾਇਆ। ਇਸ ਪੱਖ ਤੋਂ ਐਡਵੋਕੇਟ ਅਤੇ ਇਕਾਈ ਦੇ ਵਿਧਾਨਕ ਦਲ ਦੇ ਨੇਤਾ ਐਚ.ਐਸ. ਫੂਲਕਾ ਨੇ ਸੁਘੜ ਸਿਆਸਤਦਾਨਾਂ ਵਾਲੀ ਰੱਖ ਦਿਖਾਈ। ਪਹਿਲਾਂ ਵੀ ਉਸ ਨੇ ਕਈ ਵਾਰ ਅਜਿਹੇ ਜ਼ਬਤ ਦਾ ਮੁਜ਼ਾਹਰਾ ਕੀਤਾ ਹੈ। ਮੀਟਿੰਗ ਅੰਦਰ ਅਗਲੀ ਸਿਆਸਤ ਲਈ ਕੋਈ ਸਹਿਮਤੀ ਬਣੀ ਜਾਂ ਨਹੀਂ, ਪਰ ਫਿਲਹਾਲ ਇਕਾਈ ਦਾ ਸਮੁੱਚਾ ਢਾਂਚਾ ਭੰਗ ਕਰ ਦਿੱਤਾ ਗਿਆ ਹੈ। ਇਸ ਨਾਲ ਹੁਣ ਇਕਾਈ ਨੂੰ ਨਵੇਂ ਸਿਰਿਓਂ ਜਥੇਬੰਦ ਹੋਣ ਦਾ ਇਕ ਹੋਰ ਮੌਕਾ ਮਿਲ ਗਿਆ ਹੈ। ਇਕਾਈ ਦੇ ਮੁਖੀ ਭਗਵੰਤ ਮਾਨ ਨੇ ਹੁਣ ਤੱਕ ਰੈਲੀਆਂ ਨੂੰ ਹੀ ਸੰਬੋਧਨ ਕੀਤਾ ਹੈ, ਆਪਣੇ ਪਿਛੋਕੜ ਕਰ ਕੇ ਉਸ ਨੇ ਭੀੜਾਂ ਵੀ ਬਥੇਰੀਆਂ ਇਕੱਠੀਆਂ ਕੀਤੀਆਂ, ਪਰ ਇਹ ਸਭ ਉਸ ਦੌਰ ਦੀ ਗੱਲਾਂ-ਬਾਤਾਂ ਹਨ ਜਦੋਂ ਪਾਰਟੀ ਦੀ ਪੰਜਾਬ ਵਿਚ ਹੀ ਨਹੀਂ, ਦਿੱਲੀ ਅੰਦਰ ਵੀ ਚੜ੍ਹਤ ਕਾਇਮ ਸੀ। ਹੁਣ ਹਾਲਾਤ ਐਨ ਬਦਲੇ ਹੋਏ ਹਨ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਸਰਕਾਰ ਬਣਾਉਂਦੀ ਬਣਾਉਂਦੀ ਸਿਰਫ 20 ਸੀਟਾਂ ਉਤੇ ਸਿਮਟ ਗਈ ਅਤੇ ਦਿੱਲੀ ਨਿਗਮ ਅੰਦਰ ਭਾਰਤੀ ਜਨਤਾ ਪਾਰਟੀ ਦੇ ਅੰਤਾਂ ਦੇ ਭ੍ਰਿਸ਼ਟਾਚਾਰ ਦੇ ਬਾਵਜੂਦ ਪਾਰਟੀ ਨਗਰ ਨਗਮ ਚੋਣਾਂ ਵਿਚ ਪੈਰਾਂ ਸਿਰ ਨਹੀਂ ਹੋ ਸਕੀ। ਇਨ੍ਹਾਂ ਦੋ ਹਾਰਾਂ ਅਤੇ ਪਾਰਟੀ ਅੰਦਰ ਲਗਾਤਾਰ ਚੱਲ ਰਹੇ ਗੈਰ-ਜਮਹੂਰੀ ਰੁਝਾਨ ਨੇ ਇਕ ਤਰ੍ਹਾਂ ਨਾਲ ਪਾਰਟੀ ਦੀ ਹੋਂਦ ਉਤੇ ਹੀ ਵੱਡਾ ਸਵਾਲੀਆਂ ਨਿਸ਼ਾਨ ਲਾ ਦਿੱਤਾ।

ਸਿਆਸਤ ਦੀ ਇਸ ਚਰਚਾ ਨਾਲ ਆਮ ਆਦਮੀ ਪਾਰਟੀ ਦੇ ਆਗੂਆਂ ਲਈ ਇਕ ਤੱਥ ਤਾਂ ਹੁਣ ਚਿੱਟੇ ਦਿਨ ਵਾਂਗ ਸਾਫ ਹੋ ਗਿਆ ਹੈ ਕਿ ਪੰਜਾਬ ਜਾਂ ਭਾਰਤ ਦਾ ਸਿਆਸੀ ਤਾਣਾ-ਬਾਣਾ ਇੰਨਾ ਸਰਲ ਨਹੀਂ, ਜਿੰਨਾ ਇਸ ਦੇ ਆਗੂ ਸਮਝ ਰਹੇ ਸਨ। ਇਸ ਦੀਆਂ ਗੁੰਝਲਾਂ ਖੋਲ੍ਹਣ ਲਈ ਜਿਨ੍ਹਾਂ ਸਿਧਾਂਤਾਂ ਨੂੰ ਗਲ ਲਾ ਕੇ ਪਾਰਟੀ ਦਾ ਆਗਾਜ਼ ਕੀਤਾ ਗਿਆ ਸੀ, ਉਨ੍ਹਾਂ ਉਤੇ ਪਹਿਰਾ ਦੇਣਾ ਕਿੰਨਾ ਜ਼ਰੂਰੀ ਸੀ, ਇਹ ਇਨ੍ਹਾਂ ਚੋਣਾਂ ਅੰਦਰ ਹੋਈ ਹਾਰ ਨੇ ਭਲੀ-ਭਾਂਤ ਦਰਸਾ ਦਿੱਤਾ ਹੈ। ਜੇ ਰਤਾ ਕੁ ਪਿਛੋਕੜ ਫਰੋਲਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਸ਼ੁਰੂਆਤ ਅੰਨਾ ਹਜ਼ਾਰੇ ਵੱਲੋਂ ਮਾਰੇ ਹਾਅ ਦੇ ਨਾਅਰੇ ਤੋਂ ਹੀ ਹੋਈ ਸੀ। ਭਾਰਤ ਅੰਦਰ ਜਿਸ ਤਰ੍ਹਾਂ ਦਾ ਢਾਂਚਾ ਬਣ ਗਿਆ ਹੈ, ਉਸ ਅੰਦਰ ਆਮ ਆਦਮੀ ਤੜਫ ਰਿਹਾ ਹੈ। ਜਦੋਂ ਆਮ ਆਦਮੀ ਪਾਰਟੀ ਸਿਆਸਤ ਵਾਲੇ ਪਿੜ ਵਿਚ ਕੁੱਦੀ ਸੀ ਤਾਂ ਇਸ ਆਦਮੀ ਨੂੰ ਕੁਝ ਆਸਾਂ ਬੱਝੀਆਂ ਸਨ ਅਤੇ ਇਹ ਆਸਾਂ ਨਿਰਮੂਲ ਵੀ ਨਹੀਂ ਸਨ। ਅੱਕੇ ਲੋਕਾਂ ਦਾ ਨਵੀਂ ਪਾਰਟੀ ਲਈ ਹੁੰਗਾਰਾ ਬੇਮਿਸਾਲ ਸੀ। ਇਸ ਸਿਲਸਿਲੇ ਵਿਚ ਅੱਜ ਵੀ ਦਿੱਲੀ ਵਿਧਾਨ ਸਭਾ ਨਤੀਜਿਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਪਾਰਟੀ ਨੂੰ ਪੰਜਾਬ ਅੰਦਰ ਲੋਕ ਸਭਾ ਚੋਣਾਂ ਵਿਚ ਅਜਿਹਾ ਹੁਲਾਰਾ ਮਿਲ ਚੁਕਾ ਸੀ। ਇਸ ਤੋਂ ਘੱਟੋ-ਘੱਟ ਪੰਜਾਬ ਅੰਦਰ, ਬਦਲਵੀਂ ਸਿਆਸਤ ਦਾ ਮੁੱਢ ਬੱਝਦਾ ਜਾਪਣ ਲੱਗ ਪਿਆ ਸੀ। ਸੂਬੇ ਅੰਦਰ ਤਕੜੀ ਤੀਜੀ ਧਿਰ ਦੀ ਆਮਦ ਨੇ ਐਨ ਵੱਖਰਾ ਸਿਆਸੀ ਮਾਹੌਲ ਸਿਰਜ ਦਿੱਤਾ, ਪਰ ਪਾਰਟੀ ਅੰਦਰਲੀ ਲਗਾਤਾਰ ਟੁੱਟ-ਭੱਜ ਅਤੇ ਵਿਸਾਹਘਾਤ ਨੇ 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ' ਵਾਲਾ ਪ੍ਰਸੰਗ ਚੇਤੇ ਕਰਵਾ ਦਿੱਤਾ। ਪਾਰਟੀ ਕੋਲ ਪੂਰੇ ਤਿੰਨ ਸਾਲ ਦਾ ਸਮਾਂ ਸੀ ਜਦੋਂ ਜਥੇਬੰਦਕ ਤਾਣਾ-ਬਾਣਾ ਕਾਇਮ ਕਰ ਕੇ ਸੂਬੇ ਦੀ ਸਿਆਸਤ ਅੰਦਰ ਸੰਨ੍ਹ ਲਾਈ ਜਾ ਸਕਦੀ ਸੀ, ਪਰ ਲੀਡਰਸ਼ਿਪ ਉਕ ਗਈ ਅਤੇ ਇਸ ਦਾ ਖਮਿਆਜਾ ਹੁਣ ਇਸ ਨੂੰ ਪਾਰਟੀ ਅੰਦਰ ਚੱਲ ਰਹੀ ਆਪੋ-ਧਾਪ ਦੇ ਰੂਪ ਵਿਚ ਝੱਲਣਾ ਪੈ ਰਿਹਾ ਹੈ।

ਹੁਣ ਹਰ ਕੋਈ ਇਹ ਸਵਾਲ ਜ਼ਿਹਨ ਵਿਚ ਲੈ ਕੇ ਘੁੰਮ ਰਿਹਾ ਹੈ ਕਿ ਇਹ ਪਾਰਟੀ ਸਿਆਸੀ ਪਿੜ ਅੰਦਰ ਕੁਝ ਕਰ ਵੀ ਸਕਦੀ ਹੈ ਜਾਂ ਨਹੀਂ? ਦਰਅਸਲ ਕੈਪਟਨ ਸਰਕਾਰ ਦੇ ਦੋ ਮਹੀਨਿਆਂ ਨੇ ਸੂਬੇ ਦੇ ਅੱਕੇ-ਥੱਕੇ ਆਮ ਆਦਮੀ ਦਾ ਕੋਈ ਭਰੋਸਾ ਬਹਾਲ ਨਹੀਂ ਕਰਵਾਇਆ। ਕਈ ਮਾਮਲਿਆਂ ਵਿਚ ਤਾਂ ਪਹਿਲੀਆਂ ਸਰਕਾਰਾਂ ਵਾਂਗ ਜਾਪ ਰਿਹਾ ਹੈ ਕਿ ਸਿਰਫ ਸੱਤਾ ਹੀ ਬਦਲੀ ਹੈ; ਸਿਫਤੀ ਤਬਦੀਲੀ ਦੀ ਕਨਸੋਅ ਕਿਸੇ ਪਾਸਿਓਂ ਵੀ ਨਹੀਂ ਪੈ ਰਹੀ। ਜ਼ਾਹਰ ਹੈ ਕਿ ਤੀਜੀ ਧਿਰ ਦੀ ਜ਼ਰੂਰਤ ਅਜੇ ਖਤਮ ਨਹੀਂ ਹੋਈ ਹੈ। ਇਕ ਗੱਲ ਹੋਰ ਵੀ ਨਿੱਤਰ ਕੇ ਸਾਹਮਣੇ ਆ ਗਈ ਹੈ ਕਿ ਦਿੱਲੀ ਤੋਂ ਪੰਜਾਬ ਦੀ ਸਿਆਸਤ ਨੂੰ ਚਲਾਉਣਾ ਕਿੰਨਾ ਘਾਟੇ ਵਾਲਾ ਸੌਦਾ ਹੋ ਸਕਦਾ ਹੈ। ਆਮ ਆਦਮੀ ਪਾਰਟੀ ਦੇ ਹਰ ਛੋਟੇ-ਵੱਡੇ ਲੀਡਰ ਨੇ ਇਹ ਤੱਥ ਸਵੀਕਾਰ ਕੀਤਾ ਹੈ ਕਿ ਇਕਾਈ ਦੀ ਕਮਾਨ ਪੰਜਾਬ ਦੇ ਕੰਟਰੋਲ ਵਿਚ ਹੀ ਹੋਣੀ ਚਾਹੀਦੀ ਹੈ। ਹਾਈ ਕਮਾਨ ਵਾਲਾ ਕਲਚਰ ਮੁੱਕਣਾ ਚਾਹੀਦਾ ਹੈ। ਸਿਤਮਜ਼ਰੀਫੀ ਇਹ ਹੈ ਕਿ ਪੰਜਾਬ ਦਾ ਨਵਾਂ ਮੁਖੀ ਭਗਵੰਤ ਮਾਨ ਹੁਣ ਤੱਕ ਦਿੱਲੀ ਵਾਲਿਆਂ ਮੁਤਾਬਕ ਹੀ ਸਿਆਸਤ ਕਰਦਾ ਰਿਹਾ ਹੈ। ਇਸ ਗੁੰਝਲ ਨਾਲ ਹੁਣ ਉਹ ਕਿਸ ਤਰ੍ਹਾਂ ਨਜਿੱਠਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਹ ਗੱਲ ਇਕ ਵਾਰ ਫਿਰ ਸਾਫ ਹੋ ਗਈ ਹੈ ਕਿ ਆਮ ਆਦਮੀ ਨੂੰ ਸਿਰਫ ਆਮ ਆਦਮੀ ਸਮਝ ਕੇ ਮਰਜ਼ੀ ਮੁਤਾਬਕ ਹੱਕਿਆ ਨਹੀਂ ਜਾ ਸਕਦਾ। ਮਸਲਾ ਇਸ ਆਮ ਆਦਮੀ ਦੀਆਂ ਸਮੱਸਿਆਵਾਂ ਪੜ੍ਹ ਕੇ ਇਨ੍ਹਾਂ ਨੂੰ ਸਿਧਾਂਤ ਵਿਚ ਬੰਨ੍ਹ ਕੇ ਲੜਾਈ ਵਿੱਢਣ ਦਾ ਹੈ। ਅਜੇ ਵੀ ਲੋਕ ਆਸ ਲਾਈ ਬੈਠੇ ਹਨ ਕਿ ਕੋਈ ਉਨ੍ਹਾਂ ਦੀਆਂ ਸਮੱਸਿਆਵਾਂ ਹਰਨ ਵਾਲਾ ਆਵੇ! ਬੀਤੇ ਤੋਂ ਸਬਕ ਸਿੱਖ ਕੇ ਆਮ ਆਦਮੀ ਪਾਰਟੀ ਆਪਣੀ ਸਿਆਸਤ ਦਾ ਅਗਲਾ ਵਰਕਾ ਕਿਸ ਤਰ੍ਹਾਂ ਪਲਟਦੀ ਹੈ, ਇਹ ਸਭ ਹੁਣ ਪਾਰਟੀ ਆਗੂਆਂ ਦੀ ਨੇਕ ਨੀਅਤੀ 'ਤੇ ਨਿਰਭਰ ਹੈ। ਇਕ ਵਾਰ ਫਿਰ ਪੰਜਾਬ ਇਸ ਦਾ ਅਰੰਭ ਹੋ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭਾਨਮਤੀ ਦਾ ਕੀ ਕਸੂਰ?*

ਗੱਲ ਕਿੱਥੋਂ ਕਿੱਥੇ ਹੈ ਪਹੁੰਚ ਜਾਂਦੀ, ਦੇਖ ਸੋਚ ਕੇ ਹੋਣ ਹੈਰਾਨੀਆਂ ਜੀ।
ਸ਼ੁਰੂਆਤ ਤਾਂ ਹੁੰਦੀ ਐ ਏਕਤਾ ਤੋਂ, ਆ ਜਾਂਦੀਆਂ ਫੇਰ ਮਨਮਾਨੀਆਂ ਜੀ।
ਕਾਮਯਾਬੀ ਨੇੜੇ ਵੀ ਪਹੁੰਚਿਆਂ ਨੂੰ, ਤਹਿਸ-ਨਹਿਸ ਕਰ ਦੇਣ ਨਾਦਾਨੀਆਂ ਜੀ।
ਬੀਬੇ ਬਣ ਬਣ ਕੇ ਦੱਸਦੇ ਲੱਖ ਭਾਵੇਂ, ਦਿਲ 'ਚੋਂ ਜਾਂਦੀਆਂ ਨਾ ਸ਼ੈਤਾਨੀਆਂ ਜੀ।
ਉਹ ਮਿਸ਼ਨ ਅਧੂਰਾ ਹੀ ਰਹਿਣ ਲੱਗਾ, ਲੋਕਾਂ ਅੱਕੇ ਹੋਇਆਂ ਜੋ ਲੋੜਿਆ ਸੀ।
ਕਿਤਿਓਂ ਚੁੱਕ ਕੇ ਇੱਟ ਤੇ ਕਿਤੋਂ ਰੋੜਾ, ਭਾਨਮਤੀ ਨੇ ਕੁਨਬਾ ਜੋ ਜੋੜਿਆ ਸੀ।

# ਹਿੰਦ-ਪਾਕਿ ਹਕੀਕਤ

*ਭਾਰਤ ਅਤੇ ਪਾਕਿਸਤਾਨ ਵਿਚਕਾਰ ਅੱਜ ਕੱਲ੍ਹ ਤਣਾਅ ਵਾਲਾ ਮਾਹੌਲ ਹੈ। ਭਾਰਤ ਵਿਚਲੇ ਕਈ ਸੰਜੀਦਾ ਵਿਦਵਾਨ ਤੇ ਲਿਖਾਰੀ ਇਸ ਸਬੰਧੀ ਮੋਦੀ ਸਰਕਾਰ ਦੀਆਂ ਨੀਤੀਆਂ-ਰਣਨੀਤੀਆਂ ਦੀ ਅਸਫਲਤਾ ਉਤੇ ਲਗਾਤਾਰ ਸਵਾਲ ਉਠਾ ਰਹੇ ਹਨ। ਇਸ ਲੇਖ ਵਿਚ ਅਮਰੀਕਾ, ਭਾਰਤ ਅਤੇ ਚੀਨ ਵਿਚ ਰਾਜਦੂਤ ਰਹਿ ਚੁਕੇ ਪਾਕਿਸਤਾਨ ਦੇ ਰਾਜਦੂਤ ਅਸ਼ਰਫ਼ ਜਹਾਂਗੀਰ ਕਾਜ਼ੀ ਨੇ ਵੀ ਅਜਿਹੇ ਹੀ ਸਵਾਲ ਪਾਕਿਸਤਾਨ ਸਰਕਾਰ ਅੱਗੇ ਰੱਖੇ ਹਨ। ਇਸ ਪੱਖ ਤੋਂ ਇਹ ਲੇਖ ਬੜਾ ਦਿਲਚਸਪ ਹੈ। ਲਿਖਾਰੀ ਨੇ ਲੋਕਾਂ ਦੇ ਪੱਖ ਤੋਂ ਵੱਖ ਵੱਖ ਮਸਲਿਆਂ ਬਾਰੇ ਆਪਣੀ ਰਾਏ ਪ੍ਰਗਟ ਕੀਤੀ ਹੈ। -ਸੰਪਾਦਕ*

ਅਮਰੀਕੀ ਲੇਖਕ ਮਾਰਕ ਟਵੈਨ ਤਿੰਨ ਤੋਹਫ਼ਿਆਂ ਦੀ ਵਡਿਆਈ ਕਰਦਾ ਹੈ: ਜ਼ਮੀਰ ਦੀ ਆਜ਼ਾਦੀ, ਚੋਣ ਕਰਨ ਦੀ ਆਜ਼ਾਦੀ ਅਤੇ ਇਨ੍ਹਾਂ ਉਪਰ ਕਦੇ ਵੀ ਅਮਲ ਨਾ ਕਰਨ ਦੀ ਸਿਆਣਪ। ਅਮਰੀਕੀ ਫਿਲਾਸਫਰ ਨੌਮ ਚੌਮਸਕੀ ਦਾ ਕਹਿਣਾ ਹੈ ਕਿ ਸ਼ਕਤੀਸ਼ਾਲੀ ਸੰਸਥਾ ਅੱਗੇ ਸੱਚ ਬੋਲਣ ਦਾ ਕੋਈ ਲਾਭ ਨਹੀਂ। ਉਸ ਨੂੰ ਸੱਚ ਦਾ ਪਤਾ ਹੀ ਹੁੰਦਾ ਹੈ ਅਤੇ ਬਹੁਤ ਸੰਤੁਸ਼ਟ ਵੀ ਹੁੰਦੀ ਹੈ। ਲੋਕਾਂ ਨੂੰ ਇਕ-ਦੂਜੇ ਕੋਲ ਸੱਚ ਬੋਲਣ ਦੀ



ਅਸ਼ਰਫ਼ ਜਹਾਂਗੀਰ ਕਾਜ਼ੀ

ਲੋੜ ਹੈ। ਫਿਰ ਹੀ ਉਨ੍ਹਾਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਹੋ ਸਕਦਾ ਹੈ ਅਤੇ ਨਵੇਂ ਸੱਚ ਵੱਲ ਜਾਂਦਾ ਮਾਰਗ ਬਣ ਸਕਦਾ ਹੈ- ਜਿਹੜਾ ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲਿਆਂ ਦੀ ਬਜਾਏ, ਉਨ੍ਹਾਂ ਨੂੰ ਹੀ ਸੰਤੁਸ਼ਟ ਕਰਦਾ ਹੈ। ਉਘੇ ਅਮਰੀਕੀ ਪੱਤਰਕਾਰ ਆਈ.ਐਫ. ਸਟੋਨ ਦਾ ਕਹਿਣਾ ਸੀ: ਸਾਰੀਆਂ ਸਰਕਾਰਾਂ ਝੂਠ ਬੋਲਦੀਆਂ ਹਨ। ਸਾਰੇ ਸਰਕਾਰੀ ਬਿਆਨ ਝੂਠੇ ਹੁੰਦੇ ਹਨ।



ਇਹ ਵੀ ਕਿਹਾ ਜਾਂਦਾ ਹੈ ਕਿ ਆਜ਼ਾਦ, ਸੂਝ ਭਰੀ ਅਤੇ ਚੰਗੀ ਤਰ੍ਹਾਂ ਪ੍ਰਚਾਰੀ ਗਈ ਜਨਤਕ ਰਾਇ ਸਰਕਾਰਾਂ ਦੀ ਦੁਸ਼ਮਣ ਹੁੰਦੀ ਹੈ ਜਿਹੜੀ ਵਿਤੀ, ਸਮਾਜਿਕ ਤੇ ਸ਼ਕਤੀ ਪੱਖੋਂ ਕੁਲੀਨ ਵਰਗ ਦੇ ਹੱਕ ਵਿਚ ਭੁਗਤਦੀ ਹੈ, ਨਾ ਕਿ ਆਮ ਲੋਕਾਂ, ਖ਼ਾਸ ਕਰ ਕੇ ਤਥਾ-ਕਥਿਤ ਲੋਕਤੰਤਰੀ ਵਿਵਸਥਾਵਾਂ ਵਿਚ। ਉਹ ਲੋਕਤੰਤਰ ਜਿਹੜਾ ਸੱਚਮੁੱਚ ਲੋਕਾਂ ਨੂੰ ਤਾਕਤ ਬਖ਼ਸ਼ਦਾ ਹੈ, ਉਹ ਉਨ੍ਹਾਂ ਲੋਕਾਂ ਲਈ ਮਾਰੂ ਸਾਬਤ ਹੁੰਦਾ ਜਿਹੜੇ ਝੂਠੀਆਂ ਖ਼ਬਰਾਂ ਆਸਰੇ ਟਿਕੇ ਹੁੰਦੇ ਹਨ। ਜਾਰਜ ਔਰਵੈੱਲ ਦਾ ਵਿਸ਼ਵਾਸ ਸੀ ਕਿ ਇਹ ਸਿੱਖਣ ਲਈ ਮਹਿੰਗੀ ਸਿੱਖਿਆ ਹਾਸਲ ਕਰਨੀ ਜ਼ਰੂਰੀ ਹੈ ਕਿ ਕਿਹੜੀਆਂ ਰਾਵਾਂ ਖੁਸ਼ਹਾਲੀ ਵੱਲ ਨਹੀਂ ਲਿਜਾਂਦੀਆਂ।

ਇਸ ਪ੍ਰਸੰਗ ਵਿਚ ਪਾਕਿਸਤਾਨ ਇਹ ਪਤਾ ਲਾ ਸਕਦਾ ਹੈ ਕਿ ਉਹ ਸੰਸਾਰ ਅੰਦਰ ਅੱਜ ਕਿਸ ਮੁਕਾਮ ਉਪਰ ਹੈ। ਆਪਣੀ ਹੀ ਜ਼ਮੀਨ ਉਪਰ ਇਸ ਨੂੰ ਤਿੰਨ ਬਲਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ- ਚੁਣੀ ਹੋਈ ਸਰਕਾਰ ਜਿਹੜੀ ਇਨ੍ਹਾਂ ਸ਼ਬਦਾਂ ਦੇ ਪ੍ਰਵਾਨਯੋਗ ਅਰਥਾਂ ਅਨੁਸਾਰ ਚੱਲਣ ਤੋਂ ਇਨਕਾਰੀ ਹੈ; ਫ਼ੌਜ ਜਿਹੜੀ ਆਪਣੀ ਕਾਰਜ ਸ਼ਕਤੀ ਤੇ ਸਮਰੱਥਾ ਦੇ ਦਾਇਰੇ ਤੋਂ ਬਾਹਰ ਸ਼ਾਸਨ ਕਰਨ 'ਤੇ ਜ਼ੋਰ ਦਿੰਦੀ ਹੈ; ਤੇ ਸਰਵੋਤਮ ਰਹੱਸਮਈ ਫ਼ੈਸਲੇ ਜਿਹੜੇ ਲੋਕਾਂ ਨੂੰ ਭੰਬਲਭੂਸਿਆਂ ਤੇ ਅਨਿਸ਼ਚਿਤਤਾਵਾਂ ਵਿਚ ਉਲਝਾਈ ਰੱਖਦੇ ਹਨ। ਸਾਧਾਰਨ ਲੋਕ ਕਾਨੂੰਨ ਦੇ ਸੰਕਲਪ ਦੀ ਸ਼ਾਨ ਬਰਕਰਾਰ ਰਹਿਣ ਦੀ ਉਮੀਦ ਨਾਲ ਸਪਸ਼ਟ ਤੇ ਵਿਆਪਕ ਫ਼ੈਸਲਿਆਂ ਦੀ ਆਸ ਅਹਿਮਕਾਂ ਵਾਂਗ ਲਾਈ ਰੱਖਦੇ ਹਨ, ਪਰ ਉਨ੍ਹਾਂ ਨੂੰ ਅਕਸਰ ਨਮੋਸ਼ੀ ਹੀ ਝੱਲਣੀ ਪੈਂਦੀ ਹੈ।

'ਡਾਅਨ ਲੀਕਸ' ਮਾਮਲੇ ਵਿਚ ਹਿਤਾਂ ਦੀ ਦਿਲਚਸਪ ਵੰਡ ਦੇਖਣ ਨੂੰ ਮਿਲੀ। ਇਸ ਦੇ ਤੱਥਾਂ ਤੋਂ ਅਣਜਾਣ ਤਮਾਸ਼ਬੀਨ, ਪੱਤਰਕਾਰ ਸਾਇਰਿਲ ਅਲਮੇਡਾ ਦੀ ਰਿਪੋਰਟ ਦੀ ਸਚਾਈ ਜਾਣਨ ਵਿਚ ਦਿਲਚਸਪੀ ਰੱਖਦੇ ਸਨ, ਜਦੋਂਕਿ ਤੱਥਾਂ ਤੋਂ ਵਾਕਿਫ਼ ਇਸ ਮਾਮਲੇ ਨਾਲ ਜੁੜੇ ਲੋਕਾਂ ਦੀ ਦਿਲਚਸਪੀ ਇਹ ਜਾਣਨ ਦੀ ਸੀ ਕਿ ਕਿੰਨੀ ਕੁ ਸਚਾਈ ਬਾਹਰ ਆਈ। ਜਿਹੜੇ ਕਥਿਤ ਦੇਸ਼ ਧ੍ਰੋਹ ਦਾ ਰੌਲਾ ਪਾਇਆ ਗਿਆ, ਉਹ ਕਿਸ ਦੀ ਤਾਕਤ ਨੂੰ ਕਿੰਨਾ ਨੁਕਸਾਨ ਪੁੱਜਾ, ਨਾਲ ਜੁੜਿਆ ਹੋਇਆ ਸੀ, ਜਾਣਕਾਰੀ ਦੀ ਸਚਾਈ ਨਾਲ ਨਹੀਂ!

ਵਿਦੇਸ਼ਾਂ ਵਿਚ ਵੀ ਪਾਕਿਸਤਾਨ ਨੂੰ ਅਜਿਹੀਆਂ ਤਿੰਨ ਬਲਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਦੇਸ਼ ਮੰਤਰਾਲੇ ਦੇ ਅਸੰਗਤ ਹੋਣ ਕਾਰਨ ਦੇਸ਼ ਦੀ ਵਿਦੇਸ਼ ਨੀਤੀ ਸ਼ਕਤੀਸ਼ਾਲੀ ਹੱਥਾਂ ਵਿਚ ਆ ਗਈ ਹੈ, ਜਿਹੜੇ ਗੁਆਂਢੀ ਚਾਰ ਦੇਸ਼ਾਂ ਵਿਚੋਂ ਤਿੰਨ ਨਾਲ ਮਤਭੇਦ 'ਹੱਲ' ਕਰ ਸਕਦੇ ਹਨ। ਸਾਡਾ ਗੁਆਂਢੀ ਭਰਾ ਦੇਸ਼ ਇਰਾਨ ਇਹ ਸਮਝਦਾ ਨਜ਼ਰ ਨਹੀਂ ਆ ਰਿਹਾ ਕਿ ਪਾਕਿਸਤਾਨ ਦਾ ਇਰਾਨ ਖ਼ਿਲਾਫ਼ ਸਾਊਦੀ ਅਰਬ ਦੀ ਅਗਵਾਈ ਵਾਲੇ ਫ਼ੌਜੀ ਗੱਠਜੋੜ ਵਿਚ ਸ਼ਾਮਲ ਹੋਣਾ ਉਸ ਦੀ ਅਗਵਾਈ ਕਰਨਾ ਜਾਂ ਸਲਾਹ ਦੇਣਾ ਸੱਚਮੁੱਚ ਦੋਸਤੀ ਵਾਲਾ ਕਦਮ ਹੈ। ਕੀ ਉਹ ਆਪਣੇ ਖ਼ਿਲਾਫ਼ ਫ਼ੌਜੀ ਗੱਠਜੋੜ ਦੀ ਕਮਾਂਡ ਭਰਾ ਵਰਗੇ ਪਾਕਿਸਤਾਨੀ ਫ਼ੌਜੀ ਦੀ ਬਜਾਏ ਦੁਸ਼ਮਣ ਅਰਬ ਦੇਸ਼ ਹੇਠ ਹੋਣੀ ਪਸੰਦ ਕਰੇਗਾ? ਪਰ ਸਾਡੇ ਇਰਾਨੀ ਮਿੱਤਰ ਸੰਸਦੀ ਮਤਿਆਂ ਨੂੰ ਬੇਸੰਗਤ ਤੇ ਸਰਕਾਰੀ ਨੀਤੀਆਂ ਨੂੰ ਪੱਖਪਾਤੀ ਬਿਆਨਬਾਜ਼ੀਆਂ ਕਹਿੰਦੇ ਰਹਿਣਗੇ। ਉਹ ਸਾਡੀ ਜ਼ਮੀਨ ਉਪਰੋਂ ਇਰਾਨੀ ਫ਼ੌਜੀਆਂ ਉਪਰ ਕੀਤੇ ਜਾ ਰਹੇ ਹਮਲਿਆਂ ਨੂੰ ਵੀ ਬਹੁਤ ਗ਼ੈਰ-ਦੋਸਤਾਨਾ ਸ਼ਬਦਾਂ ਵਿਚ ਬਿਆਨ ਕਰ ਕੇ ਆਪਣਾ ਰੋਸ ਪ੍ਰਗਟਾਉਂਦੇ ਹਨ। ਕੀ ਅਸੀਂ ਅਜਿਹੇ ਗੁਆਂਢੀ ਉਪਰ ਸੱਚਮੁੱਚ ਵਿਸ਼ਵਾਸ ਕਰ ਸਕਦੇ ਹਾਂ? ਉਨ੍ਹਾਂ ਕੋਲ ਸਾਨੂੰ ਦੇਣ ਲਈ ਹੈ ਹੀ ਕੀ?

ਜਿਥੋਂ ਤਕ ਅਫ਼ਗ਼ਾਨਿਸਤਾਨ ਦਾ ਸਵਾਲ ਹੈ, ਸਾਡੀ ਅਣਦੱਸੀ ਵਿਦੇਸ਼ ਨੀਤੀ ਸਾਨੂੰ ਇਹ ਜ਼ਬਰਦਸਤੀ ਮਨਾਉਂਦੀ ਹੈ ਕਿ ਪਾਕਿਸਤਾਨ ਅੱਜ ਵੀ ਅਫ਼ਗ਼ਾਨਾਂ ਦਾ ਮਿੱਤਰ ਹੈ, ਉਨ੍ਹਾਂ ਦਾ ਮਾਰਗ ਦਰਸ਼ਨ ਕਰਦਾ ਹੈ, ਉਨ੍ਹਾਂ ਦੇ ਭਲੇ ਲਈ ਦੁਆ ਕਰਦਾ ਹੈ। ਅਫ਼ਸੋਸ ਕਿ ਅਫ਼ਗ਼ਾਨ ਇਸ ਤੋਂ ਬੇਖ਼ਬਰ ਹਨ। ਅਫ਼ਗ਼ਾਨ ਆਗੂ ਵੀ ਇਸ ਵਿਆਖਿਆ ਦੇ ਗ਼ਲਤ ਅਰਥ ਲੈ ਰਹੇ ਹਨ। ਅਸੀਂ ਪਾਕਿਸਤਾਨ ਤੋਂ ਜ਼ਬਰਦਸਤੀ ਵਤਨ ਮੋੜੇ ਉਨ੍ਹਾਂ ਅਫ਼ਗ਼ਾਨ ਸ਼ਰਨਾਰਥੀਆਂ 'ਤੇ ਨਿਰਭਰ ਕਰ ਸਕਦੇ ਹਾਂ ਜਿਹੜੇ ਆਪਣੇ ਪਰਿਵਾਰਾਂ ਤੇ ਕਾਰੋਬਾਰਾਂ ਤੋਂ ਅਲੱਗ ਕੀਤੇ ਹੋਏ ਸਨ ਕਿ ਉਹ ਹੀ ਪਾਕਿਸਤਾਨ ਦਾ ਅਕਸ ਸੁਧਾਰਨ ਵਿਚ ਯੋਗਦਾਨ ਪਾਉਣ।

ਜਿਥੋਂ ਤਕ ਭਾਰਤ ਦਾ ਸਵਾਲ ਹੈ, ਇਹ ਹਰ ਕੋਈ ਚੰਗੀ ਤਰ੍ਹਾਂ ਸਮਝਦਾ ਹੈ ਕਿ ਉਸ ਨਾਲ ਸਬੰਧ ਚੰਗੇ ਨਹੀਂ ਹਨ। ਇਸ ਦਾ ਕਾਰਨ ਭਾਰਤ ਦਾ ਰਵੱਈਆ, ਨੀਤੀਆਂ, ਭੜਕਾਹਟਾਂ ਆਦਿ ਹੋ ਸਕਦੀਆਂ ਹਨ। ਦੋਵਾਂ ਦਰਮਿਆਨ ਮੁੱਦੇ ਵੀ ਹਨ ਤੇ ਵਿਵਾਦ ਵੀ। ਇਕੀਵੀਂ ਸਦੀ ਵਿਚ ਹੋਰ ਵੀ ਬਹੁਤ ਕੁਝ ਹੋਵੇਗਾ। ਬਦਕਿਸਮਤੀ ਨਾਲ ਇਸ ਬਾਰੇ ਕੋਈ ਵੀ ਸੂਝ ਭਰਿਆ ਤਰਕ ਨਹੀਂ ਦਿੱਤਾ ਜਾ ਸਕਦਾ ਕਿ ਭਾਰਤ ਨਾਲ ਚੰਗੇ ਸਬੰਧ ਬਣਾਉਣ ਲਈ ਕੰਮ ਕਰਨਾ ਪਾਕਿਸਤਾਨ ਦੇ ਹਿਤ ਵਿਚ ਨਹੀਂ ਹੈ। ਭਾਰਤ ਦਾ ਰੁਖ਼ ਵੀ ਪਾਕਿਸਤਾਨ ਨਾਲੋਂ ਵੱਖਰਾ ਨਹੀਂ, ਪਰ ਦੋਵਾਂ ਦੇਸ਼ਾਂ ਦੇ ਅੰਦਰ ਅਜਿਹੇ ਸ਼ਕਤੀਸ਼ਾਲੀ ਸੁਆਰਥੀ ਅਨਸਰ ਹਨ ਜੋ ਬੜੀਆਂ ਜਜ਼ਬਾਤੀ ਦਲੀਲਾਂ ਨਾਲ ਦੁਵੱਲੀ ਸਾਂਝ ਦੇ ਸੰਕਲਪ ਦੀਆਂ ਧੱਜੀਆਂ ਉਡਾਉਣਾ ਜਾਣਦੇ ਹਨ। ਹਾਲਾਂਕਿ ਸਾਨੂੰ ਇਹ ਵੀ ਪਤਾ ਹੈ ਕਿ ਇਹ ਜਜ਼ਬਾਤੀ ਦਲੀਲਾਂ ਇੰਨੀਆਂ ਕੱਚੀਆਂ ਹਨ ਕਿ ਇਨ੍ਹਾਂ ਨੂੰ ਝਟ ਢਹਿ-ਢੇਰੀ ਕੀਤਾ ਜਾ ਸਕਦਾ ਹੈ। ਇਸ ਦੇ ਬਾਵਜੂਦ ਇਹ ਅਨਸਰ ਦੋਵਾਂ ਦੇਸ਼ਾਂ ਦੇ ਕੌਮੀ ਤੇ ਜਨਤਕ ਹਿਤਾਂ ਨੂੰ ਗੁੱਠੇ ਲਾ ਰਹੇ ਹਨ। ਭਾਰਤ ਅਜਿਹੀਆਂ ਬੇਥਵ੍ਹੀਆਂ ਨੀਤੀਆਂ ਕਾਰਨ ਹੋਣ ਵਾਲਾ ਨੁਕਸਾਨ ਝੱਲ ਸਕਦਾ ਹੈ, ਜਦੋਂਕਿ ਪਾਕਿਸਤਾਨ ਲਈ ਇਹ ਝੱਲਣਾ ਔਖਾ ਹੈ।

ਇਸ ਲਈ, ਕੀ ਸਾਨੂੰ ਕਸ਼ਮੀਰ ਭੁੱਲ ਜਾਣਾ ਚਾਹੀਦਾ ਹੈ? ਕੀ ਪਾਕਿਸਤਾਨ ਨੂੰ ਕਸ਼ਮੀਰ ਬਾਰੇ ਆਪਣਾ ਸਟੈਂਡ ਬਦਲ ਲੈਣਾ ਚਾਹੀਦਾ ਹੈ? ਕੀ ਸਾਨੂੰ ਕਸ਼ਮੀਰ ਮੁੱਦੇ 'ਤੇ ਝੁਕ ਜਾਣਾ ਚਾਹੀਦਾ ਹੈ? ਕੀ ਸਾਨੂੰ ਕਸ਼ਮੀਰ ਬਾਰੇ ਸੰਯੁਕਤ ਰਾਸ਼ਟਰ ਦੇ ਮਤਿਆਂ ਦੇ ਹਵਾਲੇ ਖ਼ਤਮ ਕਰ ਦੇਣੇ ਚਾਹੀਦੇ ਹਨ? ਕੀ ਸਾਨੂੰ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਬਾਰੇ ਚੁੱਪ ਕਰ ਜਾਣਾ ਚਾਹੀਦਾ ਹੈ? ਕੀ ਸਾਨੂੰ ਕਸ਼ਮੀਰ ਦੇ ਆਜ਼ਾਦੀ ਸੰਘਰਸ਼ ਦੀ ਹਮਾਇਤ ਵਾਪਸ ਲੈ ਲੈਣੀ ਚਾਹੀਦੀ ਹੈ? ਸਾਰੇ ਸਵਾਲਾਂ ਦਾ ਜਵਾਬ ਹੈ, ਬਿਲਕੁਲ ਨਹੀਂ;

ਪਰ ਇਹ ਵੀ ਸੱਚ ਹੈ ਕਿ ਕਸ਼ਮੀਰ ਵਿਵਾਦ ਦਾ ਕੋਈ ਤੱਤਫੱਟ ਹੱਲ ਨਹੀਂ ਨਿਕਲ ਸਕਦਾ ਹੈ। ਲੰਮੇ ਸਮੇਂ ਲਈ ਸਬੰਧਾਂ ਨੂੰ ਸੁਧਾਰ ਕੇ ਜੰਮੂ ਕਸ਼ਮੀਰ, ਪਾਕਿਸਤਾਨ ਤੇ ਭਾਰਤ ਨੂੰ ਪ੍ਰਵਾਨਯੋਗ ਹੱਲ ਲੱਭਿਆ ਜਾ ਸਕਦਾ ਹੈ। ਪਰਮਾਣੂ ਹਥਿਆਰਾਂ ਨਾਲ ਲੈਸ ਗੁਆਂਢੀਆਂ ਦੀਆਂ ਬਣਦੀਆਂ ਜ਼ਿੰਮੇਵਾਰੀਆਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕਸ਼ਮੀਰ ਵਿਚ ਯਥਾ-ਸਥਿਤੀ ਨੂੰ ਆਪਸੀ ਪ੍ਰਵਾਨਯੋਗ ਪ੍ਰਕਿਰਿਆ ਰਾਹੀਂ ਬਦਲਿਆ ਜਾ ਸਕਦਾ ਹੈ, ਜਿਸ ਲਈ ਸਮਾਂ ਲੱਗੇਗਾ। ਇਸ ਨੂੰ ਸਹਿਮਤੀ ਲਹਿਰ ਵਿਚ ਬਦਲਿਆ ਜਾ ਸਕੇਗਾ। ਇੰਜ ਭਾਰਤ ਤੇ ਪਾਕਿਸਤਾਨ ਦੀਆਂ ਕਸ਼ਮੀਰ ਤੇ ਅਤਿਵਾਦ ਬਾਰੇ ਚਿੰਤਾਵਾਂ ਨੂੰ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਵੱਲੋਂ ਸਾਂਝੇ ਐਲਾਨਨਾਮੇ ਦੇ ਰੂਪ ਵਿਚ ਐਲਾਨ ਕੇ ਸਮਾਂ-ਬੱਧ ਨੀਤੀ ਵਿਚ ਬਦਲਿਆ ਜਾ ਸਕੇਗਾ।

ਪਰ ਕੁਝ ਲੋਕਾਂ ਲਈ ਭਾਰਤ ਨਾਲ ਸਬੰਧ ਨਿਰਾਰਥਕ ਹਨ। ਚੀਨ ਅਤੇ ਸੀ.ਪੀ.ਈ.ਸੀ. ਮੁੱਦਿਆਂ ਉਪਰ ਕਦੇ ਕੁਝ ਵੀ ਗ਼ਲਤ ਨਹੀਂ ਹੋ ਸਕਦਾ। ਸੀ.ਪੀ.ਈ.ਸੀ. ਨਾਲ ਪਾਕਿਸਤਾਨ ਹੋਰ ਮਜ਼ਬੂਤ ਹੋਏਗਾ। ਸਾਡੀ ਰਣਨੀਤਕ ਸਥਿਤੀ ਪਾਕਿਸਤਾਨ ਵਾਸਤੇ ਕੂਟਨੀਤਕ ਤੇ ਫ਼ੌਜੀ ਸਹਿਯੋਗ ਲਈ ਸੀ.ਪੀ.ਈ.ਸੀ. ਦੀ ਪੂੰਜੀ ਲਾਗਤ ਸਮੇਤ ਕਮਰਸ਼ੀਅਲ ਪ੍ਰੋਜੈਕਟਾਂ, ਤਕਨਾਲੋਜੀ ਵਟਾਂਦਰਾ, ਗਵਾਦਰ ਬੰਦਰਗਾਹ ਅਤੇ ਢਾਂਚਾਗਤ ਤੇ ਬੌਧਿਕ ਬਦਲਾਅ ਵਿਚ ਸਹਾਈ ਹੋਵੇਗੀ। ਅਸੀਂ ਕਸ਼ਮੀਰ ਸਮੇਤ ਆਪਣਾ ਭਵਿਖ ਪਲੇਟ ਉਪਰ ਰੱਖ ਕੇ ਪੇਸ਼ ਕਰ ਦਿਆਂਗੇ।

ਕੀ ਚੀਨੀ ਇਸ ਮਿਥ ਨੂੰ ਉਤਸ਼ਾਹਿਤ ਕਰਨਗੇ? ਕੀ ਉਹ ਕਸ਼ਮੀਰ ਦਾ ਹੱਲ ਪਾਕਿਸਤਾਨ ਦੇ ਹੱਕ ਵਿਚ ਕਰਾਉਣ ਲਈ ਮਦਦ ਕਰਨਗੇ? ਕੀ ਉਹ ਪਾਕਿਸਤਾਨ ਦੀ ਭਾਰਤ ਨਾਲ ਦੁਸ਼ਮਣੀ ਵਿਚ ਹਿਸੇਦਾਰ ਬਣਨ ਦੀ ਗੱਲ ਕਰਨਗੇ? ਨਹੀਂ ਕਰਨਗੇ! ਉਹ ਇਮਾਨਦਾਰ ਹਨ। ਚੀਨ ਦੀਆਂ ਆਪਣੀਆਂ ਨੀਤੀ ਲੋੜਾਂ ਹਨ। ਕੀ ਸਰਕਾਰ ਇਹ ਗੱਲਾਂ ਸਾਡੇ ਲੋਕਾਂ ਨੂੰ ਦੱਸੇਗੀ? ਜੇ ਨਹੀਂ ਤਾਂ ਕਿਉਂ ਨਹੀਂ? ਕਿਉਂਕਿ ਇਹ ਉਨ੍ਹਾਂ ਖਿਲਾਫ ਸਿਆਸੀ ਤੇ ਆਰਥਿਕ ਜਮਾਤੀ ਜੰਗ ਲੜ ਰਹੀ ਹੈ।

# ਭਗਵੇਂ ਖਿਲਾਫ ਭੀਮ ਸੈਨਾ ਦੀ ਦਲਿਤ ਲਲਕਾਰ

ਬੂਟਾ ਸਿੰਘ
ਫੋਨ: +91-94634-74342

ਸੰਘ ਬ੍ਰਿਗੇਡ ਦੀ ਫਿਰਕੂ ਪਾਲਾਬੰਦੀ ਦੀ ਸਿਆਸਤ ਇਸ ਵਕਤ ਉਤਰ ਪ੍ਰਦੇਸ਼ ਵਿਚ ਰੰਗ ਦਿਖਾ ਰਹੀ ਹੈ। ਪੱਛਮੀ ਯੂ.ਪੀ. ਦੇ ਬਾਕੀ ਜ਼ਿਲ੍ਹੇ ਜਦੋਂ ਫਿਰਕੂ ਦੰਗਿਆਂ ਦੇ ਪੱਖ ਤੋਂ ਸੰਵੇਦਨਸ਼ੀਲ ਮੰਨੇ ਜਾਂਦੇ ਸਨ, ਸਹਾਰਨਪੁਰ ਜ਼ਿਲ੍ਹਾ ਮੁਕਾਬਲਤਨ ਸ਼ਾਂਤੀਪੂਰਨ ਮੰਨਿਆ ਜਾਂਦਾ ਸੀ। ਬਾਬਰੀ ਮਸਜਿਦ ਢਾਹੁਣ ਸਮੇਂ ਵੀ ਇਥੇ ਫਿਰਕੂ ਫ਼ਸਾਦ ਨਹੀਂ ਹੋਏ ਸਨ, ਪਰ ਭਗਵੀਂ ਸਿਆਸਤ ਦੀ ਡੂੰਘੀ ਘੁਸਪੈਠ ਨੇ ਹੁਣ ਇਸ ਜ਼ਿਲ੍ਹੇ ਵਿਚ ਵੀ ਖ਼ਤਰਨਾਕ ਸਮਾਜੀ ਤਣਾਓ ਪੈਦਾ ਕਰ ਦਿੱਤਾ ਹੈ। ਇਨ੍ਹਾਂ ਹਾਲਾਤ ਵਿਚ ਹੀ ਇਥੇ 'ਭੀਮ ਆਰਮੀ ਭਾਰਤ ਏਕਤਾ ਮਿਸ਼ਨ' ਵਰਤਾਰੇ ਨੇ ਜ਼ੋਰ ਫੜਿਆ ਹੈ। ਚਾਰ ਸਾਲ ਪਹਿਲਾਂ ਇਹ ਸੈਨਾ ਚੰਦਰਸ਼ੇਖਰ ਨਾਂ ਦੇ ਨੌਜਵਾਨ ਦਲਿਤ ਵਕੀਲ ਨੇ ਬਣਾਈ ਸੀ। ਇਹ ਦਲਿਤਾਂ ਦੇ ਹੱਕਾਂ ਤੇ ਹੋਰ ਸੁਧਾਰਾਂ ਲਈ ਕੰਮ ਕਰਨ ਵਾਲੀ ਸੰਸਥਾ ਹੈ ਜਿਸ ਦੇ ਯੂ.ਪੀ. ਸਮੇਤ ਸੱਤ ਸੂਬਿਆਂ ਵਿਚ 40000 ਮੈਂਬਰ ਦੱਸੇ ਜਾਂਦੇ ਹਨ।

ਕੇਂਦਰ ਵਿਚ ਸੰਘ ਬ੍ਰਿਗੇਡ ਦੀ ਸਰਕਾਰ ਬਣਨ ਨਾਲ ਅਤੇ ਪੂਰੇ ਮੁਲਕ ਵਿਚ ਸੂਬਿਆਂ ਦੀ ਸੱਤਾ ਉਪਰ ਕਬਜ਼ਾ ਕਰਨ ਦੀ ਆਰ.ਐਸ.ਐਸ. ਦੀ ਮੁਹਿੰਮ ਦੇ ਜ਼ੋਰ ਫੜਨ ਨਾਲ ਦਲਿਤ ਅਤੇ ਘੱਟ-ਗਿਣਤੀਆਂ ਹੋਰ ਵੀ ਅਸੁਰੱਖਿਅਤ ਹੋ ਗਈਆਂ ਹਨ। ਭੈਅ ਅਤੇ ਅਸੁਰੱਖਿਆ ਦੇ ਇਸ ਮਾਹੌਲ ਵਿਚ ਇਹ ਸੰਸਥਾ ਦਲਿਤਾਂ, ਖ਼ਾਸ ਕਰ ਕੇ ਨੌਜਵਾਨਾਂ ਨੂੰ ਸੰਘ ਖ਼ਿਲਾਫ਼ ਜੁੜਨ ਦਾ ਮੰਚ ਮੁਹੱਈਆ ਕਰ ਰਹੀ ਹੈ।

ਮੋਦੀ ਨੇ ਆਪਣੇ ਪ੍ਰੋਜੈਕਟ ਦਾ ਆਗਾਜ਼ 'ਕਾਂਗਰਸ ਮੁਕਤ ਭਾਰਤ' ਤੋਂ ਕੀਤਾ ਸੀ, ਭਾਜਪਾ ਮੁਖੀ ਅਮਿਤ ਸ਼ਾਹ ਦਾ ਨਿਸ਼ਾਨਾ ਉਸ ਤੋਂ ਵੀ ਅੱਗੇ ਮੁਲਕ ਨੂੰ 'ਵਿਰੋਧੀ ਧਿਰ ਤੋਂ ਮੁਕਤ' ਬਣਾਉਣ ਦਾ ਹੈ। ਸਿਆਸੀ ਸ਼ਰੀਕਾਂ ਨੂੰ ਨੇਸਤੋਨਾਬੂਦ ਕਰਨ ਲਈ ਉਹ ਕੁਝ ਵੀ ਕਰਨ ਲਈ ਤਤਪਰ ਹਨ। ਯੂ.ਪੀ. ਵਿਚ ਸਮਾਜਵਾਦੀ ਪਾਰਟੀ-ਬਹੁਜਨ ਸਮਾਜ ਪਾਰਟੀ ਦੇ ਵੋਟ ਆਧਾਰ ਨੂੰ ਸੱਟ ਮਾਰਨ ਲਈ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਅਤੇ ਮੁਸਲਮਾਨਾਂ ਦੇ ਰਵਾਇਤੀ ਚੋਣ ਗੱਠਜੋੜ ਵਿਚ ਸੰਨ੍ਹ ਲਾਈ ਗਈ। ਜਾਟ ਬੇਚੈਨੀ ਨੂੰ ਖ਼ਤਮ ਕਰਨ ਲਈ ਮੁਸਲਮਾਨਾਂ ਖਿਲਾਫ ਨਫ਼ਰਤ ਦਾ ਹਥਿਆਰ ਥੋਕ ਪੈਮਾਨੇ 'ਤੇ ਵਰਤਿਆ ਗਿਆ। ਅਜਿਹੇ ਹੱਥਕੰਡੇ ਅਪਣਾ ਕੇ ਯੂ.ਪੀ. ਵਿਚ ਸਰਕਾਰ ਬਣਾ ਲਈ ਗਈ। ਹੁਣ ਸਥਾਨਕ ਸੰਸਥਾਵਾਂ- ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸਮਿਤੀਆਂ ਆਦਿ ਉਪਰ ਕਾਬਜ਼ ਹੋਣ ਲਈ ਫਿਰਕੂ ਅਤੇ ਜਾਤਪਾਤੀ ਨਫ਼ਰਤ ਨੂੰ ਭੜਕਾਇਆ ਜਾ ਰਿਹਾ ਹੈ। ਇਸੇ ਸਿਲਸਿਲੇ ਵਿਚ ਸੰਘੀਆਂ ਨੂੰ ਡਾ. ਅੰਬੇਡਕਰ ਨਾਲ ਹੇਜ ਜਾਗਿਆ ਹੈ, ਪਰ ਸੰਘ ਦੇ ਘਿਨਾਉਣੇ ਇਤਿਹਾਸ ਤੋਂ ਵਾਕਫ਼ ਲੋਕ ਜਾਣਦੇ ਹਨ ਕਿ ਡਾ. ਅੰਬੇਡਕਰ ਦੇ ਦਿਹਾੜੇ ਮਨਾਉਣ ਪਿੱਛੇ ਸੰਘ ਦੀ ਇਕੋ ਇਕ ਮਨਸ਼ਾ ਦਲਿਤ ਵੋਟ ਬੈਂਕ ਬਟੋਰਨ ਦੀ ਹੈ। ਇਹ ਵੀ ਯਾਦ ਰੱਖਣਾ ਹੋਵੇਗਾ ਕਿ ਮਾਮਲਾ ਮਹਿਜ਼ ਕਿਸੇ ਪਿੰਡ ਜਾਂ ਮੁਹੱਲੇ ਵਿਚੋਂ ਇਨ੍ਹਾਂ ਅਖੌਤੀ ਜਯੰਤੀ ਮਾਰਚਾਂ ਦੇ ਗੁਜ਼ਰਨ ਦਾ ਨਹੀਂ ਹੈ; ਸੰਘ ਦੇ ਭੜਕਾਏ ਹਜੂਮ ਦਲਿਤ ਅਤੇ ਮੁਸਲਿਮ ਮੁਹੱਲਿਆਂ ਨੂੰ 'ਦੁਸ਼ਮਣ' ਇਲਾਕੇ ਮੰਨ ਕੇ ਇਥੇ ਜੇਤੂ ਮਾਰਚ ਕੱਢਦੇ ਹਨ ਅਤੇ ਭੜਕਾਹਟ ਪੈਦਾ ਕਰ ਕੇ ਫ਼ਸਾਦ ਖੜ੍ਹੇ ਕਰਦੇ ਹਨ। ਇਹ ਸਹਾਰਨਪੁਰ ਖੇਤਰ ਦੇ ਹਾਲੀਆ ਘਟਨਾਕ੍ਰਮ ਵਿਚ ਉਘੜਵੇਂ ਰੂਪ ਵਿਚ ਸਾਹਮਣੇ ਆਇਆ ਹੈ।

BHIM SENA

ਭਾਜਪਾ ਦੀ ਜਿੱਤ ਨਾਲ ਯੂ.ਪੀ. ਦੇ ਠਾਕੁਰ, ਬ੍ਰਾਹਮਣ ਆਗੂਆਂ ਦੀ ਹੈਂਕੜ ਵਧ ਚੁੱਕੀ ਹੈ। ਉਹ ਦਲਿਤਾਂ ਉਪਰ ਪੁਰਾਣਾ 'ਸੁਨਹਿਰੀ ਯੁਗ' ਵਾਲਾ ਦਾਬਾ ਮੁੜ ਥੋਪਣਾ ਚਾਹੁੰਦੇ ਹਨ। ਉਹ ਚੋਣਾਂ ਵਿਚ ਦਲਿਤ ਵੋਟ ਵੀ ਚਾਹੁੰਦੇ ਹਨ ਅਤੇ ਦਲਿਤਾਂ ਅੰਦਰ ਖੌਲ ਰਹੀ ਹੱਕਾਂ ਦੀ ਖ਼ਾਹਸ਼ ਨੂੰ ਵੀ ਦਬਾਉਣਾ ਚਾਹੁੰਦੇ ਹਨ, ਪਰ ਬਾਬੂ ਕਾਂਸ਼ੀਰਾਮ ਦੀ 'ਵੋਟ ਹਮਾਰਾ, ਰਾਜ ਤੁਮਾਰਾ ਨਹੀਂ ਚਲੇਗਾ' ਦੀ ਚੋਣਵਾਦੀ ਸਿਆਸਤ ਨੇ ਦਲਿਤ ਸਮਾਜ ਵਿਚ ਐਨਾ ਕੁ ਸਵੈਮਾਣ ਤਾਂ ਜਗਾ ਹੀ ਦਿੱਤਾ ਹੈ ਕਿ ਉਹ ਹੁਣ ਉਚ ਜਾਤੀ ਦਾਬੇ ਨੂੰ ਦੜ ਵੱਟ ਕੇ ਸਹਿਣ ਲਈ ਤਿਆਰ ਨਹੀਂ। ਕੁਝ ਮਹੀਨੇ ਪਹਿਲਾਂ ਇਥੇ ਇਕ ਪਿੰਡ ਦੇ ਮੁੱਖ ਦੁਆਰ ਉਪਰ ਦਲਿਤਾਂ ਵਲੋਂ 'ਦਿ ਗਰੇਟ ਚਮਾਰ' ਦਾ ਹੋਰਡਿੰਗ ਲਗਾਉਣ 'ਤੇ ਅਖੌਤੀ ਉਚ ਜਾਤਾਂ ਭੜਕ ਉੱਠੀਆਂ ਸਨ। ਵੋਟ ਸਿਆਸਤ ਦਾ ਵਿਅੰਗ ਦੇਖੋ: ਬ੍ਰਾਹਮਣ, ਠਾਕੁਰ ਆਪਣੀ ਮਰਜ਼ੀ ਨਾਲ ਡਾ. ਅੰਬੇਡਕਰ ਜਯੰਤੀ ਮਨਾਉਂਦੇ ਹਨ, ਪਰ ਡਾ. ਅੰਬੇਡਕਰ ਦੀ ਤਸਵੀਰ ਵਾਲੇ ਹੋਰਡਿੰਗ ਉਪਰ 'ਦਿ ਗਰੇਟ ਚਮਾਰ' ਲਿਖਣਾ ਉਨ੍ਹਾਂ ਨੂੰ ਗਵਾਰਾ ਨਹੀਂ।

20 ਅਪਰੈਲ ਨੂੰ ਸਥਾਨਕ ਭਾਜਪਾ ਸੰਸਦ ਮੈਂਬਰ ਰਾਘਵ ਲਖਨਪਾਲ ਦੀ ਅਗਵਾਈ ਹੇਠ ਸੜਕ ਦੂਧਲੀ ਅਤੇ ਹੋਰ ਪਿੰਡਾਂ ਵਿਚ ਧੱਕੇ ਨਾਲ ਅੰਬੇਡਕਰ ਜਯੰਤੀ ਮਾਰਚ ਕੱਢਣ ਦਾ ਦਲਿਤ ਸਮਾਜ ਵਲੋਂ ਵਿਰੋਧ ਕੀਤਾ ਗਿਆ। ਵਜ੍ਹਾ ਸਪਸ਼ਟ ਸੀ: ਉਨ੍ਹਾਂ ਵਲੋਂ ਹਰ ਸਾਲ ਵਾਂਗ 14 ਅਪਰੈਲ ਨੂੰ ਅੰਬੇਡਕਰ ਜਯੰਤੀ ਮਨਾਈ ਜਾ ਚੁੱਕੀ ਸੀ ਅਤੇ ਸੰਘ ਬ੍ਰਿਗੇਡ ਦੀ ਕਾਰਵਾਈ ਤਾਕਤ ਦੇ ਹੋਛੇ ਪ੍ਰਦਰਸ਼ਨ ਤੋਂ ਬਿਨਾ ਕੁਝ ਨਹੀਂ ਸੀ। ਵਿਰੋਧ ਦੇ ਮੱਦੇਨਜ਼ਰ ਪੁਲਿਸ ਵਲੋਂ ਖ਼ਾਸ ਇਲਾਕੇ ਵਿਚ ਸੋਭਾ ਯਾਤਰਾ ਕੱਢਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਸ 'ਤੇ ਸੰਘ ਬ੍ਰਿਗੇਡ ਵਲੋਂ ਧੱਕੇ ਨਾਲ ਮਾਰਚ ਕੱਢਿਆ ਗਿਆ ਅਤੇ ਸਥਾਨਕ ਸੰਸਦ ਮੈਂਬਰ ਦੀ ਅਗਵਾਈ ਹੇਠ ਭਗਵੇਂ ਗਰੋਹ ਨੇ ਐਸ.ਐਸ.ਪੀ. ਨੂੰ ਸਬਕ ਸਿਖਾਉਣ ਲਈ ਉਸ ਦੇ ਘਰ ਉਪਰ ਹਮਲਾ ਕਰ ਕੇ ਅੜਿੱਕਾ ਬਣਨ ਵਾਲੇ ਹੋਰ ਪੁਲਿਸ ਅਫਸਰਾਂ ਨੂੰ ਵੀ ਸੁਣਾਉਣੀ ਕਰ ਦਿੱਤੀ। ਫਿਰ 5 ਮਈ ਨੂੰ ਮਹਾਰਾਣਾ ਪ੍ਰਤਾਪ ਦੇ ਜਨਮ ਦਿਨ ਉਪਰ ਵੀ ਇਸੇ ਤਰ੍ਹਾਂ ਉਚ ਜਾਤੀ ਤਾਕਤ ਪ੍ਰਦਰਸ਼ਨ ਕੀਤਾ ਗਿਆ। ਇਸ ਵਿਚ ਸ਼ਾਮਲ ਹੋਣ ਜਾ ਰਹੇ ਠਾਕੁਰ ਨੌਜਵਾਨਾਂ ਦਾ ਸ਼ਬੀਰਪੁਰ ਪਿੰਡ ਵਿਚ ਦਲਿਤਾਂ ਨਾਲ ਟਕਰਾਓ ਖੜ੍ਹਾ ਹੋ ਗਿਆ। ਦਲਿਤਾਂ ਨੇ ਇਤਰਾਜ਼ ਕੀਤਾ ਕਿ ਜਯੰਤੀ ਮਾਰਚ ਵਾਲੇ ਉਚੀ ਆਵਾਜ਼ ਵਿਚ ਸੰਗੀਤ ਵਜਾਉਂਦੇ ਹੋਏ ਉਨ੍ਹਾਂ ਦੇ ਮੁਹੱਲੇ ਵਿਚੋਂ ਨਾ ਗੁਜ਼ਰਨ। ਇਸ ਤੋਂ ਭੜਕੇ ਠਾਕੁਰਾਂ ਦੇ ਹਜੂਮ ਨੇ ਦਲਿਤਾਂ ਦੇ 55 ਘਰ ਅਤੇ ਬਹੁਤ ਸਾਰੇ ਵਾਹਨ ਅੱਗ ਲਗਾ ਕੇ ਸਾੜ ਦਿੱਤੇ। ਇਸ ਹਮਲੇ ਵਿਚ ਇਕ ਰਾਜਪੂਤ ਨੌਜਵਾਨ ਦੀ ਮੌਤ ਹੋ ਗਈ। ਸੰਘ ਬ੍ਰਿਗੇਡ ਅਤੇ ਅਖੌਤੀ ਉਚ ਜਾਤਾਂ ਦੀ ਧੌਂਸਬਾਜ਼ੀ ਦੇ ਇਸ ਪਿਛੋਕੜ ਵਿਚ ਦਲਿਤਾਂ ਦਾ 'ਹਿੰਸਕ' ਪ੍ਰਤੀਕਰਮ ਸਾਹਮਣੇ ਆਇਆ ਹੈ ਜਿਸ ਵਿਚ ਭੀਮ ਸੈਨਾ ਦੀ ਚਰਚਾ ਹੋ ਰਹੀ ਹੈ।

5 ਮਈ ਦੀ ਸਾੜ-ਫੂਕ ਖਿਲਾਫ 9 ਮਈ ਨੂੰ ਭੀਮ ਸੈਨਾ ਵਲੋਂ ਸਹਾਰਨਪੁਰ ਦੇ ਰਵਿਦਾਸ ਹੋਸਟਲ ਵਿਚ ਦਲਿਤ ਮਹਾਂਪੰਚਾਇਤ ਬੁਲਾਈ ਗਈ। ਉਨ੍ਹਾਂ ਮੁਤਾਬਕ ਸ਼ਬੀਰਪੁਰ ਹਿੰਸਾ ਦੇ ਪੀੜਤਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ ਅਤੇ ਨਿਆਂ ਵੀ ਨਹੀਂ ਦਿੱਤਾ ਜਾ ਰਿਹਾ। ਦਲਿਤਾਂ ਨੂੰ ਪੁਲਿਸ ਤਾਕਤ ਨਾਲ ਇਸ ਬਹਾਨੇ ਖਿੰਡਾ ਦਿੱਤਾ ਗਿਆ ਕਿ ਉਨ੍ਹਾਂ ਕੋਲ ਪ੍ਰਸ਼ਾਸਨਿਕ ਮਨਜ਼ੂਰੀ ਨਹੀਂ, ਪਰ ਦਲਿਤ ਹਜੂਮ ਖਿੰਡਣ ਦੀ ਬਜਾਏ ਗਾਂਧੀ ਪਾਰਕ ਵਿਚ ਮੁੜ ਜੁੜ ਗਿਆ। ਸੋਸ਼ਲ ਮੀਡੀਆ 'ਤੇ ਖ਼ਬਰ ਫੈਲਣ ਨਾਲ ਆਲੇ-ਦੁਆਲੇ ਦੇ ਇਲਾਕਿਆਂ ਵਿਚੋਂ ਵੀ ਲੋਕ ਪਹੁੰਚ ਗਏ ਅਤੇ ਉਨ੍ਹਾਂ ਨੇ ਭੰਨਤੋੜ ਕੀਤੀ। ਆਮ ਲੋਕਾਂ ਦੀ ਕੁੱਟਮਾਰ ਦੀਆਂ ਘਟਨਾਵਾਂ ਵੀ ਹੋਈਆਂ। ਇਹ ਅਖੌਤੀ ਉਚ ਜਾਤਾਂ ਦੀਆਂ ਮਨਮਾਨੀਆਂ ਅਤੇ ਸੰਘ ਬ੍ਰਿਗੇਡ ਦੀ ਉਚ ਜਾਤੀ ਧੌਂਸ ਅਤੇ ਉਨ੍ਹਾਂ ਦਾ ਸਾਥ ਦੇ ਰਹੇ ਪੁਲਿਸ-ਪ੍ਰਸ਼ਾਸਨ ਖਿਲਾਫ ਆਪਮੁਹਾਰਾ ਪ੍ਰਤੀਕਰਮ ਸੀ, ਪਰ ਮੁੱਖਧਾਰਾ ਮੀਡੀਆ ਆਦਤ ਅਨੁਸਾਰ ਮਾਮਲੇ ਨੂੰ ਸਨਸਨੀਖੇਜ਼ ਅਤੇ ਹਊਆ ਬਣਾ ਰਿਹਾ ਹੈ। ਐਸਾ ਮਾਹੌਲ ਬਣਾ ਕੇ ਵੱਡੀ ਤਾਦਾਦ ਵਿਚ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਅਤੇ ਰਾਜਕੀ ਦਹਿਸ਼ਤ ਨਾਲ ਦਲਿਤ ਲਾਮਬੰਦੀ ਨੂੰ ਕੁਚਲਣ ਦੇ ਯਤਨ ਕੀਤੇ ਗਏ।

ਇਹ ਉਹ ਮੀਡੀਆ ਹੈ ਜਿਸ ਨੂੰ ਪਿਛਲੇ ਤਿੰਨ ਸਾਲਾਂ ਵਿਚ ਯੋਗੀ ਅਦਿਤਿਆਨਾਥ ਦੀ ਹਿੰਦੂ ਯੁਵਾ ਵਾਹਨੀ, ਬਜਰੰਗ ਦਲ ਅਤੇ ਹੋਰ ਹਿੰਦੂਤਵੀ ਗਰੋਹਾਂ ਵਲੋਂ ਫੈਲਾਇਆ ਜਾ ਰਿਹਾ ਯੋਜਨਾਬਧ ਦਹਿਸ਼ਤਵਾਦ ਨਜ਼ਰ ਨਹੀਂ ਆਇਆ, ਪਰ ਭੀਮ ਸੈਨਾ ਪਿੱਛੇ ਸਾਜ਼ਿਸ਼ ਦਿਖਾਈ ਦੇ ਰਹੀ ਹੈ। ਮੀਡੀਆ ਦੇ ਇਕ ਹਿੱਸੇ ਨੇ ਤਾਂ ਇਥੋਂ ਤਕ ਲਿਖ ਦਿੱਤਾ ਹੈ ਕਿ ਭੀਮ ਸੈਨਾ ਵਲੋਂ ਪੂਰੇ ਸ਼ਹਿਰ ਨੂੰ ਅੱਗ ਲਗਾ ਕੇ ਸਾੜ ਦੇਣ ਦੀ ਸਾਜ਼ਿਸ਼ ਘੜੀ ਗਈ ਸੀ ਅਤੇ ਸੈਨਾ ਦੇ ਨਕਸਲੀ ਸਬੰਧਾਂ ਦੀ ਜਾਂਚ ਕਰਨ ਦੀ ਜ਼ਰੂਰਤ ਹੈ! ਦਰਅਸਲ, ਸੰਘ ਬ੍ਰਿਗੇਡ ਅਤੇ ਮੁੱਖਧਾਰਾ ਸਿਆਸਤ ਦੇ ਨਾਂ ਹੇਠ ਜਥੇਬੰਦ ਮੁਜਰਿਮ ਗਰੋਹਾਂ ਦੀ ਜੀ-ਹਜ਼ੂਰੀ ਕਰਨ ਵਾਲੇ ਪੁਲਿਸ-ਪ੍ਰਸ਼ਾਸਨ ਅਤੇ ਮੀਡੀਆ ਨੂੰ ਦਲਿਤਾਂ ਦੇ ਐਸੇ ਤਿੱਖੇ ਪ੍ਰਤੀਕਰਮ ਦੀ ਉਮੀਦ ਨਹੀਂ ਸੀ। ਇਨ੍ਹਾਂ ਨੂੰ ਦਲਿਤ ਸਮਾਜ ਵਲੋਂ ਕੀਤੀ ਭੰਨਤੋੜ ਬਹੁਤ ਚੁਭੀ ਹੈ, ਪਰ ਮੁਜ਼ੱਫ਼ਰ ਨਗਰ ਵਿਚ ਹਿੰਦੂਤਵੀ ਗਰੋਹਾਂ ਵਲੋਂ ਮਚਾਈ ਸਾੜਸਤੀ ਦੌਰਾਨ ਸੱਤ ਮੁਸਲਿਮ ਔਰਤਾਂ ਨਾਲ ਸਮੂਹਿਕ ਬਲਾਤਕਾਰ ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ, ਦਾਦਰੀ ਵਿਚ ਗਊ ਮਾਸ ਦੇ ਬਹਾਨੇ ਮੁਹੰਮਦ ਅਖ਼ਲਾਕ ਦਾ ਕਤਲ, ਗਊ ਹੱਤਿਆ-ਲਵ ਜਹਾਦ-ਰਾਸ਼ਟਰਪ੍ਰੇਮ ਦੇ ਨਾਂ ਹੇਠ ਥੋਕ ਪੈਮਾਨੇ 'ਤੇ ਦਹਿਸ਼ਤਗਰਦ ਜਹਾਦ ਉਨ੍ਹਾਂ ਲਈ ਫ਼ਿਕਰਮੰਦੀ ਦੇ ਸਵਾਲ ਕਦੇ ਨਹੀਂ ਬਣੇ। ਉਨ੍ਹਾਂ ਲਈ ਇਹ ਮਹਿਜ਼ ਘਟਨਾਵਾਂ ਹਨ।

ਇਹ ਟਕਰਾਅ ਵਧਾਉਣ ਵਿਚ ਬਸਪਾ, ਸਮਾਜਵਾਦੀ ਪਾਰਟੀ ਵਰਗੇ ਸਾਬਕਾ ਸੱਤਾਧਾਰੀ ਗੁੱਟਾਂ ਦੇ ਸੌੜੇ ਹਿਤ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ; ਭਵਿਖ ਵਿਚ ਵੀ ਇਹ ਅਜਿਹੀ ਭੂਮਿਕਾ ਨਿਭਾਉਣਗੇ, ਪਰ ਭੀਮ ਸੈਨਾ ਦੇ ਦਲਿਤ ਸਮਾਜ ਵਿਚ ਮਕਬੂਲ ਹੋਣ ਦੀ ਮੂਲ ਵਜ੍ਹਾ ਉਚ ਜਾਤੀ ਹੈਂਕੜਬਾਜ਼ਾਂ ਦੀਆਂ ਧੱਕੇਸ਼ਾਹੀਆਂ ਖਿਲਾਫ ਦਲਿਤ ਸਮਾਜ ਦੀ ਸਵੈਮਾਣ ਹੈ। ਆਉਣ ਵਾਲੇ ਦਿਨਾਂ ਵਿਚ ਇਹ ਟਕਰਾਓ ਤਿੱਖਾ ਹੋਣ ਦੇ ਹਾਲਾਤ ਬਣੇ ਹੋਏ ਹਨ। ਅਦਿਤਿਆਨਾਥ ਦੇ ਰਾਜ ਹੇਠ ਪੁਲਿਸ ਅਤੇ ਪ੍ਰਸ਼ਾਸਨ ਦਾ ਤੇਜ਼ੀ ਨਾਲ ਭਗਵਾਂਕਰਨ ਜੱਗ ਜ਼ਾਹਰ ਹਕੀਕਤ ਹੈ। ਇਹ ਹੈਰਾਨੀਜਨਕ ਨਹੀਂ, ਜੇ ਅੱਜ ਪੁਲਿਸ ਤੇ ਬਾਕੀ ਰਾਜ ਮਸ਼ੀਨਰੀ ਸੰਘ ਬ੍ਰਿਗੇਡ ਲਈ ਕੰਮ ਕਰ ਰਹੀ ਹੈ।

ਇਨ੍ਹਾਂ ਹਾਲਾਤ ਵਿਚ ਮੁਸਲਮਾਨਾਂ, ਪੱਛੜੀਆਂ ਸ਼੍ਰੇਣੀਆਂ ਅਤੇ ਦਲਿਤਾਂ ਉਪਰ ਹਿੰਦੂਤਵੀ ਅਤੇ ਉਚ ਜਾਤੀ ਧੱਕੇਸ਼ਾਹੀਆਂ ਹੋਰ ਵਧਣਗੀਆਂ। ਬੇਗਾਨਗੀ ਅਤੇ ਪੱਖਪਾਤ ਦੇ ਆਲਮ ਵਿਚ ਸਵੈਰਾਖੀ ਦਾ ਸਵਾਲ ਹੋਰ ਵੀ ਸ਼ਿੱਦਤ ਨਾਲ ਉਭਰੇਗਾ। ਪ੍ਰਤੀਕਰਮ ਵਜੋਂ ਦਬਾਏ ਜਾ ਰਹੇ ਇਹ ਹਿੱਸੇ ਜਥੇਬੰਦ ਵਿਰੋਧ ਦਾ ਰਾਹ ਵੀ ਅਖ਼ਤਿਆਰ ਕਰਨਗੇ, ਪਰ ਜੇ ਇਸ ਵਿਰੋਧ ਨੂੰ ਮੰਚ ਮੁਹੱਈਆ ਕਰਨ ਵਾਲੀਆਂ ਸੰਸਥਾਵਾਂ ਅਤੇ ਇਨ੍ਹਾਂ ਦੇ ਆਗੂ ਇਸ ਲੜਾਈ ਨੂੰ ਜਾਤ ਅਤੇ ਫਿਰਕੇ ਦੇ ਸੀਮਤ ਦਾਇਰਿਆਂ ਵਿਚ ਲੜਨ ਦਾ ਯਤਨ ਕਰਨਗੇ ਤਾਂ ਇਹ ਲੜਾਈ ਸੰਘ ਬ੍ਰਿਗੇਡ ਦੀ ਅਗਵਾਈ ਹੇਠ ਮਜ਼ਬੂਤ ਹੋ ਰਹੀਆਂ ਪਿਛਾਂਹਖਿੱਚੂ ਤਾਕਤਾਂ ਨੂੰ ਪ੍ਰਭਾਵਸ਼ਾਲੀ ਟੱਕਰ ਨਹੀਂ ਦੇ ਸਕੇਗੀ। ਇਸ ਦੇ ਉਲਟ ਇਸ ਦੇ ਤੰਗ ਦਾਇਰੇ ਵਾਲੇ ਜਾਤਪਾਤੀ ਟਕਰਾਓ ਵਿਚ ਉਲਝ ਕੇ ਰਹਿ ਜਾਣ ਦਾ ਖ਼ਤਰਾ ਮੌਜੂਦ ਹੈ। ਹੁਣ ਦੇਖਣਾ ਇਹ ਹੈ ਕਿ ਸੰਘਰਸ਼ ਨੂੰ ਅਗਵਾਈ ਦੇਣ ਵਾਲੇ ਇਨ੍ਹਾਂ ਪੇਚੀਦਗੀਆਂ ਨਾਲ ਕਿਵੇਂ ਨਜਿੱਠਦੇ ਹਨ।

# ਧਰਮ ਅਤੇ ਰਾਸ਼ਟਰਵਾਦ

ਢਾਈ ਦਹਾਕੇ ਪਹਿਲਾਂ ਜਦੋਂ ਭਾਰਤ ਅੰਦਰ ਨਵੀਆਂ ਆਰਥਿਕ ਨੀਤੀਆਂ ਸ਼ੁਰੂ ਕੀਤੀਆਂ ਗਈਆਂ ਸਨ ਤਾਂ ਅਵਾਮ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਸ ਦਾ ਸਿੱਟਾ ਹਿੰਦੂ ਰਾਸ਼ਟਰਵਾਦੀਆਂ ਦੀ ਬੁਰਛਾਗਰਦ ਸਿਆਸਤ ਵਿਚ ਨਿਕਲਣਾ ਹੈ। ਉਸ ਵੇਲੇ ਦੀਆਂ ਕੁਝ ਸੰਜੀਦਾ ਤੇ ਸਪਸ਼ਟ ਆਵਾਜ਼ਾਂ ਨੇ ਭਾਵੇਂ ਇਸ ਨਵੇਂ ਅਤੇ ਦਰਪੇਸ਼ ਸਮੱਸਿਆਵਾਂ ਦੇ ਇਕੋ-ਇਕ ਦਰਸਾਏ ਜਾ ਰਹੇ ਹੱਲ ਬਾਬਤ ਚੇਤਨ ਜ਼ਰੂਰ ਕੀਤਾ ਸੀ, ਪਰ ਉਦੋਂ ਬਹੁਤਿਆਂ ਨੇ ਸ਼ਾਇਦ ਇਹ ਕਿਆਸ ਨਹੀਂ ਸੀ ਕੀਤਾ ਕਿ ਕਾਰਪੋਰੇਟ ਜਗਤ ਦੀਆਂ ਵਾਗਾਂ ਖੁੱਲ੍ਹਣ ਨਾਲ ਮੁਲਕ ਦੇ ਧਰਮ ਨਿਰਪੱਖ ਢਾਂਚੇ ਨੇ ਇਉਂ ਅਤੇ ਇੰਨੀ ਤੇਜ਼ੀ ਨਾਲ ਰਸਾਤਲ ਵੱਲ ਰਿੜ੍ਹ ਜਾਣਾ ਹੈ। ਫਿਰ ਤਾਂ ਜਿਵੇਂ ਜਿਵੇਂ ਕਾਰਪੋਰੇਟ ਜਗਤ ਮਜ਼ਬੂਤੀ ਫੜਦਾ ਗਿਆ, ਤਿਵੇਂ ਤਿਵੇਂ ਕੱਟੜਪੰਥੀਆਂ ਦੀ ਪਕੜ ਵੀ ਪੀਡੀ ਹੁੰਦੀ ਗਈ ਅਤੇ ਇਹ ਜੁਗਲਬੰਦੀ ਕੁਝ ਕੁ ਸਾਲਾਂ ਅੰਦਰ ਹੀ ਅਮਰ ਵੇਲ ਵਾਂਗ ਫੈਲ ਗਈ। ਧਨਾਢਾਂ ਅਤੇ ਕੱਟੜਪੰਥੀਆਂ ਦੀ ਚੜ੍ਹਤ ਤੇ ਜੁਗਲਬੰਦੀ ਦੀਆਂ ਜੜ੍ਹਾਂ ਫਰੋਲਣੀਆਂ ਹੋਣ ਤਾਂ ਵੰਡ ਤੋਂ ਪਹਿਲਾਂ ਦੇ ਵਕਤ ਉਤੇ ਉਡਦੀ ਜਿਹੀ ਨਜ਼ਰ ਮਾਰ ਲੈਣੀ ਕਾਫ਼ੀ ਹੋਵੇਗੀ। ਅੰਗਰੇਜ਼ਾਂ ਦੇ ਰਾਜ ਵੇਲੇ ਜਦੋਂ ਹੋਰ ਜਮਾਤਾਂ ਆਜ਼ਾਦੀ ਲਈ ਜੂਝ ਰਹੀਆਂ ਸਨ ਤਾਂ ਸਨਅਤਕਾਰ, ਕਾਰੋਬਾਰੀ ਅਤੇ ਹੋਰ ਪੜ੍ਹੇ-ਲਿਖੇ ਤਬਕੇ ਦੇ ਲੋਕ ਵੱਖ ਵੱਖ ਤਰ੍ਹਾਂ ਦੀਆਂ ਸਭਾਵਾਂ ਬਣਾ ਰਹੇ ਸਨ। ਉਦੋਂ ਵੀ ਅੰਗਰੇਜ਼ਾਂ ਨੇ ਕੱਟੜਵਾਦ ਨੂੰ ਹਵਾ ਦੇ ਕੇ ਆਜ਼ਾਦੀ ਦੀ ਲਹਿਰ ਨੂੰ ਸੰਨ੍ਹ ਲਾਉਣ ਬਾਰੇ ਸੋਚਿਆ ਸੀ ਅਤੇ ਉਹ ਬਹੁਤ ਹੱਦ ਤਕ ਕਾਮਯਾਬ ਵੀ ਰਹੇ ਸਨ।

ਫਿਰ 20ਵੀਂ ਸਦੀ ਦੇ ਆਰੰਭ ਵਿਚ ਜਿਉਂ ਜਿਉਂ ਆਜ਼ਾਦੀ ਦੀ ਲੜਾਈ ਤਿੱਖੀ ਹੋਈ, ਉਸੇ ਤਰ੍ਹਾਂ ਕੱਟੜਵਾਦ ਦਾ ਜਾਲ਼ ਵਿਛਦਾ ਰਿਹਾ। ਆਜ਼ਾਦੀ ਤੋਂ ਬਾਅਦ ਵੀ ਕੱਟੜਵਾਦ ਦਾ ਜ਼ਹਿਰ ਫੈਲਣ ਦਾ ਇਹ ਸਿਲਸਿਲਾ ਧੀਮਾ ਨਹੀਂ ਪਿਆ ਅਤੇ ਨਵੀਆਂ ਆਰਥਿਕ ਨੀਤੀਆਂ ਆਰੰਭ ਹੋਣ ਨਾਲ ਕਾਰਪੋਰੇਟ ਜਗਤ ਦੀਆਂ ਪੰਜੇ ਉਂਗਲ਼ਾਂ ਘਿਉ ਵਿਚ ਪੈ ਗਈਆਂ। ਜੇ ਸਿਆਸੀ ਖੇਤਰ ਬਾਰੇ ਵੀ ਪੁਣ-ਛਾਣ ਕੀਤੀ ਜਾਵੇ ਤਾਂ ਸਪਸ਼ਟ ਨਿਤਾਰਾ ਹੋ ਜਾਂਦਾ ਹੈ। ਰਾਮ ਰਥ ਦੀਆਂ ਲਹਿਰਾਂ ਉਤੇ ਸਵਾਰ ਭਾਰਤੀ ਜਨਤਾ ਪਾਰਟੀ ਇਹ ਨੀਤੀਆਂ ਆਉਣ (1991) ਤੋਂ ਅਗਲੇ ਹੀ ਸਾਲ (1992) ਅਯੁੱਧਿਆ ਵਿਚ ਬਾਬਰੀ ਮਸਜਿਦ ਢਾਹ ਦਿੰਦੀ ਹੈ, ਤੇ ਫਿਰ ਅਗਲੇ ਮਹਿਜ਼ ਚਾਰ ਸਾਲਾਂ ਬਾਅਦ ਹੀ ਕੇਂਦਰ ਵਿਚ ਸਰਕਾਰ ਬਣਾਉਣ ਦੀ ਮੁੱਖ ਦਾਅਵੇਦਾਰ ਬਣ ਜਾਂਦੀ ਹੈ। 2002 ਵਾਲ਼ਾ ਗੁਜਰਾਤ ਕਤਲੇਆਮ ਇਸ ਲੜੀ ਵਿਚ ਦੂਜੀ ਕੜੀ ਵਜੋਂ ਜੁੜਦਾ ਹੈ, ਜਿਸ ਤੋਂ ਇਸ ਅਖੌਤੀ ਉਦਾਰਵਾਦੀ ਉਛਾੜ ਦਾ ਅਸਲ ਰੰਗ ਦਿਸਣਾ ਸ਼ੁਰੂ ਹੁੰਦਾ ਹੈ। ਸਿੱਟੇ ਵਜੋਂ ਤਕਰੀਬਨ ਇਕ ਦਹਾਕੇ ਦੇ ਵਕਫ਼ੇ ਬਾਅਦ ਪੂਰਨ ਬਹੁਮਤ ਵਾਲੀ ਸੱਜੀ ਸਰਕਾਰ ਕੇਂਦਰ ਵਿਚ ਬਣਦੀ ਹੈ। ਇਸ ਸਮੇਂ ਦੌਰਾਨ ਵੀ ਕੱਟੜਪੰਥੀਆਂ ਅਤੇ ਕਾਰਪੋਰੇਟ ਜਗਤ ਦੀ ਜੁਗਲਬੰਦੀ ਸਪਸ਼ਟ ਦੇਖੀ ਜਾ ਸਕਦੀ ਹੈ। ਸੰਨ 2014 ਵਾਲੀਆਂ ਆਮ ਚੋਣਾਂ ਤੋਂ ਚਿਰ ਪਹਿਲਾਂ ਕਾਰਪੋਰੇਟ ਜਗਤ ਨੇ ਆਪਣੇ ਪੱਤੇ ਨਸ਼ਰ ਕਰ ਦਿੱਤੇ ਸਨ।

ਪੂਰਾ ਇਕ ਸਾਲ ਪਹਿਲਾਂ 'ਦੇਸ਼ ਭਗਤੀ ਬਨਾਮ ਦੇਸ਼ ਧ੍ਰੋਹ' ਬਾਬਤ ਚਰਚਾ ਕਰਦਿਆਂ ਕੱਟੜਪੰਥੀਆਂ ਦੀ ਸਰਕਾਰ ਦੀ ਕਾਇਮੀ ਤੋਂ ਬਾਅਦ, ਭਿਅੰਕਰ ਬਣ ਰਹੇ ਹਾਲਾਤ ਦੇ ਮੱਦੇਨਜ਼ਰ, ਉਨ੍ਹਾਂ ਤਾਕਤਾਂ ਦੀ ਸ਼ਨਾਖ਼ਤ ਕਰਨ ਦਾ ਹੋਕਾ ਦਿੱਤਾ ਗਿਆ ਸੀ ਜੋ ਇਸ ਬੁਰਛਾਗਰਦ ਸਿਆਸਤ ਨੂੰ ਠੱਲ੍ਹ ਸਕਣ ਦੇ ਸਮਰੱਥ ਹੋ ਸਕਣ, ਪਰ ਹਾਲ ਹੀ ਵਿਚ ਆਏ ਵਿਧਾਨ ਸਭਾ, ਖਾਸ ਕਰ ਕੇ ਉਤਰ ਪ੍ਰਦੇਸ਼ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਸਾਰੇ ਖ਼ਦਸ਼ੇ ਸੱਚ ਕਰ ਦਿਖਾਏ ਹਨ। ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਚੋਣਾਂ ਵਾਂਗ ਇਹ ਵਿਧਾਨ ਸਭਾ ਚੋਣਾਂ ਵੀ ਭਾਵੇਂ ਵਿਕਾਸ ਦੇ ਓਹਲੇ ਹੇਠ ਲੜੀਆਂ, ਪਰ ਜਿਸ ਤਰ੍ਹਾਂ ਯੋਗੀ ਅਦਿਤਿਆਨਾਥ ਨੂੰ ਸੂਬੇ ਦਾ ਮੁੱਖ ਮੰਤਰੀ ਥਾਪਿਆ ਜਾਂ ਥੋਪਿਆ ਗਿਆ, ਉਸ ਨੇ ਸੱਤਾਧਾਰੀਆਂ ਦੇ ਅਸਲ ਦਾਈਏ ਦੇ ਦਰਸ਼ਨ ਕਰਵਾ ਦਿੱਤੇ ਹਨ। ਇਸ ਧਿਰ ਵੱਲੋਂ ਕੱਲ੍ਹ ਤਕ ਕਥਿਤ ਨਕਲੀ ਧਰਮ ਨਿਰਪੱਖਤਾ ਬਾਰੇ ਕੀਤੀ ਜਾ ਰਹੀ ਚਰਚਾ, ਹੁਣ ਹਿੰਦੂ ਰਾਸ਼ਟਰਵਾਦ ਉਤੇ ਆਣ ਟਿਕੀ ਹੈ। ਹਿੰਦੂ




ਫਿਰਕਾਪ੍ਰਸਤ ਕਹੇ ਜਾਣ ਵਾਲ਼ਾ ਤੌਖ਼ਲਾ ਹੁਣ ਇਸ ਧਿਰ ਲਈ ਬੇਮਾਇਨਾ ਹੋ ਗਿਆ ਹੈ। ਪਹਿਲਾਂ-ਪਹਿਲ ਇਸ ਨੇ ਨਕਲੀ ਧਰਮ ਨਿਰਪੱਖਤਾ ਦਾ ਮਸਲਾ ਉਭਾਰ ਕੇ ਲੋਕ ਰਾਏ ਨੂੰ ਮੋਛੇ ਲਾਉਣ ਦਾ ਯਤਨ ਕੀਤਾ। ਹੁਣ ਮੋਦੀ ਤੋਂ ਬਾਅਦ ਯੋਗੀ ਨੇ ਵੀ ਠੋਕ ਵਜਾ ਕੇ ਕਹਿ ਦਿੱਤਾ ਹੈ ਕਿ ਉਹ ਹਿੰਦੂ ਹੈ ਅਤੇ ਰਾਸ਼ਟਰਵਾਦੀ ਵੀ ਹੈ, ਇਸ ਲਈ ਹਿੰਦੂ ਰਾਸ਼ਟਰਵਾਦੀ ਹੋਣਾ ਕੋਈ ਮਿਹਣਾ ਨਹੀਂ। ਇਤਿਹਾਸ ਨਵੇਂ ਸਿਰਿਉਂ ਲਿਖਣ-ਲਿਖਵਾਉਣ ਦੀਆਂ ਗੱਲਾਂ ਤਾਂ ਤਿੰਨ ਸਾਲ ਪਹਿਲਾਂ ਸਰਕਾਰ ਬਣਦਿਆਂ ਹੀ ਚੱਲ ਪਈਆਂ ਸਨ। ਆਰ.ਐਸ.ਐਸ. ਪ੍ਰਚਾਰਕ ਦੀ ਪ੍ਰਧਾਨ ਮੰਤਰੀ ਵਜੋਂ ਤਾਜਪੋਸ਼ੀ ਤੋਂ ਬਾਅਦ ਕੀ ਮੁੱਖ ਮੰਤਰੀ ਤੇ ਕੀ ਰਾਜਪਾਲ, ਕੀ ਵੱਖ ਵੱਖ ਸੰਸਥਾਵਾਂ ਤੇ ਅਦਾਰਿਆਂ ਦੇ ਮੁਖੀ ਤੇ ਕੀ ਮੈਂਬਰ; ਸਭ ਭੁਗਤਾਣ ਆਰ.ਐਸ.ਐਸ. ਦੇ ਖਾਤੇ ਵਿਚੋਂ ਹੀ ਹੋ ਰਿਹਾ ਹੈ। ਇਸ ਪ੍ਰਸੰਗ ਵਿਚ ਇਕ ਖ਼ਤਰਨਾਕ ਨੁਕਤਾ ਹੋਰ ਜੁੜ ਰਿਹਾ ਹੈ। ਕੱਟੜਵਾਦ ਕਾਰਨ ਹੋਰ ਤਬਕਿਆਂ ਅੰਦਰ ਜਿਹੜਾ ਖ਼ੌਫ਼ ਘਰ ਕਰ ਰਿਹਾ ਹੈ, ਉਸ ਦਾ ਰਾਹ ਬਰਾਬਰ ਦੇ ਕੱਟੜਵਾਦ ਵੱਲ ਹੀ ਖੁੱਲ੍ਹਦਾ ਹੈ। ਹਰ ਕੱਟੜ ਜਮਾਤ ਕਿਸੇ ਦੂਜੀ ਕੱਟੜ ਜਮਾਤ ਦੀ ਭਾਵੇਂ ਕਿੰਨੀ ਵੀ ਮੁਖ਼ਾਲਿਫ਼ ਕਿਉਂ ਨਾ ਹੋਵੇ, ਇਹ ਧਿਰਾਂ ਸਦਾ ਹੀ ਇਕ ਦੂਜੇ ਦੀਆਂ ਪੂਰਕ ਹੁੰਦੀਆਂ ਹਨ। ਇਹ ਰਾਹ ਹੁਣ ਮੁਲਕ ਨੂੰ ਕਿਸ ਪਾਸੇ ਲੈ ਕੇ ਜਾਵੇਗਾ, ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ।

ਹੁਣ ਮਸਲਾ ਇਸ ਸਿਆਸਤ ਦੇ ਟਾਕਰੇ ਦਾ ਹੈ। ਸਭ ਰਵਾਇਤੀ ਧਿਰਾਂ ਦਾ ਸਾਰਾ ਜ਼ੋਰ ਹੁਣ ਸਿਆਸੀ ਏਕੇ ਉਤੇ ਲੱਗਾ ਹੋਇਆ ਹੈ। ਠੀਕ ਹੈ ਕਿ ਹਰ ਮੋਰੀ ਮੁੰਦੀ ਜਾਣੀ ਚਾਹੀਦੀ ਹੈ, ਪਰ ਇਥੇ ਹੀ ਇਹ ਧਿਰਾਂ ਖ਼ਤਾ ਖਾ ਰਹੀਆਂ ਹਨ। ਅੱਜ ਦੀ ਤਾਰੀਖ਼ ਵਿਚ ਮੋਦੀ ਅਤੇ ਉਸ ਦੀ ਧਾਰਾ ਨੇ ਸਿਆਸੀ ਪਿੜ ਅੰਦਰ ਉਹ ਥਾਂ ਹਥਿਆ ਲਈ ਹੋਈ ਹੈ ਜਿਥੇ ਧਰਮ-ਨਿਰਪੱਖ ਤੱਤ ਡਟ ਕੇ ਪਹਿਰਾ ਨਹੀਂ ਦੇ ਸਕੇ। ਹੁਣ ਮਸਲਾ ਮੋਦੀ ਜਾਂ ਉਸ ਦੀ ਧਾਰਾ ਦੀ ਵਕਤੀ ਮੁਖ਼ਾਲਫ਼ਤ ਦਾ ਨਹੀਂ, ਇਸ ਧਾਰਾ ਦੇ ਸਰੋਤਾਂ ਨੂੰ ਨੱਕਾ ਲਾਉਣ ਦਾ ਹੈ। ਇਹ ਨੱਕਾ ਨਵੇਂ ਸਿਰਿਉਂ ਪਹਿਲਕਦਮੀ ਅਤੇ ਉਸ ਊਰਜਾ ਨਾਲ ਹੀ ਲਾਇਆ ਜਾ ਸਕਦਾ ਹੈ ਜਿਸ ਦਾ ਜਲੌਅ ਲੋਕ ਅਕਸਰ ਸਿਆਸੀ ਪਿੜਾਂ ਅੰਦਰ ਦੇਖਦੇ ਰਹੇ ਹਨ। ਬੇਸ਼ੱਕ, ਅਜਿਹੀ ਸਿਆਸੀ ਊਰਜਾ ਫ਼ਿਲਹਾਲ ਕਿਧਰੇ ਨਜ਼ਰੀਂ ਨਹੀਂ ਪੈ ਰਹੀ, ਸ਼ਾਇਦ ਇਸੇ ਕਰ ਕੇ ਸਾਹਿਤਕ-ਸਭਿਆਚਾਰਕ ਕਾਮਿਆਂ ਦਾ ਕਾਰਜ ਵੀ ਮੁਕਾਬਲਤਨ ਔਖਾ ਹੋਇਆ ਪਿਆ ਹੈ, ਕਿਉਂਕਿ ਅਜਿਹੇ ਕਾਰਜਾਂ ਦੀ ਬੁਲੰਦੀ ਦਾ ਨਾੜੂਆ, ਸਿਆਸੀ ਸਰਗਰਮੀ ਨਾਲ ਜੁੜਿਆ ਹੁੰਦਾ ਹੈ। ਖੈਰ! ਅੱਜ ਜਦੋਂ ਸਮੁੱਚੇ ਸੰਸਾਰ ਦੇ ਗਲੋਬਲੀ ਪਿੰਡ ਵਿਚ ਵਟਣ ਦੇ ਦਾਅਵੇ ਹੋ ਰਹੇ ਹਨ, ਭਾਵ ਸੰਸਾਰ ਦਾ ਹਰ ਜੀਅ ਇਕ-ਦੂਜੇ ਦੇ ਨੇੜੇ ਆ ਰਿਹਾ ਹੈ, ਤਾਂ ਵੱਡਾ ਸਵਾਲ ਇਹੀ ਹੈ ਕਿ ਮੰਡੀ ਚਲਾ ਰਹੇ ਲੋਕਾਂ ਵੱਲੋਂ ਵਿਕਾਸ ਰਾਹੀਂ ਸੱਤਾ ਹਾਸਲ ਕਰਨ ਦਾ ਜੋ ਭਰਮ ਸਿਰਜ ਦਿੱਤਾ ਗਿਆ ਹੈ, ਉਸ ਨੂੰ ਵੰਗਾਰ ਕਿਸ ਤਰ੍ਹਾਂ ਦਿੱਤੀ ਜਾਵੇ? ਅੱਜ ਜੋ ਵੀ ਹਾਲਾਤ ਹਨ, ਇਸ ਮਰਜ਼ ਦੀਆਂ ਪਰਤਾਂ ਖੋਲ੍ਹਣ ਦੀ ਜ਼ਿੰਮੇਵਾਰੀ ਵਿਦਵਾਨਾਂ ਤੇ ਸੂਝਵਾਨਾਂ ਉਤੇ ਹੀ ਹੈ ਅਤੇ ਪੰਜਾਬੀ ਕਲਮਕਾਰਾਂ ਦੀ ਜਮਾਤ ਵੀ ਇਸ ਵਰਗ ਵਿਚ ਹੀ ਆਉਂਦੀ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਵਿਦਵਾਨਾਂ ਦੇ ਵਿਚਾਰ, ਕਾਫ਼ਲੇ ਦਾ ਰੂਪ ਕਦੋਂ ਵਟਾਉਂਦੇ ਹਨ। ***(ਤ੍ਰੈਮਾਸਕ 'ਸਿਰਜਣਾ'-184 ਦੀ ਸੰਪਾਦਕੀ, ਧੰਨਵਾਦ ਸਹਿਤ)***

# ਦੌੜਾਂ ਲਾਉਣ ਵਾਲੇ ਬਾਬੇ

***ਗੁਰੂ ਗੋਬਿੰਦ ਸਿੰਘ ਚਿਲਡਰਨਜ਼ ਫਾਊਂਡੇਸ਼ਨ ਵੱਲੋਂ 21 ਮਈ 2017 ਨੂੰ ਟੋਰਾਂਟੋ ਵਿਚ ਚੈਰਿਟੀ ਮੈਰਾਥਨ ਵਾਕ ਤੇ ਮੈਰਾਥਨ ਦੌੜ ਲਗਵਾਈ ਜਾ ਰਹੀ ਹੈ। ਮੈਰਾਥਨ ਦੌੜਾਂ ਲਾਉਣ ਵਾਲੇ ਕੁਝ 'ਬਾਬਿਆਂ' ਦੀ ਗੱਲ ਕਰਦੇ ਹਾਂ ਤਾਂ ਜੋ ਹੋਰ ਬਾਬੇ ਵੀ ਉਤਸ਼ਾਹਿਤ ਹੋਣ। ਅਜਿਹੀਆਂ ਮੈਰਾਥਨਾਂ ਦਾ ਉਦੇਸ਼ ਹੀ ਆਪੋ ਆਪਣੇ ਜੁੱਸਿਆਂ ਨੂੰ ਲੰਮੀ ਉਮਰ ਤਕ ਫਿੱਟ ਰੱਖਣਾ ਹੈ। -ਸੰਪਾਦਕ***

ਬਾਬਾ ਫੌਜਾ ਸਿੰਘ ਨੂੰ ਦੌੜਾਂ ਵੱਲ ਲਾਉਣ ਵਾਲੇ ਕੁਝ ਬਾਬੇ ਹੋਰ ਵੀ ਹਨ। ਉਨ੍ਹਾਂ 'ਚੋਂ ਇਕ ਦਾ ਨਾਂ ਹੈ ਅਜੀਤ ਸਿੰਘ ਤੇ ਦੂਜੇ ਦਾ ਅਮਰੀਕ ਸਿੰਘ। ਉਨ੍ਹਾਂ ਨੇ ਦੌੜ-ਦੌੜ ਕੇ ਗਲਾਸਗੋ ਦੇ ਪਾਰਕ ਘਸਾ ਦਿੱਤੇ ਹਨ। ਜੇ ਉਹ ਧਰਤੀ ਦੁਆਲੇ ਦੌੜਨ ਲੱਗਦੇ ਤਾਂ ਹੁਣ ਨੂੰ ਚੌਥਾ ਪੰਜਵਾਂ ਗੇੜਾ ਸ਼ੁਰੂ ਹੋ ਜਾਣਾ ਸੀ। ਉਹ 1970 ਤੋਂ ਦੌੜ ਰਹੇ ਹਨ ਤੇ 1985 ਤੋਂ ਲੰਡਨ ਦੀਆਂ ਮੈਰਾਥਨ ਦੌੜਾਂ ਵਿਚ ਭਾਗ ਲੈ ਰਹੇ ਹਨ। ਉਹ ਲੰਡਨ, ਨਿਊ ਯਾਰਕ, ਬਰਲਿਨ, ਟੋਰਾਂਟੋ, ਲਾਹੌਰ, ਬੈਲਜੀਅਮ, ਹਾਲੈਂਡ, ਫਰਾਂਸ ਤੇ ਹੋਰ ਕਈ ਮੁਲਕਾਂ ਦੇ ਸ਼ਹਿਰਾਂ ਵਿਚ ਵੀ ਦੌੜ ਚੁਕੇ ਹਨ। ਜਦੋਂ ਉਹ ਫੌਜਾ ਸਿੰਘ ਨਾਲ ਦੌੜਦੇ ਹਨ ਤਾਂ ਉਨ੍ਹਾਂ ਦੀ ਟੀਮ ਦਾ ਨਾਂ 'ਸਿੱਖਸ ਇਨ ਸਿਟੀ' ਹੁੰਦਾ ਹੈ। ਉਨ੍ਹਾਂ ਨੇ ਟੋਰਾਂਟੋ ਦੀ ਸਕੋਸ਼ੀਆ ਬੈਂਕ ਵਾਟਰਫਰੰਟ ਮੈਰਾਥਨ ਵੀ ਲਾਈ ਹੋਈ ਹੈ।

2005 ਵਿਚ ਉਹ ਲਾਹੌਰ ਦੀ ਸਟੈਂਡਰਡ ਚਾਰਟਰਡ ਮੈਰਾਥਨ ਦੌੜ ਕੇ ਇੰਡੀਆ ਆਏ ਤੇ ਅਚਾਨਕ ਹੀ ਮੇਰੇ ਪਾਸ ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਪਹੁੰਚ ਗਏ। ਕਾਲਜ ਵਿਚ ਮੇਰੀਆਂ ਉਨ੍ਹਾਂ ਨਾਲ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਖੁੱਲ੍ਹੀਆਂ ਗੱਲਾਂ ਹੋਈਆਂ। ਉਹ ਲੱਖ ਮੀਲ ਤੋਂ ਉਪਰ ਦੌੜ ਚੁਕੇ ਸਨ ਤੇ ਪਤਾ ਨਹੀਂ ਅਜੇ ਕਿੰਨੇ ਮੀਲ ਹੋਰ ਦੌੜੀ ਜਾਣਾ ਸੀ? ਉਹ ਆਪਣੀਆਂ ਦੌੜਾਂ ਦੀਆਂ ਗੱਲਾਂ ਦੱਸਣ ਲੱਗੇ ਤਾਂ ਜੋ ਮੈਂ ਲਿਖ ਕੇ ਹੋਰਨਾਂ ਨੂੰ ਦੱਸ ਸਕਾਂ। ਅਜੀਤ ਸਿੰਘ ਨੇ ਪਹਿਲੀ ਗੱਲ ਇਹ ਦੱਸੀ ਕਿ ਪਹਿਲਾਂ ਪਹਿਲ ਉਹ ਆਪਣੇ ਕੁੱਤੇ ਨਾਲ ਦੌੜਨ ਲੱਗਾ ਸੀ। ਪਰ ਕੁੱਤੇ ਨਾਲ ਦੌੜ ਕੇ ਉਹ ਗੱਲ ਨਹੀਂ ਸੀ ਬਣਦੀ ਜਿਹੜੀ 'ਕੱਲਿਆਂ ਦੌੜ ਕੇ ਬਣਦੀ ਸੀ। ਕੁੱਤਾ ਤਾਂ ਦਸ ਮੀਲ ਦੌੜ ਕੇ ਹੀ ਬਹਿ ਜਾਂਦਾ ਸੀ ਜਦ ਕਿ ਅਜੀਤ ਸਿੰਘ ਨੇ ਵੀਹ ਮੀਲ ਦੌੜਨ ਦੀ ਪ੍ਰੈਕਟਿਸ ਕਰਨੀ ਹੁੰਦੀ ਸੀ। ਉਂਜ ਵੀ ਕੁੱਤਾ ਰਾਤ ਨੂੰ ਦੌੜਨ ਤੋਂ ਕੰਨੀ ਕਤਰਾਉਂਦਾ ਸੀ ਜਦ ਕਿ ਅਜੀਤ ਸਿੰਘ ਨੂੰ ਵਕਤ ਈ ਰਾਤ ਨੂੰ ਦੌੜਨ ਦਾ ਮਿਲਦਾ ਸੀ।

ਜਿਵੇਂ ਇਕ ਅਮਲੀ ਦੂਜੇ ਨੂੰ ਅਮਲ ਲਾ ਦਿੰਦਾ ਹੈ, ਉਵੇਂ ਹੀ ਉਸ ਨੇ ਵੀ ਇਕ ਦਿਨ ਅਮਰੀਕ ਸਿੰਘ ਨੂੰ ਲੱਭ ਲਿਆ। ਫਿਰ ਅਮਰੀਕ ਸਿੰਘ ਨੂੰ ਵੀ ਅਜੀਤ ਸਿੰਘ ਵਾਲਾ ਅਮਲ ਲੱਗ ਗਿਆ। ਵਡਉਮਰੇ ਬੰਦੇ ਜਾਣਨਾ ਚਾਹੁੰਣਗੇ ਕਿ ਇਹ ਕੁੱਤਿਆਂ ਨੂੰ ਹੰਭਾਅ ਦੇਣ ਵਾਲੇ ਬਾਬੇ ਬਣੇ ਕਿਸ ਮਿੱਟੀ ਦੇ ਹਨ? ਹੋ ਸਕਦੈ ਫਿਰ ਉਹ ਵੀ ਲੇਫਾਂ 'ਚੋਂ ਨਿਕਲ ਕੇ ਦੁੜਕੀ ਚਾਲੇ ਪੈ ਜਾਣ ਤੇ ਆਪਣੇ ਨਾਂ ਦੀ ਮਸ਼ਹੂਰੀ ਕਰਾਉਣ ਲੱਗ ਪੈਣ। ਜਿਵੇਂ ਫੌਜਾ ਸਿੰਘ ਦੁਨੀਆਂ 'ਚ ਮਸ਼ਹੂਰ ਹੋਇਆ, ਉਵੇਂ ਉਨ੍ਹਾਂ ਦੀ ਵੀ ਬੱਲੇ-ਬੱਲੇ ਹੋ ਜਾਵੇ!

ਅਜੀਤ ਸਿੰਘ ਤੇ ਅਮਰੀਕ ਸਿੰਘ ਬੁਢਾਪੇ ਵੱਲ ਵਧ ਰਹੇ ਬੰਦਿਆਂ ਲਈ ਰੋਲ ਮਾਡਲ ਹੋ ਸਕਦੇ ਨੇ। ਅਜੀਤ ਸਿੰਘ ਬੀ. ਏ. ਬੀ. ਟੀ. ਹੈ ਤੇ ਅਮਰੀਕ ਸਿੰਘ ਤੀਜੀ 'ਚੋਂ ਹਟਿਆ ਹੋਇਐ। ਦੋਹਾਂ ਨੂੰ ਇੰਗਲੈਂਡ ਵਿਚ ਰਹਿੰਦਿਆਂ ਅੱਧੀ ਸਦੀ ਤੋਂ ਵੱਧ ਸਮਾਂ ਹੋ ਗਿਆ ਹੈ। ਅਜੀਤ ਸਿੰਘ ਕਾਰ ਚਲਾਉਣੀ ਨਹੀਂ ਸਿੱਖਿਆ ਕਿਉਂਕਿ ਲੱਤਾਂ ਹੀ ਉਸ ਨੇ ਕਾਰ ਬਣਾਈ ਰੱਖੀਆਂ ਹਨ। ਕਾਰ ਦਾ ਲਸੰਸ ਅਮਰੀਕ ਸਿੰਘ ਕੋਲ ਹੈ। ਉਹੀ ਅਜੀਤ ਸਿੰਘ ਨੂੰ ਦੂਰ ਦੇ ਸ਼ਹਿਰਾਂ ਵਿਚ ਲਿਜਾਂਦਾ ਹੈ। ਦੌੜਾਂ ਵਿਚ ਦਾਖਲੇ ਲਈ ਚਿੱਠੀ ਪੱਤਰ ਅਜੀਤ ਸਿੰਘ ਕਰਦਾ ਹੈ। ਦੋਵੇਂ ਇਕ ਦੂਜੇ 'ਤੇ ਨਿਰਭਰ ਹਨ ਤੇ ਦੋਹਾਂ 'ਚ ਬਣਦੀ ਵੀ ਬੜੀ ਹੈ। ਦੋਵੇਂ ਅੰਮ੍ਰਿਤਧਾਰੀ ਹਨ। ਅੰਗਰੇਜ਼ ਉਨ੍ਹਾਂ ਨੂੰ 'ਹੈਪੀ ਬ੍ਰਦਰਜ਼' ਕਹਿੰਦੇ ਹਨ ਤੇ ਦੌੜਦਿਆਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਹੱਲਾਸ਼ੇਰੀ ਦਿੰਦੇ ਹਨ।

ਦੋਵੇਂ 1964 ਵਿਚ ਇੰਗਲੈਂਡ ਗਏ ਸਨ। ਉਹ ਇਕ ਕਦਮ ਨਾਲ 'ਵਾਹਿ' ਕਹਿੰਦੇ ਹਨ ਤੇ ਦੂਜੇ ਨਾਲ 'ਗੁਰੂ'। ਉਨ੍ਹਾਂ ਦੀ ਖਾਧ ਖੁਰਾਕ ਦੁੱਧ/ਚਾਹ ਦਾ ਕੱਪ, ਅਲਸੀ ਦੀ ਪਿੰਨੀ, ਕੁਝ ਫਲ, ਦਾਲ ਫੁਲਕਾ ਤੇ ਗੁਰਦੁਆਰੇ ਦੀ ਦੇਗ ਹੈ। ਮੀਟ ਸ਼ਰਾਬ ਤੋਂ ਉਹ ਲਾਂਭੇ ਹਨ। ਦੋਹਾਂ ਦਾ ਭਾਰ ਪੰਜਾਹ ਕਿਲੋਗਰਾਮ ਤੋਂ ਘੱਟ ਰਹਿੰਦਾ ਹੈ ਤੇ ਕੱਦ ਕਾਠ ਵੀ ਸਾਢੇ ਪੰਜ ਫੁੱਟ ਦੇ ਆਸ ਪਾਸ ਹੈ। ਵੇਖਣ ਨੂੰ ਉਹ ਮਾੜਚੂ ਜਿਹੇ ਲੱਗਦੇ ਹਨ ਪਰ ਹੈਗੇ ਫੌਲਾਦੀ ਬਾਬੇ। ਚੈਰਿਟੀ ਦੀਆਂ ਦੌੜਾਂ 'ਚੋਂ ਜਿਹੜਾ ਪੈਸਾ ਮਿਲਦਾ ਹੈ, ਉਹ ਲੋੜਵੰਦਾਂ ਨੂੰ ਦੇ ਦਿੰਦੇ ਹਨ। ਸਰਬੱਤ ਦਾ ਭਲਾ ਮੰਗਦੇ ਹਨ। ਆਏ ਗਏ ਦੀ ਸੇਵਾ ਕਰਦੇ ਹਨ ਤੇ ਰੱਬ ਦੀ ਰਜ਼ਾ ਵਿਚ ਖੁਸ਼ ਰਹਿੰਦੇ ਹਨ। ਸੱਚੇ ਸੁੱਚੇ ਗੁਰਸਿੱਖ ਹਨ, ਇਹ ਦੌੜਾਕ ਬਾਬੇ।

ਅਜੀਤ ਸਿੰਘ ਦਾ ਜਨਮ 25 ਮਾਰਚ 1931 ਨੂੰ ਮੁੱਲਾਂਪੁਰ ਜ਼ਿਲ੍ਹਾ ਲੁਧਿਆਣਾ ਵਿਚ ਧੰਨਾ ਸਿੰਘ ਦੇ ਘਰ ਮਾਤਾ ਮਾਨ ਕੌਰ ਦੀ ਕੁੱਖੋਂ ਹੋਇਆ ਸੀ। ਉਸ ਨੇ ਗੁਰੂਸਰ ਸੁਧਾਰ ਤੋਂ ਦਸਵੀਂ ਤੇ ਮੋਗੇ ਤੋਂ ਬੀ. ਏ. ਬੀ. ਟੀ. ਕੀਤੀ। ਫਿਰ ਉਹ ਮੋਹੀ, ਫੇਰੂ ਸ਼ਹਿਰ ਤੇ ਕੱਸੋਆਣੇ ਦੇ ਹਾਈ ਸਕੂਲਾਂ ਵਿਚ ਹਿਸਾਬ ਦਾ ਮਾਸਟਰ ਲੱਗਾ ਰਿਹਾ। ਮੁੱਲਾਂਪੁਰ ਤੋਂ ਸੁਧਾਰ ਤਕ ਉਹ ਦੌੜ ਕੇ ਹੀ ਪੜ੍ਹਨ ਜਾਂਦਾ। 1956 ਵਿਚ ਉਸ ਦਾ ਮਾਂਗੇਵਾਲ ਦੀ ਬੀਬੀ ਮਹਿੰਦਰ ਕੌਰ ਨਾਲ ਵਿਆਹ ਹੋ ਗਿਆ। ਅਮਰੀਕ ਸਿੰਘ ਨੂੰ ਪੱਕਾ ਪਤਾ ਨਹੀਂ ਕਿ ਉਸ ਦਾ ਵਿਆਹ ਕਿਹੜੇ ਸੰਨ ਤੇ ਕਿੰਨੀ ਉਮਰ ਵਿਚ ਹੋਇਆ? ਬੱਸ ਏਨਾ ਯਾਦ ਹੈ ਕਿ ਜਦੋਂ ਉਹਦੇ ਵੱਡੇ ਭਰਾ ਦਾ ਵਿਆਹ ਹੋਇਆ ਤਾਂ ਨਾਲ ਈ ਉਹਦੇ ਵੀ ਅਨੰਦ ਕਾਰਜ ਹੋ ਗਏ। ਚੇਤੇ ਉਤੇ ਜ਼ੋਰ ਪਾ ਕੇ ਦੱਸਦਾ ਹੈ ਕਿ ਵਿਆਹ ਹੋਏ ਨੂੰ ਸੱਠ ਕੁ ਸਾਲ ਹੋ ਗਏ ਹੋਣਗੇ!

ਅਮਰੀਕ ਸਿੰਘ ਆਪਣਾ ਕੱਦ ਪੰਜ ਫੁੱਟ ਤੋਂ ਉਤੇ ਦੱਸਦਾ ਹੈ। ਉਤੇ ਕਿੰਨੇ ਇੰਚ ਹਨ, ਇਹ ਪਤਾ ਨਹੀਂ। ਕਹਿੰਦਾ ਹੈ ਕਦੇ ਮਿਣਿਆਂ ਹੀ ਨਹੀਂ। ਅਜੀਤ ਸਿੰਘ ਨੇ ਆਪਣਾ ਕੱਦ ਪੰਜ ਫੁੱਟ ਛੇ ਇੰਚ ਲਿਖਾਇਆ ਤੇ ਭਾਰ ਸੰਤਾਲੀ ਕਿਲੋਗਰਾਮ। ਅਮਰੀਕ ਸਿੰਘ ਨੂੰ ਪੁੱਛਿਆ ਤਾਂ ਕਹਿਣ ਲੱਗਾ, "ਭਾਰ ਤੋਲ ਕੇ ਈ ਲਿਖਾਵਾਂਗਾ ਹੋਰ ਨਾ ਕਿਤੇ ਗਲਤ ਹੋ ਜੇ? ਪਿਛਲੇ ਸਾਲ ਪੰਜਾਹ ਕਿੱਲੋ ਸੀ। ਜੇ ਲਿਖਣਾ ਈ ਐਂ ਤਾਂ ਫੇਰ ਮੇਰਾ ਵੀ ਅਜੀਤ ਸਿੰਹੁ ਜਿੰਨਾ ਈ ਲਿਖ ਲੋ।"

ਮੈਨੂੰ ਉਹ ਦੋ ਵਾਰ ਮਿਲੇ। ਦੋਵੇਂ ਵਾਰ ਮੈਂ ਉਨ੍ਹਾਂ ਨੂੰ ਕੁਝ ਖਾਣ ਪੀਣ ਲਈ ਕਿਹਾ ਪਰ ਉਨ੍ਹਾਂ ਨੇ ਕੁਝ ਵੀ ਨਾ ਖਾਧਾ ਪੀਤਾ। ਕਹਿੰਦੇ ਰਹੇ, "ਬੱਸ ਦਰਸ਼ਨ ਮੇਲੇ ਨਾਲ ਈ ਖੁਸ਼ ਐਂ!" ਮੈਂ ਹੈਰਾਨ, ਪਈ ਇਹ ਬਾਬੇ ਦੌੜਦੇ ਕਾਹਦੇ ਸਿਰ 'ਤੇ ਹਨ? ਪੁੱਛਣ 'ਤੇ ਪਤਾ ਲੱਗਾ, ਉਨ੍ਹਾਂ ਦਾ ਖਾਣ ਪੀਣ ਬੜਾ ਬੰਧੇਜ ਵਿਚ ਹੈ। ਖੁਰਾਕ ਦਾ ਤਾਂ ਕੋਈ ਖਰਚਾ ਈ ਨਹੀਂ, ਖਰਚਾ ਤਾਂ ਬੱਸ ਦੌੜਨ ਵਾਲੇ ਬੂਟਾਂ ਦਾ ਹੀ ਹੈ ਜਿਨ੍ਹਾਂ ਦੇ ਸਾਲ 'ਚ ਤਿੰਨ ਚਾਰ ਜੋੜੇ ਤਾਂ ਘਸ ਹੀ ਜਾਂਦੇ ਨੇ। ਉਨ੍ਹਾਂ ਨੂੰ ਬੁਢਾਪਾ ਪੈਨਸ਼ਨਾਂ ਮਿਲਦੀਆਂ ਹਨ ਜਿਨ੍ਹਾਂ ਦਾ ਦਸਵੰਧ ਉਹ ਪਿੰਗਲਵਾੜੇ ਨੂੰ ਦਿੰਦੇ ਹਨ। ਸਬਰ ਸੰਤੋਖ ਉਨ੍ਹਾਂ ਦਾ ਸਰਮਾਇਆ ਹੈ।



ਅਮਰੀਕ ਸਿੰਘ ਦਾ ਜਨਮ 16 ਜਨਵਰੀ 1931 ਨੂੰ ਪੱਦੀ ਖਾਲਸਾ ਜ਼ਿਲ੍ਹਾ ਜਲੰਧਰ ਵਿਚ ਪਿਤਾ ਗੁਰਦਿੱਤਾ ਦੇ ਘਰ ਮਾਤਾ ਨਾਮ੍ਹੀ ਦੀ ਕੁੱਖੋਂ ਹੋਇਆ। ਉਸ ਦਾ ਵਿਆਹ ਜੌੜੇ ਉਪਲੀਂ ਹੋਇਆ। ਉਸ ਦੇ ਦੋ ਲੜਕੇ ਤੇ ਪੰਜ ਲੜਕੀਆਂ ਹਨ। ਇੰਗਲੈਂਡ ਪਹੁੰਚ ਕੇ ਪਹਿਲਾਂ ਫਾਊਂਡਰੀ 'ਚ ਕੰਮ ਕੀਤਾ, ਫਿਰ ਬਿਲਡਿੰਗਾਂ 'ਚ ਪਿਆ ਤੇ ਅਖੀਰ ਗਰੋਸਰੀ ਦਾ ਬਿਜਨਸ ਕਰ ਲਿਆ। ਉਹ ਸਵੇਰੇ ਸੱਤ ਵਜੇ ਦੁਕਾਨ ਖੋਲ੍ਹਦੈ ਤੇ ਰਾਤ ਦਸ ਵਜੇ ਬੰਦ ਕਰਦੈ। ਚਾਰ ਕੁ ਘੰਟੇ ਸੌਂ ਕੇ ਵੱਡੇ ਤੜਕੇ ਈ ਉਠ ਖੜ੍ਹਦੈ ਤੇ ਦੌੜਨ ਲੱਗ ਪੈਂਦੈ। ਦੌੜ ਕੇ ਈ ਦੁਕਾਨ 'ਤੇ ਜਾਂਦਾ ਤੇ ਸਾਰਾ ਦਿਨ ਖੜ੍ਹੀ ਲੱਤ ਦਾਲਾਂ ਸਬਜ਼ੀਆਂ ਵੇਚੀ ਜਾਂਦੈ। ਥਕਾਵਟ ਨੂੰ ਉਹ ਨੇੜੇ ਨਹੀਂ ਢੁੱਕਣ ਦਿੰਦਾ। ਉਸ ਦੇ ਗਾਤਰੇ ਉਤੇ 'ਸਤਿਨਾਮ ਵਾਹਿਗੁਰੂ' ਲਿਖਿਆ ਹੋਇਐ। ਉਸ ਦੀ ਫਿਫਟੀ ਕੇਸਰੀ ਸੀ ਤੇ ਪਗੜੀ ਕਾਲੀ। ਅਜੀਤ ਸਿੰਘ ਦੀ ਫਿਫਟੀ ਲਾਲ ਸੀ। ਮੈਂ ਕੇਸਰੀ ਤੇ ਲਾਲ ਫਿਫਟੀ ਦੇ ਵਖਰੇਵੇਂ ਦਾ ਕਾਰਨ ਪੁੱਛਿਆ ਤਾਂ ਕਹਿੰਦੇ, ਆਪੋ ਆਪਣਾ ਸ਼ੌਂਕ ਐ! ਦੋਵੇਂ ਦਾੜ੍ਹੀਆਂ ਖੁੱਲ੍ਹੀਆਂ ਰੱਖਦੇ ਨੇ ਤੇ ਪੱਗਾਂ ਕਾਲੀਆਂ ਬੰਨ੍ਹਦੇ ਨੇ। ਪੈਰੀਂ ਹਮੇਸ਼ਾਂ ਦੌੜਨ ਵਾਲੇ ਬੂਟ ਹੁੰਦੇ ਨੇ। ਕੀ ਪਤਾ ਕਿਹੜੇ ਵੇਲੇ ਦੌੜਨ ਦਾ ਦਾਅ ਲੱਗ ਜਾਵੇ?

ਅਜੀਤ ਸਿੰਘ ਪੰਜਾਬ ਵਿਚ ਸਰਕਾਰੀ ਸਕੂਲ ਦਾ ਅਧਿਆਪਕ ਸੀ। ਉਹ ਇੰਪਲਾਏਮੈਂਟ ਵਾਊਚਰ ਉਤੇ ਇੰਗਲੈਂਡ ਗਿਆ ਸੀ। ਜਦੋਂ ਉਹ ਹੀਥਰੋ ਹਵਾਈ ਅੱਡੇ 'ਤੇ ਉਤਰਿਆ ਤਾਂ ਉਹਦੀ ਜ਼ੇਬ 'ਚ ਸਾਢੇ ਤਿੰਨ ਪੌਂਡ ਸਨ। ਉਨ੍ਹਾਂ ਨਾਲ ਉਹ ਆਪਣੇ ਜਾਣਕਾਰ ਦੇ ਘਰ ਪੁੱਜਾ। ਰਸਤੇ ਦਾ ਭੇਤੀ ਹੁੰਦਾ ਤਾਂ ਦੌੜ ਕੇ ਈ ਚਲਾ ਜਾਂਦਾ ਤੇ ਟੈਕਸੀ ਦਾ ਕਿਰਾਇਆ ਬਚਾਅ ਲੈਂਦਾ। ਫਿਰ ਸ਼ੁਰੂ ਹੋਈ ਇੰਗਲੈਂਡ ਦੀ ਕਰੜੀ ਮੁਸ਼ੱਕਤ ਤੇ ਅਧਿਆਪਕ ਬਣਨ ਲਈ ਹੋਰ ਪੜ੍ਹਾਈ। 1968 ਵਿਚ ਉਹ ਨੌਟਿੰਘਮ ਯੂਨੀਵਰਸਿਟੀ ਤੋਂ ਟੀਚਿੰਗ ਦਾ ਕੋਰਸ ਕਰ ਕੇ ਸਕਾਟਲੈਂਡ 'ਚ ਲਾਰਕਹਾਲ ਦੀ ਅਕੈਡਮੀ ਵਿਚ ਅਧਿਆਪਕ ਲੱਗ ਗਿਆ। ਉਥੇ ਉਸ ਨੇ 1990 ਤਕ ਪੜ੍ਹਾਇਆ ਤੇ ਕਾਰ ਉਤੇ ਜਾਣ ਦੀ ਥਾਂ ਦੌੜ ਕੇ ਈ ਸਕੂਲ ਜਾਂਦਾ ਰਿਹਾ। ਉਸ ਨੇ ਆਪਣੀਆਂ ਦੋਹਾਂ ਟੰਗਾਂ ਨੂੰ 11 ਨੰਬਰ ਬੱਸ ਕਹਿਣਾ ਸ਼ੁਰੂ ਕਰ ਲਿਆ। ਜਦੋਂ ਪੈਦਲ ਹੀ ਕਿਸੇ ਪਾਸੇ ਜਾਣ ਦੀ ਤਿਆਰੀ ਖਿੱਚਣੀ ਤਾਂ ਆਖਣਾ, "ਚੱਲ ਗਿਆਰਾਂ ਨੰਬਰ ਬੱਸ 'ਤੇ ਚੜ੍ਹੀਏ!"

ਮੁਕੰਦਪੁਰ ਅਸੀਂ ਬਰਾਬਰ ਤੁਰਦੇ ਹੋਏ ਗੱਲਾਂ ਕਰਨ ਲੱਗੇ। ਗੱਲਾਂ ਕਰਦਿਆਂ ਅਜੀਤ ਸਿੰਘ ਖੱਬਾ ਹੱਥ ਉਠਾਉਂਦਾ ਜੋ ਮੇਰੀ ਵੱਖੀ 'ਚ ਵੱਜਦਾ। ਮੈਨੂੰ ਉਹ ਖਬਚੂ ਲੱਗਾ। ਵੱਖੀ 'ਚ ਹੱਥ ਵੱਜਣ ਤੋਂ ਬਚਦਾ ਮੈਂ ਉਹਦੇ ਸੱਜੇ ਹੱਥ ਹੋਇਆ ਤਾਂ ਉਹ ਫਿਰ ਮੇਰੇ ਸੱਜੇ ਪਾਸੇ ਹੋ ਗਿਆ। ਦੋ ਤਿੰਨ ਵਾਰ ਅਜਿਹਾ ਹੋਇਆ ਤਾਂ ਮੈਂ ਅਨੁਮਾਨ ਲਾਇਆ ਕਿ ਹੱਥ ਵੀ ਉਹਦਾ ਖੱਬਾ ਚੱਲਦਾ ਹੈ ਤੇ ਸੁਣਦਾ ਵੀ ਖੱਬੇ ਕੰਨੋਂ ਹੀ ਹੋਣੈ! ਪੁੱਛਿਆ ਤਾਂ ਗੱਲ ਸਹੀ ਨਿਕਲੀ। ਸੱਜੇ ਕੰਨੋਂ ਘੱਟ ਸੁਣਦਾ ਕਰਕੇ ਹੀ ਉਹ ਸੁਣਨ ਵਾਲਾ ਕੰਨ ਮੇਰੇ ਵੱਲ ਰੱਖ ਰਿਹਾ ਸੀ। ਉਸ ਨੂੰ ਕਈ ਹਾਦਸਿਆਂ ਦਾ ਸ਼ਿਕਾਰ ਹੋਣਾ ਪਿਆ ਸੀ। ਪਰ ਧੰਨ ਸੀ ਉਹਦਾ ਜੁੱਸਾ ਜੋ ਹਸਪਤਾਲ ਵਿਚ ਪਿਆਂ ਵੀ ਦੌੜਨ ਲਈ ਅਹੁਲਦਾ ਰਿਹਾ। 'ਕੇਰਾਂ ਡਾਕਟਰ ਉਹਦਾ ਅਪਰੇਸ਼ਨ ਕਰਨ ਲੱਗੇ ਤਾਂ ਉਹ ਆਖੀ ਜਾਵੇ, "ਪਹਿਲਾਂ ਮੈਨੂੰ ਮੈਰਾਥਨ ਲਾ ਆਉਣ ਦਿਓ। ਜਾਣ ਆਉਣ ਈ ਐਂ। ਬੱਸ ਗਿਆ ਤੇ ਆਇਆ। ਫੇਰ ਕਰ ਲਿਓ ਜੋ ਚੀਰ ਫਾੜ ਕਰਨੀ ਐਂ!"

ਜਦੋਂ ਉਹਦਾ ਗੋਡੇ ਦਾ ਅਪਰੇਸ਼ਨ ਹੋਇਆ ਤਾਂ ਕੁਝ ਮਹੀਨੇ ਉਹਦਾ ਦੌੜਨਾ ਬੰਦ ਹੋ ਗਿਆ ਸੀ। ਉਹ ਸਮਾਂ ਉਸ ਨੇ ਸਾਈਕਲ ਚਲਾ ਕੇ ਮਸਾਂ ਲੰਘਾਇਆ। ਪਰ ਸਾਈਕਲ ਚਲਾਉਣ 'ਚ ਪੈਰੀਂ ਦੌੜਨ ਵਰਗਾ ਅਨੰਦ ਕਿਥੇ! ਉਹਨੂੰ ਦੌੜ ਦੇ ਇਸ਼ਕ ਨੇ ਟਿਕਣ ਨਾ ਦਿੱਤਾ ਤੇ ਉਹ ਮੁੜ ਦੌੜਨ ਲੱਗ ਗਿਆ। ਅਜੀਤ ਸਿੰਘ, ਅਮਰੀਕ ਸਿੰਘ, ਫੌਜਾ ਸਿੰਘ ਤੇ ਉਹਦਾ ਕੋਚ ਹਰਮੰਦਰ ਸਿੰਘ-ਚਾਰੇ ਜਣੇ ਲਾਹੌਰ ਦੀ ਮੈਰਾਥਨ ਦੌੜੇ। ਲਾਹੌਰੀਆਂ ਨੇ ਸਿੰਘਾਂ ਲਈ ਵਧੇਰੇ ਤਾੜੀਆਂ ਮਾਰੀਆਂ ਤੇ ਉਹ ਦੌੜਾਕਾਂ ਦੀ ਭੀੜ ਵਿਚ ਖਾਸ ਖਿੱਚ ਦਾ ਕੇਂਦਰ ਬਣੇ ਰਹੇ। ਉਨ੍ਹਾਂ ਦੀਆਂ ਪੱਗਾਂ ਤੇ ਝੂਲਦੀਆਂ ਦਾੜ੍ਹੀਆਂ ਨੇ ਕੈਮਰਿਆਂ ਦੀਆਂ ਸ਼ਿਸ਼ਤਾਂ ਆਪਣੇ ਵੱਲ ਭੁਆਈ ਰੱਖੀਆਂ।

ਸ਼ਾਇਦ ਕੋਈ ਜਾਣਨਾ ਚਾਹੇ ਕਿ ਅੱਸੀਆਂ ਤੋਂ ਟੱਪੇ ਇਹ ਬਾਬੇ ਦੌੜਦੇ ਕਿੰਨਾ ਕੁ ਤੇਜ਼ ਨੇ? ਬੁੱਢਿਆਂ ਦੀਆਂ ਦੌੜਾਂ ਤੇਜ਼ ਦੌੜਨ ਦੀ ਥਾਂ ਪੂਰੀਆਂ ਦੌੜਨੀਆਂ ਵਧੇਰੇ ਅਹਿਮ ਹੁੰਦੀਆਂ ਹਨ। ਉਹ ਦੌੜ ਦੇ ਸਨਮੁੱਖ ਦੌੜਦੇ ਹਨ, ਨਾ ਕਿ ਸਮੇਂ ਦੇ ਸਨਮੁੱਖ। ਦੌੜ ਪੂਰੀ ਕਰਨ ਵਾਲਾ ਭਾਵੇਂ ਪਿੱਛੇ ਹੀ ਰਵ੍ਹੇ ਫਿਰ ਵੀ ਜੇਤੂ ਅਖਵਾਉਂਦਾ ਹੈ। ਅਮਰੀਕ ਸਿੰਘ ਨੇ ਦੱਸਿਆ ਕਿ ਉਸ ਨੇ ਸੈਂਕੜੇ ਦੌੜਾਂ ਵਿਚ ਭਾਗ ਲਿਆ ਪਰ ਕੋਈ ਦੌੜ ਵਿਚਾਲੇ ਨਹੀਂ ਛੱਡੀ। ਉਂਜ ਉਹ 42 ਕਿਲੋਮੀਟਰ ਦੀ ਮੈਰਾਥਨ 3 ਘੰਟੇ 18 ਮਿੰਟ ਵਿਚ ਪੂਰੀ ਕਰ ਚੁਕਾ ਹੈ ਤੇ ਅੱਧੀ ਮੈਰਾਥਨ ਇਕ ਘੰਟਾ 27 ਮਿੰਟ ਵਿਚ।

ਅਜੀਤ ਸਿੰਘ ਦੇ ਜੁੱਸੇ ਵਿਚ ਪਤਾ ਨਹੀਂ ਕੀ ਜਾਦੂ ਹੈ ਕਿ ਉਹ ਹਰੇਕ ਹਾਦਸੇ ਪਿੱਛੋਂ ਵਧੇਰੇ ਫਿੱਟ ਹੁੰਦਾ ਰਿਹਾ। ਹਾਦਸੇ ਵੀ ਕਈ ਹੋਏ। ਇਹੋ ਹਾਲ ਅਮਰੀਕ ਸਿੰਘ ਦਾ ਹੈ। 'ਫਿੱਟਨੈਸ' ਉਨ੍ਹਾਂ ਦਾ ਖਬਤ ਹੈ। ਅੰਗਰੇਜ਼ ਉਨ੍ਹਾਂ ਦੀਆਂ ਫਿਲਮਾਂ ਬਣਾਉਂਦੇ ਹਨ ਤੇ ਉਨ੍ਹਾਂ ਦੀ ਰੀਸੇ ਦੌੜਦੇ ਹਨ। ਅਜੀਤ ਸਿੰਘ ਨੌਕਰੀ ਤੋਂ ਰਿਟਾਇਰ ਹੋ ਕੇ ਹਡਰਸਫੀਲਡ ਆਪਣੇ ਪੁੱਤਰਾਂ ਕੋਲ ਰਹਿਣ ਲੱਗ ਪਿਆ ਹੈ ਜੋ ਡਾਕਟਰ ਹਨ। ਉਸ ਦੀ ਧੀ ਵੀ ਚੰਗੇ ਅਹੁਦੇ 'ਤੇ ਹੈ। ਉਨ੍ਹਾਂ ਨੇ ਗੁਰੂ ਅੰਗਦ ਦੇਵ ਓਲੰਪਿਕ ਸੰਸਥਾ ਕਾਇਮ ਕੀਤੀ ਹੈ ਜਿਸ ਰਾਹੀਂ ਲੋੜਵੰਦ ਖਿਡਾਰੀਆਂ ਦੀ ਮਦਦ ਕੀਤੀ ਜਾਂਦੀ ਹੈ।

ਵਡੇਰੀ ਉਮਰ ਦੇ ਇਨ੍ਹਾਂ ਸਿੰਘਾਂ ਵਿਚ ਦੌੜੀ ਜਾਣ ਦਾ ਅਮੁੱਕ ਜਜ਼ਬਾ ਹੈ ਜੋ ਉਨ੍ਹਾਂ ਨੂੰ ਦੇਸ-ਪਰਦੇਸ ਉਡਾਈ ਫਿਰਦਾ ਹੈ। ਉਂਜ ਤਾਂ ਉਹ ਮੈਡਲਾਂ ਦੀਆਂ ਝੋਲੀਆਂ ਭਰੀ ਫਿਰਦੇ ਹਨ ਪਰ ਸਿੱਖ ਸੰਸਥਾਵਾਂ ਨੂੰ ਅਜਿਹੇ ਸੂਰਬੀਰ ਖਿਡਾਰੀਆਂ ਨੂੰ ਸਨਮਾਨਣ ਦਾ ਸ਼ਾਇਦ ਅਜੇ ਚੇਤਾ ਨਹੀਂ ਆਇਆ। ਧੰਨ ਹਨ ਇਹ ਬਾਬੇ ਜੋ ਮਾਨਾਂ ਸਨਮਾਨਾਂ ਤੋਂ ਨਿਰਲੇਪ ਆਪਣੀ ਧੁਨ 'ਚ ਦੌੜੀ ਜਾਂਦੇ ਹਨ ਤੇ ਸਿੱਖ ਸਰੂਪ ਦੀ ਨੁਮਾਇਸ਼ ਵੀ ਕਰੀ ਜਾਂਦੇ ਹਨ। ਜੀਂਦੇ ਰਹਿਣ ਮੈਰਾਥਨ ਦੌੜਾਂ ਦੇ ਮਹਾਂਰਥੀ!

# ਸਰਕਾਰੀ ਸਕੂਲਾਂ ਬਾਰੇ ਹਾਕਮਾਂ ਦੀਆਂ ਨਮੋਸ਼ੀ ਵਾਲੀ ਰਣਨੀਤੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਭਾਵੇਂ ਸਰਕਾਰੀ ਸਕੂਲਾਂ ਨੂੰ ਆਧੁਨਿਕ ਪੱਧਰ ਦੀਆਂ ਸਹੂਲਤਾਂ ਦੇਣ ਦੇ ਦਾਅਵੇ ਕਰ ਰਹੀ ਹੈ, ਪਰ ਹਕੀਕੀ ਤੌਰ 'ਤੇ ਪੰਜਾਬੀ ਆਪਣੀ ਨਵੀਂ ਪੌਦ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ ਤੋਂ ਝਿਜਕਦੇ ਹਨ। ਸਿੱਖਿਆ ਵਿਭਾਗ ਦੇ ਅੰਕੜਿਆਂ ਅਨੁਸਾਰ ਹੁਣ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੀ ਥਾਂ ਪ੍ਰਾਈਵੇਟ ਸਕੂਲਾਂ ਵਿਚ ਦਾਖਲ ਕਰਵਾਉਣ ਨੂੰ ਤਰਜੀਹ ਦਿੰਦੇ ਹਨ। ਸਕੂਲਾਂ ਵਿਚ ਪਹਿਲੇ ਜਮਾਤ ਦੇ ਬੱਚਿਆਂ ਦੇ ਦਾਖ਼ਲਿਆਂ ਦੇ ਅੰਕੜੇ ਸਰਕਾਰੀ ਲਈ ਬੜੀ ਨਮੋਸ਼ੀ ਭਰੇ ਹਨ।

ਸਾਲ 2010-11 ਤੋਂ ਸਾਲ 2016-17 ਤੱਕ ਦੇ ਛੇ ਸਾਲਾਂ ਦੇ ਅੰਕੜੇ ਸਰਕਾਰੀ ਸਕੂਲਾਂ ਦੀ ਗਿਰਾਵਟ ਦਾ ਪੁਖਤਾ ਪ੍ਰਮਾਣ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2010-11 ਦੌਰਾਨ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਵਿਚ 2,78,296 ਬੱਚਿਆਂ ਨੇ ਦਾਖਲੇ ਲਏ ਸਨ। ਦੂਸਰੇ ਪਾਸੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਜਮਾਤ 'ਚ ਸਿਰਫ 43,048 ਬੱਚਿਆਂ ਨੇ ਹੀ ਦਾਖਲੇ ਲਏ ਸਨ।

ਸਾਲ 2016-17 ਦੇ ਅੰਕੜੇ ਪੰਜਾਬ ਸਰਕਾਰ ਲਈ ਵੱਡੀ ਚਿੰਤਾ ਦਾ ਕਾਰਨ ਹਨ ਕਿਉਂਕਿ ਇਸ ਵਰ੍ਹੇ ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ 'ਚ ਸਿਰਫ 1,75,206 ਬੱਚਿਆਂ ਨੇ ਹੀ ਦਾਖਲੇ ਲਏ ਸਨ ਜਦਕਿ ਦੂਸਰੇ ਪਾਸੇ ਇਸ ਵਰ੍ਹੇ ਪ੍ਰਾਈਵੇਟ ਸਕੂਲਾਂ ਵਿਚ ਦਾਖਲ ਬੱਚਿਆਂ ਦੀ ਗਿਣਤੀ 1,29,090 ਸੀ। ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਜਮਾਤ ਵਿਚ ਦਾਖਲ ਬੱਚਿਆਂ ਦੀ ਗਿਣਤੀ ਵਿਚ ਛੇ ਸਾਲਾਂ ਦੌਰਾਨ 200 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਸਰਕਾਰੀ ਸਕੂਲਾਂ ਵਿਚ ਉਲਟਾ ਇਹ ਗਿਣਤੀ 37 ਫੀਸਦੀ ਘਟੀ ਹੈ। ਪ੍ਰਾਈਵੇਟ ਸਕੂਲਾਂ ਵਿਚ ਸਾਲ 2014-15 ਦੌਰਾਨ ਪਹਿਲੀ ਜਮਾਤ ਵਿਚ ਬੱਚਿਆਂ ਦੇ ਸਭ ਤੋਂ ਵੱਧ 1,33,664 ਦਾਖਲੇ ਹੋਏ ਹਨ।

ਪਹਿਲੀ ਤੋਂ ਲੈ ਕੇ ਬਾਰ੍ਹਵੀਂ ਜਮਾਤਾਂ ਤੱਕ ਬੱਚਿਆਂ ਦੇ ਕੁੱਲ ਦਾਖਲਿਆਂ ਵਿਚ ਵੀ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਚਹਿਲ-ਪਹਿਲ ਨਿਰੰਤਰ ਘਟਦੀ ਜਾ ਰਹੀ ਹੈ ਜਦਕਿ ਪ੍ਰਾਈਵੇਟ ਸਕੂਲਾਂ ਵਿਚ ਵਿਦਿਆਰਥੀਆਂ ਦੀ ਭੀੜ ਦਿਨੋਂ-ਦਿਨ ਵਧਦੀ ਜਾ ਰਹੀ ਹੈ।

ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2010-11 ਦੌਰਾਨ ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ 10+2 ਜਮਾਤਾਂ ਦੇ ਵਿਦਿਆਰਥੀਆਂ ਦੇ 25,,36,918 ਦਾਖਲੇ ਹੋਏ ਸਨ ਜਦਕਿ ਪ੍ਰਾਈਵੇਟ ਸਕੂਲਾਂ ਵਿਚ 27,09,638 ਵਿਦਿਆਰਥੀ ਦਾਖਲ ਸਨ। ਸਰਕਾਰੀ ਸਕੂਲਾਂ ਵਿਚ ਸਾਲ 2016-17 ਨੂੰ ਇਨ੍ਹਾਂ ਜਮਾਤਾਂ ਦੇ ਬੱਚਿਆਂ ਦੇ ਦਾਖਲੇ ਖੁਰ ਕੇ ਮਹਿਜ਼ 23,79,136 'ਤੇ ਆ ਗਏ ਹਨ। ਦੂਸਰੇ ਪਾਸੇ ਪ੍ਰਾਈਵੇਟ ਸਕੂਲਾਂ ਵਿਚ ਸਾਲ 2016-17 ਦੌਰਾਨ ਇਨ੍ਹਾਂ ਜਮਾਤਾਂ ਦੇ ਵਿਦਿਆਰਥੀਆਂ ਦੇ 31,14,478 ਦਾਖਲੇ ਹੋਏ ਹਨ। ਦੱਸਣਯੋਗ ਹੈ ਕਿ 10+2 ਜਮਾਤ ਦੇ ਨਿਕਲੇ ਨਤੀਜੇ ਵੀ ਨਿਰਾਸ਼ਾਜਨਕ ਹਨ। ਇਨ੍ਹਾਂ ਵਿਚ ਕੁੱਲ 62.36 ਫੀਸਦੀ ਵਿਦਿਆਰਥੀ ਪਾਸ ਹੋਏ ਹਨ, ਜਿਨ੍ਹਾਂ ਵਿਚੋਂ 54.42 ਫੀਸਦੀ ਲੜਕੇ ਅਤੇ 72.59 ਫੀਸਦੀ ਲੜਕੀਆਂ ਪਾਸ ਹੋਈਆਂ ਹਨ।

## ਨਸ਼ੇੜੀ ਪਿਉ ਨੇ ਸੱਤ ਮਹੀਨੇ ਦੀ ਧੀ ਨਹਿਰ ਵਿਚ ਸੁੱਟੀ

**ਕਾਹਨੂੰਵਾਨ:** ਪਿੰਡ ਭੱਟੀਆਂ ਵਿਚ ਇਕ ਨਸ਼ੇੜੀ ਨੇ ਆਪਣੀ 7 ਮਹੀਨੇ ਦੀ ਧੀ ਨੂੰ ਪਿੰਡ ਨੇੜਿਉਂ ਲੰਘਦੀ ਨਹਿਰ ਵਿਚ ਸੁੱਟ ਦਿੱਤਾ। ਪਿੰਡ ਭੱਟੀਆਂ ਦੇ ਕੁਲਵੰਤ ਸਿੰਘ ਉਰਫ ਮਿੱਠੂ ਟਰੱਕ ਡਰਾਈਵਰ ਹੈ। ਉਸ ਦਾ ਵਿਆਹ ਕੁਝ ਸਾਲ ਪਹਿਲਾਂ ਰਾਜਵਿੰਦਰ ਕੌਰ ਵਾਸੀ ਛੇਹਰਟਾ ਅੰਮ੍ਰਿਤਸਰ ਨਾਲ ਹੋਇਆ ਸੀ। ਇਨ੍ਹਾਂ ਦੇ ਘਰ ਤਿੰਨ ਧੀਆਂ ਨੇ ਜਨਮ ਲਿਆ। ਇਸ ਦੌਰਾਨ ਕੁਲਵੰਤ ਸਿੰਘ ਅਤੇ ਰਾਜਵਿੰਦਰ ਕੌਰ ਵਿਚਾਲੇ ਕਲੇਸ਼ ਰਹਿਣ ਲੱਗ ਪਿਆ, ਜਿਸ ਦੇ ਚੱਲਦਿਆਂ ਕੁਲਵੰਤ ਸਿੰਘ ਨੇ ਆਪਣੀ ਪਤਨੀ ਨੂੰ ਕੁੱਟ ਮਾਰ ਕਰ ਕੇ ਪੇਕੇ ਜਾਣ ਲਈ ਮਜਬੂਰ ਕਰ ਦਿੱਤਾ ਸੀ। ਰਾਜਵਿੰਦਰ ਕੌਰ ਕੱਲ ਹੀ ਆਪਣੇ ਮਾਪਿਆਂ ਸਮੇਤ ਆਪਣੇ ਸਹੁਰੇ ਘਰ ਆਈ ਸੀ, ਨਸ਼ੇ ਵਿੱਚ ਧੁੱਤ ਹੋਏ ਕੁਲਵਿੰਦਰ ਸਿੰਘ ਨੇ ਆਪਣੀ 7 ਮਹੀਨੇ ਦੀ ਧੀ ਗੁਰਪ੍ਰੀਤ ਨੂੰ ਲੈ ਕੇ ਘਰੋਂ ਚੱਲਿਆ ਗਿਆ ਤੇ ਉਸ ਨੂੰ ਨਹਿਰ ਵਿੱਚ ਸੁੱਟ ਦਿੱਤਾ।

# ਈਸਾਈ ਜੂਲੀਓ ਰਿਬੇਰੋ

*(ਜੂਲੀਓ ਰਿਬੇਰੋ ਅੱਸੀਵਿਆਂ ਵਿਚ ਪੰਜਾਬ ਪੁਲਿਸ ਦਾ ਡੀ.ਜੀ.ਪੀ. ਰਿਹਾ। ਇਸ ਤੋਂ ਪਹਿਲਾਂ ਉਹ ਬੰਬਈ ਅਤੇ ਗੁਜਰਾਤ ਦਾ। ਰਿਟਾਇਰ ਹੋ ਕੇ ਉਸ ਨੇ ਰੋਮਾਨੀਆ ਦੇ ਰਾਜਦੂਤ ਵਜੋਂ ਡਿਊਟੀ ਨਿਭਾਈ। ਉਸ ਦੀ ਕਿਤਾਬ 'ਬੁਲਿਟ ਫਾਰ ਬੁਲਿਟ' ਬਾਰੇ ਮੈਂ ਪੰਜਾਬੀ ਪਾਠਕਾਂ ਨੂੰ ਜਾਣੂ ਕਰਵਾ ਦਿੱਤਾ ਸੀ। ਹੁਣ ਵੀ ਗਾਹੇ ਬਗਾਹੇ ਉਹ ਪੁਰਾਣੇ ਦਿਨਾਂ ਬਾਰੇ ਆਪਣੀ ਟਿੱਪਣੀ ਦਿੰਦਾ ਰਹਿੰਦਾ ਹੈ। ਉਸ ਦੀ ਲਿਖਤ ਅੰਗਰੇਜ਼ੀ ਵਿਚ ਛਪੀ ਪੜ੍ਹੀ ਤਾਂ ਇਸ ਦਾ ਤਰਜਮਾ ਕਰਨ ਦਾ ਮਨ ਇਸ ਲਈ ਕੀਤਾ ਕਿ ਸਟੇਟ ਦੇ ਨਿਸ਼ਕਾਮ ਸੇਵਕ ਜੇ ਘੱਟ ਗਿਣਤੀ ਕੌਮ ਵਿਚੋਂ ਹਨ, ਉਹ ਕੀ ਸੋਚਦੇ ਹਨ। -ਅਨੁਵਾਦਕ)*

''ਬਹੁਤਾ ਲੰਮਾ ਅਰਸਾ ਨਹੀਂ ਹੋਇਆ, ਤੀਹ ਕੁ ਸਾਲ ਪਹਿਲਾਂ ਪ੍ਰਧਾਨ ਮੰਤਰੀ ਨੇ ਪੰਜਾਬ ਵਿਚ ਖਾੜਕੂਆਂ ਵਿਰੁਧ ਲੜਨ ਲਈ ਇਕ ਈਸਾਈ ਦੀ ਚੋਣ ਕੀਤੀ। ਇਸ ਨੂੰ ਉਹ ਵੱਖਵਾਦੀਆਂ ਵਿਰੁਧ ਜੰਗ ਕਿਹਾ ਕਰਦਾ ਸੀ। ਮੈਂ ਉਦੋਂ ਕੇਂਦਰੀ ਗ੍ਰਿਹ ਮੰਤਰਾਲੇ ਵਿਚ ਸਕੱਤਰ ਸਾਂ। ਸਕੱਤਰ ਦੀ ਪਦਵੀ ਡੀ.ਜੀ.ਪੀ. ਦੀ ਆਸਾਮੀ ਤੋਂ ਸੀਨੀਅਰ ਹੁੰਦੀ ਹੈ। ਇਉਂ ਸਮਝੋ ਕਿ ਮੈਨੂੰ ਡਿਮੋਟ ਕਰਕੇ ਪੰਜਾਬ ਭੇਜਿਆ ਗਿਆ। ਇਹ ਬੇਨਤੀ ਕਿਉਂਕਿ ਪ੍ਰਧਾਨ



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਮੰਤਰੀ ਦੀ ਨਿਜੀ ਸੀ, ਇਸ ਕਰਕੇ ਮੈਂ ਨਾਂਹ ਨਾ ਕੀਤੀ।

ਉਦੋਂ ਦੇ ਹੋਮ ਸਕੱਤਰ ਰਾਮ ਪ੍ਰਧਾਨ ਅਤੇ ਮੇਰੇ ਮਿੱਤਰ ਬੀ.ਡੀ. ਦੇਸ਼ਮੁਖ ਮਹਾਂਰਾਸ਼ਟਰ ਦੇ ਚੀਫ ਸਕੱਤਰ ਸਨ, ਦੋਵੇਂ ਨਾਰਾਜ਼ ਹੋਏ ਤੇ ਮੈਨੂੰ ਪੁਛਿਆ, ਤੂੰ ਹਾਂ ਕੀਤੀ ਹੀ ਕਿਉਂ? ਗਿਆਨੀ ਜ਼ੈਲ ਸਿੰਘ ਦਾ ਰਾਸ਼ਟਰਪਤੀ ਭਵਨ ਵਿਚੋਂ ਫੋਨ ਆਇਆ, ਉਨ੍ਹਾਂ ਦਾ ਵੀ ਸਵਾਲ ਇਹੋ ਸੀ! ਕੇਂਦਰੀ ਮੰਤਰੀ ਅਰਜਨ ਸਿੰਘ ਜਹਾਜ਼ ਵਿਚ ਮੈਨੂੰ ਪੰਜਾਬ ਛੱਡਣ ਵਾਸਤੇ ਆਪ ਆਇਆ ਸੀ, ਉਸ ਨੇ ਰਸਤੇ ਵਿਚ ਕਿਹਾ, ਕੱਲ੍ਹ ਨੂੰ ਜਦੋਂ ਤੁਹਾਡੀ ਨਿਯੁਕਤੀ ਦਾ ਐਲਾਨ ਹੋਏਗਾ, ਪੰਜਾਬ ਦੇ ਹਿੰਦੂ ਸੁਖ ਦਾ ਸਾਹ ਲੈਣਗੇ, ਖੁਸ਼ ਹੋਣਗੇ। ਮੈਂ ਸੋਚਿਆ ਹਿੰਦੂਆਂ ਵਿਚ ਆਰ.ਐਸ.ਐਸ. ਦੇ ਵਰਕਰ ਵੀ ਹੋਣਗੇ ਜਿਨ੍ਹਾਂ ਨੂੰ ਖਾੜਕੂਆਂ ਨੇ ਖੂੰਜੇ ਵਿਚ ਤੁੰਨ ਦਿੱਤਾ ਸੀ।

ਇਕ ਸਵੇਰ ਪਰੇਡ ਕਰਦਿਆਂ 25 ਆਰ.ਐਸ.ਐਸ. ਵਰਕਰ ਖਾੜਕੂਆਂ ਨੇ ਗੋਲੀਆਂ ਨਾਲ ਭੁੰਨ ਦਿਤੇ। ਪੰਜਾਬ ਦੇ ਗਵਰਨਰ ਐਸ.ਐਸ. ਰੇਅ ਨਾਲ ਮ੍ਰਿਤਕਾਂ ਦੇ ਦੁਖੀ ਪਰਿਵਾਰਾਂ ਨੂੰ ਧਰਵਾਸ ਦੇਣ ਮੈਂ ਵੀ ਗਿਆ। ਗਵਰਨਰ ਬਾਰਾਂ ਘਰਾਂ ਵਿਚ ਗਿਆ, ਮੈਂ ਤੇਰਾਂ ਵਿਚ। ਗਵਰਨਰ ਦਾ ਅਨੁਭਵ ਮੈਥੋਂ ਵੱਖਰਾ ਸੀ। ਉਸ ਨੂੰ ਫਿਟ ਲਾਹਨਤਾਂ ਪਈਆਂ, ਗਾਲ੍ਹਾਂ ਪਈਆਂ। ਮੈਨੂੰ ਲੋਕ ਠਰਮੇ ਨਾਲ ਮਿਲੇ।

ਅੱਜ ਮੈਂ 86 ਸਾਲਾਂ ਦਾ ਹੋ ਗਿਆ ਹਾਂ, ਮੈਂ ਖੌਫਜ਼ਦਾ ਹਾਂ, ਜਿਸ ਦੀ ਦੇਸ ਨੂੰ ਹੁਣ ਕੋਈ ਲੋੜ ਨਹੀਂ, ਆਪਣੇ ਮੁਲਕ ਵਿਚ ਅਜਨਬੀ ਹਾਂ। ਭਾਰਤੀ ਨਾਗਰਿਕਾਂ ਦਾ ਉਹੋ ਹਿੱਸਾ ਜਿਸ ਨੂੰ ਮੈਂ ਸਖਤ ਖਤਰੇ ਵਿਚੋਂ ਬਾਹਰ ਕੱਢਿਆ, ਹੁਣ ਮੇਰੀ ਆਲੋਚਨਾ ਕਰ ਰਿਹਾ ਹੈ ਕਿਉਂਕਿ ਮੇਰਾ ਧਰਮ ਹੋਰ ਹੈ, ਉਨ੍ਹਾਂ ਦਾ ਹੋਰ। ਹੁਣ ਮੈਂ ਭਾਰਤੀ ਨਹੀਂ ਰਿਹਾ, ਘੱਟੋ ਘੱਟ ਹਿੰਦੂ ਰਾਸ਼ਟਰ ਦੇ ਮੁੱਦਈਆਂ ਲਈ ਤਾਂ ਬਿਲਕੁਲ ਨਹੀਂ।

ਇਹ ਸੁਤੇ ਸਿਧ ਹੋ ਗਿਆ ਕਿ ਕੋਈ ਸੋਚੀ ਸਮਝੀ ਵਿਉਂਤ ਹੈ ਕਿ ਕਿਸੇ ਅਮਨ ਪਸੰਦ ਘੱਟ ਗਿਣਤੀ ਨੂੰ ਨਰਿੰਦਰ ਮੋਦੀ ਦੀ ਬੀ.ਜੇ.ਪੀ. ਸਰਕਾਰ ਬਣਨ ਬਾਅਦ ਹਮਲਿਆਂ ਦਾ ਨਿਸ਼ਾਨਾ ਬਣਾ ਲਿਆ ਜਾਵੇ? ਉਨ੍ਹਾਂ ਇਕ ਨਾਹਰਾ ਘੜ ਲਿਆ ਹੈ-ਘਰ ਵਾਪਸੀ। ਕ੍ਰਿਸਮਸ ਦੇ ਦਿਨ ਦਿੱਲੀ ਵਿਚ ਉਨ੍ਹਾਂ ਨੇ ਈਸਾਈ ਚਰਚਾਂ ਅਤੇ ਸਕੂਲਾਂ ਉਪਰ ਹਮਲੇ ਕਰਕੇ 'ਸ਼ਾਨਦਾਰ ਪ੍ਰਸ਼ਾਸਨ ਦਿਵਸ' ਮਨਾਇਆ। ਅਮਨ ਪਸੰਦ ਈਸਾਈਆਂ ਨੂੰ ਘਿਰ ਜਾਣ ਦਾ ਅਹਿਸਾਸ ਹੋ ਗਿਆ ਹੈ।


ਬਹੁਤ ਘੱਟਗਿਣਤੀ ਹੋਣ ਦੇ ਬਾਵਜੂਦ ਈਸਾਈਆਂ ਨੇ ਮਿਹਨਤ ਕੀਤੀ ਤੇ ਉਚੇ ਮਰਤਬੇ ਹਾਸਲ ਕੀਤੇ। ਪਾਰਸੀਆਂ ਜਿੰਨੀ ਤਰੱਕੀ ਤਾਂ ਨਹੀਂ ਕਹਿ ਸਕਦੇ ਫਿਰ ਵੀ ਚੜ੍ਹਤ ਵਿਚ ਦਿਸਦੇ ਜ਼ਰੂਰ ਹਨ। ਈਸਾਈਆਂ ਨੇ ਵਿਦਿਆ ਵਲ ਵਿਸ਼ੇਸ਼ ਧਿਆਨ ਦਿੱਤਾ। ਬਹੁਤ ਸਾਰੇ ਸਕੂਲਾਂ, ਕਾਲਜਾਂ ਅਤੇ ਹੋਰ ਸੰਸਥਾਵਾਂ ਵਿਚ ਈਸਾਈਆਂ ਨੇ ਖੂਬ ਕੁਸ਼ਲਤਾ ਦਿਖਾਈ ਹੈ। ਈਸਾਈ ਅਧਿਆਪਕਾਂ ਪਾਸੋਂ ਗੈਰ ਈਸਾਈ ਵਿਦਿਆਰਥੀਆਂ ਨੇ ਸ਼ਾਨਦਾਰ ਵਿਦਿਆ ਪ੍ਰਾਪਤ ਕੀਤੀ। ਇਨ੍ਹਾਂ ਦੇ ਸਕੂਲਾਂ/ਕਾਲਜਾਂ ਵਿਚ ਦਾਖਲਾ ਮੁਸ਼ਕਿਲ ਨਾਲ ਮਿਲਦਾ ਹੈ। ਕੱਟੜ ਹਿੰਦੂ ਆਪਣੇ ਬੱਚੇ ਈਸਾਈ ਵਿਦਿਆਲਿਆਂ ਵਿਚ ਪੜ੍ਹਾ ਕੇ ਈਸਾਈ ਅਧਿਆਪਕਾਂ ਦੀ ਲਿਆਕਤ ਦਾ ਲਾਹਾ ਲੈਂਦੇ ਹਨ। ਮੈਨੂੰ ਨਹੀਂ ਲਗਦਾ ਈਸਾਈ ਸਕੂਲ ਵਿਚ ਪੜ੍ਹ ਕੇ ਕੋਈ ਹਿੰਦੂ ਬੱਚਾ ਈਸਾਈ ਹੋਇਆ ਹੋਵੇ। ਕਈਆਂ ਨੇ ਉਚੀਆਂ ਈਸਾਈ ਕਦਰਾਂ ਕੀਮਤਾਂ ਜ਼ਰੂਰ ਸਿਖੀਆਂ ਤੇ ਫਰਜ਼ੀ ਧਰਮ ਨਿਰਪੇਖ ਵੀ ਬਣੇ।

ਈਸਾਈ ਧਰਮੀ ਮੱਠਾਂ ਨੇ ਹਸਪਤਾਲ, ਨਰਸਿੰਗ ਹੋਮ ਅਤੇ ਕੈਂਸਰ ਪੀੜਤਾਂ ਲਈ ਸੁਖ-ਆਰਾਮ ਬਣਾਏ ਜਿਨ੍ਹਾਂ ਵਿਚ ਅਨਪੜ੍ਹ ਈਸਾਈ ਸੇਵਕ ਸੇਵਾ ਕਰਨੀ ਪੁੰਨ ਸਮਝਦੇ ਹਨ। ਇਨ੍ਹਾਂ ਈਸਾਈ ਨਿਸ਼ਕਾਮ ਸੇਵਕਾਂ ਨੂੰ ਕੀ ਇਸ ਡਰੋਂ ਆਪਣੀ ਸੇਵਾ ਬੰਦ ਕਰ ਦੇਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਨੇਕੀ ਵਲ ਦੇਖ ਕੇ ਕੋਈ ਹਿੰਦੂ ਈਸਾਈ ਨਾ ਹੋ ਜਾਵੇ? ਦੁਖੀਆਂ ਦਾ ਦਰਦ ਵੰਡਾਉਣ ਦਾ ਹੱਕ ਕੀ ਕੇਵਲ ਹਿੰਦੂਆਂ ਨੂੰ ਹੈ?

ਭਾਰਤੀ ਥਲ ਸੈਨਾ ਦਾ ਚੀਫ ਈਸਾਈ ਰਿਹਾ। ਨੇਵੀ ਅਤੇ ਏਅਰ ਫੋਰਸ ਦੇ ਚੀਫ ਤਾਂ ਕਈ ਵਾਰ ਈਸਾਈ ਬਣੇ। ਦੇਸ਼ ਦੀਆਂ ਸੈਨਾਵਾਂ ਵਿਚ ਅਨੇਕ ਈਸਾਈ ਮਰਦ-ਔਰਤਾਂ ਵਰਦੀਧਾਰੀ ਹਨ। ਸੰਘ ਪਰਿਵਾਰ ਦੇ ਸਿਰ ਫਿਰੇ ਲੀਡਰ ਹਿੰਦੂ ਰਾਸ਼ਟਰ ਦੀ ਸਥਾਪਨਾ ਵਾਸਤੇ ਈਸਾਈਆਂ ਨੂੰ ਗੈਰ ਭਾਰਤੀ ਕਿਵੇਂ ਐਲਾਨ ਸਕਦੇ ਹਨ?

ਇਨ੍ਹਾਂ ਅਤਿਵਾਦੀਆਂ ਦੇ ਹੌਸਲੇ ਹੱਦ ਟੱਪ ਗਏ ਹਨ। ਘ੍ਰਿਣਾ ਅਤੇ ਬੇਵਿਸ਼ਵਾਸੀ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਕੁੱਲ ਵਸੋਂ ਵਿਚੋਂ ਈਸਾਈ ਭਾਰਤ ਵਿਚ ਕੇਵਲ ਦੋ ਪ੍ਰਤੀਸ਼ਤ ਹਨ ਜਿਨ੍ਹਾਂ ਉਤੇ ਵਿਉਂਤਬੰਦ ਹਿੰਸਕ ਹਮਲੇ ਹੋ ਰਹੇ ਹਨ। ਬਾਅਦ ਵਿਚ ਇਹੋ ਅਤਿਵਾਦੀ ਜੇ ਮੁਸਲਮਾਨਾਂ ਨੂੰ ਆਪਣੇ ਨਿਸ਼ਾਨੇ 'ਤੇ ਲੈ ਆਏ, ਜੋ ਕਿ ਸੰਭਵ ਲਗਦਾ ਹੈ, ਤਦ ਖੌਫਨਾਕ ਨਤੀਜੇ ਹੋਣਗੇ।

ਮੈਂ ਸੁੱਖ ਦਾ ਸਾਹ ਲਿਆ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਿੱਲੀ ਈਸਾਈ ਸਕਲ ਦੇ ਇਕ ਸਮਾਗਮ ਵਿਚ ਭਾਸ਼ਣ ਦੇ ਕੇ ਆਇਆ। ਪਰ ਉਸ ਪਿਛੋਂ ਮੋਹਨ ਭਾਗਵਤ ਨੇ ਨਿਰਵਿਵਾਦਿਤ ਪ੍ਰਸਿੱਧ ਸੰਤ ਮਦਰ ਟੇਰੇਸਾ ਵਿਰੁਧ ਆਪਣੀ



ਜੂਲੀਓ ਰਿਬੇਰੋ

ਭੜਾਸ ਕੱਢੀ। ਮੈਨੂੰ ਲੱਗਾ, ਜਿਵੇਂ ਮੈਂ ਮੁੜ ਹਿੱਟ ਲਿਸਟ ਉਤੇ ਆ ਗਿਆ ਹੋਵਾਂ। ਉਦੋਂ ਤਾਂ ਹੱਦ ਹੀ ਹੋ ਗਈ ਜਦੋਂ ਮੀਨਾਕਸ਼ੀ ਲੇਖੀ ਵਰਗੇ ਭਾਜਪਾ ਲੀਡਰਾਂ ਨੇ ਆਪਣੇ ਚੀਫ ਮੋਹਨ ਭਾਗਵਤ ਦੇ ਖਿਆਲਾਂ ਦੀ ਹਮਾਇਤ ਕੀਤੀ।

ਮੈਂ ਕੀ ਕਰਾਂ? ਆਪਣੇ ਵਿਚ ਮੁੜ ਆਤਮ ਵਿਸ਼ਵਾਸ ਕਾਇਮ ਕਰਨ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ? ਇਸੇ ਦੇਸ਼ ਵਿਚ ਜੰਮਿਆ ਹਾਂ ਮੈਂ। ਪੰਜ ਹਜ਼ਾਰ ਸਾਲ ਜਾਂ ਉਸ ਤੋਂ ਵੀ ਪਹਿਲਾਂ ਮੇਰੇ ਪੁਰਖੇ ਇਥੋਂ ਦੇ ਹੀ ਬਾਸ਼ਿੰਦੇ ਸਨ। ਮੇਰਾ ਡੀ.ਐਨ.ਏ. ਟੈਸਟ ਕਰਕੇ ਪਰਖੋ, ਯਕੀਨਨ ਇਹ ਮੋਹਨ ਭਾਗਵਤ ਨਾਲੋਂ ਵੱਖਰਾ ਨਹੀਂ ਨਿਕਲੇਗਾ। ਦੇਸ਼ ਦੇ ਰੱਖਿਆ ਮੰਤਰੀ ਦਾ ਡੀ.ਐਨ.ਏ. ਵੀ ਸਾਡੇ ਨਾਲ ਮਿਲਦਾ ਹੈ ਕਿਉਂਕਿ ਸਾਡੇ ਵਡੇਰੇ ਸੰਤ ਪਰਸੂਰਾਮ ਨਾਲ ਕੋਂਕਣ ਵਿਚ ਆ ਕੇ ਉਤਰੇ ਸਨ। ਮੈਨੂੰ ਲਗਦਾ ਹੈ, ਇਸ ਕੁਰਸੀਨਾਮੇ ਵਿਚ ਸਾਡਾ ਸਭ ਦਾ ਪ੍ਰਾਚੀਨ ਵਡੇਰਾ ਇਕੋ ਹੈ। ਇਤਿਹਾਸ ਵਿਚ ਇਹ ਘਟਨਾ ਵਾਪਰ ਗਈ ਕਿ ਸਾਡੇ ਵਿਚੋਂ ਕੁਝ ਈਸਾਈ ਹੋ ਗਏ, ਕੁਝ ਨਹੀਂ ਹੋਏ। ਇਹ ਕਿਉਂ ਤੇ ਕਿਵੇਂ ਹੋਇਆ, ਮੈਨੂੰ ਪਤਾ ਨਹੀਂ, ਨਾ ਕਦੀ ਪਤਾ ਲੱਗ ਸਕੇਗਾ।

ਇਨ੍ਹਾਂ ਟਿਮਟਿਮਾਉਂਦੇ ਸਾਲਾਂ ਦੌਰਾਨ ਜਿਸ ਚੀਜ਼ ਨੇ ਮੈਨੂੰ ਧਰਵਾਸ ਦਿੱਤਾ, ਉਹ ਹੈ ਕਿ ਬਹੁਗਿਣਤੀ ਹਿੰਦੂ ਵਰਗ ਵਿਚ ਅਜੇ ਅਜਿਹੇ ਵੀ ਹਨ ਜਿਨ੍ਹਾਂ ਨੂੰ ਯਾਦ ਹੈ ਕਿ ਮੈਂ ਆਪਣੀ ਮਾਤ ਭੂਮੀ ਦੇ ਭਲੇ ਹਿਤ ਕੁਝ ਕੀਤਾ ਸੀ। ਬੰਬੇ ਮਦਰਜ਼ ਐਂਡ ਚਿਲਡਰਨ ਸੁਸਾਇਟੀ ਨੇ ਜ਼ਿਲ੍ਹਾ ਪੂਨਾ ਦਾ ਇਕ ਪਿੰਡ ਰਾਜਗੁਰੂ ਗੋਦ ਲਿਆ ਹੈ। ਮੈਨੂੰ ਉਥੇ ਇਕ ਸਮਾਰੋਹ ਵਿਚ ਜਾਣ ਦਾ ਸੱਦਾ ਮਿਲਿਆ। ਰਸਤੇ ਵਿਚ ਲੋਨਾਵਲਾ ਕਸਬੇ ਵਿਚ ਮੈਂ ਚਾਹ ਪਾਣੀ ਪੀਣ, ਇਡਲੀ ਖਾਣ ਲਈ ਰੁਕਿਆ। ਮੈਥੋਂ ਅਗਲੇ ਮੇਜ਼ ਦੁਆਲੇ ਬੈਠੇ ਅਧਖੜ ਉਮਰ ਦੇ ਮਰਾਠਿਆਂ ਨੇ ਮੈਨੂੰ ਪਛਾਣ ਲਿਆ। ਮੈਨੂੰ ਨਮਸਕਾਰ ਕਰਨ ਤੇ ਹਾਲਚਾਲ ਪੁਛਣ ਮੇਰੇ ਕੋਲ ਆ ਗਏ। ਇਕ ਬ੍ਰਾਹਮਣ ਪਤੀ-ਪਤਨੀ ਜੋੜਾ ਕੁਵੈਤ ਤੋਂ ਪਰਤਿਆ ਸੀ, ਉਨ੍ਹਾਂ ਨੇ ਮੈਨੂੰ ਪੁੱਛਿਆ, ਤੁਸੀਂ ਉਹੋ ਹੋ ਨਾ ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ? ਮੇਰੇ ਨਾਲ ਫੋਟੋਆਂ ਖਿਚਵਾਈਆਂ।

ਮੈਂ ਡੂੰਘਾ ਹਉਕਾ ਲਿਆ, ਸਾਰੀ ਉਲਝਣ, ਤਣਾਉ ਖਤਮ। ਅਜਿਹੇ ਆਮ ਹਿੰਦੂ ਵੀ ਹਨ ਜਿਨ੍ਹਾਂ ਨੂੰ ਮੈਂ ਨਹੀਂ ਜਾਣਦਾ ਪਰ ਰਿਟਾਇਰਮੈਂਟ ਤੋਂ 25 ਸਾਲ ਪਿਛੋਂ ਵੀ ਮੈਨੂੰ ਨਿੱਘ ਨਾਲ ਮਿਲ ਰਹੇ ਹਨ, ਦੋਸਤੀ ਦੇ ਇਛੁਕ ਹਨ ਭਾਵੇਂ ਕਿ ਉਨ੍ਹਾਂ ਦਾ ਨਿਜੀ ਫਾਇਦਾ ਮੈਂ ਕੋਈ ਨਹੀਂ ਕੀਤਾ। ਕੱਟੜਪੰਥੀਆਂ ਤੋਂ ਗੁਮਰਾਹ ਹੋ ਕੇ ਨਫਰਤ ਦੀ, ਹਿੰਸਾ ਦੀ ਵਿਚਾਰਧਾਰਾ ਤੋਂ ਆਮ ਹਿੰਦੂ ਮਰਦ-ਔਰਤਾਂ ਪ੍ਰਭਾਵਿਤ ਨਹੀਂ ਹੋਣਗੇ, ਮੇਰੀ ਕਾਮਨਾ ਹੈ।

# ਨਿਰਭਯਾ ਕਤਲ ਕਾਂਡ ਤੇ ਨਿਆਂ ਪਾਲਿਕਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਭਾਰਤ ਦੀ ਸੁਪਰੀਮ ਕੋਰਟ ਨੇ ਥੱਲੇ ਦੀਆਂ ਕਚਹਿਰੀਆਂ ਵੱਲੋਂ ਨਿਰਭਯਾ ਕਾਂਡ ਦੇ ਚਾਰ ਦੋਸ਼ੀਆਂ-ਮੁਕੇਸ਼ (29), ਪਵਨ (22), ਵਿਨੇ ਸ਼ਰਮਾ (23) ਤੇ ਅਕਸ਼ੇ ਕੁਮਾਰ ਸਿੰਘ (31) ਨੂੰ ਸੁਣਾਈ ਫਾਂਸੀ ਦੀ ਸਜ਼ਾ ਉਤੇ ਮੋਹਰ ਲਾ ਕੇ ਬੜਾ ਜੱਸ ਖੱਟਿਆ ਹੈ। ਕੀ ਮੀਡੀਆ ਤੇ ਕੀ ਪਬਲਿਕ, ਅਸ਼-ਅਸ਼ ਕਰ ਰਹੇ ਹਨ। ਹਰ ਕੋਈ ਏਦਾਂ ਅਨੁਭਵ ਕਰ ਰਿਹਾ ਹੈ ਜਿਵੇਂ ਉਸ ਦੀ ਆਪਣੀ ਧੀ ਨੂੰ ਇਨਸਾਫ ਮਿਲਿਆ ਹੈ। ਇਕ ਸਮਾਚਾਰ ਪੱਤਰ ਦੇ ਸੰਪਾਦਕ ਨੇ ਤਾਂ ਇਹ ਵੀ ਲਿਖਿਆ ਹੈ ਕਿ ਭਾਰਤ ਦੀ ਅਜੋਕੀ ਹਵਾ ਜਿਸ ਵਿਚ ਇਸਤਰੀ ਦੀ ਸੁਰੱਖਿਆ ਨਾਲੋਂ ਗਊ ਰੱਖਿਆ ਵਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ, ਤੋਂ ਇਹ ਆਸ ਨਹੀਂ ਸੀ ਕਿ ਸੁਪਰੀਮ ਕੋਰਟ ਅਜਿਹਾ ਫੈਸਲਾ ਦੇਵੇਗੀ। ਪਰ ਇਸ ਫੈਸਲੇ ਨੇ ਸੁਪਰੀਮ ਕੋਰਟ ਦੀ ਉਚਤਾ ਉਤੇ ਮੋਹਰ ਲਾ ਦਿੱਤੀ ਹੈ ਅਤੇ ਲੋਕ-ਰਾਜੀ ਢਾਂਚੇ ਉਤੇ ਜਿਹੜਾ ਲੋਕਤੰਤਰ ਵਿਚ ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਨੂੰ ਬਰਾਬਰ ਦੇ ਥੰਮ ਮੰਨਦਾ ਹੈ।

ਇਸ ਫੈਸਲੇ ਤੋਂ ਭਾਰਤ ਵਾਸੀ ਕਿੰਨੇ ਖੁਸ਼ ਹਨ, ਇਸ ਦਾ ਅੰਦਾਜ਼ ਉਸ ਪਿੰਡ ਦੀ ਹਵਾ ਤੋਂ ਲਾਇਆ ਜਾ ਸਕਦਾ ਜਿਸ ਦਾ ਉਹ ਦੋਸ਼ੀ ਜੰਮਪਲ ਹੈ ਅਤੇ ਜਿਸ ਨੂੰ ਨਾਬਾਲਗ ਹੋਣ ਕਾਰਨ ਤਿੰਨ ਸਾਲ ਦਾ ਰਿਮਾਂਡ ਪੂਰਾ ਹੋਣ ਉਤੇ ਦਸੰਬਰ 2015 ਵਿਚ ਛੱਡ ਦਿੱਤਾ ਗਿਆ ਸੀ। ਮੀਡੀਆ ਅਨੁਸਾਰ ਬਰੇਲੀ ਦੇ ਭਵਾਨੀਪੁਰ ਨਾਗਲਾ ਪਿੰਡ ਦੇ ਵਸਨੀਕ, ਖਾਸ ਕਰਕੇ ਮਹਿਲਾਵਾਂ, ਉਸ ਨੂੰ ਵੀ ਫਾਂਸੀ 'ਤੇ ਲਟਕਦਾ ਦੇਖਣਾ ਚਾਹੁੰਦੇ ਹਨ। ਉਨ੍ਹਾਂ ਦੀ ਏਨੇ ਨਾਲ ਸੰਤੁਸ਼ਟੀ ਨਹੀਂ ਕਿ ਉਹ ਮੁੜ ਆਪਣੇ ਪਿੰਡ ਨਹੀਂ ਵੜਿਆ। ਪਿੰਡ ਵਾਲੇ ਅਜਿਹੀ ਕਰਤੂਤ ਵਾਲੇ ਨੂੰ ਨਾਬਾਲਗ ਨਹੀਂ ਮੰਨਦੇ।

ਅਸੀਂ ਜਾਣਦੇ ਹਾਂ ਕਿ ਫਾਂਸੀ ਦੀ ਸਜ਼ਾ ਨੂੰ ਰੋਕਣ ਲਈ ਅੱਧੀ ਦਰਜਨ ਪੜਾਅ ਹੋਰ ਹਨ ਜਿਥੇ ਅਪੀਲਾਂ ਪਾਈਆਂ ਜਾ ਸਕਦੀਆਂ ਹਨ। ਪਰ ਜਨਤਕ ਰੋਹ ਤੋਂ ਜਾਪਦਾ ਹੈ ਕਿ ਅਜਿਹੀਆਂ ਅਪੀਲਾਂ ਤੇ ਦਲੀਲਾਂ ਦੀ ਪੇਸ਼ ਨਹੀਂ ਜਾਣੀ। ਅਪੀਲਾਂ ਦੋਸ਼ੀਆਂ ਦੀ ਮਾਨਸਿਕ ਪੀੜਾਂ ਹੀ ਲੰਬੀ ਕਰਨਗੀਆਂ। ਕੀ ਅਜਿਹੇ ਕੁਕਰਮੀਆਂ ਨੂੰ ਮਾਨਸਿਕ ਪੀੜਾਂ ਹੁੰਦੀ ਵੀ ਹੈ ਜਾਂ ਨਹੀਂ, ਇਹ ਬਹਿਸ ਦਾ ਵਿਸ਼ਾ ਹੈ। ਹਾਲ ਦੀ ਘੜੀ ਸੁਪਰੀਮ ਕੋਰਟ ਜ਼ਿੰਦਾਬਾਦ! ਲੋਕਤੰਤਰ ਦਾ ਵੱਡਾ ਥੰਮ ਜ਼ਿੰਦਾਬਾਦ!!

**ਸ਼ਿਵ ਕੁਮਾਰ ਬਟਾਲਵੀ ਦੀ ਬੁਲੰਦੀ:** ਸ਼ਿਵ ਕੁਮਾਰ ਬਟਾਲਵੀ ਪੰਜਾਬੀ ਦਾ ਹਰਮਨ ਪਿਆਰਾ ਤੇ ਅਲਬੇਲਾ ਕਵੀ ਸੀ। ਉਹ ਸਿਖਰ ਦੀ ਰਚਨਾਕਾਰੀ ਕਰਕੇ 36 ਸਾਲ ਦੀ ਉਮਰ ਵਿਚ ਚੱਲ ਵੱਸਿਆ। ਭਾਰਤੀ ਸਾਹਿਤ ਅਕਾਡਮੀ ਦੇ 63 ਸਾਲ ਦੇ ਇਤਿਹਾਸ 'ਚ 30 ਸਾਲ ਦੀ ਉਮਰ ਵਿਚ ਸਾਹਿਤ ਅਕਾਦਮੀ ਦਾ ਸਨਮਾਨ ਪ੍ਰਾਪਤ ਕਰਨ ਵਾਲਾ ਅੱਜ ਤੱਕ ਹੋਰ ਕੋਈ ਰਚਨਾਕਾਰ ਨਹੀਂ ਹੋਇਆ। ਉਹ ਮੈਥੋਂ ਥੋੜ੍ਹਾ ਛੋਟਾ ਸੀ। ਮੈਂ ਉਸ ਨੂੰ ਕਵਿਤਾ ਦੇ ਤਾਰੇ ਤੋੜਦਿਆਂ ਤੱਕਿਆ ਹੈ। ਇੱਕ ਵਾਰੀ ਚੰਡੀਗੜ੍ਹ ਵਿਚ ਸ਼ਰਾਬਬੰਦੀ ਕਾਰਨ ਹਿਮਾਚਲ ਵਿਚ ਢੱਲੀ ਤੋਂ ਸ਼ਰਾਬ ਲਿਆਉਣ ਸਮੇਂ ਆਪਣੀ ਕਾਰ ਵਿਚ ਸਫਰ ਕਰਦਿਆਂ ਵੀ ਰਸਤੇ ਵਿਚ ਇਕ ਪਹਾੜਨ ਕੁੜੀ ਪਹਾੜੀ ਉਤੇ ਚੜ੍ਹ ਰਹੀ ਵੇਖ ਕੇ ਉਹ ਆਪ ਮੁਹਾਰਾ ਬੋਲ ਪਿਆ ਸੀ।

ਚੜ੍ਹ ਆ, ਚੜ੍ਹ ਆ, ਚੜ੍ਹ ਆ
ਧਰਤੀ ਤੇ ਧਰਤੀ ਧਰ ਆ
ਤੈਨੂੰ ਰੋਕਣ ਵਾਲਾ ਕਿਹੜਾ
ਅੱਜ ਸਾਰਾ ਅੰਬਰ ਤੇਰਾ।

ਉਹ ਨਸ਼ੇ ਦੀ ਤੋਟ ਵਿਚ ਪਰਬਤ ਦੀ ਬੋਲੀ ਬੋਲ ਰਿਹਾ ਸੀ। ਅੰਬਰ ਦੇ ਤਾਰੇ ਤੋੜ ਰਿਹਾ ਸੀ। ਉਹ ਕਵਿਤਾ ਰਚਦੇ ਸਮੇਂ ਮੈਂ ਉਸ ਨੂੰ ਹਵਾ ਵਿਚੋਂ ਹਰਫ ਫੜਦਿਆਂ ਤੱਕਿਆ ਹੈ।

ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ
ਤੇਰੇ ਚੁੰਮਣ ਪਿਛਲੀ ਸੰਗ ਵਰਗਾ।
ਹੈ ਕਿਰਨਾਂ ਦੇ ਵਿਚ ਨਸ਼ਾ ਜਿਹਾ
ਕਿਸੇ ਛੀਂਬੇ ਸੱਪ ਦੇ ਡੰਗ ਵਰਗਾ।

ਸ਼ਿਵ 1973 ਵਿਚ ਇਸ ਦੁਨੀਆਂ ਤੋਂ ਕੂਚ ਕਰ ਗਿਆ ਸੀ। ਉਸ ਦੀ ਪਤਨੀ ਅਰੁਣਾ, ਬੇਟੇ ਮਿਹਰਬਾਨ ਤੇ ਧੀ ਪੂਜਾ ਨੂੰ ਸ਼ਿਵ ਦੇ ਮੱਦਾਹਾਂ ਨੇ ਹੱਥੀਂ ਛਾਵਾਂ ਕੀਤੀਆਂ। ਸ਼ਿਵ ਦੇ ਤੁਰ ਜਾਣ ਤੋਂ ਪਿਛੋਂ ਹਰ ਆਉਂਦੇ ਵਰ੍ਹੇ ਉਸ ਨੂੰ ਅੱਗੇ ਨਾਲੋਂ ਵੱਧ ਚੇਤੇ ਕੀਤਾ ਜਾਂਦਾ ਹੈ। ਉਸ ਦੀ ਕਾਵਿਕ ਉਚਤਾ ਨੂੰ ਵਾਰਿਸ ਸ਼ਾਹ ਦੀ ਰਚਨਾਕਾਰੀ ਵਾਲਾ ਦਰਜਾ ਦਿੱਤਾ ਜਾ ਰਿਹਾ ਹੈ। ਪੰਜਾਬੀ ਦਾ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਪੰਜਾਬ ਦੇ ਟੁਕੜੇ ਹੋਣ ਦਾ ਡਰ ਪੇਸ਼ ਕਰਨ ਸਮੇਂ ਸ਼ਿਵ ਦੀ ਸ਼ਰਨ ਲੈਂਦਾ ਹੈ। ਉਨ੍ਹਾਂ ਦਿਨਾਂ ਵਿਚ ਜਦੋਂ ਅਤਿਵਾਦੀ ਸੋਚ ਵਾਲੇ ਹਿੰਦੂਆਂ ਨੂੰ ਪੰਜਾਬ ਦੀ ਧਰਤੀ ਤੋਂ ਭਜਾਉਣਾ ਚਾਹੁੰਦੇ ਸਨ, ਪਾਤਰ ਨੇ ਲਿਖਿਆ ਸੀ:

ਪਹਿਲੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਹੈ।
ਉਹ ਜ਼ਖਮ ਪੁਰਾਣੇ ਭੁੱਲ ਵੀ ਗਏ
ਨਵਿਆਂ ਦੀ ਹੋਈ ਤਿਆਰੀ ਹੈ।

ਪਾਤਰ ਦਾ ਇਸ਼ਾਰਾ 1947 ਦੀ ਦੇਸ਼ ਵੰਡ ਤੋਂ ਪਿੱਛੋਂ ਖਾਲਿਸਤਾਨੀ ਲਹਿਰ ਸਮੇਂ ਵੰਡੇ ਜਾਣ ਦੀ ਸੰਭਾਵਨਾ ਵੱਲ ਸੀ। ਦੇਸ਼ ਵੰਡ ਦੇ ਤਸੀਹੇ ਅਸੀਂ ਭੋਗ ਚੁਕੇ ਸਾਂ। ਅਤਿਵਾਦੀ ਮੰਗਾਂ ਦੇ ਭੋਗਣੇ ਸਨ। ਪਾਤਰ ਨੇ ਸ਼ਿਵ ਕੁਮਾਰ ਨੂੰ ਵਾਰਿਸ ਸ਼ਾਹ ਦੇ ਬਰਾਬਰ ਦੀ ਪਦਵੀ ਦਿੱਤੀ ਸੀ।

ਸ਼ਿਵ ਅੱਜ ਵੀ ਜ਼ਿੰਦਾ ਹੈ, ਕੱਲ੍ਹ ਵੀ ਜੀਵਤ ਰਹੇਗਾ ਇਹ ਸਾਡਾ ਅਕੀਦਾ ਹੈ।

**ਅੰਤਿਕਾ:** ਕਵੀ ਨੱਥਾ ਸਿੰਘ ਭੁਰੀਵਾਲਾ
ਕੌਣ ਕਿਸੇ ਦੇ ਖੇਤ ਨੂੰ ਵੱਢ ਸਕਦਾ
ਹਰ ਇਕ ਵੱਢਦਾ ਆਪਣੇ ਬੀਜਿਆਂ ਨੂੰ।
ਨੱਥਾ ਸਿੰਘ ਨਾ ਬੁਰਾ ਉਹ ਕੰਮ ਕਰਦੇ
ਜਿਨ੍ਹਾਂ ਸੋਚਿਆ ਬੁਰੇ ਨਤੀਜਿਆਂ ਨੂੰ।

# ਹੈਵਾਨੀਅਤ ਦਾ ਸਿਖਰ ਸੀ ਰੋਹਤਕ ਜਬਰ ਜਨਾਹ

**ਚੰਡੀਗੜ੍ਹ:** ਨਿਰਭੈਆ ਕਾਂਡ ਦੇ ਦੋਸ਼ੀਆਂ ਨੂੰ ਸੁਪਰੀਮ ਕੋਰਟ ਵੱਲੋਂ ਫਾਂਸੀ ਦੀ ਸਜ਼ਾ ਸੁਣਾਈ ਨੂੰ ਅਜੇ ਜ਼ਿਆਦਾ ਸਮਾਂ ਨਹੀਂ ਹੋਇਆ ਕਿ ਇਕ ਹੋਰ ਹੈਵਾਨੀਅਤ ਦਾ ਮਾਮਲਾ ਸਾਹਮਣੇ ਆਇਆ ਹੈ। ਰੋਹਤਕ 'ਚ ਵਾਪਰੇ ਇਸ ਸਮੂਹਿਕ ਜਬਰ ਜਨਾਹ ਦੇ ਮਾਮਲੇ 'ਚ ਪੀੜਤ 23 ਸਾਲਾ ਲੜਕੀ ਦੀ ਪੋਸਟਮਾਰਟਮ ਰਿਪੋਰਟ ਵਿਚ ਉਸ ਨਾਲ ਕੀਤੀ ਹੈਵਾਨੀਅਤ ਦੇ ਖੁਲਾਸੇ ਹੋਏ ਹਨ। ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਲੜਕੀ ਦਾ ਚਿਹਰਾ, ਜ਼ੁਬਾਨ, ਅੱਖ ਤੇ ਕੰਨਾਂ ਦੀ ਬੁਰੀ ਤਰ੍ਹਾਂ ਕੱਟ-ਵੱਢ ਕੀਤੀ ਗਈ ਸੀ, ਹਾਲਾਂਕਿ ਉਸ ਦੀ ਮੌਤ ਸਿਰ 'ਚ ਲੱਗੀ ਡੂੰਘੀ ਸੱਟ ਨਾਲ ਹੋਈ ਦੱਸੀ ਹੈ, ਪਰ ਮਹਿਲਾ ਦੀ ਖੋਪੜੀ 'ਤੇ ਵੀ ਸੱਟ ਲੱਗਣ ਦੇ ਕਈ ਨਿਸ਼ਾਨ ਮਿਲੇ ਹਨ।

ਇਸ ਤੋਂ ਇਲਾਵਾ ਉਸ ਦੇ ਸਰੀਰ ਵਿਚ ਭੋਜਨ ਨਾਲੀ ਵੀ ਮੌਜੂਦ ਨਹੀਂ ਸੀ ਅਤੇ ਮੋਢੇ ਤੋਂ ਹੇਠਲੇ ਹਿੱਸਿਆਂ 'ਤੇ ਦੰਦਾਂ ਨਾਲ ਬੁਰੀ ਤਰ੍ਹਾਂ ਕੱਟਣ ਦੇ ਨਿਸ਼ਾਨ ਮਿਲੇ ਹਨ। ਪੀੜਤ ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਹੈ ਕਿ ਦੋਸ਼ੀ ਵੱਲੋਂ ਉਨ੍ਹਾਂ ਦੀ ਲੜਕੀ ਨੂੰ ਤੰਗ ਕਰਨ ਤੇ ਧਮਕੀਆਂ ਦੇਣ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਸੀ, ਪਰ ਪੁਲਿਸ ਨੇ ਸਮੇਂ ਸਿਰ ਕਾਰਵਾਈ ਨਹੀਂ ਕੀਤੀ, ਜਦੋਂਕਿ ਪੁਲਿਸ ਨੇ ਆਪਣਾ ਬਚਾਅ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਕੁਝ ਸਮਾਂ ਪਹਿਲਾਂ ਪਰਿਵਾਰ ਵਾਲਿਆਂ ਨੇ ਸ਼ਿਕਾਇਤ ਤਾਂ ਕੀਤੀ ਸੀ, ਪਰ ਉਹ ਸ਼ਿਕਾਇਤ ਸਿਰਫ ਮੌਖਿਕ ਰੂਪ 'ਚ ਸੀ ਅਤੇ ਕੁਝ ਦੇਰ ਬਾਅਦ ਹੀ ਉਨ੍ਹਾਂ ਨੇ ਦੋਸ਼ੀ ਨਾਲ ਸਮੌਝਤਾ ਕਰਨ ਦੀ ਗੱਲ ਕਹਿ ਕੇ ਪੁਲਿਸ ਕਾਰਵਾਈ ਕਰਵਾਉਣ ਤੋਂ ਮਨ੍ਹਾਂ ਕਰ ਦਿੱਤਾ ਸੀ।



# ਅਨਾਜ ਘੁਟਾਲਾ: ਪਰਤਾਂ ਖੁੱਲ੍ਹਣ ਲੱਗੀਆਂ

**ਚੰਡੀਗੜ੍ਹ:** ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵਿਚ ਪਰਤ-ਦਰ-ਪਰਤ ਘਪਲੇ ਉਜਾਗਰ ਹੋ ਰਹੇ ਹਨ। ਸਿਆਸੀ ਸਰਪ੍ਰਸਤੀ ਹੇਠ ਕੰਮ ਕਰਦੇ ਮੁਲਾਜ਼ਮਾਂ ਤੇ ਅਫਸਰਾਂ ਵੱਲੋਂ ਗੁਦਾਮਾਂ ਵਿਚੋਂ ਅਨਾਜ ਘਟਾਉਣ ਅਤੇ ਘੱਟ ਤੋਲਣ ਜਿਹੇ ਮਾਮਲੇ ਸਾਹਮਣੇ ਆਉਣ ਨਾਲ ਇਸ ਵਿਭਾਗ ਵਿਚ ਕਰੋੜਾਂ ਰੁਪਏ ਦੇ ਘਪਲੇ ਹੋਣ ਦੀ ਨਿਸ਼ਾਨਦੇਹੀ ਹੁੰਦੀ ਹੈ।

ਵਿਭਾਗ ਵੱਲੋਂ ਹੁਣ ਤੱਕ ਇੰਸਪੈਕਟਰ ਪੱਧਰ ਦੇ ਤਿੰਨ ਅਫਸਰਾਂ ਨੂੰ ਮੁਅੱਤਲ ਕੀਤਾ ਗਿਆ ਹੈ ਜਦੋਂ ਕਿ ਅੰਮ੍ਰਿਤਸਰ ਖਿੱਤੇ 'ਚ 150 ਕਰੋੜ ਰੁਪਏ ਤੋਂ ਵੀ ਵੱਡੇ ਘਪਲੇ ਦੀ ਜਾਂਚ ਚੱਲ ਰਹੀ ਹੈ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਕੰਵਲਜੀਤ ਸਿੰਘ ਸੰਘਾ ਦੀ ਨਿਗਰਾਨੀ ਹੇਠ ਚੱਲ ਰਹੀ ਜਾਂਚ ਦਾ ਰੋਚਕ ਪਹਿਲੂ ਇਹ ਹੈ ਕਿ ਇਸ ਘਪਲੇ ਦਾ ਕਰਤਾ-ਧਰਤਾ ਵੀ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਇਕ ਇੰਸਪੈਕਟਰ ਹੀ ਹੈ। ਇਸ ਇੰਸਪੈਕਟਰ ਵੱਲੋਂ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵਿਚ ਪਿਛਲੇ ਇਕ ਦਹਾਕੇ ਦੌਰਾਨ ਚੰਮ ਦੀਆਂ ਚਲਾਉਣ ਦੀਆਂ ਸ਼ਿਕਾਇਤਾਂ ਵੀ ਉਚ ਅਧਿਕਾਰੀਆਂ ਨੂੰ ਮਿਲੀਆਂ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਵਿਭਾਗ ਵਿਚ 31 ਹਜ਼ਾਰ ਕਰੋੜ ਰੁਪਏ ਦੀਆਂ ਗੜਬੜੀਆਂ ਦੀ ਵੱਖਰੀ ਜਾਂਚ ਦੇ ਆਦੇਸ਼ ਦਿੱਤੇ ਹਨ। ਅਕਾਲੀ-ਭਾਜਪਾ ਗੱਠਜੋੜ ਦੇ 10 ਸਾਲਾ ਸ਼ਾਸਨ ਦੌਰਾਨ ਇਸ ਵਿਭਾਗ ਦਾ ਮੁਕੰਮਲ ਕੰਟਰੋਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਹੱਥ ਸੀ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਡਾਇਰੈਕਟਰ ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਸਮਾਣਾ ਵਿਚ ਪਨਗਰੇਨ ਦੇ ਸਟਾਕ ਵਿਚ ਭਾਰੀ ਕਮੀ ਦਾ ਮਾਮਲਾ ਸਾਹਮਣੇ ਆਇਆ ਤਾਂ ਜਸਪ੍ਰੀਤ ਸਿੰਘ ਗਿੱਲ ਨੂੰ ਮੁਅੱਤਲ ਕਰ ਦਿੱਤਾ ਗਿਆ। ਬਰਨਾਲਾ ਵਿਚ ਵੀ ਕਣਕ ਦੇ ਮਾਮਲੇ ਵਿਚ ਵੱਡਾ ਘਪਲਾ ਸਾਹਮਣੇ ਆਉਣ 'ਤੇ ਮਨਪ੍ਰੀਤ ਸਿੰਘ ਨਾਮੀ ਇੰਸਪੈਕਟਰ ਨੂੰ ਮੁਅੱਤਲ ਕਰ ਦਿੱਤਾ ਗਿਆ।

ਅੰਮ੍ਰਿਤਸਰ ਜ਼ਿਲ੍ਹੇ ਵਿਚ ਅਰੁਣ ਖੋਸਲਾ ਨਾਮੀ ਇੰਸਪੈਕਟਰ ਕਣਕ ਘੱਟ ਤੋਲਦਾ ਫੜਿਆ ਗਿਆ। ਸੂਤਰਾਂ ਮੁਤਾਬਕ ਹਰਮਨ ਸਿੰਘ ਬਿੰਦ ਨਾਮੀ ਇੰਸਪੈਕਟਰ ਵਿਰੁੱਧ ਥੋਕ 'ਚ ਸ਼ਿਕਾਇਤਾਂ ਆਉਣ ਬਾਅਦ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਚੰਡੀਗੜ੍ਹ ਤੋਂ ਵਿਸ਼ੇਸ਼ ਟੀਮ ਭੇਜ ਕੇ ਪੜਤਾਲ ਕਰਾਈ ਜਾ ਰਹੀ ਹੈ। ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲ੍ਹਿਆਂ ਵਿਚ ਵੱਡੇ ਘਪਲੇ ਹੋਣ ਦੇ ਤੱਥ ਸਾਹਮਣੇ ਆ ਰਹੇ ਹਨ। ਆਟਾ-ਦਾਲ ਯੋਜਨਾ ਦੇ ਫਰਜ਼ੀ ਲਾਭਪਾਤਰੀਆਂ ਦੇ ਮਾਮਲੇ ਵੀ ਸਾਹਮਣੇ ਆਏ ਹਨ। ਕਣਕ ਦੀ ਖਰੀਦ ਤੋਂ ਪਹਿਲਾਂ ਭੰਡਾਰ ਲਈ ਲੱਕੜ ਦੇ ਕਰੇਟ ਖਰੀਦੇ ਗਏ ਸਨ, ਜਿਨ੍ਹਾਂ ਦੀ ਖਰੀਦ ਵਿਚ ਵੀ ਬੇਨੇਮੀਆਂ ਹੋਣ ਦੇ ਆਸਾਰ ਹਨ।



## ਕੈਰੋਂ ਨੇ ਚੰਮ ਦੀਆਂ ਚਲਾਈਆਂ



**ਚੰਡੀਗੜ੍ਹ:** ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਚਹੇਤਿਆਂ ਨੂੰ ਸੇਵਾ ਮੁਕਤੀ ਬਾਅਦ 'ਭਰਤੀ' ਕਰ ਕੇ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਸਨ। ਸੇਵਾ ਮੁਕਤੀ ਬਾਅਦ ਪਨਗਰੇਨ ਦੇ ਐਮ.ਡੀ. ਵਜੋਂ ਸੇਵਾ ਨਿਭਾਅ ਰਹੇ ਸਤਵੰਤ ਸਿੰਘ ਜੌਹਲ ਅਤੇ ਪੰਜਾਬ ਐਂਡ ਸਿੰਧ ਬੈਂਕ ਤੋਂ ਸੇਵਾ ਮੁਕਤ ਐਮ.ਐਸ. ਸਾਰੰਗ, ਜੋ ਸਲਾਹਕਾਰ ਵਜੋਂ ਸੇਵਾ ਨਿਭਾਅ ਰਹੇ ਸਨ, ਦੀ ਕੈਪਟਨ ਸਰਕਾਰ ਨੇ ਛੁੱਟੀ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪਿਛਲੀ ਸਰਕਾਰ ਸਮੇਂ ਕਾਂਗਰਸ ਨੇ ਵਿਰੋਧੀ ਧਿਰ 'ਚ ਹੁੰਦਿਆਂ ਇਸ ਵਿਭਾਗ 'ਚ 31 ਹਜ਼ਾਰ ਕਰੋੜ ਰੁਪਏ ਦੇ ਘੁਟਾਲੇ ਦੇ ਦੋਸ਼ ਲਾਏ ਸਨ।

## ਘੁਟਾਲਿਆਂ ਦੀ ਸੂਚੀ ਤਿਆਰ: ਸਿੱਧੂ

**ਲੁਧਿਆਣਾ:** ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਪੂਰੇ ਸੂਬੇ ਵਿਚ ਵੱਖ-ਵੱਖ ਵਿਭਾਗਾਂ ਵਿਚ ਕੀਤੇ ਘੁਟਾਲਿਆਂ ਦੀ ਸੂਚੀ ਤਿਆਰ ਹੋ ਚੁੱਕੀ ਹੈ। ਇਸ਼ਤਿਹਾਰੀ ਬੋਰਡਾਂ



ਦੇ ਨਾਮ 'ਤੇ ਕੀਤੀ ਗਈ ਠੱਗੀ ਦੇ ਮੁੱਦੇ ਉਤੇ ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਉਨ੍ਹਾਂ ਖੁਦ ਪੜਤਾਲ ਕੀਤੀ ਹੈ। ਸੂਬੇ ਵਿਚ ਵਿਕਾਸ ਕਾਰਜਾਂ ਦੇ ਪੱਛੜੇ ਹੋਣ ਲਈ ਬਾਦਲ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸੂਬੇ ਦੇ ਵਿਕਾਸ ਕਾਰਜਾਂ ਲਈ 1400 ਕਰੋੜ ਰੁਪਏ ਦਿੱਤੇ ਸਨ, ਪਰ ਬਾਦਲ ਸਰਕਾਰ ਨੇ ਆਪਣੇ ਹਿੱਸੇ ਦੇ ਪੈਸੇ ਤਾਂ ਕੀ ਪੈਣੇ ਸੀ ਉਸ ਨੇ 1400 ਕਰੋੜ ਵੀ ਰੁਪਏ ਵੱਖ-ਵੱਖ ਥਾਵਾਂ 'ਤੇ ਖਰਚ ਲਏ। ਉਨ੍ਹਾਂ ਦੱਸਿਆ ਕਿ ਜੇਕਰ ਬਾਦਲ ਸਰਕਾਰ ਸਹੀ ਤਰੀਕੇ ਨਾਲ ਕੰਮ ਕਰਦੀ ਤਾਂ ਲੁਧਿਆਣਾ ਵਿਚ ਸਮਾਰਟ ਸਿਟੀ ਦਾ ਕੰਮ ਬਹੁਤ ਜਲਦੀ ਸ਼ੁਰੂ ਹੋ ਜਾਣਾ ਸੀ। ਡੇਢ ਸਾਲ ਬੀਤਣ ਦੇ ਬਾਵਜੂਦ ਬਾਦਲ ਸਰਕਾਰ ਨੇ 100 ਕਰੋੜ ਰੁਪਏ ਦੀ ਥਾਂ ਸਿਰਫ 32 ਲੱਖ ਰੁਪਏ ਭੇਜੇ ਸਨ।

# ਗਿਆਨ ਸਾਗਰ ਦੇ ਵਿਦਿਆਰਥੀਆਂ ਦਾ ਭਵਿਖ ਦਾਅ ਉਤੇ ਲੱਗਾ

**ਬਨੂੜ:** ਗਿਆਨ ਸਾਗਰ ਮੈਡੀਕਲ ਕਾਲਜ ਨੂੰ ਸਰਕਾਰ ਵੱਲੋਂ ਬੰਦ ਕਰਨ ਦੇ ਫੈਸਲੇ ਨਾਲ ਖੇਤਰ ਵਿਚ ਭਾਰੀ ਰੋਸ ਹੈ। ਕਾਲਜ ਦੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਵਜੋਂ ਕੰਮ ਕਰਦੇ 1200 ਮੁਲਾਜ਼ਮਾਂ ਨੂੰ ਆਪਣਾ ਰੁਜ਼ਗਾਰ ਹਨੇਰੇ ਵਿਚ ਨਜ਼ਰ ਆ ਰਿਹਾ ਹੈ। ਗਿਆਨ ਸਾਗਰ ਮੈਡੀਕਲ, ਡੈਂਟਲ ਕਾਲਜ, ਨਰਸਿੰਗ ਕਾਲਜ ਤੇ ਫਿਜ਼ੀਓਥੈਰੇਪੀ ਕਾਲਜ ਵਿਚ ਪੜ੍ਹ ਰਹੇ 1500 ਵਿਦਿਆਰਥੀ ਵੀ ਉਨ੍ਹਾਂ ਨੂੰ ਦੂਜੇ ਕਾਲਜ 'ਚ ਭੇਜਣ ਦਾ ਵਿਰੋਧ ਕਰਨ ਲੱਗੇ ਹਨ। ਗਿਆਨ ਸਾਗਰ ਨੂੰ ਬੰਦ ਹੋਣ ਬਚਾਉਣ ਲਈ ਇਲਾਕੇ ਦੀਆਂ ਪੰਚਾਇਤਾਂ, ਸਮਾਜ ਸੇਵੀ ਜਥੇਬੰਦੀਆਂ ਤੇ ਮੁਲਾਜ਼ਮ ਇਕੱਠੇ ਹੋ ਕੇ ਸਾਂਝਾ ਸੰਘਰਸ਼ ਵਿੱਢਣ ਦੀ ਯੋਜਨਾ ਬਣਾ ਰਹੇ ਹਨ।



ਗਿਆਨ ਸਾਗਰ ਟਰੱਸਟ ਅਧੀਨ ਚੱਲ ਰਹੇ ਇਨ੍ਹਾਂ ਚਾਰੇ ਕਾਲਜਾਂ 'ਚ ਐਮ.ਬੀ.ਬੀ.ਐਸ. ਦੀਆਂ 100, ਬੀ.ਡੀ.ਐਸ. ਦੀਆਂ 100, ਐਮ.ਡੀ./ਐਮ.ਐਸ. ਦੀਆਂ 13, ਐਮ.ਡੀ.ਐਸ. ਦੀਆਂ 15, ਨਰਸਿੰਗ ਦੀਆਂ 125, ਬੈਚੂਲਰ ਆਫ ਫਿਜ਼ੀਓਥੈਰੇਪੀ ਦੀਆਂ 50 ਤੇ ਮਾਸਟਰ ਆਫ ਫਿਜ਼ੀਓਥੈਰੇਪੀ ਦੀਆਂ 30 ਸੀਟਾਂ ਹਨ। ਇਨ੍ਹਾਂ ਕਾਲਜਾਂ ਵਿਚ 250 ਦੇ ਕਰੀਬ ਡਾਕਟਰਾਂ ਮੌਜੂਦ ਹਨ। 625 ਬਿਸਤਰਿਆਂ ਵਾਲੇ ਇਸ ਹਸਪਤਾਲ ਤੇ ਕਾਲਜ ਵਿਚ ਅਮਰੀਕਾ ਦੀ ਤਰਜ਼ 'ਤੇ ਕੈਂਸਰ ਸੈਂਟਰ ਤੇ ਅਤਿ ਆਧੁਨਿਕ ਸੇਵਾਵਾਂ ਵਾਲਾ ਨਸ਼ਾ ਛਡਾਊ ਕੇਂਦਰ ਵੀ ਮੌਜੂਦ ਹੈ। ਹਸਪਤਾਲ ਵਿਚ ਮੌਜੂਦ 1.5 ਟੇਸਲਾ ਵਾਲੀ ਐਮ.ਆਰ.ਆਈ. ਮਸ਼ੀਨ ਅਤੇ 128 ਸਲਾਈਟ ਵਾਲੀ ਸਿਟੀ ਸਕੈਨ ਮਸ਼ੀਨ ਦੀ ਮਾਲਕੀ ਵਾਲਾ ਇਹ ਪਹਿਲਾ ਮੈਡੀਕਲ ਕਾਲਜ ਹੈ। ਪੰਜਾਬ ਦੀ ਮਾਲਵਾ ਬੈਲਟ ਸਮੇਤ ਹਰਿਆਣਾ ਦੇ ਕਈ ਜ਼ਿਲ੍ਹਿਆਂ ਨੂੰ ਡਾਕਟਰੀ ਸਹੂਲਤਾਂ ਮੁਹੱਈਆ ਕਰਨ ਵਾਲੇ ਇਸ ਕਾਲਜ ਵਿਚ 2014-15 ਦੌਰਾਨ 1500 ਮਰੀਜ਼ਾਂ ਦੀ ਓ.ਪੀ.ਡੀ. ਤੇ 250 ਦੇ ਕਰੀਬ ਮਰੀਜ਼ਾਂ ਦਾ ਲਗਾਤਾਰ ਦਾਖਲ ਰਹਿਣਾ ਦੂਜੇ ਕਾਲਜਾਂ ਦੇ ਮੁਕਾਬਲੇ ਚੰਗਾ ਰਿਕਾਰਡ ਦੱਸਿਆ ਜਾ ਰਿਹਾ ਹੈ।

ਡਾਕਟਰਾਂ ਦਾ ਕਹਿਣਾ ਹੈ ਕਿ ਮੈਨੇਜਮੈਂਟ ਦੀਆਂ ਗਲਤ ਨੀਤੀਆਂ ਅਤੇ ਫੀਸਾਂ ਤੇ ਹੋਰ ਆਮਦਨ ਦੀ ਦੁਰਵਰਤੋਂ ਕਾਰਨ ਅੱਜ ਕਾਲਜ ਬੰਦ ਹੋਣ ਦੀ ਨੌਬਤ ਆਈ ਹੈ। ਕਾਲਜ ਵਿਚ ਪੜ੍ਹਦੇ ਵਿਦਿਆਰਥੀਆਂ ਨੇ ਆਖਿਆ ਕਿ ਉਹ ਦੂਜੇ ਕਾਲਜਾਂ ਵਿਚ ਨਹੀਂ ਜਾਣਾ ਚਾਹੁੰਦੇ। ਇਸ ਖੇਤਰ ਦੀਆਂ ਪੰਚਾਇਤਾਂ ਨੇ ਮੁਲਾਜ਼ਮ ਆਗੂਆਂ ਨਾਲ ਮੀਟਿੰਗ ਕਰ ਕੇ ਕਾਲਜ ਨੂੰ ਬੰਦ ਹੋਣ ਤੋਂ ਰੋਕਣ ਲਈ ਸੰਘਰਸ਼ ਦੀ ਰਣਨੀਤੀ ਘੜੀ ਹੈ। ਬੁਲਾਰਿਆਂ ਨੇ ਕਿਹਾ ਕਿ ਚਿਤਪੁਰਨੀ ਤੇ ਗਿਆਨ ਸਾਗਰ ਦੀਆਂ ਸੀਟਾਂ ਘਟਣ ਮਗਰੋਂ ਰਾਜ ਵਿਚ ਸਿਰਫ 1000 ਸੀਟਾਂ ਹੀ ਰਹਿ ਜਾਣਗੀਆਂ।ਹਲਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਆਖਿਆ ਕਿ ਗਿਆਨ ਸਾਗਰ ਉਨ੍ਹਾਂ ਦੇ ਹਲਕੇ ਦੀ ਮਿਆਰੀ ਸੰਸਥਾ ਹੈ, ਜਿਸ ਨੂੰ ਬੰਦ ਹੋਣ ਤੋਂ ਬਚਾਉਣ ਲਈ ਉਹ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।

# ਮਹੰਤਾਂ ਦੇ ਡੇਰੇ 'ਤੇ ਕਬਜ਼ੇ ਲਈ ਦੋ ਧਿਰਾਂ ਵਿਚ ਝੜਪ, ਦੋ ਹਲਾਕ

**ਤਪਾ ਮੰਡੀ:** ਡੇਰਾ ਮਹੰਤ ਪਰਮਾਨੰਦ ਵਜੋਂ ਜਾਣੇ ਜਾਂਦੇ ਤਪਾ ਦੇ ਪਿੰਡ ਵਿਚਲੇ ਠਾਕੁਰਦੁਆਰੇ ਉਤੇ ਕਬਜ਼ੇ ਲਈ ਗੋਲੀ ਚੱਲਣ ਕਾਰਨ ਦੋ ਜਣੇ ਮਾਰੇ ਗਏ ਅਤੇ ਅੱਧੀ ਦਰਜਨ ਜ਼ਖਮੀ ਹੋ ਗਏ। ਇਸ ਠਾਕੁਰਦੁਆਰੇ ਦੇ ਮਹੰਤ ਪਰਮਾਨੰਦ ਬ੍ਰਹਮਚਾਰੀ ਸਨ। ਉਨ੍ਹਾਂ ਆਪਣੇ ਭਾਣਜੇ ਹਰਦੇਵ ਦਾਸ ਨੂੰ ਸੇਵਾ-ਸੰਭਾਲ ਲਈ ਆਪਣੇ ਕੋਲ ਰੱਖਿਆ ਹੋਇਆ ਸੀ। ਮਹੰਤ ਪਰਮਾਨੰਦ ਦਾ ਕੋਈ ਹੋਰ ਸਕਾ ਭਰਾ ਵੀ ਨਹੀਂ ਸੀ, ਜਿਸ ਕਾਰਨ ਉਨ੍ਹਾਂ ਆਪਣੇ ਭਾਣਜੇ ਦੇ ਮੁੰਡੇ ਗੋਪਾਲ ਦਾਸ ਨੂੰ ਆਪਣਾ ਗੱਦੀਨਸ਼ੀਨ ਥਾਪ ਦਿੱਤਾ ਸੀ। ਮਹੰਤ ਪਰਮਾਨੰਦ ਦੇ ਦੇਹਾਂਤ ਮਗਰੋਂ ਸ਼ਰੀਕੇ ਵਿਚੋਂ ਲੱਗਦੇ ਉਨ੍ਹਾਂ ਦੇ ਭਤੀਜੇ ਰਮੇਸ਼ਵਰ ਦਾਸ ਨੇ ਵੀ ਡੇਰੇ 'ਤੇ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਸਾਲ 2007 ਵਿਚ ਰਮੇਸ਼ਵਰ ਦਾਸ ਆਪਣਾ ਸਿਆਸੀ ਪ੍ਰਭਾਵ ਵਰਤ ਕੇ ਡੇਰੇ ਉਤੇ ਕਾਬਜ਼ ਹੋ ਗਿਆ। ਹੁਣ 30 ਮਾਰਚ 2017 ਨੂੰ ਸੀ.ਜੇ.ਐਮ. ਬਰਨਾਲਾ ਦੀ ਅਦਾਲਤ ਵਿਚੋਂ ਗੋਪਾਲ ਦਾਸ ਦੇ ਹੱਕ ਵਿਚ ਫੈਸਲਾ ਸੁਣਾਇਆ ਗਿਆ।

ਇਸ ਫੈਸਲੇ ਦੇ ਮੱਦੇਨਜ਼ਰ ਮਹੰਤ ਗੋਪਾਲ ਦਾਸ ਦੇ ਭਰਾ ਲਕਸ਼ਮੀ ਨਾਰਾਇਣ ਦਾਸ ਆਪਣੇ ਕੁਝ ਸਮਰਥਕਾਂ ਨਾਲ ਡੇਰੇ ਦੇ ਮੰਦਰ ਵਿਚ ਆਰਤੀ ਕਰਨ ਗਏ ਤਾਂ ਮਹੰਤ ਰਮੇਸ਼ਵਰ ਦਾਸ ਦੇ ਭਤੀਜੇ ਭੁਵਨੇਸ਼ਵਰ ਦਾਸ ਅਤੇ ਉਸ ਦੇ ਚਚੇਰੇ ਭਰਾ ਹੇਮੰਤ ਦਾਸ ਉਰਫ ਮਾਧੋ ਦਾਸ ਨੇ ਲਕਸ਼ਮੀ ਨਾਰਾਇਣ, ਗੁਲਾਬ ਦਾਸ ਅਤੇ ਰਾਮ ਦਿਆਲ ਉਤੇ ਗੋਲੀਆਂ ਚਲਾ ਦਿੱਤੀਆਂ। ਇਸ ਕਾਰਨ ਲਕਸ਼ਮੀ ਨਾਰਾਇਣ ਅਤੇ ਗੁਲਾਬ ਦਾਸ ਦੀ ਮੌਕੇ ਉਤੇ ਮੌਤ ਹੋ ਗਈ ਅਤੇ ਰਾਮ ਦਿਆਲ ਗੰਭੀਰ ਜ਼ਖ਼ਮੀ ਹੋ ਗਿਆ। ਦੋਵੇਂ ਧਿਰਾਂ ਨੇ ਇਕ ਦੂਜੇ 'ਤੇ ਇੱਟਾਂ ਰੋੜੇ ਵੀ ਵਰ੍ਹਾਏ। ਇਸ ਘਟਨਾ ਵਿਚ ਅੱਧੀ ਦਰਜਨ ਤੋਂ ਵੱਧ ਵਿਅਕਤੀ ਗੰਭੀਰ ਜ਼ਖ਼ਮੀ ਹੋਏ।

ਪੁਲਿਸ ਨੇ ਮਹੰਤ ਰਮੇਸ਼ਵਰ ਦਾਸ, ਰਘੁਨੰਦਨ ਲਾਲ, ਰਮੇਸ਼ ਕੁਮਾਰ, ਹੇਮੰਤ ਕੁਮਾਰ ਉਰਫ ਮਾਧੋ, ਭੁਵਨੇਸ਼ਵਰ ਦਾਸ ਉਰਫ ਸੁਦਾਮਾ, ਦਿਆਲ ਦਾਸ ਮਹੰਤ, ਵਰਿੰਦਰ ਕੁਮਾਰ ਅਤੇ ਕਪਿਲ ਕੁਮਾਰ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਪੀੜਤ ਧਿਰ ਨੇ ਮੌਜੂਦਾ ਥਾਣਾ ਮੁਖੀ ਸੰਜੀਵ ਸਿੰਗਲਾ ਨੂੰ ਇਸ ਘਟਨਾ ਲਈ ਜ਼ਿੰਮੇਵਾਰ ਦੱਸਦਿਆਂ ਕਾਰਵਾਈ ਦੀ ਮੰਗ ਕੀਤੀ।

# 'ਆਪ' ਵੱਲੋਂ ਕੈਪਟਨ ਸਰਕਾਰ ਦੀ ਰਾਜਪਾਲ ਕੋਲ ਸ਼ਿਕਾਇਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਵਫਦ ਨੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਐਡਵੋਕੇਟ ਐਚ.ਐਸ. ਫੂਲਕਾ ਦੀ ਅਗਵਾਈ ਹੇਠ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਕੋਲ ਪਹੁੰਚ ਕੀਤੀ ਹੈ। ਵਫਦ ਨੇ ਪੰਜਾਬ ਵਿਚ ਪ੍ਰਾਈਵੇਟ ਸਕੂਲਾਂ ਵੱਲੋਂ ਸਰਕਾਰ ਤੇ ਹਾਈ ਕੋਰਟ ਦੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਬੱਚਿਆਂ ਕੋਲੋਂ ਮੋਟੀਆਂ ਫੀਸਾਂ ਵਸੂਲਣ, ਕਿਸਾਨਾਂ ਦੇ ਕਰਜ਼ੇ ਮੁਆਫ ਕਰ ਕੇ ਉਨ੍ਹਾਂ ਨੂੰ ਰਾਹਤ ਦੇਣ, ਪਰਲ, ਕਰਾਉਣ ਆਦਿ ਕੰਪਨੀਆਂ ਵੱਲੋਂ ਲੋਕਾਂ ਨਾਲ ਕੀਤੀ ਗਈ ਠੱਗੀ ਤੇ ਪੰਜਾਬ ਵਿਚ ਕਾਨੂੰਨ ਤੇ ਨਿਆਂ ਦੀ ਨਿੱਘਰ ਦੀ ਹਾਲਤ ਵਰਗੇ ਮੁੱਦੇ ਉਠਾਏ।

ਸ. ਫੂਲਕਾ ਨੇ ਕਿਹਾ ਕਿ ਸੂਬੇ ਭਰ ਵਿਚ ਪ੍ਰਾਈਵੇਟ ਸਕੂਲ ਦਾਖਲਾ, ਮੁੜ ਦਾਖਲਾ, ਕਿਤਾਬਾਂ ਤੇ ਵਰਦੀਆਂ ਦੇ ਨਾਮ ਉਤੇ ਵਿਦਿਆਰਥੀਆਂ ਕੋਲੋਂ ਮੋਟੀਆਂ ਫੀਸਾਂ ਲੁੱਟ ਰਹੇ ਹਨ। ਇਹ ਸਕੂਲ ਹਾਈ ਕੋਰਟ ਤੇ ਪੰਜਾਬ ਸਰਕਾਰ ਵੱਲੋਂ ਤੈਅ ਮਾਪ ਦੰਡਾਂ ਨੂੰ ਅੱਖੋਂ-ਪਰੋਖੇ ਕਰ ਰਹੇ ਹਨ। ਸਰਕਾਰੀ ਸਕੂਲਾਂ ਵਿਚ ਕਿਤਾਬਾਂ ਤੇ ਵਰਦੀਆਂ ਮੁਫਤ ਦਿੱਤੀਆਂ ਜਾਂਦੀਆਂ ਹਨ ਤੇ ਪ੍ਰਾਈਵੇਟ ਸਕੂਲਾਂ ਦਾ ਇਹ ਕਦਮ ਸਿੱਧੇ ਤੌਰ 'ਤੇ ਰਾਈਟ ਟੂ ਐਜੂਕੇਸ਼ਨ ਐਕਟ ਦੀ ਉਲੰਘਣਾ ਹੈ।

ਸੂਬੇ ਵਿਚ ਮਰ ਰਹੀ ਕਿਸਾਨੀ ਦੇ ਮੁੱਦੇ ਉਤੇ ਬੋਲਦਿਆਂ ਫੂਲਕਾ ਨੇ ਕਿਹਾ ਕਿ ਪੰਜਾਬ ਭਰ ਵਿਚ ਕਿਸਾਨ ਇਸ ਸਮੇਂ ਮੰਦੇ ਆਰਥਿਕ ਦੌਰ ਵਿਚੋਂ ਗੁਜ਼ਰ ਰਹੇ ਹਨ। ਇਸ ਕਾਰਨ ਹਰ ਰੋਜ਼ ਕਈ ਕਿਸਾਨ ਆਤਮ ਹੱਤਿਆ ਕਰਨ ਲਈ ਮਜਬੂਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਸਰਕਾਰ ਬਣਨ ਤੋਂ ਬਾਅਦ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੀ ਗੱਲ ਕਹੀ ਸੀ, ਪਰ ਅਜੇ ਤੱਕ ਇਸ ਸਬੰਧੀ ਕੋਈ ਕਦਮ ਨਹੀਂ ਚੁੱਕਿਆ ਗਿਆ। ਇਹ ਸਮੇਂ ਦੀ ਮੁੱਖ ਮੰਗ ਹੈ ਕਿ ਕਿਸਾਨਾਂ ਦੇ ਕਰਜ਼ੇ ਮੁਆਫ ਕਰ ਕੇ ਉਨ੍ਹਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਵੇ।

ਸੂਬੇ ਵਿਚ ਕਾਨੂੰਨ ਤੇ ਨਿਆਂ ਵਿਵਸਥਾ ਦੀ ਨਿੱਘਰਦੀ ਹਾਲਤ ਬਾਰੇ ਫੂਲਕਾ ਨੇ ਕਿਹਾ ਕਿ ਪੰਜਾਬ ਵਿਚ ਕਾਨੂੰਨ ਦੀ ਵਿਵਸਥਾ ਬਦ ਤੋਂ ਬਦਤਰ ਹੋ ਰਹੀ ਹੈ। ਵਿਗੜਦੀ ਕਾਨੂੰਨ ਵਿਵਸਥਾ ਦਾ ਮੁੱਖ ਕਾਰਨ ਸੂਬੇ ਦੀ ਸੱਤਾਧਾਰੀ ਪਾਰਟੀ ਕਾਂਗਰਸ ਦੇ ਆਗੂਆਂ ਵੱਲੋਂ ਨਾਜਾਇਜ਼ ਧੰਦੇ ਤੇ ਗੁੰਡਾ ਟੈਕਸ ਨੂੰ ਹਥਿਆ ਕੇ ਕਾਨੂੰਨ ਵਿਰੋਧੀ ਕਾਰਜ ਕਰਨਾ ਹੈ। ਸਰਕਾਰ ਇਨ੍ਹਾਂ ਨਾਜਾਇਜ਼ ਗਤੀਵਿਧੀਆਂ ਨੂੰ ਰੋਕਣ ਦੀ ਥਾਂ ਕਾਂਗਰਸੀ ਆਗੂਆਂ ਨੂੰ ਸ਼ਹਿ ਦੇ ਰਹੀ ਹੈ।



## ਗਊਸ਼ਾਲਾਵਾਂ ਬਾਰੇ ਕੈਪਟਨ ਦੇ ਫੈਸਲੇ ਤੋਂ 'ਆਪ' ਵਾਲੇ ਔਖੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵੱਲੋਂ ਸੂਬੇ ਭਰ ਦੀਆਂ ਗਊਸ਼ਾਲਾਵਾਂ ਨੂੰ ਦਿੱਤੀ ਜਾਣ ਵਾਲੀ ਮੁਫਤ ਬਿਜਲੀ ਦੀ ਸੁਵਿਧਾ ਨੂੰ ਬੰਦ ਕਰਨ ਦੇ ਫੈਸਲੇ ਦੀ ਆਲੋਚਨਾ ਕੀਤੀ।

ਸ. ਫੂਲਕਾ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗਾ ਹੈ ਕਿ ਪਾਵਰ ਕਾਰਪੋਰੇਸ਼ਨ ਵੱਲੋਂ ਗਊਸ਼ਾਲਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਨਾਲ ਬਿਨਾ ਸਲਾਹ ਕੀਤੇ ਹੀ ਤਾਨਾਸ਼ਾਹੀ ਢੰਗ ਨਾਲ ਇਹ ਫੈਸਲਾ ਲਾਗੂ ਕਰ ਦਿੱਤਾ ਗਿਆ ਹੈ।

## ਭਗਵੰਤ ਮਾਨ ਦਾ ਕੈਪਟਨ ਸਰਕਾਰ ਨੂੰ ਅਲਟੀਮੇਟਮ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਕਮਾਨ ਸੰਭਾਲਦਿਆਂ ਹੀ ਭਗਵੰਤ ਮਾਨ ਨੇ ਕਾਂਗਰਸ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਨੇ ਪੰਜਾਬ ਅੰਦਰ ਆਰਥਿਕ ਤੰਗਹਾਲੀ ਤੇ ਕਰਜ਼ੇ ਦੇ ਬੋਝ ਕਾਰਨ ਆਤਮ ਹੱਤਿਆਵਾਂ ਕਰ ਰਹੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਘੇਰਦੇ ਹੋਏ ਕਿਹਾ ਹੈ ਕਿ ਕਾਂਗਰਸ ਕਿਸਾਨਾਂ ਨਾਲ ਕੀਤਾ ਚੋਣ ਵਾਅਦਾ ਤੁਰਤ ਪੂਰਾ ਕਰੇ ਨਹੀਂ ਫੇਰ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ। 'ਆਪ' ਨੇ ਕਿਸਾਨਾਂ ਦੇ ਨਾਲ-ਨਾਲ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫੀ ਦਾ ਵੀ ਮੁੱਦਾ ਚੁੱਕਿਆ। ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੇ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕੈਪਟਨ ਸਰਕਾਰ ਦੇ 56 ਦਿਨਾਂ ਦੇ ਕਾਰਜਕਾਲ ਦੌਰਾਨ 40 ਕਿਸਾਨ ਆਤਮ ਹੱਤਿਆਵਾਂ ਕਰ ਚੁੱਕੇ ਹਨ।



# ਬਰਤਾਨਵੀ ਲੇਬਰ ਪਾਰਟੀ ਵੱਲੋਂ ਸਾਕਾ ਨੀਲਾ ਤਾਰਾ ਮੁੱਦਾ ਆਪਣੇ ਮੈਨੀਫੈਸਟੋ ਵਿਚ ਸ਼ਾਮਲ

**ਲੰਡਨ:** ਯੂ.ਕੇ. ਦੀਆਂ ਅੱਠ ਜੂਨ ਨੂੰ ਆ ਰਹੀਆਂ ਆਮ ਚੋਣਾਂ ਲਈ ਲੇਬਰ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਸਾਕਾ ਨੀਲਾ ਤਾਰਾ ਵਿਚ ਬਰਤਾਨਵੀ ਸਰਕਾਰ ਦੀ ਭੂਮਿਕਾ ਬਾਰੇ ਨਿਰਪੱਖ ਜਾਂਚ ਕਰਵਾਉਣ ਦੇ ਮੁੱਦੇ ਨੂੰ ਵੀ ਸ਼ਾਮਲ ਕੀਤਾ ਹੈ।

ਲੇਬਰ ਪਾਰਟੀ ਨੇ ਚੋਣ ਮੈਨੀਫੈਸਟੋ ਵਿਚ ਸਿੱਖਾਂ ਨਾਲ ਜੂਨ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵੱਲੋਂ ਕੀਤੇ ਹਮਲੇ ਅਤੇ ਨਵੰਬਰ 1984 'ਚ ਭਾਰਤ ਵਿਚ ਸਿੱਖਾਂ ਦੇ ਕੀਤੇ ਕਤਲੇਆਮ ਦੀ ਨਿਰਪੱਖ ਜਾਂਚ ਕਰਵਾਉਣ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ ਉਸ ਸਮੇਂ ਬਰਤਾਨਵੀ ਸਿੱਖਾਂ 'ਤੇ ਲੱਗੀਆਂ ਪਾਬੰਦੀਆਂ ਬਾਰੇ ਵੀ ਜਾਂਚ ਹੋਵੇਗੀ। ਲੇਬਰ ਪਾਰਟੀ ਦੇ ਡਿਪਟੀ ਲੀਡਰ ਟੌਮ ਵਾਟਸਨ ਨੇ ਕਿਹਾ ਹੈ ਕਿ ਯੂ.ਕੇ. 'ਚ ਵਸਦੇ ਵੱਡੀ ਗਿਣਤੀ ਵਿਚ ਸਿੱਖ ਜਿਨ੍ਹਾਂ 'ਚ ਉਨ੍ਹਾਂ ਦੇ ਹਲਕੇ ਦਾ ਸਿੱਖ ਭਾਈਚਾਰਾ ਵੀ ਸ਼ਾਮਲ ਹੈ, ਸਾਕਾ ਨੀਲਾ ਤਾਰਾ ਵਿਚ ਯੂ.ਕੇ. ਦੀ ਭੂਮਿਕਾ ਬਾਰੇ ਜਾਣ ਕੇ ਹੈਰਾਨ ਹੋ ਗਏ ਸਨ। ਇਸ ਬਾਰੇ ਉਦੋਂ ਪਤਾ ਲੱਗਾ ਜਦੋਂ ਸਰਕਾਰ ਦੇ ਕੁਝ ਦਸਤਾਵੇਜ਼ ਜਾਰੀ ਹੋਏ, ਪਰ ਦੂਜੇ ਦਸਤਾਵੇਜ਼ ਅਜੇ ਵੀ ਲੁਕੇ ਹੋਏ ਹਨ। ਸ਼ੈਡੋ ਖਜ਼ਾਨਾ ਮੰਤਰੀ ਜੌਹਨ ਮੈਕਡੌਨਲ ਨੇ ਕਿਹਾ ਹੈ ਕਿ ਬਰਤਾਨਵੀ ਸਿੱਖਾਂ ਦੀ ਯੂ.ਕੇ. ਦੇ ਸਭਿਆਚਾਰ ਤੇ ਆਰਥਿਕ ਜ਼ਿੰਦਗੀ 'ਚ ਬਹੁਤ ਵੱਡੀ ਦੇਣ ਹੈ। ਮੈਨੂੰ ਮਾਣ ਹੈ ਕਿ ਸਾਡੇ ਲੇਬਰ ਚੋਣ ਮਨੋਰਥ ਪੱਤਰ 'ਚ 1984 ਸਿੱਖ ਕਤਲੇਆਮ ਦੀ ਜਾਂਚ ਦੇ ਵਾਅਦੇ ਨੂੰ ਰੱਖਿਆ ਗਿਆ ਹੈ। ਸਿੱਖ ਫਾਰ ਲੇਬਰ ਦੇ ਗੁਰਿੰਦਰ ਸਿੰਘ ਜੋਸਨ ਨੇ ਕਿਹਾ ਹੈ ਕਿ ਲੇਬਰ ਪਾਰਟੀ ਵੱਲੋਂ ਚੋਣ ਮਨੋਰਥ ਪੱਤਰ ਵਿਚ ਸਿੱਖਾਂ ਦੇ ਇਸ ਅਹਿਮ ਮਸਲੇ ਨੂੰ ਲਿਆਉਣ ਦਾ ਸਵਾਗਤ ਹੈ।

ਜ਼ਿਕਰਯੋਗ ਹੈ ਕਿ ਸਿੱਖ ਫਾਰ ਲੇਬਰ ਗਰੁੱਪ ਦੇ ਉਦਮ ਨਾਲ ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ, ਸਿੱਖ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨਾਲ ਲੇਬਰ ਪਾਰਟੀ ਦੇ ਆਗੂਆਂ ਨਾਲ ਹੋਈ ਮੀਟਿੰਗ ਦਾ ਹੀ ਇਹ ਨਤੀਜਾ ਹੈ। ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ ਸਮੇਂ-ਸਮੇਂ ਇਸ ਗੱਲ ਦੀ ਮੰਗ ਕਰਦੀਆਂ ਆ ਰਹੀਆਂ ਹਨ ਕਿ ਇਸ ਮਾਮਲੇ ਦੀ ਤਹਿ ਤੱਕ ਜਾਇਆ ਜਾਵੇ।

# ਬਰਤਾਨੀਆ ਦੇ ਹਜ਼ਾਰ ਅਮੀਰਾਂ ਦੀ ਸੂਚੀ ਵਿਚ ਦੋ ਪੰਜਾਬੀ ਭਰਾ



**ਲੰਡਨ:** ਪੰਜਾਬੀਆਂ ਦੇ ਸਖਤ ਮਿਹਨਤੀ ਸੁਭਾਅ ਨੂੰ ਹਰ ਕੋਈ ਜਾਣਦਾ ਹੈ। ਰੋਜ਼ੀ ਰੋਟੀ ਕਮਾਉਣ ਲਈ ਨਿਕਲੇ ਪੰਜਾਬੀ ਹੁਣ ਕਿਸੇ ਪੱਖੋਂ ਘੱਟ ਨਹੀਂ, ਸਗੋਂ ਜਿਹੜੇ ਦੇਸ਼ ਉਹ ਜਾਂ ਉਨ੍ਹਾਂ ਦੇ ਪੁਰਖੇ ਰੋਜ਼ੀ ਰੋਟੀ ਕਮਾਉਣ ਗਏ ਸਨ, ਅੱਜ ਉਹ ਉਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਰੋਜ਼ੀ ਰੋਟੀ ਦੇ ਰਹੇ ਹਨ।

ਕਪੂਰਥਲਾ ਜ਼ਿਲ੍ਹੇ ਦੀ ਤਹਿਸੀਲ ਫਗਵਾੜਾ ਦੇ ਪਿੰਡ ਮਾਣਕਾਂ ਦੇ ਕਰਨੈਲ ਸਿੰਘ ਅਤੇ ਬੀਬੀ ਹਰਭਜਨ ਕੌਰ ਮਾਣਕ ਯੂ.ਕੇ. ਵਿਚ ਆਮ ਪੰਜਾਬੀਆ ਵਾਂਗ ਕਿਰਤ ਕਮਾਈ ਕਰਨ ਲਈ ਆਏ ਸਨ। ਜਿਨ੍ਹਾਂ ਦੇ ਬੇਟੇ ਰਾਜਵੀਰ ਸਿੰਘ ਮਾਣਕ ਅਤੇ ਸੁਰਿੰਦਰ ਸਿੰਘ ਮਾਣਕ ਵੱਲੋਂ ਉਚੇਰੀ ਵਿਦਿਆ ਪ੍ਰਾਪਤ ਕਰਨ ਬਾਅਦ ਸਥਾਪਤ ਕੀਤੇ ਕਾਰੋਬਾਰ ਵਿਚ ਅਜਿਹੀਆਂ ਮੱਲਾਂ ਮਾਰੀਆਂ ਕਿ ਅੱਜ ਉਨ੍ਹਾਂ ਦਾ ਨਾਂ ਬਰਤਾਨੀਆ ਦੇ 1000 ਅਮੀਰ ਲੋਕਾਂ ਦੀ ਜਾਰੀ ਹੋਈ ਸੂਚੀ ਵਿਚ ਸ਼ਾਮਲ ਹੋਇਆ ਹੈ। ਸੂਚੀ ਵਿਚ ਉਨ੍ਹਾਂ ਨੂੰ 929ਵਾਂ ਸਥਾਨ ਮਿਲਿਆ ਹੈ। 50 ਸਾਲਾ ਰਾਜਵੀਰ ਸਿੰਘ ਮਾਣਕ ਦੀ ਕੈਂਟ ਦੇ ਇਲਾਕੇ 'ਚ ਸਟੇਨਮੋਰ ਕੰਟਰੈਕਟਰਜ਼ ਲਿਮਿਟਡ ਕੰਪਨੀ, ਜੋ ਇਮਾਰਤਸਾਜ਼ੀ ਦੇ ਕੰਮ ਕਰਦੀ ਹੈ, ਦੇ ਕਾਰੋਬਾਰ ਵਿਚ ਵੱਡਾ ਵਾਧਾ ਹੋਇਆ ਹੈ। ਸਾਲ 2015-2016 ਵਿਚ ਅਕਾਲ ਗਰੁੱਪ ਪੀ.ਐਲ.ਸੀ. ਪੇਰਿੰਟ ਕੰਪਨੀ ਨੇ ਰਿਕਾਰਡ ਤੋੜ 165 ਲੱਖ ਪੌਂਡ ਦਾ ਮੁਨਾਫਾ ਕਮਾਇਆ ਹੈ, ਜਿਸ ਨੇ ਇਕ ਸਾਲ ਵਿਚ 1080 ਲੱਖ ਪੌਂਡ ਦਾ ਕਾਰੋਬਾਰ ਕੀਤਾ ਹੈ। ਮਾਣਕ ਪਰਿਵਾਰ ਦਾ 1170 ਲੱਖ ਪੌਂਡ ਦਾ ਕਾਰੋਬਾਰ ਚੱਲ ਰਿਹਾ ਹੈ।

# ਟਰੂਡੋ ਦੀ ਸਿੱਖਾਂ ਨਾਲ ਹਮਦਰਦੀ 'ਤੇ ਇਤਰਾਜ਼


**ਨਵੀਂ ਦਿੱਲੀ:** ਭਾਰਤ ਨੇ ਸੰਕੇਤ ਦਿੱਤਾ ਹੈ ਕਿ ਉਸ ਨੇ ਟੋਰਾਂਟੋ ਵਿਚ ਖਾਲਸਾ ਦਿਵਸ ਸਮਾਰੋਹ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਮੌਜੂਦਗੀ ਦਾ ਮੁੱਦਾ ਕੈਨੇਡਾ ਕੋਲ ਚੁੱਕਿਆ ਸੀ। ਇਸ ਪ੍ਰੋਗਰਾਮ ਵਿਚ ਉਨ੍ਹਾਂ ਦੋ ਕਾਨੂੰਨਸਾਜ਼ਾਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ 'ਕਤਲੇਆਮ' ਗਰਦਾਨਣ ਲਈ ਓਂਟਾਰੀਓ ਅਸੈਂਬਲੀ ਵਿਚ ਮਤਾ ਪਾਸ ਕਰਵਾਇਆ।



ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਇਸ ਵਾਰ ਅਪਰੈਲ ਮਹੀਨੇ ਨੂੰ 'ਸਿੱਖ ਵਿਰਾਸਤੀ ਮਹੀਨੇ' ਵਜੋਂ ਮਨਾਇਆ ਗਿਆ। ਖਾਲਸਾ ਸਾਜਨਾ ਦਿਹਾੜੇ ਨੂੰ ਸਮਰਪਤ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ 1978 ਵਿਚ ਨਗਰ ਕੀਰਤਨ ਸਜਾਏ ਜਾਣ ਦੀ ਆਰੰਭਤਾ ਹੋਈ ਸੀ ਅਤੇ ਇਸੇ ਤਹਿਤ ਟੋਰਾਂਟੋ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖਾਸ ਤੌਰ 'ਤੇ ਸ਼ਮੂਲੀਅਤ ਕੀਤੀ। ਜਸਟਿਨ ਟਰੂਡੋ ਨੇ ਇਸ ਮੌਕੇ ਖਾਲਸਾ ਪੰਥ ਨੂੰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਵਧਾਈ ਦਿੱਤੀ ਅਤੇ ਨਗਰ ਕੀਰਤਨ 'ਚ ਸ਼ਾਮਲ ਹੋ ਕੇ ਮਾਣ ਮਹਿਸੂਸ ਕੀਤਾ। ਇਸ ਦੌਰਾਨ ਜਸਟਿਨ ਟਰੂਡੋ ਨੇ ਖੁੱਲ੍ਹਾ ਸਮਾਂ ਕੱਢ ਕੇ ਸੰਗਤ ਨਾਲ ਤਸਵੀਰਾਂ ਖਿਚਵਾਈਆਂ। ਪੂਰਾ ਅਪਰੈਲ ਮਹੀਨਾ ਖਾਲਸੇ ਦੇ ਸਿਰਜਣਾ ਦਿਹਾੜੇ ਨੂੰ ਸਮਰਪਤ ਰਿਹਾ।

# ਭੁੱਟੋ ਦੀ ਧੀ ਨੇ ਰਮਜ਼ਾਨ ਸਬੰਧੀ ਕਾਨੂੰਨ ਬਾਰੇ ਉਠਾਏ ਸਵਾਲ

**ਨਵੀਂ ਦਿੱਲੀ:** ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਬੇਟੀ ਬਖਤਾਵਰ ਜਰਦਾਰੀ ਨੇ ਆਪਣੇ ਦੇਸ਼ ਦੇ ਇਕ ਕਾਨੂੰਨ ਅਹਿਤਰਾਮ-ਏ-ਰਮਜ਼ਾਨ ਦੀ ਆਲੋਚਨਾ ਕੀਤੀ।



ਦਰਅਸਲ, ਪਾਕਿਸਤਾਨ 'ਚ ਇਹ ਕਾਨੂੰਨ ਹੈ ਕਿ ਰਮਜ਼ਾਨ ਦੇ ਦੌਰਾਨ ਰੋਜ਼ਾ ਨਾ ਰੱਖਣ ਵਾਲਿਆਂ ਨੂੰ ਜੇਲ੍ਹ ਦੀ ਸਜ਼ਾ ਤੇ ਜੁਰਮਾਨਾ ਦੇਣਾ ਪੈਂਦਾ ਹੈ। ਬਖਤਾਵਰ ਨੇ ਇਸ ਕਾਨੂੰਨ ਦੀ ਆਲੋਚਨਾ ਵਿਚ ਕਿਹਾ ਕਿ ਇਹ ਇਸਲਾਮ ਨਹੀਂ ਹੈ। ਬਖਤਾਵਰ ਜਰਦਾਰੀ ਨੇ ਇਕ ਟਵੀਟ ਕਰ ਕੇ ਕਿਹਾ ਕਿ ਜਿਥੇ ਇੰਨੀ ਗਰਮੀ ਪੈ ਰਹੀ ਹੈ ਤੇ ਲੋਕ ਗਰਮੀ ਨਾਲ ਮਰ ਰਹੇ ਹਨ, ਅਜਿਹੇ 'ਚ ਇਹ ਕਾਨੂੰਨ ਕਿ ਰੋਜ਼ਾ ਰੱਖਣਾ ਜਰੂਰੀ ਹੈ, ਇਹ ਗਲਤ ਹੈ। ਇਹ ਇਸਲਾਮ ਨਹੀਂ ਹੈ। ਉਸ ਨੇ ਕਿਹਾ ਕਿ ਇਸਲਾਮ 'ਚ ਅਜਿਹਾ ਕੋਈ ਕਾਨੂੰਨ ਨਹੀਂ ਹੈ ਕਿ ਰੋਜ਼ਾ ਨਾ ਰੱਖਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾਵੇ ਜਾਂ ਜੁਰਮਾਨਾ ਲਗਾਇਆ ਜਾਵੇ।

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# ਰੀਅਲ ਅਸਟੇਟ ਨੂੰ ਲੀਹ ‘ਤੇ ਲਿਆਉਣ ਬਾਰੇ ਅਹਿਮ ਰਣਨੀਤੀ

**ਚੰਡੀਗੜ੍ਹ:** ਰੀਅਲ ਅਸਟੇਟ ਦੀ ਮੁੜ ਸੁਰਜੀਤੀ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੀਅਲ ਅਸਟੇਟ (ਰੈਗੂਲੇਸ਼ਨ ਐਂਡ ਡਿਵੈਲਪਮੈਂਟ) ਐਕਟ 2016 (ਰੇਰਾ) ਲਾਗੂ ਕਰਨ ਲਈ ਨਿਯਮਾਂ ਸਬੰਧੀ ਨੋਟੀਫਿਕੇਸ਼ਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਗੈਰ-ਅਧਿਕਾਰਤ ਉਸਾਰੀਆਂ ਨਾਲ ਸਬੰਧਤ ਮਾਮਲਿਆਂ ਵਿਚ ਉਨਾ ਚਿਰ ਲਈ ਐਫ. ਆਈ. ਆਰ ਜਾਮ ਕਰਨ ਦੇ ਹੁਕਮ ਜਾਰੀ ਕੀਤੇ ਹਨ ਜਿਨ੍ਹਾਂ ਚਿਰ ਅਜਿਹੀਆਂ ਕਾਲੋਨੀਆਂ ਦੇ ਚੱਲ ਰਹੇ ਜਾਇਜ਼ੇ ਦਾ ਕੰਮ ਮੁਕੰਮਲ ਨਹੀਂ ਹੋ ਜਾਂਦਾ।



ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਦੀ ਜਾਇਜ਼ਾ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਸਰਕਾਰ ਵੱਲੋਂ ਮਕਾਨਾਂ ਲਈ ਥਾਵਾਂ/ਫਲੈਟਾਂ ਦੀ ਅਲਾਟਮੈਂਟ ਲਈ ਰਾਖਵੀਆਂ ਸ਼੍ਰੇਣੀਆਂ ਵਿਚ ਸੀਨੀਅਰ ਸਿਟੀਜ਼ਨਾਂ ਤੇ ਔਰਤਾਂ ਨੂੰ ਪਹਿਲ ਦੇ ਅਧਾਰ ‘ਤੇ ਅਲਾਟਮੈਂਟ ਕਰਨ ਦੇ ਹੁਕਮ ਦਿੱਤੇ ਹਨ। ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ, ਸਥਾਨਕ ਸਰਕਾਰ ਤੇ ਦਿਹਾਤੀ ਵਿਕਾਸ ਵਿਭਾਗ ਦੀ ਅਗਲੀ ਮੀਟਿੰਗ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਕਰਨਗੇ।

ਇਸ ਦੌਰਾਨ ਸੂਬੇ ਦੇ ਬੇਘਰੇ ਲੋਕਾਂ ਲਈ ਮਕਾਨਾਂ ਬਾਰੇ ਕਾਰਜ ਯੋਜਨਾ ਤਿਆਰ ਕੀਤੀ ਜਾਵੇਗੀ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਅਣ-ਅਧਿਕਾਰਤ ਕਾਲੋਨੀਆਂ ਵਿਚ ਰਹਿ ਰਹੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਢੰਗ ਤਰੀਕੇ ਲੱਭਣ ਲਈ ਆਖਿਆ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹਾ ਕਰਦੇ ਹੋਏ ਇਹ ਧਿਆਨ ਰੱਖਿਆ ਜਾਵੇ ਕਿ ਇਸ ਤਰ੍ਹਾਂ ਦੀਆਂ ਹੋਰ ਕਾਲੋਨੀਆਂ ਨੂੰ ਵਿਕਸਤ ਕਰਨ ਸਬੰਧੀ ਉਤਸ਼ਾਹ ਪੈਦਾ ਨਾ ਹੋਵੇ।

ਉਨ੍ਹਾਂ ਨੇ ਮਕਾਨਾਂ ਤੇ ਸ਼ਹਿਰੀ ਵਿਕਾਸ ਦੇ ਵਧੀਕ ਸਕੱਤਰ ਨੂੰ ਆਖਿਆ ਕਿ ਉਹ ਸਮਾਜ ਦੇ ਆਰਥਿਕ ਤੇ ਕਮਜ਼ੋਰ ਵਰਗਾਂ ਲਈ ਛੋਟੇ ਘਰ ਉਸਾਰਨ ਲਈ ਹਰੇਕ ਪ੍ਰੋਜੈਕਟ ਦੇ ਕੁੱਲ ਖੇਤਰ ਦਾ ਪੰਜ ਫੀਸਦੀ ਰਕਬਾ ਇਸ ਵਾਸਤੇ ਰੱਖਣ ਨੂੰ ਯਕੀਨੀ ਬਣਾਉਣ। ਐਕਟ ਲਾਗੂ ਕਰਨ ਲਈ ਰੈਗੂਲੇਟਰੀ ਅਥਾਰਟੀ ਸਥਾਪਤ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਸੈਕਟਰ ਦੇ ਵਿਕਾਸ ਲਈ ਤਾਲਮੇਲ ਨਾਲ ਕੋਸ਼ਿਸ਼ਾਂ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਪ੍ਰਸਤਾਵਿਤ ਅਥਾਰਟੀ ਵਿਚ ਇਕ ਚੇਅਰਪਰਸਨ ਤੇ ਘੱਟੋ-ਘੱਟ ਦੋ ਮੈਂਬਰ ਹੋਣੇ ਚਾਹੀਦੇ ਹਨ।

## ਹਾਦਸੇ ’ਚ ਪਰਿਵਾਰ ਦੇ 5 ਜੀਅ ਹਲਾਕ

**ਫਗਵਾੜਾ:** ਪਿੰਡ ਖੁਰਮਪੁਰ ਨੇੜੇ ਟਰੱਕ ਤੇ ਕਾਰ ’ਚ ਟੱਕਰ ਵਿਚ ਇਕੋ ਪਰਿਵਾਰ ਦੇ 5 ਜੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ 2 ਬੱਚੇ ਵੀ ਸ਼ਾਮਲ ਹਨ, ਜਦਕਿ ਇਕ ਮਾਸੂਮ ਬੱਚੀ ਅਤੇ ਇਕ ਵਿਅਕਤੀ ਜ਼ਖ਼ਮੀ ਹੋ ਗਏ। ਇਹ ਪਰਿਵਾਰ ਬੱਚਿਆਂ ਸਮੇਤ ਚਿੰਤਪੁਰਨੀ ਤੋਂ ਵਾਪਸ ਲੁਧਿਆਣਾ ਜਾ ਰਿਹਾ ਸੀ, ਪਿੰਡ ਖੁਰਮਪੁਰ ਦੇ ਨਜ਼ਦੀਕ ਫਗਵਾੜਾ ਤੋਂ ਹੁਸ਼ਿਆਰਪੁਰ ਨੂੰ ਜਾ ਰਹੇ ਇਕ ਟਰੱਕ ਨਾਲ ਕਾਰ ਦੀ ਜ਼ਬਰਦਸਤ ਟੱਕਰ ਹੋ ਗਈ। ਟੱਕਰ ਤੋਂ ਬਾਅਦ ਟਰੱਕ ਵਿਚ ਅੱਗ ਲੱਗ ਗਈ।

ਹਾਦਸੇ ’ਚ ਕਾਰ ਸਵਾਰ ਰੀਨਾ (35) ਪਤਨੀ ਸੁਰਿੰਦਰ, ਰਾਘਵ (10) ਤੇ ਮਾਨਵ (7) ਪੁੱਤਰ ਸੁਰਿੰਦਰ, ਵਿਕਾਸ (30) ਪੁੱਤਰ ਰਾਜਪਾਲ ਤੇ ਸ਼ਿਖਾ (28) ਪਤਨੀ ਵਿਕਾਸ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦਕਿ ਸੁਰਿੰਦਰ ਕੁਮਾਰ (40) ਪੁੱਤਰ ਰਾਕੇਸ਼ ਕੁਮਾਰ ਤੇ ਸ਼ਿਵਾਨੀ (8 ਮਹੀਨੇ) ਪੁੱਤਰੀ ਵਿਕਾਸ ਗੰਭੀਰ ਜ਼ਖ਼ਮੀ ਹੋ ਗਏ।

## ਨਿਵੇਸ਼ ਯੋਜਨਾ ਨੂੰ ਭਰਵਾਂ ਹੁੰਗਾਰਾ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀਆਂ ਨਿਵੇਸ਼ ਬਾਰੇ ਕੋਸ਼ਿਸ਼ਾਂ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਆਈ.ਟੀ/ ਆਈ.ਟੀ.ਈ.ਐਸ. ਕੰਪਨੀਆਂ ਨੂੰ ਮੁਹਾਲੀ ਵਿਚ ਥਾਂ ਦੀ ਅਲਾਟਮੈਂਟ ਲਈ ਸਹਿਮਤੀ ਮਿਲ ਗਈ। ਇਸ ਨਾਲ 750 ਕਰੋੜ ਤੋਂ ਵੱਧ ਦਾ ਨਿਵੇਸ਼ ਹੋਣ ਲਈ ਰਾਹ ਪੱਧਰਾ ਹੋ ਗਿਆ ਹੈ। ਇਸ ਨਾਲ ਤਕਰੀਬਨ 1500 ਪੇਸ਼ੇਵਰਾਂ ਨੂੰ ਸਿੱਧਾ ਰੁਜ਼ਗਾਰ ਮਿਲੇਗਾ। ਇਨ੍ਹਾਂ ਕੰਪਨੀਆਂ ਵਿਚੋਂ 14 ਕੰਪਨੀਆਂ ਦੀ ਚੋਣ ਆਈ.ਟੀ ਹੱਬ ਵਿਚ ਜ਼ਮੀਨ ਅਲਾਟਮੈਂਟ ਕਰਨ ਲਈ ਕੀਤੀ ਗਈ। ਇਸ ਨਾਲ ਐਸ.ਏ.ਐਸ ਨਗਰ ਮੁਹਾਲੀ ਦੀ ਆਈ.ਟੀ ਸਿਟੀ ਵਿਚ ਜ਼ਮੀਨ ਅਲਾਟ ਕਰਨ ਵਾਲੀਆਂ ਕੰਪਨੀਆਂ ਦੀ ਗਿਣਤੀ 46 ਹੋ ਜਾਵੇਗੀ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਅਰਜ਼ੀਆਂ ਦੇਣ ਵਾਲੀਆਂ ਕੰਪਨੀਆਂ ਨੇ 0.5 ਏਕੜ ਤੋਂ 25 ਏਕੜ ਤੱਕ ਪਲਾਟ ਖਰੀਦਣ ਲਈ ਦਿਲਚਸਪੀ ਵਿਖਾਈ। 1672 ਏਕੜ ਕੁੱਲ ਰਕਬੇ ਵਿਚੋਂ ਆਈ.ਟੀ/ ਆਈ.ਟੀ.ਈ.ਐਸ ਕੰਪਨੀਆਂ ਦੇ ਅਲਾਟਮੈਂਟ ਕਰਨ ਵਾਸਤੇ 278 ਏਕੜ ਜ਼ਮੀਨ ਰਾਖਵੀਂ ਰੱਖੀ ਹੋਈ ਹੈ। ਇਸ ਤੋਂ ਇਲਾਵਾ 248 ਏਕੜ ਜ਼ਮੀਨ ਰਹਾਇਸ਼ੀ ਕਾਲੋਨੀਆਂ ਲਈ ਰਾਖਵੀਂ ਹੈ ਜਦਕਿ ਬਾਕੀ ਵਪਾਰਕ, ਸੰਸਥਾਵਾਂ, ਜਨਤਕ ਇਮਾਰਤਾਂ, ਮਿਸ਼ਰਤ ਵਰਤੋਂ ਲਈ ਜ਼ਮੀਨ, ਰਾਖਵੀਂ ਜ਼ਮੀਨ ਅਤ ਸੜਕੀ ਨੈਟਵਰਕ ਵਾਸਤੇ ਜ਼ਮੀਨ ਸ਼ਾਮਲ ਹੈ।

## ਢਾਬੇ ਵਾਲੇ ਨੇ ਇਕ ਕਰੋੜ ਦਾ ਇਨਾਮ ਜਿੱਤਿਆ

**ਊਨਾ:** ਇਥੇ ਬੱਸ ਸਟੈਂਡ ਨੇੜੇ ਪੈਟਰੋਲ ਪੰਪ ਸਾਹਮਣੇ ਢਾਬਾ ਚਲਾਉਣ ਵਾਲੇ ਗੁਰਦਾਸ ਰਾਮ ਨੂੰ ਪੰਜਾਬ ਸਟੇਟ ਲਾਟਰੀ ਵਿਸਾਖੀ ਬੰਪਰ ਵਿਚ ਇਕ ਕਰੋੜ ਰੁਪਏ ਦਾ ਇਨਾਮ ਨਿਕਲਿਆ ਹੈ। ਗੁਰਦਾਸ ਰਾਮ ਪਿਛਲੇ 25 ਸਾਲਾਂ ਤੋਂ ਲਗਾਤਾਰ ਲਾਟਰੀ ਬੰਪਰ ਦੀ ਟਿਕਟ ਲੈਂਦਾ ਆ ਰਿਹਾ ਹੈ। ਇਸ ਤੋਂ ਪਹਿਲਾਂ ਵੀ ਗੁਰਦਾਸ ਰਾਮ ਨੂੰ ਇਕ ਲੱਕੀ ਡਰਾ ਵਿਚ ਨੈਨੋ ਕਾਰ ਮਿਲੀ ਸੀ।

# ਜਗਮੀਤ ਬਰਾੜ ਵੱਲੋਂ ਅਫੀਮ ਦੀ ਖੇਤੀ ਦੀ ਸਲਾਹ

**ਚੰਡੀਗੜ੍ਹ:** ਇਕ ਪਾਸੇ ਜਿਥੇ ਪੰਜਾਬ ਸਰਕਾਰ ਸੂਬੇ ਵਿਚੋਂ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਕੋਸ਼ਿਸ਼ਾਂ ਕਰ ਰਹੀ ਹੈ, ਉਥੇ ਹੀ ਸਾਬਕਾ ਸੰਸਦ ਮੈਂਬਰ ਤੇ ਤ੍ਰਿਣਮੂਲ ਕਾਂਗਰਸ ਦੇ ਪੰਜਾਬ ਪ੍ਰਧਾਨ ਜਗਮੀਤ ਬਰਾੜ ਨੇ ਸੂਬੇ ‘ਚ ਨਸ਼ੇ ਦੀ ਖੇਤੀ ਕਰਨ ਦੀ ਗੱਲ ਆਖੀ ਹੈ। ਜਗਮੀਤ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਕਿਸਾਨਾਂ ਨੂੰ 5 ਕਿੱਲਿਆਂ ਵਿਚ ਅਫੀਮ ਦੀ ਖੇਤੀ ਕਰਨ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ।



ਉਨ੍ਹਾਂ ਕਿਹਾ ਅਜਿਹਾ ਕੰਮ ਕਰਨ ਨਾਲ ਮੈਡੀਕਲ ਵਿਚ ਵੀ ਇਸ ਦੀ ਵਰਤੋਂ ਹੋ ਸਕੀ ਤੇ ਕਿਸਾਨਾਂ ਨੂੰ ਵੀ ਫਾਇਦਾ ਮਿਲ ਸਕੇਗਾ। ਬਰਾੜ ਮੁਤਾਬਕ ਕੇਂਦਰ ਸਰਕਾਰ ਆਪਣੀ ਨਿਗਰਾਨੀ ‘ਚ ਪੰਜਾਬ ਦੇ ਕਿਸਾਨਾਂ ਨੂੰ ਅਫੀਮ ਦੀ ਖੇਤੀ ਕਰਨ ਦੀ ਇਜਾਜ਼ਤ ਦੇਵੇ। ਜਗਮੀਤ ਬਰਾੜ ਤੋਂ ਪਹਿਲਾਂ ਆਪ ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਵੀ ਅਫੀਮ ਤੇ ਭੁੱਕੀ ਦੇ ਠੇਕੇ ਪੰਜਾਬ ਖੋਲ੍ਹਣ ਦਾ ਬਿਆਨ ਦੇ ਚੁੱਕੇ ਹਨ। ਬਰਾੜ ਨੇ ਡਾਕਟਰ ਗਾਂਧੀ ਦੀ ਹਮਾਇਤ ਕੀਤੀ ਤੇ ਕਿਹਾ ਡਾਕਟਰ ਗਾਂਧੀ ਨੇ ਨਸ਼ਿਆਂ ਦੇ ਮਸਲੇ ‘ਤੇ ਕਾਫੀ ਰਿਸਰਚ ਕੀਤਾ ਹੈ। ਉਹ ਨਸ਼ਿਆਂ ਨੂੰ ਦੂਰ ਕਰਨ ਲਈ ਡਾਕਟਰ ਗਾਂਧੀ ਦੇ ਸੁਝਾਵਾਂ ਦਾ ਸਵਾਗਤ ਕਰਦੇ ਹਨ।

## ਸਿੱਧੂ ਦਾ ਜਵਾਬ...

**ਅੰਮ੍ਰਿਤਸਰ:** ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਜਗਮੀਤ ਬਰਾੜ ਦੀ ਸਲਾਹ ਦਾ ਕਰਾਰਾ ਜੁਆਬ ਦਿੱਤਾ ਹੈ। ਸਿੱਧੂ ਮੁਤਾਬਕ ਸਰਕਾਰ ਆਪਣੀ ਸਮਝ ਮੁਤਾਬਕ ਕੰਮ ਕਰੇਗੀ ਜੇ ਕੋਈ ਅਜਿਹੀ ਪਾਲਿਸੀ ਚਾਹੁੰਦਾ ਹੈ ਤਾਂ ਉਹ ਪਹਿਲਾਂ ਖੁਦ ਜਿੱਤ ਕੇ ਸੱਤਾ ‘ਚ ਆਵੇ। ਜ਼ਿਕਰਯੋਗ ਹੈ ਕਿ ਕਾਂਗਰਸ ਦੇ ਕਿਸਾਨ ਸੈੱਲ ਮੋਗਾ ਨੇ ਵੀ ਮੰਗ ਕੀਤੀ ਹੈ ਕਿ ਪੰਜਾਬ ਦੀ ਕਿਸਾਨੀ ਤੇ ਜਵਾਨੀ ਬਚਾਉਣ ਲਈ ਦੇਸ਼ ਦੇ ਦੂਸਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਅਫੀਮ ਦੀ ਖੇਤੀ ਕਰਨ ਦੀ ਮਨਜ਼ੂਰੀ ਦਿੱਤੀ ਜਾਵੇ।



# ਅਪਰਾਧਿਕ ਸਰਗਰਮੀਆਂ ਲਈ ਜੇਲ੍ਹਾਂ ਸਭ ਤੋਂ ਸੁਰੱਖਿਅਤ ਥਾਂਵਾਂ!

**ਚੰਡੀਗੜ੍ਹ:** ਸਰਕਾਰੀ ਨਾਲਾਇਕੀ ਕਾਰਨ ਪੰਜਾਬ ਦੀਆਂ ਜੇਲ੍ਹਾਂ ਗੈਂਗਸਟਰਾਂ ਲਈ ਆਪਣੀਆਂ ਗਤੀਵਿਧੀਆਂ ਚਲਾਉਣ ਲਈ ਸਭ ਤੋਂ ਸੁਰੱਖਿਅਤ ਥਾਂਵਾਂ ਬਣ ਗਈਆਂ ਹਨ। ਸੂਬੇ ਦੀਆਂ ਜੇਲ੍ਹਾਂ ਵਿਚ ਕੈਦੀਆਂ ਤੇ ਹਵਾਲਾਤੀਆਂ ਨੂੰ ਰੱਖਣ ਸਬੰਧੀ ਕੋਈ ਪੱਕਾ ਨਿਯਮ ਨਹੀਂ ਹੈ। ਪੰਜਾਬ ਦੀਆਂ ਕੁੱਲ 15 ਜੇਲ੍ਹਾਂ ‘ਚ 14,376 ਕੈਦੀਆਂ ਨੂੰ ਰੱਖਣ ਦੀ ਸਮਰੱਥਾ ਹੈ, ਜਦੋਂਕਿ ਇਸ ਸਮੇਂ ਸੂਬੇ ਦੀਆਂ ਜੇਲ੍ਹਾਂ ਵਿਚ 18 ਹਜ਼ਾਰ ਤੋਂ ਜ਼ਿਆਦਾ ਕੈਦੀ ਬੰਦ ਹਨ। ਇਸੇ ਕਾਰਨ ਪਿਛਲੇ ਸਾਲ ਨਾਭਾ ਜੇਲ੍ਹ ਬ੍ਰੇਕ-ਕਾਂਡ ਵਾਪਰਿਆ ਸੀ ਜਿਸ ਨੇ ਸਰਕਾਰ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਸੀ।



ਇਸ ਮੌਕੇ ਜੇਲ੍ਹਾਂ ‘ਚ ਕੁੱਲ 250 ਦੇ ਕਰੀਬ ਗੈਂਗਸਟਰ ਬੰਦ ਹਨ, ਜਿਨ੍ਹਾਂ ‘ਚੋਂ 35 ਕਾਫੀ ਖਤਰਨਾਕ ਮੰਨੇ ਜਾਂਦੇ ਹਨ। ਪੰਜਾਬ ਵਿਚ ਗੈਂਗਵਾਰ ਦੀਆਂ ਘਟਨਾਵਾਂ ਤੇ ਗੈਂਗਸਟਰਾਂ ਦੀਆਂ ਗਤੀਵਿਧੀਆਂ ਪਿਛਲੇ ਲੰਬੇ ਸਮੇਂ ਤੋਂ ਬਾਦਸਤੂਰ ਜਾਰੀ ਹਨ। ਪੰਜਾਬ ਦੀਆਂ ਜੇਲ੍ਹਾਂ ‘ਚ ਕੈਦੀਆਂ ਨੂੰ ਕੰਟਰੋਲ ਕਰਨ ਲਈ ਸੁਪਰਡੈਂਟਾਂ ਤੇ ਕਾਂਸਟੇਬਲਾਂ ਦੀਆਂ 873 ਅਸਾਮੀਆਂ ਪਿਛਲੇ ਲੰਮੇ ਸਮੇਂ ਤੋਂ ਖਾਲੀ ਪਾਈਆਂ ਹਨ। ਮੌਜੂਦਾ ਸਮੇਂ ‘ਚ ਜੇਕਰ ਜੇਲ੍ਹ ਸਟਾਫ ‘ਤੇ ਝਾਤ ਮਾਰੀ ਜਾਵੇ ਤਾਂ 8 ਕੈਦੀਆਂ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਇਕ ਕਰਮਚਾਰੀ ਉਤੇ ਹੈ।

ਕੇਂਦਰੀ ਜੇਲ੍ਹ ਪਟਿਆਲਾ ‘ਚ 1800 ਕੈਦੀਆਂ ਦੀ ਸਮਰੱਥਾ ਹੈ ਤੇ ਇਥੇ 1900 ਕੈਦੀ ਰੱਖੇ ਗਏ ਹਨ, ਜਦੋਂਕਿ 330 ਜੇਲ੍ਹ ਮੁਲਾਜ਼ਮਾਂ ਦੀ ਥਾਂ ਸਿਰਫ 215 ਮੁਲਾਜ਼ਮ ਹੀ ਜੇਲ੍ਹ ਦੀ ਸੁਰੱਖਿਆ ਲਈ ਤਾਇਨਾਤ ਕੀਤੇ ਗਏ ਹਨ। ਸੁਰਖੀਆਂ ‘ਚ ਆਈ ਪੰਜਾਬ ਦੀ ਹਾਈ ਸਕਿਊਰਿਟੀ ਜੇਲ੍ਹ ਨਾਭਾ ਅੰਦਰ 465 ਕੈਦੀਆਂ ਦੀ ਸਮਰੱਥਾ ਦੇ ਬਾਵਜੂਦ ਭਾਵੇਂ ਇਥੇ 200 ਕੈਦੀ ਹੀ ਹਨ, ਪਰ ਲੋੜੀਂਦੇ ਸੁਰੱਖਿਆ ਕਰਮੀਆਂ ਦੀਆਂ 100 ਤੋਂ ਵਧੇਰੇ ਅਸਾਮੀਆਂ ਖਾਲੀ ਪਈਆਂ ਹਨ। ਪੰਜਾਬ ਦੇ ਪਟਿਆਲਾ, ਬਠਿੰਡਾ, ਬਰਨਾਲਾ ਸਮੇਤ ਹੋਰ ਕਈ ਜੇਲ੍ਹਾਂ ਅਜਿਹੀਆਂ ਹਨ, ਜਿਥੇ ਔਸਤਨ 6 ਕੈਦੀਆਂ ਦੀ ਨਿਗਰਾਨੀ ਦਾ ਜਿੰਮਾ ਇਕ ਮੁਲਾਜ਼ਮ ‘ਤੇ ਹੈ।

ਪੰਜਾਬ ਦੀ ਮੋਗਾ ਉਪ-ਜੇਲ੍ਹ ਵਿਚ ਭਾਵੇਂ 48 ਕੈਦੀਆਂ ਨੂੰ ਰੱਖਿਆ ਜਾ ਸਕਦਾ ਹੈ, ਪਰ ਇਥੇ 100 ਤੋਂ ਵੀ ਜ਼ਿਆਦਾ ਕੈਦੀ ਡੱਕੇ ਗਏ ਹਨ। ਨਾਭਾ ਜੇਲ੍ਹ ਬ੍ਰੇਕ ਦੀ ਘਟਨਾ ਤੋਂ ਬਾਅਦ ਪੰਜਾਬ ਦੀਆਂ ਜੇਲ੍ਹਾਂ ‘ਚ ਪ੍ਰਸ਼ਾਸਨ ਵੱਲੋਂ ਕੀਤੇ ਗਏ ਪ੍ਰਬੰਧ ਵੀ ਨਾਕਾਫੀ ਸਾਬਤ ਹੋ ਰਹੇ ਹਨ। 19 ਜਨਵਰੀ ਨੂੰ ਕੁਝ ਸਮਾਜ ਵਿਰੋਧੀ ਅਨਸਰਾਂ ਨੇ ਪੰਜਾਬ ਪੁਲਿਸ ਨੂੰ ਚੁਣੌਤੀ ਦਿੰਦੇ ਹੋਏ ਫਰੀਦਕੋਟ ਜੇਲ੍ਹ ਦੇ ਬਾਹਰ ਇਕ ਪੋਸਟਰ ਚਿਪਕਾ ਕੇ ਸੂਬੇ ਦੀ ਫਰੀਦਕੋਟ, ਮੁਕਤਸਰ ਅਤੇ ਫਿਰੋਜ਼ਪੁਰ ਜੇਲ੍ਹਾਂ ‘ਚ ਬੰਦ ਸਾਥੀਆਂ ਨੂੰ ਛੁਡਾਉਣ ਦੀ ਧਮਕੀ ਦਿੱਤੀ ਸੀ।

12 ਫਰਵਰੀ ਨੂੰ ਅੰਮ੍ਰਿਤਸਰ ਜੇਲ੍ਹ ਵਿਚੋਂ ਤਲਾਸ਼ੀ ਦੌਰਾਨ 17 ਮੋਬਾਈਲ ਤੇ ਦੋ ਚਾਕੂ ਬਰਾਮਦ ਹੋਏ ਸਨ, 25 ਫਰਵਰੀ ਨੂੰ ਜੇਲ੍ਹ ‘ਚੋਂ 14 ਮੋਬਾਈਲ ਫੋਨ ਬਰਾਮਦ ਹੋਏ ਸਨ, ਜਦਕਿ 20 ਮਾਰਚ, 23 ਮਾਰਚ ਤੇ 9 ਅਪਰੈਲ ਨੂੰ ਕਪੂਰਥਲਾ ਜੇਲ੍ਹ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਨੇ ਸਮੁੱਚੇ ਸਿਸਟਮ ਉਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਇਸੇ ਤਰ੍ਹਾਂ ਚੰਡੀਗੜ੍ਹ ਦੇ ਸੈਕਟਰ 38 ਦੇ ਗੁਰਦੁਆਰਾ ਸਾਹਿਬ ਦੇ ਬਾਹਰ ਹੁਸ਼ਿਆਰਪੁਰ ਦੇ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ ਤੇ ਪੰਚਕੂਲਾ ਦੇ ਸਕੇਤੜੀ ਸ਼ਿਵ ਮੰਦਿਰ ਦੇ ਬਾਹਰ ਅਮਿਤ ਸ਼ਰਮਾ ਉਰਫ ਮੀਤ ਦੀ ਗੋਲੀਆਂ ਮਾਰ ਕੇ ਹੱਤਿਆ ਵਿਚ ਵੀ ਪੰਜਾਬ ਦੇ ਸਰਗਰਮ ਗੈਂਗਸਟਰਾਂ ਦੇ ਨਾਂ ਲਏ ਜਾ ਰਿਹਾ ਹੈ।

ਪੁਲਿਸ ਵੱਲੋਂ ਸਰਗਰਮ ਗੈਂਗਸਟਰਾਂ ਦੀ ਪੈੜ ਨੱਪਣ ਦੀ ਕੋਸ਼ਿਸ਼ ਦੇ ਚੱਲਦਿਆਂ ਮਾਲਵਾ ਤੇ ਦੋਆਬਾ ਖੇਤਰ ਵਿਚ ਸਰਗਰਮ 12 ਗੈਂਗਸਟਰਾਂ ਦੀ ਪਛਾਣ ਕਰ ਲਈ ਗਈ ਹੈ। ਜਿਨ੍ਹਾਂ ਵਿਚੋਂ 9 ਗੈਂਗਸਟਰਾਂ ਦੀ ਆਪਸੀ ਰੰਜਿਸ਼ ਕਾਰਨ ਇਹ ਇਕ-ਦੂਜੇ ਦੇ ਖ਼ੂਨ ਪਿਆਸੇ ਹਨ, ਜਦੋਂਕਿ 5 ਗੈਂਗਸਟਰ ਇਸ ਸਮੇਂ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ‘ਚ ਬੈਠੇ ਆਪਣੇ ਗੈਂਗ ਚਲਾ ਰਹੇ ਹਨ। ਇਨ੍ਹਾਂ ਵਿਚੋਂ 4 ਗੈਂਗਸਟਰ ਹੁਣ ਤੱਕ ਪੁਲਿਸ ਦੀ ਪਕੜ ਤੋਂ ਬਾਹਰ ਹਨ, ਜਿਨ੍ਹਾਂ ‘ਚ ਜੈਪਾਲ ਭੁੱਲਰ ਉਰਫ ਮਨਜੀਤ ਜੋ ਕਿ ਰੌਕੀ ਦੇ ਕਤਲ ਉਪਰੰਤ ਚਰਚਾ ‘ਚ ਆਇਆ ਸੀ, ਹੈਮਰ ਥ੍ਰੋ ਦਾ ਰਾਸ਼ਟਰ ਪੱਧਰੀ ਖਿਡਾਰੀ ਹੈ। ਇਹ ਪਿਛਲੇ 5 ਸਾਲਾਂ ਤੋਂ ਪੰਜਾਬ ਪੁਲਿਸ ਸਮੇਤ ਰਾਜਸਥਾਨ, ਹਰਿਆਣਾ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਪੁਲਿਸ ਨੂੰ ਵੀ ਲੋੜੀਂਦਾ ਹੈ। ਰੌਕੀ ਦੇ ਕਤਲ ਤੋਂ ਬਾਅਦ ਸੂਬੇ ‘ਚ ਸਰਗਰਮ 9 ਗੈਂਗ ਦੋ ਗੁੱਟਾਂ ਵਿਚ ਵੰਡੇ ਗਏ ਹਨ, ਇਨ੍ਹਾਂ ‘ਚੋਂ ਇਕ ਪਾਸੇ ਜੈਪਾਲ ਭੁੱਲਰ ਦਾ ਗੈਂਗ ਹੈ, ਜਦੋਂਕਿ ਦੂਜੇ ਪਾਸੇ ਦਵਿੰਦਰ ਸ਼ੂਟਰ ਦਾ ਗੈਂਗ ਹੈ, ਜੋ ਬੀਤੀ 19 ਫਰਵਰੀ ਨੂੰ ਲੁਧਿਆਣਾ ਵਿਖੇ ਇਕ ਵਿਆਹ ਸਮਾਗਮ ਦੌਰਾਨ ਕਤਲ ਕਰਨ ਤੋਂ ਬਾਅਦ ਸੁਰਖੀਆਂ ‘ਚ ਆਇਆ ਸੀ।

## ਜੇਲ੍ਹਾਂ ਵਿਚ ਵਾਪਰੀਆਂ ਵਾਰਦਾਤਾਂ ‘ਤੇ ਝਾਤ

**ਚੰਡੀਗੜ੍ਹ:** ਸਾਲ 2011 ਵਿਚ ਮੋਗਾ ਜੇਲ੍ਹ ‘ਚ ਕੈਦੀਆਂ ਵੱਲੋਂ ਅੱਗ ਲਗਾਉਣ, 2015 ‘ਚ ਬਠਿੰਡਾ ਜੇਲ੍ਹ ਵਿਚ ਗੈਂਗਵਾਰ, 2016 ‘ਚ ਬਠਿੰਡਾ ਜੇਲ੍ਹ ‘ਚ ਕੈਦੀਆਂ ਦੇ ਗੁੱਟ ਭਿੜੇ ਅਤੇ 2016 ਵਿਚ ਹੀ ਨਾਭਾ ਜੇਲ੍ਹ ਬ੍ਰੇਕ ਤੇ ਕਈ ਕੈਦੀ ਫਰਾਰ, 2017 ‘ਚ ਫਿਰੋਜ਼ਪੁਰ ਜੇਲ੍ਹ ਵਿਚ ਕੈਦੀਆਂ ਦੇ ਗੁੱਟ ਭਿੜੇ, ਫਰਵਰੀ 2017 ਵਿਚ ਪਟਿਆਲਾ ਜੇਲ੍ਹ ‘ਚੋਂ ਮੋਬਾਇਲ ਫੋਨ ਬਰਾਮਦ, ਫਰਵਰੀ 2017 ਵਿਚ ਅੰਮ੍ਰਿਤਸਰ ਜੇਲ੍ਹ ਵਿਚੋਂ 18 ਫੋਨ ਬਰਾਮਦ, 2017 ਫਰਵਰੀ ‘ਚ ਮੁੜ ਅੰਮ੍ਰਿਤਸਰ ਜੇਲ੍ਹ ਵਿਚੋਂ 11 ਮੋਬਾਇਲ ਬਰਾਮਦ ਅਤੇ 2017 ਫਰਵਰੀ ‘ਚ ਹੀ ਨਾਭਾ ਜੇਲ੍ਹ ਵਿਚੋਂ 4 ਮੋਬਾਇਲ ਮਿਲੇ।

## ਗੈਂਗਸਟਰ ਮਨਦੀਪ ਮਨੀ ਗ੍ਰਿਫਤਾਰ

**ਤਰਨ ਤਾਰਨ:** ਪੰਜਾਬ ਪੁਲਿਸ ਨੇ ਗੈਂਗਸਟਰਾਂ ਖਿਲਾਫ ਸ਼ਿਕੰਜਾ ਕੱਸ ਦਿੱਤਾ ਹੈ। ਸਬ ਡਵੀਜ਼ਨ ਭਿਖੀਵਿੰਡ ਦੀ ਪੁਲਿਸ ਨੇ ਅਜਗਰ ਗੈਂਗ ਦੇ ਮੁਖੀ ਮਨਦੀਪ ਸਿੰਘ ਮਨੀ ਨੂੰ ਗ੍ਰਿਫਤਾਰ ਕੀਤਾ ਹੈ। ਮਨੀ ਹੁਣ ਤੱਕ ਕਰੀਬ 20 ਤੋਂ ਜ਼ਿਆਦਾ ਮੁਕੱਦਮਿਆਂ ਵਿਚ ਲੋੜੀਂਦਾ ਹੈ। ਉਹ ਜ਼ਿਆਦਾਤਰ ਕੇਸਾਂ ਵਿਚੋਂ ਭਗੌੜਾ ਸੀ। ਉਸ ਕੋਲੋਂ ਪਿਸਟਲ ਯੂ.ਐਸ.ਏ. ਮਾਰਕਾ ਤੇ 5 ਰਾਉਂਡ ਬਰਾਮਦ ਹੋਏ। ਹੈਰਾਨੀ ਵਾਲੀ ਗੱਲ ਇਹ ਹੈ ਕਿ ਮਨੀ ਇੰਨਾ ਸ਼ਾਤਿਰ ਹੈ ਕਿ ਉਸ ਨੇ ਲੁਧਿਆਣਾ ਜੇਲ੍ਹ ਵਿਚੋਂ ਆਪਣੇ ਜਾਅਲੀ ਜ਼ਮਾਨਤ ਦੇ ਕਾਗਜ ਕਿਸੇ ਵਕੀਲ ਨਾਲ ਮਿਲ ਕੇ ਬਣਾ ਲਏ ਤੇ ਜ਼ਮਾਨਤ ‘ਤੇ ਬਾਹਰ ਆ ਗਿਆ। ਉਸ ਤੋਂ ਬਾਅਦ ਇਹ ਕਦੀ ਫੜਿਆ ਨਹੀਂ ਗਿਆ। ਇਸ ‘ਤੇ ਹੁਣ ਤੱਕ 2 ਕਤਲ ਤੇ ਅਨੇਕਾਂ ਇਰਾਦਾ ਕਤਲ ਦੇ ਮੁਕਦਮੇ ਦਰਜ ਹਨ।

# ਚਾਰ ਪਾਵਨ ਸਰੂਪ ਅਗਨ ਭੇਟ

**ਲਾਲੜੂ:** ਪਿੰਡ ਡਹਿਰ ‘ਚ ਗੁਰਦੁਆਰਾ ਸਾਹਿਬ ਵਿਚ ਅੱਗ ਲੱਗਣ ਦੀ ਘਟਨਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ ਅਗਨ ਭੇਟ ਹੋ ਗਏ। ਅੱਗ ਨਾਲ ਬਿਜਲੀ ਦੇ ਉਪਕਰਨ, ਦਰੀਆਂ, ਗਲੀਚੇ ਪੱਖੇ, ਪਾਲਕੀ ਸਾਹਿਬ ਅਤੇ ਹੋਰ ਸਾਮਾਨ ਵੀ ਸੜ ਗਿਆ।

ਜਾਣਕਾਰੀ ਮੁਤਾਬਕ ਪਿੰਡ ਦੀ ਹੀ ਬੀਬੀ ਨਿਰਮਲਾ ਜਦੋਂ ਸਫਾਈ ਕਰਨ ਲਈ ਰਾਤ ਦੇ ਡੇਢ ਵਜੇ ਗੁਰਦੁਆਰਾ ਸਾਹਿਬ ਪੁੱਜੀ ਤਾਂ ਮੇਨ ਗੇਟ ਵਿਚੋਂ ਧੂੰਆਂ ਨਿਕਲ ਰਿਹਾ ਸੀ। ਉਸ ਨੇ ਤੁਰਤ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਕੁਲਦੀਪ ਸਿੰਘ ਨੂੰ ਇਸ ਦੀ ਸੂਚਨਾ ਦਿੱਤੀ।

ਸੂਚਨਾ ਮਿਲਣ ਤੋਂ 15 ਮਿੰਟ ਬਾਅਦ ਹੀ ਡੇਰਾਬਸੀ ਦੀ ਫਾਇਰ ਬ੍ਰਿਗੇਡ ਅਤੇ ਨਾਹਰ ਕੰਪਨੀ ਦੀ ਫਾਇਰ ਬ੍ਰਿਗੇਡ ਦੀ ਗੱਡੀਆਂ ਮੌਕੇ ‘ਤੇ ਪਹੁੰਚ ਗਈਆਂ ਤੇ ਤਕਰੀਬਨ ਤਿੰਨ ਵਜੇ ਤੱਕ ਅੱਗ ਦੀ ਘਟਨਾ ‘ਤੇ ਕਾਬੂ ਪਾਇਆ ਗਿਆ।

ਇਸ ਘਟਨਾ ‘ਚ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ, ਅਨੁਵਾਨ ਵਾਲੀ ਸੈਂਚੀਆਂ, ਦੋ ਅਲਮਾਰੀਆਂ, ਰੁਮਾਲੇ, ਕਲੀਨ, ਦਰੀਆਂ, ਇਨਵਰਟਰ, ਤਿੰਨ ਪੱਖੇ, ਲੱਕੜ ਦੀ ਫਿਟਿੰਗ, ਸੀ.ਸੀ.ਟੀ.ਵੀ. ਕੈਮਰੇ ਵੀ ਸੜ ਗਏ ਤੇ ਗੁਰਦੁਆਰੇ ਦੇ ਹਾਲ ਦਾ ਲੈਂਟਰ ਵੀ ਕੁਝ ਥੱਲੇ ਆ ਗਿਆ।

# ਨੌਜਵਾਨਾਂ ਨੇ ਚੁੱਕਿਆ ਮੁਕਤਸਰ ਸਾਹਿਬ ਤੋਂ ਗੰਦੇ ਸ਼ਹਿਰ ਵਾਲਾ ਦਾਗ ਧੋਣ ਦਾ ਬੀੜਾ

**ਸ੍ਰੀ ਮੁਕਤਸਰ ਸਾਹਿਬ:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਨਾਲ ਨਿਵਾਜੀ ਸ੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਭਾਰਤ ਦੇ ਸਭ ਤੋਂ ਗੰਦੇ 10 ਸ਼ਹਿਰਾਂ ਦਾ ਦਰਜਾ ਮਿਲਣ ਤੋਂ ਬਾਅਦ ਹੁਣ ਪਵਿੱਤਰ ਨਗਰੀ ਦੇ ਵਾਸੀਆਂ ਨੇ ਸ਼ਹਿਰ ਨੂੰ ਸਭ ਤੋਂ ਚੰਗੇ 10 ਸ਼ਹਿਰਾਂ ਵਿਚ ਸ਼ੁਮਾਰ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਹ ਪਹਿਲ ਧਾਰਮਿਕ ਤੇ ਸਮਾਜਿਕ ਕਾਰਜਾਂ ਲਈ ਤਤਪਰ ਜਥੇਬੰਦੀ ਸਿੱਖ ਵਿਰਸਾ ਕੌਂਸਲ ਦੇ ਸੇਵਾਦਾਰਾਂ ਨੇ ਕੀਤੀ ਹੈ।




ਨੌਜਵਾਨਾਂ ਨੇ ਸ਼ਹਿਰ ਦੀਆਂ ਕੁਝ ਥਾਵਾਂ ਦੀ ਚੋਣ ਕਰ ਕੇ, ਉਥੇ ਸਫਾਈ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ। ਸ਼ਹਿਰ ਤੋਂ ਵੱਖ-ਵੱਖ ਉਮਰ ਵਰਗਾਂ ਦੇ ਲੋਕ ਝਾੜੂ ਲੈ ਕੇ ਪਹੁੰਚੇ, ਜਿਨ੍ਹਾਂ ਨੂੰ ਆਪਣੇ ਸ਼ਹਿਰ ਦੇ ਮੱਥੇ ਉਤੇ 'ਗੰਦੇ ਸ਼ਹਿਰ' ਦਾ ਧੱਬਾ ਲੱਗਣ ਦਾ ਦੁੱਖ ਸੀ। ਪਹਿਲੇ ਦਿਨ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ, ਮਾਈ ਭਾਗੋ ਪਾਰਕ ਤੇ ਸ਼ਹੀਦਾਂ ਦੀ ਯਾਦ ਵਿਚ ਬਣੀ ਯਾਦਗਾਰ ਦੀ ਸਫਾਈ ਕੀਤੀ ਗਈ।

ਸ਼ਹਿਰ ਵਾਸੀਆਂ ਮੁਤਾਬਕ ਨੌਜਵਾਨਾਂ ਵੱਲੋਂ ਅਰੰਭੀ ਸਫਾਈ ਮੁਹਿੰਮ ਨੂੰ ਅੱਗੇ ਤੋਰਦਿਆਂ ਸ਼ਹਿਰ ਦੀਆਂ ਸਾਰੀਆਂ ਥਾਵਾਂ ਦੀ ਸਫਾਈ ਕੀਤੀ ਜਾਵੇਗੀ ਤੇ ਲੋਕਾਂ ਨੂੰ ਸਾਫ-ਸਫਾਈ ਰੱਖਣ ਲਈ ਜਾਗਰੂਕ ਵੀ ਕੀਤਾ ਜਾਵੇਗਾ। ਸਫਾਈ ਮੁਹਿੰਮ ਦੇ ਅਗਲੇ ਪੜਾਅ ਤਹਿਤ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਲੋੜ ਮੁਤਾਬਕ ਡਸਟਬਿਨ ਰੱਖੇ ਜਾਣਗੇ, ਸ਼ਹਿਰ ਦੀਆਂ ਖਾਸ ਯਾਦਗਾਰਾਂ ਵਾਲੀਆਂ ਕੰਧਾਂ 'ਤੇ ਚਿਤਰਕਾਰੀ ਕਰਵਾਈ ਜਾਵੇਗੀ ਤੇ ਥਾਂ-ਥਾਂ 'ਤੇ ਲੋਕਾਂ ਨੂੰ ਜਾਗਰੂਕ ਕਰਦੇ ਨਾਅਰੇ ਵੀ ਲਿਖਵਾਏ ਜਾਣਗੇ। ਨੌਜਵਾਨਾਂ ਵੱਲੋਂ ਆਰੰਭੀ ਇਸ ਮੁਹਿੰਮ ਨੂੰ ਵਧੀਆ ਹੁੰਗਾਰਾ ਮਿਲਿਆ ਹੈ ਤੇ ਸ਼ਹਿਰ ਨੂੰ ਸਾਫ ਕਰਨ ਦੇ ਚਾਹਵਾਨ ਲੋਕਾਂ ਦੀ ਹਿੰਮਤ ਸਦਕਾ ਹੋ ਸਕਦਾ ਹੈ ਕਿ ਅਗਲੇ ਸਰਵੇ ਵਿਚ ਸ੍ਰੀ ਮੁਕਤਸਰ ਸਾਹਿਬ ਨੂੰ ਸਫਾਈ ਪੱਖੋਂ ਵਧੀਆ ਸ਼ਹਿਰਾਂ ਦਾ ਦਰਜਾ ਮਿਲ ਸਕੇ, ਜਿਸ ਨਾਲ ਮੁਕਤਸਰ ਸਾਹਿਬ ਹੀ ਨਹੀਂ ਬਲਕਿ ਪੰਜਾਬ ਸੂਬੇ ਦਾ ਵੀ ਮਾਣ ਵਧੇਗਾ।

## ਅਰਵਿੰਦ ਕੇਜਰੀਵਾਲ 'ਤੇ ਬੇਨੇਮੀਆਂ ਦਾ ਦੋਸ਼

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਵੱਲੋਂ ਮੰਤਰੀ ਦੇ ਅਹੁਦੇ ਤੋਂ ਹਟਾਏ ਕਪਿਲ ਮਿਸ਼ਰਾ ਨੇ ਦੋਸ਼ ਲਾਇਆ ਹੈ ਕਿ ਅਰਵਿੰਦ ਕੇਜਰੀਵਾਲ ਨੇ ਕਾਲੇ ਧਨ ਨੂੰ ਸਫੈਦ ਕਰਨ ਲਈ ਜਾਅਲੀ ਕੰਪਨੀਆਂ ਤੋਂ ਚੰਦਾ ਲਿਆ। ਚੋਣ ਕਮਿਸ਼ਨ ਨੂੰ 2013-14 ਦੌਰਾਨ ਪਾਰਟੀ ਫੰਡ ਦੀ ਗਲਤ ਜਾਣਕਾਰੀ ਦਿੱਤੀ ਸੀ।


**Gill Financial & Insurance Services**
31080 Union City Blvd# 201, Union City, CA 94587

**Insurance**

*Auto *Home *Business *Life
*OBAMACARE Health Insurance

Save up to 25%

*ਆਟੋ *ਹੋਮ
*ਬਿਜਨਸ *ਲਾਈਫ
*ਓਬਾਮਾਕੇਅਰ
ਹੈਲਥ ਇੰਸ਼ੋਰੈਂਸ



Manjit Gill
CA Ins Lic#OB23990

**Now Hiring**
*Insurance Agents
*Customer Service Managers
*(Salary+Bonus)*

Call Manjit Gill, Ph: 510-888-1180



**ਤਿੰਨ ਰੋਜ਼ਾ ਦੁਖ ਨਿਵਾਰਨ ਕੈਂਪ**
2, 3 ਅਤੇ 4 ਜੂਨ 2017
ਦੁਪਹਿਰ 3 ਵਜੇ ਤੋਂ ਸ਼ਾਮ 7 ਵਜੇ ਤੱਕ

ਗੁਰਬਾਣੀ ਸ਼ਬਦਾਂ ਦੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਲਈ ਕੈਂਪ ਲੱਗੇਗਾ। ਸਮੂਹ ਸੰਗਤ ਨੂੰ ਖੁੱਲ੍ਹਾ ਸੱਦਾ ਹੈ ਕਿ ਆਓ ਅਤੇ ਗੁਰਬਾਣੀ ਸ਼ਬਦਾਂ ਦਾ ਜਾਪ ਕਰਕੇ ਆਪਣੇ ਦੁੱਖਾਂ-ਰੋਗਾਂ ਤੋਂ ਛੁਟਕਾਰਾ ਪਾਓ।
*ਇਸ ਕੈਂਪ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਹਾਜ਼ਰ ਹੋਣਗੇ।*



*ਭਾਈ ਹਰਦਿਆਲ ਸਿੰਘ ਸੇਵਾ ਮੁਕਤ ਆਈ.ਏ.ਐਸ.*

ਸ਼ਬਦ ਜਾਪ ਅਤੇ ਵਿਚਾਰ
3 ਤੋਂ 4:45 ਵਜੇ ਤੱਕ
ਚਾਹ-ਪਾਣੀ ਤੇ ਲੰਗਰ
4:45 ਤੋਂ 5:15 ਵਜੇ ਤੱਕ
ਸ਼ਬਦ ਜਾਪ, ਵਿਚਾਰ ਤੇ ਸਵਾਲ-ਜਵਾਬ
5:15 ਤੋਂ 7 ਵਜੇ ਤੱਕ



*ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ*

*ਹੋਰ ਜਾਣਕਾਰੀ ਲਈ ਸੰਪਰਕ ਕਰੋ*
ਸੁਖਜਿੰਦਰ ਸਿੰਘ ਗਿੱਲ, ਫੋਨ: 510-221-6630
ਰਾਮ ਸਿੰਘ ਮਠਾੜੂ, ਫੋਨ: 707-365-1368
ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ, ਫੋਨ: 646-464-1818

**Guru Nanak Sikh Temple, Fairfield**
2948 Rockville Road, Fairfield, CA 94534

*Camp organized by Servants of Humanity Inc.*



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow
*Low Rates *One-Time Discounts *No Minimums

Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426

# ਬੀਬਰ ਦੇ ਬੁੱਲ੍ਹ




ਕਲਾ ਪਰਿਕਰਮਾ

**ਜਗਜੀਤ ਸਿੰਘ ਸੇਖੋਂ**

ਕੈਨੇਡੀਅਨ ਪੌਪ ਸਟਾਰ ਜਸਟਿਨ ਬੀਬਰ ਨੇ ਆਪਣੇ ਚੌਥੇ ਸੰਸਾਰ ਟੂਰ ਤਹਿਤ ਹੁਣੇ ਹੁਣੇ ਭਾਰਤ ਦਾ ਗੇੜਾ ਕੱਢਿਆ ਹੈ। ਭਾਰਤ ਵਿਚ ਇਹ ਉਸ ਦਾ ਪਹਿਲਾ ਸੰਗੀਤ ਪ੍ਰੋਗਰਾਮ ਸੀ ਜਿਹੜਾ ਭਾਰਤ ਦੀ ਵਪਾਰਕ ਰਾਜਧਾਨੀ ਵਜੋਂ ਮਸ਼ਹੂਰ ਸ਼ਹਿਰ ਮੁੰਬਈ ਵਿਚ ਹੋਇਆ। ਇਸ ਪ੍ਰੋਗਰਾਮ ਲਈ ਉਸ ਦੇ ਚਹੇਤੇ ਸਰੋਤੇ ਹਜ਼ਾਰਾਂ ਰੁਪਏ ਖਰਚ ਕੇ ਉਸ ਨੂੰ ਦੇਖਣ ਅਤੇ ਸੁਣਨ ਗਏ, ਪਰ ਇਹ ਚਹੇਤੇ ਉਸ ਵਕਤ ਹੱਕੇ ਬੱਕੇ ਰਹਿ ਗਏ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸੰਸਾਰ ਪ੍ਰਸਿਧ ਪੌਪ ਸਟਾਰ ਤਾਂ ਕੁਝ ਗੀਤਾਂ ਉਤੇ ਸਿਰਫ ਬੁੱਲ੍ਹ ਹੀ ਹਿਲਾਉਂਦਾ ਰਿਹਾ; ਸ਼ੋਅ ਦੌਰਾਨ ਆਰਕੈਸਟਰਾ ਚੱਲਦਾ ਰਿਹਾ ਅਤੇ ਉਹ ਬੱਸ ਬੁੱਲ੍ਹ ਹਿਲਾਉਂਦਾ, ਸਟੇਜ ਉਤੇ ਗੇੜੇ ਕੱਢਦਾ ਰਿਹਾ। 23 ਵਰ੍ਹਿਆਂ ਦੇ ਇਸ ਗਾਇਕ ਦੀ ਇਸ ਖੁਨਾਮੀ ਕਾਰਨ ਬਹੁਤ ਦੂਰ ਦੂਰ ਹੋਈ ਹੈ। ਉਸ ਦੇ ਚਾਹੁਣ ਵਾਲਿਆਂ ਨੇ ਸੋਸ਼ਲ ਮੀਡੀਆ 'ਤੇ ਉਸ ਨੂੰ ਰੱਜ ਕੇ ਭੰਡਿਆ। ਦੂਜੇ ਬੰਨੇ, ਪਹਿਲੀਆਂ ਖਬਰਾਂ ਤਾਂ ਇਹ ਸਨ ਕਿ ਇਸ ਪੌਪ ਸਟਾਰ ਨੇ ਨਵੀਂ ਦਿੱਲੀ, ਜੈਪੁਰ ਅਤੇ ਆਗਰਾ ਦਾ ਦੌਰਾ ਵੀ ਕਰਨਾ ਹੈ, ਪਰ ਉਦੋਂ ਹੀ ਪਤਾ ਲੱਗਾ ਜਦੋਂ ਉਹ ਹਵਾਈ ਜਹਾਜ਼ ਰਾਹੀਂ ਅਗਲੇ ਸਟੇਸ਼ਨ ਲਈ ਉਡਾਰੀ ਮਾਰ ਗਿਆ। ਮੁੰਬਈ ਦੇ ਡੀ.ਵਾਈ. ਪਾਟਿਲ ਸਟੇਡੀਅਮ ਵਿਚ ਪੌਪ ਸਟਾਰ ਬੀਬਰ ਦੀ ਇਕ ਝਲਕ ਪਾਉਣ ਲਈ ਹਜ਼ਾਰਾਂ ਦੀ ਭੀੜ ਵਿਚ ਸ਼ੁਮਾਰ ਫ਼ਿਲਮਸਾਜ਼ ਅਨੁਰਾਗ ਬਾਸੂ ਜੋ ਬੀਬਰ ਦੀ ਪ੍ਰਸ਼ੰਸਕ ਆਪਣੀ ਧੀ ਨਾਲ ਪੁੱਜਿਆ ਹੋਇਆ ਸੀ, ਨੇ ਬੀਬਰ ਵੱਲੋਂ ਸਿਰਫ ਬੁੱਲ੍ਹ ਹਿਲਾ ਕੇ ਸਾਰ ਦੇਣ 'ਤੇ ਇਤਰਾਜ਼ ਕੀਤਾ ਅਤੇ ਕਿਹਾ ਕਿ ਜੇ ਅਜਿਹਾ ਹੀ ਕਰਨਾ ਸੀ ਤਾਂ ਦੱਸ ਦੇਣਾ ਚਾਹੀਦਾ ਸੀ। ਲੋਕ ਘਰ ਬੈਠ ਕੇ ਐਲਬਮਾਂ ਰਾਹੀਂ ਉਸ ਦੇ ਗੀਤ ਸੁਣੀ ਹੀ ਜਾਂਦੇ ਸਨ, ਪਰ ਜਦੋਂ ਲਾਈਵ ਪ੍ਰੋਗਰਾਮ ਕਰਨ ਬਾਰੇ ਦਾਅਵਾ ਕੀਤਾ ਗਿਆ ਸੀ, ਤਾਂ ਅਜਿਹਾ ਹਰ ਹਾਲ ਕਰਨਾ ਚਾਹੀਦਾ ਸੀ। ਉਸ ਨੂੰ ਸਾਰੇ ਗੀਤ ਲਾਈਵ ਹੀ ਗਾਉਣੇ ਚਾਹੀਦੇ ਸਨ। ਉਸ ਨੇ ਇਹ ਮੰਨਿਆ ਕਿ ਇਹ ਚੋਟੀ ਦਾ ਗਾਇਕ ਸ਼ਾਇਦ ਤਿਆਰੀ ਤੋਂ ਬਗੈਰ ਹੀ ਭਾਰਤ ਆਣ ਵੜਿਆ ਸੀ। ਇਸ ਮਾਮਲੇ 'ਤੇ ਉਸ ਨੇ ਪ੍ਰਬੰਧਕਾਂ ਨੂੰ ਵੀ ਕਰਾਰੇ ਹੱਥੀਂ ਲਿਆ ਅਤੇ ਇਸ ਨੂੰ ਨਿਰੀ ਬੇਈਮਾਨੀ ਕਰਾਰ ਦਿੱਤਾ। ਪ੍ਰੋਗਰਾਮ ਦੇਖਣ ਆਏ ਇਕ ਹੋਰ ਚਹੇਤੇ ਨੇ ਕਿਹਾ, "ਮੈਂ ਬੀਬਰ ਦਾ ਕੋਲਡਪਲੇਅ'ਜ਼ ਵਾਲਾ ਪ੍ਰੋਗਰਾਮ ਦੇਖਿਆ ਹੋਇਆ ਹੈ, ਤੇ ਮੇਰਾ ਖਿਆਲ ਹੈ ਕਿ ਉਹ ਇਸ ਪ੍ਰੋਗਰਾਮ ਤੋਂ ਕਿਤੇ ਬਿਹਤਰ ਸੀ।" ਬੀਬਰ ਦੀ ਪੇਸ਼ਕਾਰੀ ਵਿਚ ਊਰਜਾ ਦੀ ਵੀ ਘਾਟ ਮਹਿਸੂਸ ਕੀਤੀ ਗਈ। ਪੂਣੇ ਤੋਂ ਉਚੇਚੇ ਤੌਰ 'ਤੇ ਪ੍ਰਤੀ ਪਾਸ 36 ਹਜ਼ਾਰ ਰੁਪਏ ਖਰਚ ਕੇ ਆਏ ਇਕ ਜੋੜੇ ਨੇ ਕਿਹਾ ਕਿ ਬੀਬਰ ਨੇ ਖੁਦ ਹੀ ਪ੍ਰੋਗਰਾਮ ਦਾ ਸਾਰਾ ਮਜ਼ਾ ਕਿਰਕਿਰਾ ਕਰ ਦਿੱਤਾ। ਇਸ ਪ੍ਰੋਗਰਾਮ ਬਾਰੇ ਇਕ ਟਵੀਟ ਇਹ ਵੀ ਹੋਇਆ: "ਬੀਬਰ ਦੀ ਪੇਸ਼ਕਾਰੀ ਮਾੜੀ ਸੀ। ਸਟੇਜ 'ਤੇ ਉਸ ਦੀ ਮੌਜੂਦਗੀ ਖਿਚੜੀ ਵਾਂਗ ਜਾਪ ਰਹੀ ਸੀ। ਖ਼ੁਸ਼ਕਿਸਮਤ ਹਾਂ ਕਿ ਮੇਰੀਆਂ ਟਿਕਟਾਂ ਮੁਫਤ ਵਾਲੀਆਂ ਸਨ।" ਇਸ ਪ੍ਰੋਗਰਾਮ ਦੌਰਾਨ ਬੀਬਰ ਨੇ ਡੇਢ ਘੰਟਿਆਂ ਦੌਰਾਨ 'ਬੇਬੀ, 'ਸੌਰੀ', 'ਨੋ ਸੈਂਸ', 'ਕੰਪਨੀ', 'ਨੋ ਪ੍ਰੈਸ਼ਰ' ਤੇ 'ਹੋਲਡ ਟਾਈਟ' ਵਰਗੇ ਆਪਣੇ ਹਿਟ ਗੀਤ ਪੇਸ਼ ਕੀਤੇ। ਪ੍ਰੋਗਰਾਮ ਵਿਚ ਉਸ ਨੂੰ ਦੇਖਣ ਸ੍ਰੀਦੇਵੀ, ਬੋਨੀ ਕਪੂਰ, ਸ਼ਵੇਤ ਬੱਚਨ ਨੰਦਾ, ਮਲਾਇਕਾ ਅਰੋੜਾ, ਅਰਬਾਜ਼ ਖ਼ਾਨ, ਰਵੀਨਾ ਟੰਡਨ ਆਪਣੇ ਬੱਚਿਆਂ ਸਮੇਤ ਪਹੁੰਚੇ ਹੋਏ ਸਨ। ਬੀਬਰ ਦਾ ਜਨਮ ਓਂਟਾਰੀਓ (ਕੈਨਡਾ) ਵਿਚ ਪਹਿਲੀ ਮਾਰਚ 1994 ਨੂੰ ਹੋਇਆ ਸੀ ਅਤੇ ਉਸ ਦਾ ਅਸਲ ਨਾਂ ਜਸਟਿਨ ਡ੍ਰਿਊ ਬੀਬਰ ਹੈ। ਉਹ ਯੂ-ਟਿਊਬ ਉਤੇ ਆਪਣੀਆਂ ਵੀਡੀਓਜ਼ ਪਾਉਂਦਾ ਰਹਿੰਦਾ ਸੀ ਅਤੇ ਉਥੋਂ ਹੀ ਰੇਅਮੰਡ ਬਰੌਨ ਮੀਡੀਆ ਗਰੁੱਪ (ਆਰ.ਬੀ.ਐਮ.ਜੀ.) ਨੇ ਉਸ ਨਾਲ ਸੰਪਰਕ ਸਾਧਿਆ। ਇਹ 2008 ਦੀਆਂ ਗੱਲਾਂ ਹਨ। ਬੀਬਰ ਵੀ ਨਵਾਂ ਨਵਾਂ ਸੰਗੀਤ ਜਗਤ ਵਿਚ ਕੁੱਦਿਆ ਸੀ ਅਤੇ ਆਰ.ਬੀ.ਐਮ.ਜੀ. ਵੀ 2008 ਵਿਚ ਹੀ ਸ਼ੁਰੂ ਹੋਈ ਸੀ। ਅਗਲੇ ਹੀ ਸਾਲ ਦੋਵਾਂ ਨੇ 'ਮਾਈ ਵਰਲਡ' ਗੀਤ ਨਾਲ ਆਗਾਜ਼ ਕੀਤਾ। ਇਸ ਤੋਂ ਬਾਅਦ ਉਹ ਪਹਿਲਾ ਅਜਿਹਾ ਕਲਾਕਾਰ ਬਣ ਗਿਆ ਜਿਸ ਦੀ ਪਹਿਲੀ ਹੀ ਆਮਦ 'ਤੇ ਉਸ ਦੇ ਸੱਤ ਗੀਤ 'ਬਿਲਬੋਰਡ ਹੌਟ ਹੰਡਰਡ' ਵਿਚ ਛਾ ਗਏ। ਫਿਰ ਬੀਬਰ ਨੇ 2010 ਵਿਚ ਆਪਣੀ ਮੁਕੰਮਲ ਸਟੂਡੀਓ ਐਲਬਮ 'ਮਾਈ ਵਰਲਡ 2.0' ਰਿਲੀਜ਼ ਕੀਤੀ। ਇਸ ਤੋਂ ਬਾਅਦ ਤਾਂ ਉਸ ਦੀਆਂ ਸੰਸਾਰ ਭਰ ਵਿਚ ਧੁੰਮਾਂ ਪੈ ਗਈਆਂ। ਇਸ ਤੋਂ ਇਲਾਵਾ 2011 ਵਿਚ ਉਸ ਦੀ ਐਲਬਮ 'ਅੰਡਰ ਦਿ ਮਿਸਟਲਟੋਅ', 2012 ਵਿਚ 'ਬਿਲੀਵ' ਅਤੇ 2015 ਵਿਚ 'ਪਰਪਜ਼' ਰਿਲੀਜ਼ ਹੋਈਆਂ। ਹੁਣ ਤੱਕ ਉਹ ਚਾਰ ਸੰਸਾਰ ਦੌਰੇ ਕਰ ਚੁੱਕਿਆ ਹੈ ਅਤੇ ਉਸ ਬਾਰੇ ਤਕਰੀਬਨ 6 ਫਿਲਮਾਂ ਬਣ ਚੁੱਕੀਆਂ ਹਨ। ਉਸ ਦੀਆਂ ਐਲਬਮਾਂ ਦੀਆਂ 10 ਕਰੋੜ ਕਾਪੀਆਂ ਵਿਕ ਚੁਕੀਆਂ ਹਨ। ਉਹ ਸੰਸਾਰ ਦਾ ਸਭ ਤੋਂ ਵੱਧ ਵਿਕਣ ਵਾਲਾ ਗਾਇਕ ਹੈ। ਬੀਬਰ ਆਪਣੇ ਗੀਤ ਆਪ ਹੀ ਲਿਖਦਾ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਮਈ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-274



*ਮਾਪੇ ਨਿਗਲ ਲਏ ਸਾਡੇ ਸਿਆਸਤਾਂ ਨੇ,*
*ਹੰਝੂ ਸਾਡੀਆਂ ਅੱਖਾਂ 'ਚੋਂ ਮੁੱਕਣੇ ਨਾ।*
*ਜਿਵੇਂ ਕਿਵੇਂ ਗੁਜ਼ਾਰਾਂਗੇ ਜ਼ਿੰਦਗਾਨੀ,*
*ਜ਼ਖਮ ਦਿਲਾਂ 'ਤੇ ਲੱਗੇ ਉਹ ਸੁੱਕਣੇ ਨਾ।*

## ਕੈਪਸ਼ਨ ਮੁਕਾਬਲਾ-272



ਪੇਂਡੂ ਮੇਲਾ ਆਣ ਹੈ ਭਰਿਆ
ਦੇਖੋ ਥਾਂ ਥਾਂ ਲੱਗੀਆਂ ਫੜ੍ਹੀਆਂ।
ਵੇਚਦਾ ਲਾਲ-ਪੀਲੀਆਂ ਵੰਗਾਂ
ਕੋਈ ਵੇਚੇ ਸੀਟੀਆਂ ਤੇ ਘੜੀਆਂ।
ਹੁਨਰ ਪਰਖ ਦੀ ਹੱਟੀ 'ਤੇ ਸਿੰਘ
ਦੱਸੇ ਕਿਵੇਂ ਨਿਸ਼ਾਨਾ ਕਰੀਦਾ।
ਖਾਲੀ ਨਾ ਜਾਵੇ ਵਾਰ ਓਏ ਕਾਕਾ
ਜਦੋਂ ਅੱਖ ਮੀਟ ਘੋੜੇ 'ਤੇ ਹੱਥ ਧਰੀਦਾ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਕਰ ਇਕਾਗਰ ਮਨ ਆਪਣੇ ਨੂੰ
ਸਿੱਧੀ ਕਰ ਲੈ ਨਾਲੀ।
ਸਿੰਨ੍ਹ ਨਿਸ਼ਾਨਾ ਇੱਕ ਬਿੰਦੂ 'ਤੇ
ਆਵੇ 'ਵਾਜ਼ ਪਟਾਕੇ ਵਾਲੀ।
ਜੀਵਨ ਦਾ ਵੀ ਇਹੋ ਮੰਤਰ
ਜੇ ਰੱਖਣੀ ਜੂਨ ਸੁਖਾਲੀ।
***-ਜਗਮੀਤ ਸਿੰਘ ਪੰਧੇਰ***

---

ਵੰਨ ਸੁਵੰਨੇ ਖੇਡ-ਖਿਡੌਣੇ
ਮੇਲੇ ਦਾ ਸ਼ਿੰਗਾਰ ਹੁੰਦੇ ਨੇ।
ਬੱਚਿਆਂ ਦਾ ਮਨ ਪਰਚਾਵਾ
ਵੱਡਿਆਂ ਦਾ ਰੁਜ਼ਗਾਰ ਹੁੰਦੇ ਨੇ।
ਖਿਡੌਣਾ ਬੰਦੂਕ ਹੱਥ ਫੜਾ ਕੇ
ਬੱਚਿਆਂ ਨੂੰ ਭਰਮਾ ਲੈਂਦੇ ਨੇ।
ਖੇਡ ਖੇਡ ਵਿਚ ਹੀ
ਫੁੰਡਣਾ ਨਿਸ਼ਾਨਾ ਸਿਖਾ ਦਿੰਦੇ ਨੇ।
***-ਦਵਿੰਦਰ ਕੌਰ***

---

ਗਲੀ ਗਲੀ ਵਣਜਾਰੇ ਸੀ ਫਿਰਦੇ
ਲਾਉਂਦੇ ਬੱਚਿਆਂ ਲਈ ਦਿਲਕਸ਼ ਫੇਰੀਆਂ।
ਗੁਬਾਰਿਆਂ ਦਾ ਬੋਰਡ, ਪਟਾਕੇ ਬੰਦੂਕ ਦੇ
ਕੋਈ ਲਾਉਂਦਾ ਸੀ ਟੌਂਕੀ ਦੀਆਂ ਗੇੜੀਆਂ।
ਹੋਕਾ ਦਿੰਦਾ, ਬਾਰਾਂ ਮਣ ਦੀ ਧੋਬਣ ਦੇਖੋ
ਮਾਤਾ ਸ਼ੇਰਾਂ ਵਾਲੀ ਦੇ ਦਰਸ਼ਨ,
ਤਾਜ ਮਹੱਲ ਤੇ ਹੋਰ ਫੋਟੋਆਂ ਬਥੇਰੀਆਂ।
ਹੁਣ ਦੇ ਬੱਚੇ ਤਾਂ ਘਰਾਂ 'ਚ ਹੋਏ ਕੈਦ
ਮੋਬਾਈਲਾਂ, ਕੰਪਿਊਟਰਾਂ, ਟੈਬਲੇਟਾਂ
ਤੇ ਗੇਮਾਂ ਦੀਆਂ ਆਈਆਂ ਹਨੇਰੀਆਂ।
***-ਅਮਰਜੀਤ ਸਿੰਘ ਤੂਰ, ਚੰਡੀਗੜ੍ਹ***

---

ਮੇਲੇ ਜਾਂ ਗਲੀਆਂ 'ਚ
ਸਾਈਕਲਾਂ 'ਤੇ ਲਈ ਫਿਰਦੇ
ਆਓ ਲਾਓ ਨਿਸ਼ਾਨਾ, ਜਿੱਤੋ ਕੁਝ ਸ਼ੈਅ।
ਸੌਖਾ ਹੈ ਇਹ ਮਾਰਨਾ ਨਿਸ਼ਾਨਾ
ਨਿਸ਼ਾਨਾ ਤਾਂ ਉਹ ਹੁੰਦਾ
ਜੋ ਵੈਰੀ ਨੇ ਲਲਕਾਰ ਦਿੱਤਾ
ਵੱਜੇ ਸਿੱਧਾ ਵੈਰੀ ਦੀ ਹਿੱਕ 'ਤੇ
ਹੋ ਜਾਵੇ ਚਿੱਤ ਇਕੋ ਨਿਸ਼ਾਨੇ ਨਾਲ
ਹੁਣ ਬਾਕੀ ਸਭ ਸਰਕਸਾਂ ਡਰਾਮੇ।
***-ਦਰਸ਼ਨਪਾਲ ਦੋਸਾਂਝ***

---

ਦਿੰਦਾ ਆਇਆ ਏ ਹੋਕਾ
ਲਾ ਕੇ ਤੰਬੂ ਵਿਚ ਭੁਕਾਨੇ।
ਬਣੋ ਨਿਸ਼ਾਨੇਬਾਜ਼, ਲਾਓ ਨਿਸ਼ਾਨੇ।
ਮੇਲੇ-ਛਿੰਜਾਂ ਉਪਰ ਮਿਲ ਜਾਣਗੇ
ਇਹੋ ਜਿਹੀ ਕਰਦੇ ਦੁਕਾਨਦਾਰੀ।
ਮਿਹਨਤ ਕਰ ਕੇ ਖਾਂਦੇ ਨਾਲ ਇਮਾਨਦਾਰੀ।
ਪਾਇਆ ਗਾਤਰਾ ਸਿੰਘ ਨੇ
ਕਾਇਮ ਰੱਖੀ ਏ ਸਰਦਾਰੀ।
ਬੱਚਾ, ਬੁੱਢਾ ਕੀ ਜੁਆਨ, ਲਾਉਂਦੇ ਸੀ
ਮੇਲਿਆਂ ਵਿਚ ਨਿਸ਼ਾਨੇ।
ਬੱਚੇ ਤੇ ਜਵਾਨ ਹੁਣ ਖੇਡਦੇ ਵੀਡੀਓ ਗੇਮਾਂ
ਲਾਉਂਦੇ ਉਨ੍ਹਾਂ ਵਿਚ ਨਿਸ਼ਾਨੇ।
ਬਦਲ ਗਿਆ ਹੁਣ ਸਮਾਂ ਮਿੱਤਰੋ
ਅਹੁ ਨਾ ਰਹੇ ਭਲੇ ਜ਼ਮਾਨੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਹੌਲ ਪੈਂਦਾ ਸੀ ਸੁਰਤ ਸੰਭਲਣ ਤੋਂ ਪਹਿਲਾਂ
ਅੱਲ੍ਹੜਪੁਣੇ 'ਚ ਪਟਾਖੇ ਦਿੰਦੇ ਸੀ ਸਰੂਰ।
ਜਵਾਨੀ 'ਚ ਸ਼ਰਾਰਤ ਦਾ ਹੁੰਦਾ ਸੀ ਗਰੂਰ
ਹੁਣ ਉਤਰਿਆ ਪਟਾਕਿਆਂ ਦਾ ਫਤੂਰ।
ਇਨ੍ਹਾਂ ਦੇ ਸ਼ੋਰ ਤੋਂ
ਬੁਢਾਪੇ 'ਚ ਰਹੀਏ ਦੂਰ ਦੂਰ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

## Just Sold

1. 4292 Solar Cir., Union City, CA 94588
2. 950 Wildgrass Ct., Gilroy, CA 95020
3. 32442 Woodland Dr., Union City, CA 94587
4. 1946 Winterpark Way, San Jose, CA 95122
5. 1485 E. Grant Line Rd., Tracy, CA 95304
6. 2465 Becket Dr., Union City, CA 94587

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

Follow us on zillow.com and trulia.com

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

# ਪੰਜਾਬ ਦੇ ਕਿਸਾਨਾਂ ਦਾ ਵਾਲ-ਵਾਲ ਕਰਜ਼ੇ ਵਿਚ ਡੁੱਬਿਆ

**ਚੰਡੀਗੜ੍ਹ:** ਸਰਕਾਰੀ ਸਰਵੇਖਣਾਂ ਮੁਤਾਬਕ ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦੀ ਪੰਡ 20 ਗੁਣਾਂ ਭਾਰੀ ਹੋ ਗਈ ਹੈ। ਛੋਟੇ ਅਤੇ ਸੀਮਾਂਤ ਕਿਸਾਨ ਵੱਧ ਨਪੀੜੇ ਹੋਏ ਹਨ। ਮਜ਼ਦੂਰਾਂ ਦੇ ਕਰਜ਼ੇ ਦਾ ਹਿਸਾਬ ਲਗਾਉਣਾ ਮੁਸ਼ਕਲ ਹੈ ਕਿਉਂਕਿ ਸੰਸਥਾਗਤ ਕਰਜ਼ਾ ਨਾਮਾਤਰ ਹੋਣ ਕਰ ਕੇ ਇਹ ਪੂਰੀ ਤਰ੍ਹਾਂ ਪ੍ਰਾਈਵੇਟ ਕਰਜ਼ੇ 'ਤੇ ਨਿਰਭਰ ਹਨ। ਮੋਦੀ ਸਰਕਾਰ ਦੀ ਨੋਟਬੰਦੀ ਨੇ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਕਰਜ਼ੇ ਵੱਲ ਹੋਰ ਧੱਕ ਦਿੱਤਾ ਹੈ। ਸੂਬੇ ਦੇ ਲਗਭਗ ਦਸ ਹਜ਼ਾਰ ਕਿਸਾਨ ਅਤੇ ਮਜ਼ਦੂਰ ਖੁਦਕਸ਼ੀ ਕਰ ਚੁੱਕੇ ਹਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਦਿੱਤਾ ਢਾਰਸ ਵੀ ਆਪਣਾ ਅਸਰ ਗੁਆਉਂਦਾ ਜਾ ਰਿਹਾ ਹੈ।

ਪੰਜਾਬ ਸਰਕਾਰ ਲਈ ਪ੍ਰੋ. ਐਚ.ਐਸ. ਸ਼ੇਰਗਿੱਲ ਵੱਲੋਂ 1998 ਵਿਚ ਕੀਤੇ ਅਧਿਐਨ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ 5700 ਕਰੋੜ ਰੁਪਏ ਕਰਜ਼ਾ ਸੀ। ਸੂਬਾ ਪੱਧਰੀ ਬੈਂਕਰਜ਼ ਕਮੇਟੀ ਦੀ ਮਾਰਚ 2016 ਤੱਕ ਦੀ ਰਿਪੋਰਟ ਵਿਚ 90,013 ਕਰੋੜ ਰੁਪਏ ਸੰਸਥਾਗਤ ਕਰਜ਼ਾ ਦਰਸਾਇਆ ਗਿਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ. ਗਿਆਨ ਸਿੰਘ ਦੀ ਅਗਵਾਈ ਹੇਠ 2014-15 ਵਿਚ 1007 ਪਰਿਵਾਰਾਂ ਦੇ ਕੀਤੇ ਗਏ ਅਧਿਐਨ ਅਨੁਸਾਰ ਸੂਬੇ ਦੇ ਕਿਸਾਨਾਂ ਸਿਰ 69355 ਕਰੋੜ ਰੁਪਏ ਕਰਜ਼ਾ ਹੈ ਅਤੇ 12874 ਕਰੋੜ ਰੁਪਏ ਦਾ ਸ਼ਾਹੂਕਾਰਾ ਕਰਜ਼ਾ ਹੈ। ਜੇਕਰ ਸੂਬਾ ਪੱਧਰੀ ਬੈਂਕਰ ਕਮੇਟੀ ਦੇ ਤੱਥਾਂ ਅਨੁਸਾਰ ਸੰਸਥਾਗਤ ਕਰਜ਼ੇ ਵਿਚ ਸ਼ਾਹੂਕਾਰਾ ਕਰਜ਼ਾ ਜੋੜ ਲਿਆ ਜਾਵੇ ਤਾਂ ਕਰਜ਼ੇ ਦੀ ਕੁੱਲ ਰਾਸ਼ੀ 1 ਲੱਖ 05 ਲੱਖ ਕਰੋੜ ਰੁਪਏ ਤੋਂ ਟੱਪ ਜਾਵੇਗੀ। ਨੋਟਬੰਦੀ ਕਾਰਨ ਸੰਸਥਾਗਤ ਕਰਜ਼ਾ ਘਟਣ ਕਾਰਨ ਕਿਸਾਨਾਂ ਨੂੰ ਵੱਧ ਵਿਆਜ ਵਾਲੇ ਸ਼ਾਹੂਕਾਰਾ ਕਰਜ਼ੇ ਵੱਲ ਭੇਜਣ ਦਾ ਅਨੁਮਾਨ ਹੈ। ਬੈਂਕਰਜ਼ ਕਮੇਟੀ ਅਨੁਸਾਰ ਮਾਰਚ 2017 ਤੱਕ ਸੰਸਥਾਗਤ ਕਰਜ਼ਾ ਘਟ ਕੇ 73 ਹਜ਼ਾਰ ਕਰੋੜ ਰੁਪਏ ਰਹਿ ਗਿਆ ਹੈ। ਇਸ ਵਿਚੋਂ 59620 ਕਰੋੜ ਰੁਪਏ ਫਸਲੀ ਕਰਜ਼ਾ ਅਤੇ 13380 ਕਰੋੜ ਰੁਪਏ ਲੰਬੇ ਸਮੇਂ ਦਾ ਕਰਜ਼ਾ ਹੈ।

ਪਿਛਲੇ ਡੇਢ ਦਹਾਕੇ ਤੋਂ ਪੰਜਾਬ ਦੀਆਂ ਪ੍ਰਮੁੱਖ ਫਸਲਾਂ ਕਣਕ ਤੇ ਝੋਨੇ ਦੇ ਘੱਟੋ ਘੱਟ ਸਮਰਥਨ ਮੁੱਲ ਵਿਚ ਲਗਭਗ 2 ਫੀਸਦੀ ਦੀ ਦਰ ਨਾਲ ਵਾਧਾ ਹੋਇਆ ਹੈ, ਜਦਕਿ ਖੇਤੀ ਲਾਗਤ 8 ਫੀਸਦੀ ਦੇ ਹਿਸਾਬ ਨਾਲ ਵਧੀ ਹੈ। ਇਸ ਦੌਰਾਨ ਭੂਮੀ ਜੋਤਾਂ ਦਾ ਆਕਾਰ ਵੀ ਘਟਿਆ ਹੈ। ਕਿਸਾਨ ਧਰਤੀ ਹੇਠਲਾ ਪਾਣੀ ਘਟਣ ਤੇ ਮੰਡੀਕਰਨ ਦੀ ਚੁਣੌਤੀ ਨਾਲ ਵੀ ਜੂਝ ਰਹੇ ਹਨ। ਦੂਜੇ ਪਾਸੇ ਪੰਜਾਬ ਦੇ ਪਿੰਡ ਕੈਂਸਰ ਤੇ ਕਾਲੇ ਪੀਲੀਏ ਵਰਗੀਆਂ ਗੰਭੀਰ ਬਿਮਾਰੀਆਂ ਦੀ ਗ੍ਰਿਫਤ 'ਚ ਵੀ ਹਨ। ਬਿਮਾਰੀ ਤੇ ਸਿੱਖਿਆ ਦੇ ਖੇਤਰ ਦੇ ਵਪਾਰੀਕਰਨ ਕਾਰਨ ਇਨ੍ਹਾਂ ਸਹੂਲਤਾਂ ਉਤੇ ਵੱਧ ਰਿਹਾ ਖਰਚ ਵੀ ਕਰਜ਼ੇ ਦਾ ਕਾਰਨ ਬਣ ਰਿਹਾ ਹੈ।

ਕੈਪਟਨ ਸਰਕਾਰ ਸਾਹਮਣੇ ਕਿਸਾਨੀ ਕਰਜ਼ਾ ਤੇ ਰੁਜ਼ਗਾਰ ਵੱਡਾ ਮੁੱਦਾ ਬਣ ਕੇ ਸਾਹਮਣੇ ਆ ਰਿਹਾ ਹੈ। ਸਰਕਾਰ ਨੇ ਖੇਤੀ ਲਾਗਤ ਅਤੇ ਕੀਮਤ ਆਯੋਗ ਦੇ ਸਾਬਕਾ ਚੇਅਰਮੈਨ ਡਾ. ਟੀ.ਹੱਕ ਦੀ ਅਗਵਾਈ ਵਿਚ ਕਮੇਟੀ ਬਣਾ ਕੇ ਕਰਜ਼ੇ ਦੀ ਸਮੱਸਿਆ ਦਾ ਹੱਲ ਸੁਝਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਦਾ 80 ਹਜ਼ਾਰ ਕਰੋੜ ਰੁਪਏ ਦੇ ਲਗਭਗ ਬਜਟ ਹੋਣ ਦੀ ਸੰਭਾਵਨਾ ਹੈ।

## ਨੀਤੀਆਂ ਤੇ ਵਾਅਦਿਆਂ 'ਚ ਉਲਝੀਆਂ ਰਹੀਆਂ ਸਰਕਾਰਾਂ



## ਕਰਜ਼ ਮੁਆਫੀ ਵਾਲੇ ਵਾਅਦੇ ਉਤੇ ਸਵਾਲ

**ਚੰਡੀਗੜ੍ਹ:** ਮਾਹਿਰਾਂ ਅਨੁਸਾਰ ਸਾਰਾ ਕਰਜ਼ਾ ਮੁਆਫ ਹੋਣ ਦੇ ਦਾਅਵੇ ਪੂਰੇ ਹੋਣ ਦੀ ਸੰਭਾਵਨਾ ਨਹੀਂ ਹੈ। ਕਰਜ਼ੇ ਦੇ ਦਾਇਰੇ ਵਿਚ ਇਕ ਅਨੁਮਾਨ ਅਨੁਸਾਰ ਖੇਤੀ ਖੇਤਰ ਦੀ ਡਿਫਾਲਟਿੰਗ ਰਾਸ਼ੀ ਕੁੱਲ ਕਰਜ਼ੇ ਦੀ 6.63 ਫੀਸਦੀ ਭਾਵ 5150 ਕਰੋੜ ਰੁਪਏ ਦੇ ਲਗਭਗ ਹੈ। ਬੈਂਕਾਂ ਦੇ ਕੁੱਲ 29.76 ਲੱਖ ਖਾਤਿਆਂ 'ਚੋਂ ਪੰਜਾਹ ਫੀਸਦੀ ਖਾਤੇ ਛੋਟੇ ਤੇ ਸੀਮਾਂਤ ਕਿਸਾਨਾਂ ਦੇ ਹਨ ਤੇ 37.93 ਫੀਸਦੀ ਕਰਜ਼ਾ ਇਨ੍ਹਾਂ ਦੇ ਸਿਰ ਹੈ। ਅਰਥ ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਕਰਜ਼ਾ ਮੁਆਫੀ ਇਕ ਆਰਜ਼ੀ ਰਾਹਤ ਹੋਵੇਗੀ। ਅੱਗੋਂ ਦਿਹਾਤੀ ਅਰਥ ਵਿਵਸਥਾ ਦੀ ਗੱਡੀ ਲੀਹ ਉਤੇ ਲਿਆਉਣ ਲਈ ਇਕ ਵਿਆਪਕ ਰਣਨੀਤੀ ਦੀ ਲੋੜ ਹੈ।

## ਕਾਗਜ਼ਾਂ ਵਿਚ ਉਲਝੀ ਰਹੀ ਫਸਲ ਬੀਮਾ ਨੀਤੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਜ਼ੋਰ-ਸ਼ੋਰ ਨਾਲ ਪ੍ਰਚਾਰੀ ਜਾ ਰਹੀ ਫਸਲ ਬੀਮਾ ਨੀਤੀ ਪੰਜਾਬ ਦੇ ਅਨੁਕੂਲ ਨਾ ਹੋਣ ਕਰ ਕੇ ਸੂਬਾ ਸਰਕਾਰ ਨੇ ਇਸ ਨੂੰ ਅਪਣਾਉਣ ਤੋਂ ਇਨਕਾਰ ਕੀਤਾ ਹੋਇਆ ਹੈ। ਕੇਂਦਰ ਨੇ ਪੰਜਾਬ ਦੀਆਂ ਸਿਫਾਰਸ਼ਾਂ ਨੂੰ ਨਹੀਂ ਮੰਨਿਆ ਅਤੇ ਪੰਜਾਬ ਸਰਕਾਰ ਦੀ ਆਪਣੀ ਵੀ ਕੋਈ ਫਸਲ ਬੀਮਾ ਨੀਤੀ ਨਾ ਹੋਣ ਕਾਰਨ ਕਿਸਾਨਾਂ ਦੀਆਂ ਤਬਾਹ ਹੋਈਆਂ ਫਸਲਾਂ ਉਸ ਨੂੰ ਕਰਜ਼ੇ ਵਿਚ ਫਸਾਉਣ ਦਾ ਇਕ ਹੋਰ ਕਾਰਨ ਬਣ ਜਾਂਦੀਆਂ ਹਨ। ਕੈਪਟਨ ਦੀ ਅਗਵਾਈ ਵਿਚ ਸੱਤਾਧਾਰੀ ਹੋਈ ਸਰਕਾਰ ਨੇ ਚੋਣ ਮਨੋਰਥ ਪੱਤਰ ਰਾਹੀਂ ਆਪਣੀ ਬੀਮਾ ਨੀਤੀ ਬਣਾਉਣ ਦਾ ਵਾਅਦਾ ਕੀਤਾ ਹੈ, ਇਹ ਕਦੋਂ ਪੂਰਾ ਹੋਵੇਗਾ ਕਿਸਾਨਾਂ ਨੂੰ ਇਸ ਦੀ ਉਡੀਕ ਹੈ। ਫਿਲਹਾਲ ਪੰਜਾਬ ਦੇ ਕਿਸਾਨ ਕਿਸੇ ਕੁਦਰਤੀ ਆਫਤ ਨਾਲ ਖਰਾਬ ਹੋਈ ਫਸਲ ਲਈ ਕੁਦਰਤੀ ਆਫਤ ਰਾਹਤ ਫੰਡ 'ਤੇ ਨਿਰਭਰ ਹਨ। ਇਸ ਤਹਿਤ 75 ਤੋਂ 100 ਫ਼ੀਸਦੀ ਤੱਕ ਫਸਲ ਤਬਾਹ ਹੋ ਜਾਣ 'ਤੇ ਪ੍ਰਤੀ ਏਕੜ 5400 ਰੁਪਏ ਕੇਂਦਰ ਸਰਕਾਰ ਵੱਲੋਂ ਅਤੇ 2600 ਰੁਪਏ ਪੰਜਾਬ ਸਰਕਾਰ ਦੇ ਸ਼ਾਮਿਲ ਕਰਕੇ 8000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਹਤ ਮਿਲਦੀ ਹੈ। ਇਸ ਸੀਜ਼ਨ ਵਿੱਚ ਕਣਕ ਨੂੰ ਅੱਗ ਲੱਗਣ ਨਾਲ ਹੋਏ ਨੁਕਸਾਨ ਲਈ ਪੰਜਾਬ ਦੇ ਸੈਰ ਸਪਾਟਾ ਮੰਤਰੀ ਨਵਜੋਤ ਸਿੱਧੂ ਨੇ ਇਸ ਨੂੰ ਘੱਟ ਕਰਾਰ ਦਿੰਦਿਆਂ ਜੇਬ ਵਿੱਚੋਂ ਵੀ ਪੈਸਾ ਦੇਣ ਦਾ ਐਲਾਨ ਕੀਤਾ ਸੀ, ਪਰ ਸਰਕਾਰੀ ਪੱਧਰ ਉੱਤੇ ਅਜੇ ਤੱਕ ਕੋਈ ਫੈਸਲਾ ਨਹੀਂ ਹੋਇਆ।

# ਟਰੰਪ ਵੱਲੋਂ ਬੇਰੁਜ਼ਗਾਰਾਂ ਦੇ ਦੁਖ ਦੂਰ ਕਰਨ ਦੀ ਤਿਆਰੀ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਰੁਜ਼ਗਾਰ ਖਤਮ ਕਰਨ ਦੀਆਂ ਸ਼ਰਤਾਂ ਨੂੰ ਵਾਪਸ ਲਿਆ ਜਾ ਰਿਹਾ ਹੈ ਅਤੇ ਅਮਰੀਕੀ ਊਰਜਾ ਵਿਕਾਸ ਰਾਹੀਂ ਰੁਜ਼ਗਾਰ ਦੇ ਹਜ਼ਾਰਾਂ ਮੌਕੇ ਪੈਦਾ ਕੀਤੇ ਜਾਣਗੇ।

ਟਰੰਪ ਨੇ ਆਪਣੇ ਹਫਤਾਵਾਰੀ ਵੈਬ ਅਤੇ ਰੇਡੀਓ ਸੁਨੇਹੇ ਦੌਰਾਨ ਕਿਹਾ,''ਅਸੀਂ ਨੌਕਰੀਆਂ ਦੀਆਂ ਸ਼ਰਤਾਂ ਨੂੰ ਖਤਮ ਕਰ ਰਹੇ ਹਾਂ ਜਿਸ ਕਾਰਨ ਕੰਪਨੀਆਂ ਵੱਧ ਨਹੀਂ ਰਹੀਆਂ ਸਨ। ਅਮਰੀਕਨ ਐਨਰਜੀ ਵਿਕਾਸ ਵੱਲੋਂ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ।'' ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਨਵੇਂ ਮੌਕੇ ਹਰ ਰੋਜ਼ ਪੈਦਾ ਕਰਨ 'ਤੇ ਕੰਮ ਕੀਤਾ ਜਾ ਰਿਹਾ ਹੈ ਅਤੇ ਸਾਲਾਂ ਬੱਧੀ ਵਿਕਾਸ 'ਚ ਆਈ ਖੜੋਤ, ਡਿੱਗਦੀਆਂ ਉਜਰਤਾਂ ਅਤੇ ਨੌਕਰੀਆਂ ਵਿਚ ਗਿਰਾਵਟ ਨੂੰ ਮੋੜਨ ਦਾ ਯਤਨ ਕੀਤਾ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਅਮਰੀਕੀ ਸਨਅਤਾਂ, ਮੈਨੂਫੈਕਚਰਿੰਗ ਅਤੇ ਕਾਰੋਬਾਰ 'ਤੇ ਪਏ ਬੋਝ ਨੂੰ ਹਟਾਇਆ ਜਾ ਰਿਹਾ ਹੈ। ਵਪਾਰ ਬਾਰੇ ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਇਤਿਹਾਸਕ ਕਾਰਵਾਈ ਕੀਤੀ ਜਾ ਰਹੀ ਹੈ ਤਾਂ ਜੋ ਅਮਰੀਕੀ ਸਨਅਤ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਨੇ 2 ਲੱਖ ਤੋਂ ਵੱਧ ਨੌਕਰੀਆਂ ਪੈਦਾ ਕੀਤੀਆਂ ਹਨ।

# ਨੇਪਾਲੀ ਮਹਿਲਾ ਨੇ ਅੱਠਵੀਂ ਵਾਰ ਸਰ ਕੀਤੀ ਮਾਊਂਟ ਐਵਰੈਸਟ

**ਨਵੀਂ ਦਿੱਲੀ:** ਨੇਪਾਲੀ ਮਹਿਲਾ (ਤਿੱਬਤ ਵਾਲਿਉਂ ਪਾਸੇ) ਤੋਂ ਰਿਕਾਰਡ ਅੱਠਵੀਂ ਵਾਰ ਮਾਊਂਟ ਐਵਰੈਸਟ ਦੀ ਚੜ੍ਹਾਈ ਸਰ ਕੇ ਵਿਸ਼ਵ ਰਿਕਾਰਡ ਬਣਾਇਆ ਹੈ।



ਪਰਬਤਾਰੋਹੀ ਨੇ ਵਿਸ਼ਵ ਦੀ ਸਭ ਤੋਂ ਉਚੀ ਚੋਟੀ ਮਾਊਂਟ ਐਵਰੈਸਟ ਨੂੰ ਰਿਕਾਰਡ ਅੱਠਵੀਂ ਵਾਰ ਸਰ ਕਰਨ ਦਾ ਵਿਸ਼ਵ ਰਿਕਾਰਡ ਬਣਾਇਆ ਹੈ। ਤਿੰਨ ਬੱਚਿਆਂ ਦੀ ਮਾਂ 44 ਸਾਲਾ ਲਹਾਕਪਾ ਸ਼ੇਰਪਾ ਨੇ ਆਪਣੇ ਹੀ ਰਿਕਾਰਡ ਨੂੰ ਮਾਤ ਪਾਈ। ਚੋਟੀ 'ਤੇ ਚੜ੍ਹਾਈ ਦਾ ਪ੍ਰਬੰਧ ਕਰਨ ਵਾਲਿਆਂ ਮੁਤਾਬਕ ਸ਼ੇਰਪਾ ਨੇ ਨਾਰਥ ਕੋਲ

ਕੋਈ ਰਵਾਇਤੀ ਸਿਖਲਾਈ ਲਏ ਬਿਨਾਂ ਲਹਾਕਪਾ ਪਹਿਲੀ ਵਾਰ ਸਾਲ 2000 ਵਿਚ ਵਿਸ਼ਵ ਦੀ ਸਭ ਤੋਂ ਉਚੀ ਟੀਸੀ 'ਤੇ ਪਹੁੰਚੀ ਸੀ ਤੇ ਅਜੇ ਉਹ ਦੋ ਵਾਰ ਹੋਰ ਇਥੇ ਆਉਣਾ ਚਾਹੁੰਦੀ ਹੈ।

# ਮਾਪੇ ਸੱਦਣ ਬਾਰੇ ਆਸਟਰੇਲੀਆ ਸਰਕਾਰ ਦੀਆਂ ਸਖਤ ਸ਼ਰਤਾਂ

**ਬ੍ਰਿਸਬੇਨ:** ਆਸਟਰੇਲੀਆ ਸਰਕਾਰ ਨੇ ਮੌਜੂਦਾ ਬਜਟ ਅਤੇ ਨਵੀਂ ਆਵਾਸ ਵੀਜ਼ਾ ਪ੍ਰਣਾਲੀ ਵਿਚ ਅਹਿਮ ਰੱਦੋ-ਬਦਲ ਕੀਤੀ ਹੈ। 'ਪੈਸਾ ਖਰਚੋ ਮਾਪੇ ਲਿਆਓ' ਨੀਤੀ ਮੁਤਾਬਕ ਪਰਵਾਸੀਆਂ ਦੇ ਮਾਪੇ ਹੁਣ 10 ਸਾਲ ਤੱਕ ਇਥੇ ਰਹਿ ਸਕਦੇ, ਪਰ ਬਿਨੈਕਾਰ (ਆਸਟਰੇਲਿਆਈ ਨਾਗਰਿਕ ਅਤੇ ਪੱਕੀ ਰਿਹਾਇਸ਼ ਵਾਲੇ) ਨੂੰ ਮਾਪਿਆਂ ਦੇ ਸਿਹਤ ਬੀਮੇ ਅਤੇ ਹੋਰ ਸਹੂਲਤਾਂ ਦੀ ਜ਼ਿੰਮੇਵਾਰੀ ਆਪ ਚੁੱਕਣੀ ਪਏਗੀ। ਨਵੀਆਂ ਸ਼ਰਤਾਂ ਮੁਤਾਬਕ ਮਾਪੇ ਪੱਕੀ ਰਿਹਾਇਸ਼ ਪ੍ਰਾਪਤ ਕਰਨ ਤੋਂ ਵਾਂਝੇ ਰਹਿਣਗੇ ਅਤੇ ਉਹ ਆਸਟਰੇਲੀਆ ਵਿਚ ਨੌਕਰੀ ਨਹੀਂ ਕਰ ਸਕਣਗੇ।




ਵੀਜ਼ਾ ਪ੍ਰਣਾਲੀ ਤਿੰਨ ਅਤੇ ਪੰਜ ਸਾਲ ਲਈ ਲਾਗੂ ਹੋਵੇਗੀ ਜਿਸ ਤਹਿਤ ਕ੍ਰਮਵਾਰ ਪੰਜ ਹਜ਼ਾਰ ਅਤੇ 10 ਹਜ਼ਾਰ ਡਾਲਰ ਫੀਸ ਦੇਣੀ ਪਏਗੀ। ਪੰਜ ਸਾਲ ਰਿਹਾਇਸ਼ ਤੋਂ ਬਾਅਦ ਬਿਨੈਕਰਤਾ ਨੂੰ ਵੀਜ਼ਾ ਨਵਿਆਉਣ ਲਈ ਨਵੀਂ ਅਰਜ਼ੀ ਦਾਖਲ ਕਰਨ ਦਾ ਕਾਨੂੰਨੀ ਅਧਿਕਾਰ ਤਾਂ ਹੋਵੇਗਾ, ਪਰ ਆਪਣੇ 10 ਸਾਲ ਪੂਰੇ ਹੋਣ ਤੋਂ ਬਾਅਦ ਬਿਨੈਕਾਰ ਮਾਪਿਆਂ ਨੂੰ ਇਸ ਵੀਜ਼ਾ ਸ਼੍ਰੇਣੀ ਵਿਚ ਦੁਬਾਰਾ ਨਹੀਂ ਸੱਦ ਸਕੇਗਾ। ਸਰਕਾਰ ਨੇ ਹਰ ਸਾਲ ਤਕਰੀਬਨ 15 ਹਜ਼ਾਰ ਵੀਜ਼ੇ ਜਾਰੀ ਕਰਨ ਦਾ ਟੀਚਾ ਮਿਥਿਆ ਹੈ। ਇਸ ਪ੍ਰੋਗਰਾਮ ਤਹਿਤ ਸਰਕਾਰ ਨੂੰ ਮੋਟੀ ਕਮਾਈ ਦੀ ਵੀ ਤਵੱਕੋ ਹੈ। ਉਧਰ, ਸਰਕਾਰ ਦੇ ਇਸ ਐਲਾਨ ਦਾ ਵਿਰੋਧੀ ਧਿਰਾਂ ਵੱਲੋਂ ਡਟਵਾਂ ਵਿਰੋਧ ਵੀ ਹੋ ਰਿਹਾ ਹੈ। ਬ੍ਰਿਸਬੇਨ ਤੋਂ ਗਰੀਨ ਪਾਰਟੀ ਦੇ ਆਗੂ ਨਵਦੀਪ ਸਿੰਘ ਨੇ ਇਸ ਨੂੰ ਮਨੁੱਖਤਾ ਵਿਰੋਧੀ ਕਾਰਜ ਐਲਾਨਿਆ ਹੈ।

ਉਨ੍ਹਾਂ ਮੁਤਾਬਕ ਭਾਰਤ ਅਤੇ ਹੋਰ ਦੇਸ਼ਾਂ ਦੇ ਹੁਨਰਮੰਦ ਕਿਰਤੀਆਂ ਵੱਲੋਂ ਆਸਟਰੇਲੀਆ ਦੇ ਵਿਕਾਸ ਵਿਚ ਪਾਏ ਜਾ ਰਹੇ ਯੋਗਦਾਨ ਨੂੰ ਅਣਗੌਲਿਆ ਕੀਤਾ ਗਿਆ ਹੈ। ਲੇਬਰ ਪਾਰਟੀ ਨਾਲ ਸਬੰਧਤ ਭਾਰਤੀ ਆਗੂ ਜਸਵਿੰਦਰ ਸਿੱਧੂ ਨੇ ਨਵੇਂ ਪਰਵਾਸੀ ਕਾਨੂੰਨ 'ਤੇ ਨਾਖੁਸ਼ੀ ਜ਼ਾਹਰ ਕਰਦਿਆਂ ਕਿਹਾ ਹੈ ਕਿ ਸਰਕਾਰ ਆਪਣੀਆਂ ਵਿੱਤੀ ਨਾਕਾਮੀਆਂ ਕਾਰਨ ਨਾਗਰਿਕਾਂ 'ਤੇ ਬੇਲੋੜਾ ਆਰਥਿਕ ਬੋਝ ਪਾਉਣ ਜਾ ਰਹੀ ਹੈ।

# ਭਾਜਪਾ 'ਤੇ ਨਫਰਤੀ ਜ਼ਹਿਰ ਘੋਲਣ ਦੇ ਦੋਸ਼

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਸਰਕਾਰ ਸਹਾਰਨਪੁਰ ਜ਼ਿਲ੍ਹੇ 'ਚ ਵਾਪਰੀ ਜਾਤ ਅਧਾਰਤ ਹਿੰਸਾ ਦੀ ਘਟਨਾ ਦੇ ਪੀੜਤਾਂ ਦੀ ਮਦਦ ਕਰਨ 'ਚ ਨਾਕਾਮ ਰਹੀ ਹੈ। ਇਹ ਦੋਸ਼ ਉਤਰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜ ਬੱਬਰ ਨੇ ਲਾਏ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੋਈ ਮਦਦ ਨਾ ਮਿਲਣ ਕਾਰਨ ਹਿੰਸਾ ਪੀੜਤਾਂ ਵਿਚ ਦਹਿਸ਼ਤ ਹੈ। ਉਨ੍ਹਾਂ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਸੂਬੇ ਵਿਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਜਾਤ ਅਧਾਰਤ ਹਿੰਸਾ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਭਾਜਪਾ ਵੱਖ ਵੱਖ ਧਰਮਾਂ ਦੇ ਲੋਕਾਂ ਨੂੰ ਇਕ ਦੂਜੇ ਖਿਲਾਫ਼ ਭੜਕਾ ਰਹੀ ਹੈ। ਜ਼ਿਲ੍ਹੇ ਵਿਚ ਲੜਾਈ ਝਗੜੇ ਅਤੇ ਪੱਥਰਬਾਜ਼ੀ ਦੀਆਂ ਕਈ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

ਪੁਲਿਸ ਅਨੁਸਾਰ ਦਲਿਤਾਂ ਦੀ ਇਕ ਜਥੇਬੰਦੀ ਨੇ ਸ਼ਹਿਰ ਦੇ ਗਾਂਧੀ ਚੌਕ ਵਿਚ ਬੀਤੇ ਹਫਤੇ ਵਾਪਰੀ ਅੰਤਰ ਜਾਤੀ ਹਿੰਸਾ ਦੇ ਪੀੜਤਾਂ ਲਈ ਰਾਹਤ ਤੇ ਮੁਆਵਜ਼ੇ ਦੀ ਮੰਗ ਲਈ 'ਮਹਾਂਪੰਚਾਇਤ' ਕਰਨ ਦੀ ਇਜਾਜ਼ਤ ਮੰਗੀ ਸੀ। ਐਸ.ਐਸ.ਪੀ. ਸੁਭਾਸ਼ ਚੰਦ ਦੂਬੇ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਅਜਿਹੇ ਕਿਸੇ ਤਰ੍ਹਾਂ ਦਾ ਇਕੱਠ ਕਰਨ ਦੀ ਮਨਜ਼ੂਰ ਨਹੀਂ ਦਿੱਤੀ। ਮਹਾਂਪੰਚਾਇਤ ਲਈ ਇਕੱਠੇ ਹੋਏ ਲੋਕਾਂ ਖਿਲਾਫ਼ ਪੁਲਿਸ ਵੱਲੋਂ ਕਾਰਵਾਈ ਕੀਤੀ ਗਈ, ਜਿਸ ਕਾਰਨ ਤਣਾਅ ਪੈਦਾ ਹੋ ਗਿਆ ਤੇ ਭਾਜੜ ਮਚ ਗਈ। ਕਈਆਂ ਦੀ ਖਿੱਚਧੂਹ ਕੀਤੀ ਗਈ ਅਤੇ ਉਨ੍ਹਾਂ ਦੇ ਵਾਹਨ ਸਾੜ ਦਿੱਤੇ ਗਏ। ਕੁਝ ਮੀਡੀਆ ਕਰਮੀਆਂ ਦੀ ਕੁੱਟਮਾਰ ਦੇ ਨਾਲ-ਨਾਲ ਉਨ੍ਹਾਂ ਦੇ ਵਾਹਨਾਂ ਦੀ ਭੰਨ ਤੋੜ ਕੀਤੀ ਗਈ।



**ਗਊ ਰਾਖਿਆਂ ਵੱਲੋਂ ਪੰਜ ਜਣਿਆ ਦਾ ਕੁਟਾਪਾ :** ਅਲੀਗੜ੍ਹ (ਯੂਪੀ): ਗਾਂਧੀ ਪਾਰਕ ਇਲਾਕੇ ਦੀ ਪ੍ਰਾਈਵੇਟ ਡੇਅਰੀ ਅੰਦਰ ਮੱਝ ਨੂੰ ਮਾਰਨ ਦੇ ਦੋਸ਼ ਹੇਠ ਗਊ ਰੱਖਿਅਕਾਂ ਨੇ ਪੰਜ ਵਿਅਕਤੀਆਂ ਨਾਲ ਕੁੱਟ-ਮਾਰ ਕੀਤੀ। ਪੁਲਿਸ ਮੁਤਾਬਕ ਪੰਨਾ ਗੰਜ ਇਲਾਕੇ 'ਚ ਡੇਅਰੀ ਦੇ ਮਾਲਕ ਕਾਲੂ ਬਘੇਲ ਨੇ ਦੁੱਧ ਨਾ ਦੇਣ ਵਾਲੀ ਇਕ ਮੱਝ ਨੂੰ ਪਸ਼ੂਆਂ ਦੇ ਵਪਾਰੀ ਇਮਰਾਨ ਨੂੰ ਵੇਚ ਦਿੱਤਾ ਸੀ। ਇਮਰਾਨ ਨੇ ਸ਼ਰਤ ਲਾਈ ਸੀ ਕਿ ਉਹ ਮੱਝ ਤਾਂ ਹੀ ਖਰੀਦੇਗਾ ਜੇਕਰ ਡੇਅਰੀ ਮਾਲਕ ਉਸ ਨੂੰ ਡੇਅਰੀ ਅੰਦਰ ਹੀ ਮੱਝ ਨੂੰ ਮਾਰਨ ਦੀ ਇਜਾਜ਼ਤ ਦੇਵੇਗਾ। ਚਾਰ ਕਸਾਈ ਅਤੇ ਪਸ਼ੂ ਵਪਾਰੀ ਮੱਝ ਨੂੰ ਮਾਰ ਰਹੇ ਸਨ ਤਾਂ ਖ਼ੂਨ ਡੇਅਰੀ ਦੇ ਗੇਟ ਬਾਹਰ ਨਿਕਲ ਗਿਆ ਅਤੇ ਉਥੇ ਮੌਜੂਦ ਕੁਝ ਲੋਕਾਂ ਨੇ ਦੇਖ ਲਿਆ।

## ਅਖਿਲੇਸ਼ ਵੱਲੋਂ ਗੁਜਰਾਤੀਆਂ ਦੀ ਦੇਸ਼ ਭਗਤੀ 'ਤੇ ਸਵਾਲ

**ਲਖਨਊ:** ਸਮਾਜਵਾਦੀ ਪਾਰਟੀ ਮੁਖੀ ਅਖਿਲੇਸ਼ ਯਾਦਵ ਨੇ ਗੁਜਰਾਤੀਆਂ ਦੀ ਦੇਸ਼ ਭਗਤੀ ਉਤੇ ਉਂਗਲ ਚੁੱਕਦਿਆਂ ਕਿਹਾ ਕਿ ਗੁਜਰਾਤ ਦਾ ਕੋਈ ਵੀ ਸੈਨਿਕ ਸ਼ਹੀਦ ਨਹੀਂ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਦੱਖਣੀ ਭਾਰਤ ਹਰ ਥਾਂ ਤੋਂ ਸ਼ਹੀਦ ਹੋਏ। ਗੁਜਰਾਤ ਦਾ ਕੋਈ ਜਵਾਨ ਸ਼ਹੀਦ ਹੋਇਆ ਤਾਂ ਦੱਸੋ। ਇਸ ਦੀ ਭਾਜਪਾ ਤੇ ਕਾਂਗਰਸ ਨੇ ਆਲੋਚਨਾ ਕੀਤੀ ਹੈ। ਭਾਜਪਾ ਦੇ ਸੂਬਾਈ ਬੁਲਾਰੇ ਨੇ ਉਨ੍ਹਾਂ ਨੂੰ ਆਜ਼ਾਦੀ ਅੰਦੋਲਨ ਵਿਚ ਯੋਗਦਾਨ ਪਾਉਣ ਵਾਲੇ ਮਹਾਤਮਾ ਗਾਂਧੀ ਤੇ ਸਰਦਾਰ ਵੱਲਭਭਾਈ ਪਟੇਲ ਦਾ ਚੇਤਾ ਕਰਵਾਇਆ।



ਪੁਲਿਸ ਨੇ ਦੱਸਿਆ ਕਿ ਇੰਨੇ ਨੂੰ ਪ੍ਰਦਰਸ਼ਨਕਾਰੀਆਂ ਦੀ ਭੀੜ ਇਕੱਠੀ ਹੋ ਗਈ ਅਤੇ ਗਊ ਰੱਖਿਅਕ ਵੀ ਮੌਕੇ 'ਤੇ ਪੁੱਜ ਗਏ ਜਿਨ੍ਹਾਂ ਪੰਜ ਵਿਅਕਤੀਆਂ ਨਾਲ ਕੁੱਟ-ਮਾਰ ਸ਼ੁਰੂ ਕਰ ਦਿੱਤੀ। ਪੁਲਿਸ ਨੇ ਪੰਜ ਵਿਅਕਤੀਆਂ ਦੇ ਨਾਲ-ਨਾਲ ਡੇਅਰੀ ਮਾਲਕ ਨੂੰ ਵੀ ਗ੍ਰਿਫਤਾਰ ਕਰ ਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ।

# ਭਾਜਪਾ ਖਿਲਾਫ ਮਹਾਂਗਠਜੋੜ ਦੀਆਂ ਗੌਂਦਾਂ

ਅੱਜ ਕਲ੍ਹ ਭਾਰਤੀ ਜਨਤਾ ਪਾਰਟੀ ਨੇ ਆਪਣੇ ਵਿਸਥਾਰ ਲਈ ਵਰਕਰਾਂ ਨੂੰ ਉਤਰ ਪ੍ਰਦੇਸ਼ ਦੇ ਹਰ ਪਿੰਡ ਤੇ ਹਰ ਸ਼ਹਿਰ ਤੱਕ ਫੈਲਾ ਦਿੱਤਾ ਹੈ ਤਾਂ ਕਿ ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਦੇ ਵਰਕਰਾਂ ਨੂੰ ਆਪਣੇ ਵੱਲ ਖਿੱਚ ਸਕਣ। ਇਹ ਤਿੰਨੇ ਪਾਰਟੀਆਂ ਇਸ ਸਮੇਂ ਅੰਦਰੂਨੀ ਉਥਲ-ਪੁਥਲ ਵਿਚੀਂ ਲੰਘ ਰਹੀਆਂ ਹਨ। ਭਾਜਪਾ ਦੀ ਰਣਨੀਤੀ ਇਹ ਹੈ ਕਿ ਜੇ ਇਕ ਖ਼ਾਸ ਸਮੇਂ ਵਿਚ ਜ਼ਮੀਨੀ ਪੱਧਰ 'ਤੇ ਇਨ੍ਹਾਂ ਦਲਾਂ ਦੇ ਨੈੱਟਵਰਕ ਨੂੰ ਤੋੜ ਦਿੱਤਾ ਜਾਏ ਅਤੇ ਉਸ ਦੀ ਥਾਂ ਭਾਜਪਾ ਦਾ ਨੈੱਟਵਰਕ ਸਥਾਪਤ

**ਅਭੈ ਕੁਮਾਰ ਦੂਬੇ**

ਕੀਤਾ ਜਾਵੇ ਤਾਂ ਇਨ੍ਹਾਂ ਦਲਾਂ ਦੇ ਸੰਗਠਨ ਦੀ ਰੀੜ੍ਹ ਦੀ ਹੱਡੀ ਟੁੱਟ ਜਾਵੇਗੀ। ਜੇ ਭਾਜਪਾ ਨੇ ਅਜਿਹਾ ਕਰ ਲਿਆ ਤਾਂ ਉਸ ਦੇ ਵਿਰੁਧ ਬਣਨ ਵਾਲੇ ਮਹਾਂਗਠਜੋੜ ਨੂੰ ਉਤਰ ਪ੍ਰਦੇਸ਼ ਦੇ ਖੇਤਰੀ ਦਲਾਂ ਤੋਂ ਮਿਲਣ ਵਾਲੀ ਮਜ਼ਬੂਤ ਚੁਣੌਤੀ ਨਹੀਂ ਰਹੇਗੀ; ਭਾਵ ਅਜਿਹਾ ਕਰ ਕੇ ਭਾਜਪਾ ਵਿਸਥਾਰ ਵੀ ਕਰ ਰਹੀ ਹੈ ਅਤੇ ਭਵਿਖ ਵਿਚ ਆਪਣੇ ਵਿਰੁਧ ਹੋਣ ਵਾਲੀ ਗੁੱਟਬੰਦੀ ਦੀਆਂ ਜੜ੍ਹਾਂ ਵੀ ਵੱਢ ਰਹੀ ਹੈ। ਉਂਜ, ਕੀ ਭਾਜਪਾ ਅਜਿਹਾ ਹਰ ਸੂਬੇ ਵਿਚ ਕਰ ਸਕੇਗੀ? ਕੀ ਉਹ ਅਜਿਹਾ ਪੱਛਮੀ ਬੰਗਾਲ, ਉੜੀਸਾ ਅਤੇ ਦੱਖਣੀ ਭਾਰਤ ਵਿਚ ਵੀ ਕਰ ਸਕਦੀ ਹੈ? ਕਿਉਂਕਿ ਭਾਜਪਾ ਵਿਰੋਧੀ ਮਹਾਂਗਠਜੋੜ ਜੇ ਬਣਿਆ ਤਾਂ ਉਹ ਮਮਤਾ ਬੈਨਰਜੀ, ਨਵੀਨ ਪਟਨਾਇਕ ਅਤੇ ਡੀ.ਐਮ.ਕੇ.-ਅੰਨਾ ਡੀ.ਐਮ.ਕੇ. ਦੇ ਨੇਤਾਵਾਂ ਦੇ ਇਕਜੁਟ ਹੋਣ 'ਤੇ ਹੀ ਬਣੇਗਾ।

ਦਰਅਸਲ, ਵਿਰੋਧੀ ਦਲਾਂ ਨੂੰ ਲੱਗ ਰਿਹਾ ਹੈ ਕਿ ਜੇ ਸਾਰੀਆਂ ਭਾਜਪਾ ਵਿਰੋਧੀ ਪਾਰਟੀਆਂ ਇਕ ਮੰਚ 'ਤੇ ਆ ਕੇ ਮਹਾਂਗਠਜੋੜ ਕਰ ਲੈਣ ਤਾਂ ਨਰੇਂਦਰ ਮੋਦੀ ਦੀ ਪਾਰਟੀ ਨੂੰ ਹਰਾਇਆ ਜਾ ਸਕਦਾ ਹੈ। ਉਤਰ ਪ੍ਰਦੇਸ਼ ਦੇ ਚੋਣ ਨਤੀਜਿਆਂ ਨੇ ਇਸ ਪ੍ਰਭਾਵ ਨੂੰ ਖ਼ਾਸ ਤੌਰ 'ਤੇ ਉਭਾਰਿਆ ਹੈ। ਜੇ ਸਿੱਧਾ ਹਿਸਾਬ ਕੀਤਾ ਜਾਵੇ ਤਾਂ ਭਾਜਪਾ ਵਿਰੋਧੀ ਵੋਟ (ਸਪਾ+ਬਸਪਾ+ਕਾਂਗਰਸ) 50 ਫ਼ੀਸਦੀ ਤੋਂ ਜ਼ਿਆਦਾ ਹੋ ਜਾਂਦਾ ਹੈ ਅਤੇ ਭਾਜਪਾ ਉਤਰ ਪ੍ਰਦੇਸ਼ ਦੀਆਂ ਢਾਈ ਸੌ ਤੋਂ ਜ਼ਿਆਦਾ ਸੀਟਾਂ ਉਪਰ ਚੋਣ ਹਾਰ ਜਾਂਦੀ ਹੈ। ਬਿਹਾਰ ਵਿਚ ਇਸੇ ਤਰ੍ਹਾਂ ਦਾ ਮਹਾਂਗਠਜੋੜ ਵਿਧਾਨ ਸਭਾ ਚੋਣਾਂ ਵਿਚ ਅਜਿਹਾ ਨਤੀਜਾ ਸਾਹਮਣੇ ਲਿਆ ਚੁੱਕਿਆ ਹੈ। ਜੇ ਇਸ ਤਰ੍ਹਾਂ ਦੇ ਅੰਕਾਂ ਦੇ ਹਿਸਾਬ ਨਾਲ ਚੋਣਾਂ ਜਿੱਤੀਆਂ ਜਾ ਸਕਦੀਆਂ ਹੁੰਦੀਆਂ ਤਾਂ ਅਲੱਗ ਅਲੱਗ ਪਾਰਟੀਆਂ ਅਤੇ ਉਨ੍ਹਾਂ ਦਰਮਿਆਨ ਰਾਜਨੀਤਕ ਹਿਤਾਂ ਲਈ ਮੁਕਾਬਲੇ ਦੀ ਕੋਈ ਹੋਂਦ ਹੀ ਨਾ ਹੁੰਦੀ। ਇਹ ਸਹੀ ਹੈ ਕਿ ਅਤੀਤ ਵਿਚ ਕਾਂਗਰਸ ਦੀ ਤਰ੍ਹਾਂ ਹੀ ਚੋਣਾਂ ਵਿਚ ਭਾਜਪਾ ਨੂੰ ਵੀ ਆਪਣੇ ਵਿਰੋਧੀ ਦੀਆਂ ਵੋਟਾਂ ਦੇ ਵੰਡੇ ਜਾਣ ਦਾ ਫਾਇਦਾ ਮਿਲਿਆ ਹੈ ਅਤੇ ਉਸੇ ਨੂੰ ਮੋਦੀ ਲਹਿਰ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ। ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿਚ ਅਜਿਹਾ ਹੀ ਹੋਇਆ ਹੈ। ਮੋਦੀ ਦੀ ਹਰਮਨਪਿਆਰਤਾ ਆਪਣੀ ਜਗ੍ਹਾ ਹੈ, ਪਰ ਸੂਬਿਆਂ ਦੀ ਰਾਜਨੀਤੀ ਵਿਚ ਉਸ ਨੂੰ ਜਿੱਤ ਵਿਚ ਬਦਲਣ ਲਈ ਜੋ ਰਾਜਨੀਤਕ ਸੂਚਨਾ ਤਕਨੀਕ ਵਰਤੀ ਜਾਂਦੀ ਹੈ, ਉਸ ਵਿਚ ਭਾਜਪਾ ਨੂੰ ਵਿਸ਼ੇਸ਼ ਮੁਹਾਰਤ ਹਾਸਲ ਹੋ ਚੁੱਕੀ ਹੈ। ਸਮਝਣ ਦੀ ਗੱਲ ਇਹ ਹੈ ਕਿ ਜਦੋਂ 2019 ਤੋਂ ਕੁਝ ਪਹਿਲਾਂ ਲੋਕ ਸਭਾ ਚੋਣਾਂ ਦੀ ਰਾਜਨੀਤੀ ਹੋਵੇਗੀ ਤਾਂ ਮੋਦੀ ਦਾ ਮਾਣ-ਸਨਮਾਨ (ਜੇ ਉਸ ਸਮੇਂ ਤੱਕ ਕੁਝ ਗ਼ਲਤ ਨਾ ਹੋਇਆ) ਅਤੇ ਭਾਜਪਾ ਦੀ ਚੋਣਾਂ ਲੜਨ ਦੀ ਮਸ਼ੀਨਰੀ ਮਿਲ ਕੇ ਖ਼ੁਦ ਨੂੰ ਅਜੇਤੂ ਬਣਾ ਸਕਦੇ ਹਨ। ਅਜਿਹੀ ਵੀ ਸੰਭਾਵਨਾ ਬਣ ਸਕਦੀ ਹੈ ਕਿ ਸਾਰੇ ਵਿਰੋਧੀ ਦਲ ਮਿਲ ਕੇ ਵੀ ਭਾਜਪਾ ਨੂੰ ਨਾ ਹਰਾ ਸਕਣ ਅਤੇ ਸਾਰਾ ਅੰਕ ਗਣਿਤ ਧਰਿਆ ਧਰਾਇਆ ਰਹਿ ਜਾਵੇ।

ਰਾਜਨੀਤਕ ਮਾਹਿਰਾਂ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕਾਂਗਰਸ ਦੇ ਵਿਰੁਧ ਜਦੋਂ ਵਿਰੋਧੀ ਦਲਾਂ ਦੇ ਮਹਾਂਗਠਜੋੜ ਬਣਨੇ ਸ਼ੁਰੂ ਹੋਏ ਤਾਂ ਇਹ ਉਸ ਦੀ ਪਕੜ ਦੇ ਟੁੱਟਣ ਦੀ ਸ਼ੁਰੂਆਤ ਦਾ ਸਮਾਂ ਸੀ। 1967 ਵਿਚ ਗਠਜੋੜ ਦੇ ਸਾਹਮਣੇ ਜਦੋਂ ਕਾਂਗਰਸ 10 ਸੂਬਿਆਂ ਵਿਚ ਚੋਣਾਂ ਹਾਰੀ ਤਾਂ ਇਸ ਸਮੇਂ ਕਾਂਗਰਸ ਦੇ ਅੰਦਰ ਉਸ ਦੀ ਅਗਵਾਈ 'ਤੇ ਸਵਾਲ ਉਠਣ ਲੱਗੇ ਸਨ। ਦੂਜਾ, ਸਮਰਥਨ ਆਧਾਰ ਦੇ ਲਿਹਾਜ਼ ਨਾਲ ਪਛੜੀਆਂ ਜਾਤੀਆਂ ਉਸ ਕੋਲੋਂ ਪੱਲਾ ਛੁਡਾ ਕੇ ਸਮਾਜਵਾਦੀਆਂ ਅਤੇ ਉਸ ਸਮੇਂ ਜਨ ਸੰਘ (ਮੌਜੂਦਾ ਭਾਜਪਾ) ਨੂੰ ਪਰਖਣ ਬਾਰੇ ਸੋਚਣ ਲੱਗੀਆਂ ਸਨ। ਦੇਸ਼ ਦੀ ਅਰਥ ਵਿਵਸਥਾ ਵੀ ਅਸਥਿਰਤਾ ਦਾ ਸਾਹਮਣਾ ਕਰ ਰਹੀ ਸੀ। ਇਹੀ ਸੀ ਗ਼ੈਰ-ਕਾਂਗਰਸਵਾਦ ਦੀ ਉਹ ਪਿਠਭੂਮੀ ਜਿਸ ਵਿਚ ਇਹ ਰਾਜਨੀਤਕ ਰਣਨੀਤੀ ਕਾਫੀ ਹੱਦ ਤੱਕ ਕਾਮਯਾਬ ਵੀ ਰਹੀ। ਇਹ ਵੀ ਧਿਆਨ ਵਿਚ ਰੱਖਣ ਵਾਲੀ ਗੱਲ ਹੈ ਕਿ ਇਸ ਦਾ ਢੁੱਕਵਾਂ ਕੇਂਦਰੀ ਸਿੱਟਾ 1977 ਵਿਚ ਉਸ ਸਮੇਂ ਹੀ ਨਿਕਲ ਸਕਿਆ, ਜਦੋਂ ਕਾਂਗਰਸ ਐਮਰਜੈਂਸੀ



ਦੀਆਂ ਜ਼ਿਆਦਤੀਆਂ ਕਾਰਨ ਉਤਰ ਭਾਰਤ ਵਿਚ ਲੋਕਾਂ ਦੇ ਮਨ ਤੋਂ ਲਹਿ ਗਈ ਸੀ। ਦੇਸ਼ ਦੇ ਜਿਸ ਇਲਾਕੇ ਵਿਚ ਕਾਂਗਰਸ ਦਾ ਆਧਾਰ ਬਣਿਆ ਰਿਹਾ, ਉਥੇ ਉਸ ਨੂੰ ਸਾਂਝੀ ਵਿਰੋਧੀ ਧਿਰ ਵੀ ਹਰਾਉਣ ਵਿਚ ਅਸਫਲ ਰਹੀ ਸੀ। ਦੱਖਣੀ ਭਾਰਤ ਵਿਚ ਐਮਰਜੈਂਸੀ ਦਾ ਕੋਈ ਅਸਰ ਨਹੀਂ ਹੋਇਆ ਸੀ, ਇਸ ਲਈ 1977 ਵਿਚ ਵੀ ਉਥੇ ਕਾਂਗਰਸ ਜਿੱਤ ਗਈ ਸੀ। ਇਨ੍ਹਾਂ ਹਾਲਾਤ ਦੇ ਉਲਟ ਭਾਜਪਾ ਇਸ ਸਮੇਂ ਬਹੁਤ ਚੰਗੀ ਹਾਲਤ ਵਿਚ ਹੈ। ਉਸ ਦੀ ਅਗਵਾਈ 'ਤੇ ਕਿਸੇ ਵੀ ਤਰ੍ਹਾਂ ਦਾ ਸਵਾਲੀਆ ਨਿਸ਼ਾਨ ਨਹੀਂ ਹੈ ਅਤੇ ਨਾ ਹੀ ਉਸ ਦਾ ਸਮਰਥਨ ਆਧਾਰ ਘਟ ਰਿਹਾ ਹੈ; ਸਗੋਂ ਉਸ ਦੇ ਪ੍ਰਭਾਵ ਖੇਤਰ ਵਿਚ ਨਵੇਂ ਸਮਾਜਿਕ ਸਮੂਹ ਜੁੜ ਰਹੇ ਹਨ। ਭਾਰਤੀ ਅਰਥ ਵਿਵਸਥਾ ਭਾਵੇਂ ਚਮਕਦਾਰ ਨਾ ਹੋਵੇ, ਤਾਂ ਵੀ ਇਸ ਸਮੇਂ ਉਹ ਸਥਿਰ ਦੌਰ ਵਿਚੀਂ ਲੰਘ ਰਹੀ ਹੈ। ਆਮ ਜਨਤਾ ਵਿਚ ਭਾਜਪਾ ਦੀ ਕੇਂਦਰੀ ਸਰਕਾਰ ਅਤੇ ਉਸ ਦੇ ਨੇਤਾ ਮੋਦੀ ਦਾ ਅਕਸ ਠੀਕ ਹੈ। ਅਜਿਹੀ ਸਥਿਤੀ ਵਿਚ ਗ਼ੈਰ-ਭਾਜਪਾਵਾਦ ਦਾ ਨਾਅਰਾ ਕੋਈ ਆਸ ਨਹੀਂ ਬੰਨ੍ਹਾਉਂਦਾ।

ਗ਼ੈਰ-ਭਾਜਪਾਵਾਦ ਵਾਲੇ ਦਲਾਂ ਲਈ ਇਕ ਸਵਾਲ ਇਹ ਵੀ ਹੈ ਕਿ ਉਹ 90 ਦੇ ਦਹਾਕੇ ਵਿਚ ਭਾਜਪਾ ਵੱਲੋਂ ਖੇਤਰੀ ਤਾਕਤਾਂ ਦੀ ਸਹਾਇਤਾ ਨਾਲ ਬਣਾਏ ਗਏ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਵਰਗਾ ਮੋਰਚਾ ਬਣਾਉਣ ਬਾਰੇ ਸੋਚ ਰਿਹਾ ਹੈ? ਅਡਵਾਨੀ ਦੀ ਰਾਜਨੀਤਕ ਸਰਪ੍ਰਸਤੀ ਵਿਚ ਬਣਿਆ ਇਹ ਗਠਜੋੜ ਚੋਣਾਂ ਤੋਂ ਪਹਿਲਾਂ ਦਾ ਬਣਿਆ ਗਠਜੋੜ ਸੀ ਜਿਸ ਦੇ ਲਈ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ ਅਡਵਾਨੀ ਨੇ ਨਾ ਕੇਵਲ ਆਪਣੀ ਪਾਰਟੀ ਦੀਆਂ ਫ਼ਿਰਕੂ ਮੰਗਾਂ ਨੂੰ ਠੰਢੇ ਬਸਤੇ ਵਿਚ ਰੱਖ ਦਿੱਤਾ ਸੀ, ਬਲਕਿ ਪਾਰਟੀ ਦਾ ਮੈਨੀਫੈਸਟੋ ਵੀ ਵੱਖਰੇ ਤੌਰ 'ਤੇ ਜਾਰੀ ਕਰਨ ਦਾ ਇਰਾਦਾ ਛੱਡ ਦਿੱਤਾ ਸੀ। ਐਨ.ਡੀ.ਏ. ਦਾ ਮੈਨੀਫੈਸਟੋ ਹੀ ਉਸ ਸਮੇਂ ਭਾਜਪਾ ਦਾ ਮੈਨੀਫੈਸਟੋ ਬਣ ਗਿਆ ਸੀ। ਇਸ ਨਾਲ ਖੇਤਰੀ ਸ਼ਕਤੀਆਂ ਨੂੰ ਵੀ ਲੱਗਿਆ ਸੀ ਕਿ ਭਾਜਪਾ ਲੰਮਾ ਸਮਾਂ ਸਾਥ ਦੇਵੇਗੀ ਅਤੇ ਉਨ੍ਹਾਂ ਨੇ ਭਾਜਪਾ ਦੀ ਅਗਵਾਈ ਸਵੀਕਾਰ ਕਰ ਲਈ ਸੀ। ਉਸ ਸਮੇਂ ਕਾਂਗਰਸ ਦੀ ਕੇਂਦਰੀਕਰਨ ਵਾਲੀ ਰਾਜਨੀਤੀ ਤੋਂ ਖੇਤਰੀ ਸ਼ਕਤੀਆਂ ਪ੍ਰੇਸ਼ਾਨ ਸਨ ਅਤੇ ਰਾਸ਼ਟਰੀ ਪੱਧਰ 'ਤੇ ਮਜ਼ਬੂਤ ਕਾਂਗਰਸ ਵਿਰੋਧੀ ਗਠਜੋੜ ਕਾਇਮ ਕਰਨਾ ਚਾਹੁੰਦੀਆਂ ਸੀ। ਇਕ ਤਰ੍ਹਾਂ ਨਾਲ ਕਾਂਗਰਸ ਦੇ ਹੰਕਾਰੀ ਰਵੱਈਏ ਨੇ ਵੀ ਉਨ੍ਹਾਂ ਨੂੰ ਭਾਜਪਾ ਵੱਲ ਧੱਕਿਆ ਸੀ।

ਗ਼ੈਰ-ਭਾਜਪਾ ਦਲਾਂ ਨੂੰ ਵੀ ਇਸੇ ਤਰ੍ਹਾਂ ਦਾ ਚੋਣਾਂ ਤੋਂ ਪਹਿਲਾਂ ਗਠਜੋੜ ਬਣਾਉਣ ਬਾਰੇ ਸੋਚਣਾ ਹੋਏਗਾ। ਉਨ੍ਹਾਂ ਨੂੰ ਇਹ ਫ਼ੈਸਲਾ ਵੀ ਕਰਨਾ ਹੋਏਗਾ ਕਿ ਉਹ ਕਾਂਗਰਸ ਦੀ ਅਗਵਾਈ ਸਵੀਕਾਰ ਕਰਨਗੇ ਜਾਂ ਨਹੀਂ। ਅਜਿਹਾ ਗਠਜੋੜ ਬਣ ਵੀ ਸਕੇਗਾ ਜਾਂ ਨਹੀਂ, ਇਹ ਬਹੁਤ ਕੁਝ ਭਾਜਪਾ ਦੇ ਰਵੱਈਏ 'ਤੇ ਵੀ ਨਿਰਭਰ ਕਰਦਾ ਹੈ; ਜਿਵੇਂ ਭਾਜਪਾ ਨੇ ਇਰਾਦਾ ਵੀ ਪ੍ਰਗਟ ਕੀਤਾ ਹੈ ਕਿ ਜੇ ਉਹ ਕੇਂਦਰ ਤੋਂ ਬਾਅਦ ਖੇਤਰਾਂ ਵਿਚ ਵੀ 'ਚੱਪੇ ਚੱਪੇ ਵਿਚ ਭਾਜਪਾ' ਵਰਗੇ ਨਾਅਰੇ ਨਾਲ ਆਪਣੀ ਚੌਧਰ ਜਮਾਉਣ ਲਈ ਨਿਕਲ ਤੁਰੀ ਤਾਂ ਹੋ ਸਕਦਾ ਹੈ ਕਿ ਖੇਤਰੀ ਸ਼ਕਤੀਆਂ ਮਜਬੂਰੀ ਵਿਚ ਕਾਂਗਰਸ ਦੇ ਪਾਲੇ ਵਿਚ ਉਸੇ ਤਰ੍ਹਾਂ ਖੜ੍ਹੀਆਂ ਹੋ ਜਾਣ, ਜਿਵੇਂ ਉਹ ਕਦੇ ਭਾਜਪਾ ਵੱਲ ਗਈਆਂ ਸਨ। ਇਸ ਲਿਹਾਜ਼ ਨਾਲ ਅਗਲੇ ਛੇ ਮਹੀਨੇ ਜਾਂ ਸਾਲ ਭਰ ਦੀ ਰਾਜਨੀਤੀ ਆਪਣੇ ਦਾਅ ਪੇਚਾਂ ਲਈ ਬਹੁਤ ਦਿਲਚਸਪ ਹੋਵੇਗੀ।

ਭਾਜਪਾ ਨੇ ਜੇ ਚਕਰਵਰਤੀ ਸਮਰਾਟ ਬਣਨ ਦੀ ਘਟੀਆ ਕੋਸ਼ਿਸ਼ ਕੀਤੀ ਤਾਂ ਉਸ ਦੇ ਵਿਰੋਧ ਵਿਚ ਗ਼ੈਰ-ਭਾਜਪਾਵਾਦ ਦਾ ਝੰਡਾ ਜ਼ਰੂਰ ਲਹਿਰਾਏਗਾ। ਜੇ ਉਸ ਨੇ ਸੰਜਮ ਤੋਂ ਕੰਮ ਲਿਆ ਤਾਂ ਹੋ ਸਕਦਾ ਹੈ ਕਿ ਉਸ ਨੂੰ 2019 ਵਿਚ ਸਾਂਝੇ ਵਿਰੋਧੀ ਪੱਖ ਦੀ ਦਾਅਵੇਦਾਰੀ ਦਾ ਸਾਹਮਣਾ ਨਾ ਕਰਨਾ ਪਵੇ। ਇਹ ਗੱਲ ਵੱਖਰੀ ਹੈ ਕਿ ਸੰਜਮ ਦੀ ਰਾਜਨੀਤੀ ਮੌਜੂਦਾ ਭਾਜਪਾ ਲੀਡਰਸ਼ਿਪ ਦੀ ਵਿਸ਼ੇਸ਼ਤਾ ਨਹੀਂ ਹੈ। ਜੁਲਾਈ ਵਿਚ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਇਸ ਦੀ ਝਲਕ ਸਾਹਮਣੇ ਆ ਜਾਵੇਗੀ ਕਿ ਭਾਜਪਾ ਵਿਰੋਧੀ ਮਹਾਂਗਠਜੋੜ ਬਣਾਉਣ ਵਾਲੀਆਂ ਪਾਰਟੀਆਂ ਆਪਣੇ ਇਰਾਦੇ ਵਿਚ ਕਿਸ ਹੱਦ ਤੱਕ ਸਫਲ ਹੋ ਸਕਦੀਆਂ ਹਨ ਅਤੇ ਭਾਜਪਾ ਚੱਕਰਵਰਤੀ ਰਾਜ ਸਥਾਪਤ ਕਰਨ ਦੀ ਦਿਸ਼ਾ ਵਿਚ ਕਿਸ ਹੱਦ ਤੱਕ ਅੱਗੇ ਵਧ ਸਕਦੀ ਹੈ।

# ਸੰਕਟ ਵਿਚ ਫਸੇ ਸ਼ਰੀਫ

ਪਾਕਿਸਤਾਨ ਦੇ ਚੀਫ਼ ਜਸਟਿਸ ਮੀਆਂ ਸਾਕਿਬ ਨਿਸਾਰ ਨੇ ਪੁਰਾਣੇ ਅਮਰੀਕੀ ਸਿਧਾਂਤ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਸਿਆਸੀ ਮੈਲ ਨਿਆਂਪਾਲਿਕਾ ਦੀ ਲਾਂਡਰੀ ਵਿਚ ਨਹੀਂ ਧੋਤੀ ਜਾਣੀ ਚਾਹੀਦੀ, ਪਰ ਬਦਕਿਸਮਤੀ ਨਾਲ ਅਜਿਹਾ ਕਰਨਾ ਹੀ ਤਾਂ ਸਾਡਾ ਸਿਆਸੀ ਸਭਿਆਚਾਰ ਬਣ ਚੁੱਕਾ ਹੈ!

ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਮੁਖੀ ਇਮਰਾਨ ਖਾਨ ਸ਼ਰੀਫ਼ ਭਰਾਵਾਂ ਨੂੰ ਹਰ ਹੀਲੇ ਸੱਤਾ ਤੋਂ ਬਾਹਰ ਕਰਨ ਦੀ ਆਪਣੀ ਤਤਪਰਤਾ ਕਰ ਕੇ ਇਸ ਰੁਝਾਨ ਦੇ ਮੋਹਰੀ ਬਣ ਚੁੱਕੇ ਹਨ। ਆਮ ਚੋਣਾਂ ਹਾਰਨ ਦੇ

**ਆਰਿਫ ਨਿਜ਼ਾਮੀ**

ਬਾਅਦ ਤੋਂ ਉਨ੍ਹਾਂ ਦੀ ਰਣਨੀਤੀ ਤ੍ਰੈ-ਪੱਖੀ ਰਹੀ ਹੈ ਕਿ ਆਪਣੀ ਭੀੜ ਜੁਟਾਉਣ ਦੀ ਤਾਕਤ ਰਾਹੀਂ ਸ਼ਰੀਫ਼ਾਂ ਨੂੰ ਗੋਡਿਆਂ ਭਾਰ ਲਿਆਂਦਾ ਜਾਵੇ, ਅਦਾਲਤਾਂ ਰਾਹੀਂ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਕੀਤਾ ਜਾਵੇ ਅਤੇ ਅੰਤਿਮ ਇਹ (ਜੇ ਸੰਭਵ ਹੋਵੇ) ਕਿ ਫ਼ੌਜੀ ਸਥਾਪਤੀ ਤੋਂ ਵੀ ਇਸ ਕੰਮ ਵਿਚ ਮਦਦ ਲਈ ਜਾਵੇ;

ਪਰ ਮੌਜੂਦਾ ਸਿਆਸੀ ਢੰਗ-ਤਰੀਕਿਆਂ ਬਾਰੇ ਇਕੱਲੀ ਪੀ.ਟੀ.ਆਈ. ਨੂੰ ਦੋਸ਼ ਦੇਣਾ ਵੀ ਸਹੀ ਨਹੀਂ ਹੋਵੇਗਾ। ਅਮਲੀ ਤੌਰ 'ਤੇ ਖ਼ਤਮ ਹੋ ਚੁੱਕੇ 'ਜਮਹੂਰੀਅਤ ਦੇ ਅਹਿਦਨਾਮੇ' ਜਿਸ ਉਤੇ 2006 ਵਿਚ ਲੰਡਨ ਵਿਖੇ ਬੇਨਜ਼ੀਰ ਭੁੱਟੋ ਅਤੇ ਨਵਾਜ਼ ਸ਼ਰੀਫ਼ ਵੱਲੋਂ ਬੜੀ ਧੂਮ-ਧਾਮ ਨਾਲ ਦਸਤਖ਼ਤ ਕੀਤੇ ਗਏ ਸਨ, ਦਾ ਪਾਬੰਦ ਹੋਣ ਦੇ ਬਾਵਜੂਦ ਵਿਰੋਧੀ ਧਿਰ ਦਾ ਆਗੂ ਹੁੰਦਿਆਂ ਨਵਾਜ਼ ਸ਼ਰੀਫ਼ ਨੇ 'ਮੈਮੋਗੇਟ' ਮਾਮਲੇ ਸਬੰਧੀ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿਚ ਪੀ.ਪੀ.ਪੀ. ਦੀ ਸਰਕਾਰ 'ਤੇ ਦੇਸ਼ ਧ੍ਰੋਹ ਦੇ ਦੋਸ਼ ਲਾਏ ਗਏ ਸਨ। ਇਸੇ ਤਰ੍ਹਾਂ 2012 ਵਿਚ ਜਦੋਂ ਭਰ ਗਰਮੀ ਵਿਚ ਬਿਜਲੀ ਦੇ ਵਧੇਰੇ ਕੱਟ ਲੱਗ ਰਹੇ ਸਨ ਤਾਂ ਸ਼ਹਿਬਾਜ਼ ਸ਼ਰੀਫ਼ ਵਿਰੋਧ ਪ੍ਰਗਟਾਵੇ ਲਈ ਆਪਣਾ ਦਫ਼ਤਰ ਮੀਨਾਰੇ-ਪਾਕਿਸਤਾਨ ਸਮੂਹ ਵਿਚ ਆਰਜ਼ੀ ਤੌਰ 'ਤੇ ਬਣਾਏ ਟੈਂਟ ਵਿਚ ਲੈ ਗਏ ਸਨ। ਪੀ.ਪੀ.ਪੀ. ਸਰਕਾਰ ਦੀ ਬਿਜਲੀ ਮੁਹੱਈਆ ਕਰਾ ਸਕਣ ਦੀ ਅਸਮਰੱਥਾ ਖਿਲਾਫ਼ ਰੋਸ ਪ੍ਰਗਟਾਉਣ ਦੇ ਪ੍ਰਤੀਕ ਵਜੋਂ ਉਹ ਹੱਥ ਵਾਲੀ ਪੱਖੀ ਝੱਲਦੇ ਵੀ ਨਜ਼ਰ ਆਉਂਦੇ ਸਨ, ਜਦੋਂ ਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਬੇਤਹਾਸ਼ਾ ਵਧਦੀ ਮੰਗ ਅਤੇ ਪੂਰਤੀ ਵਿਚਲੇ ਵੱਡੇ ਖੱਪੇ ਨੂੰ ਪੂਰਨ ਦਾ ਕੋਈ ਬਣਿਆ-ਬਣਾਇਆ ਹੱਲ ਨਹੀਂ ਹੈ ਜਿਸ ਨੂੰ ਇਕਦਮ ਲਾਗੂ ਕੀਤਾ ਜਾ ਸਕਦਾ ਹੋਵੇ।

ਅਤੀਤ ਵਿਚ ਜਿਵੇਂ ਫ਼ੌਜ ਵੱਲੋਂ ਜਾਂ ਫ਼ੌਜ ਨਾਲ ਮਿਲ ਕੇ ਤਾਨਾਸ਼ਾਹ ਰਾਸ਼ਟਰਪਤੀਆਂ ਵੱਲੋਂ ਚੁਣੀਆਂ ਹੋਈਆਂ ਸਰਕਾਰਾਂ ਦਾ ਬੋਰੀਆ-ਬਿਸਤਰਾ ਵਲ੍ਹੇਟ ਦਿੱਤਾ ਜਾਂਦਾ ਸੀ, ਉਸ ਦੇ ਉਲਟ 2008 (ਜਦੋਂ ਮੁਸ਼ੱਰਫ਼ ਨੂੰ ਅਹੁਦਾ ਛੱਡਣਾ ਪਿਆ ਸੀ) ਦੇ ਬਾਅਦ ਤੋਂ ਦੇਸ਼ ਵਿਚ ਲਗਾਤਾਰ ਨਾਗਰਿਕ ਸਰਕਾਰ ਦਾ ਰਾਜ ਰਿਹਾ ਹੈ; ਪਰ ਅਜੀਬ ਗੱਲ ਹੀ ਹੈ ਕਿ ਸੰਸਦੀ ਜਮਹੂਰੀਅਤ ਆਪਣੀ ਥਾਂ-ਸਿਰ ਹੋਣ ਦੇ ਬਾਵਜੂਦ ਸੰਸਦ ਸਾਡੀ ਜਮਹੂਰੀਅਤ ਲਈ ਪੂਰੀ ਤਰ੍ਹਾਂ ਪ੍ਰਸੰਗਿਕ ਨਹੀਂ ਹੋ ਸਕੀ। ਇਹ ਸੱਤਾਧਾਰੀ ਪਾਰਟੀ ਦੀ ਪ੍ਰਬੰਧਕੀ ਅਸਫਲਤਾ ਹੀ ਹੈ ਕਿ ਉਹ ਜਮਹੂਰੀ ਸਿਆਸੀ ਢਾਂਚੇ ਵਿਚ ਸੰਸਦ ਨੂੰ ਬਣਦੀ ਅਹਿਮੀਅਤ ਨਹੀਂ ਦੇ ਸਕੀ। ਸੰਘੀ ਪੱਧਰ ਉਤੇ ਅਤੇ ਪੰਜਾਬ ਵਿਚ ਵੀ ਸਾਰੇ ਅਹਿਮ ਫ਼ੈਸਲੇ ਸੰਸਦ ਜਾਂ ਸੂਬਾਈ ਅਸੈਂਬਲੀ ਵਿਚ ਜਾਣ ਦੀ ਜ਼ਹਿਮਤ ਉਠਾਉਣ ਤੋਂ ਬਗੈਰ ਪਾਕਿਸਤਾਨ ਮੁਸਲਿਮ ਲੀਗ ਦੀ ਸਿਖਰਲੀ ਲੀਡਰਸ਼ਿਪ ਵੱਲੋਂ ਆਪਣੇ ਸਲਾਹਕਾਰਾਂ ਦੀ ਟੋਲੀ ਰਾਹੀਂ ਹੀ ਕੀਤੇ ਜਾ ਰਹੇ ਹਨ। ਨਵਾਜ਼ ਸ਼ਰੀਫ਼ ਕੌਮੀ ਅਸੈਂਬਲੀ ਵਿਚ ਕਦੇ ਘੱਟ ਹੀ ਹਾਜ਼ਰ ਹੁੰਦੇ ਹਨ। ਸੈਨੇਟ ਵਿਚ ਉਹ ਪਿਛਲੇ ਤਕਰੀਬਨ ਇਕ ਵਰ੍ਹੇ ਤੋਂ ਨਹੀਂ ਗਏ। ਕੇਂਦਰੀ ਮੰਤਰੀ ਵੀ ਆਪਣੇ ਆਗੂ ਦੀ ਨਕਲ ਕਰਦਿਆਂ ਸੰਸਦ ਵਿਚੋਂ ਜ਼ਿਆਦਾਤਰ ਗ਼ੈਰ-ਹਾਜ਼ਰ ਹੀ ਰਹਿੰਦੇ ਹਨ।

ਜਿਥੋਂ ਤੱਕ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਮੁਖੀ ਦਾ ਸਬੰਧ ਹੈ, ਉਹ ਤਾਂ ਸੰਸਦ ਬਾਰੇ ਆਪਣੀ ਨਾਪਸੰਦਗੀ ਨੂੰ ਕਦੇ ਛੁਪਾਉਂਦੇ ਹੀ ਨਹੀਂ। ਉਨ੍ਹਾਂ ਦੀ ਦਲੀਲ ਹੈ ਕਿ ਸ਼ਰੀਫ਼ ਦੀ ਬਹੁਮਤ ਹਕੀਕੀ ਨਹੀਂ, ਸਗੋਂ ਧਾਂਦਲੀ ਵਾਲੀਆਂ ਚੋਣਾਂ ਦਾ ਨਤੀਜਾ ਹੈ, ਪਰ ਇਹੀ ਦਲੀਲ ਉਹ ਖ਼ੈਬਰ ਪਖਤੂਨਵਾ ਅਸੈਂਬਲੀ 'ਤੇ ਲਾਗੂ ਨਹੀਂ ਕਰਦੇ, ਜਿਥੇ ਉਨ੍ਹਾਂ ਦੀ ਆਪਣੀ ਪਾਰਟੀ ਬਹੁਮਤ ਵਿਚ ਹੈ।

ਸੋ, ਇਸ ਸਾਰੇ ਪ੍ਰਸੰਗ ਵਿਚ ਜੇ ਸਿਆਸਤਦਾਨ ਆਪੋ-ਆਪਣੇ ਪੇਸ਼ੇਵਰ ਹਿਤਾਂ ਤੋਂ ਪ੍ਰੇਰਿਤ ਹੋ ਕੇ ਆਪਣੀ ਮੈਲ ਅਦਾਲਤਾਂ ਵਿਚ ਧੋਂਦੇ ਹਨ ਤਾਂ ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਉਂਜ ਵੀ ਸ਼ਿਕਾਇਤ ਕਰਨ ਪੱਖੋਂ ਹੁਣ ਸ਼ਾਇਦ ਕਾਫੀ ਦੇਰ ਹੋ ਚੁੱਕੀ ਹੈ।

> ***ਸਾਰੇ ਪ੍ਰਸੰਗ ਵਿਚ ਜੇ ਸਿਆਸਤਦਾਨ ਆਪੋ-ਆਪਣੇ ਪੇਸ਼ੇਵਰ ਹਿਤਾਂ ਤੋਂ ਪ੍ਰੇਰਿਤ ਹੋ ਕੇ ਆਪਣੀ ਮੈਲ ਅਦਾਲਤਾਂ ਵਿਚ ਧੋਂਦੇ ਹਨ ਤਾਂ ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਉਂਜ ਵੀ ਸ਼ਿਕਾਇਤ ਕਰਨ ਪੱਖੋਂ ਹੁਣ ਸ਼ਾਇਦ ਕਾਫੀ ਦੇਰ ਹੋ ਚੁੱਕੀ ਹੈ। ਉਂਜ ਚੀਫ਼ ਜਸਟਿਸ ਨੂੰ ਛੱਡ ਕੇ ਕੁਝ ਹੋਰ ਜੱਜ ਵੀ ਅਦਾਲਤਾਂ 'ਤੇ ਬੇਲੋੜੇ ਢੰਗ ਨਾਲ ਕੇਂਦਰਤ ਕਰ ਕੇ ਦਿੱਤੇ ਗਏ ਬਿਆਨਾਂ ਦਾ ਅਨੰਦ ਮਾਣਦੇ ਹੀ ਜਾਪਦੇ ਹਨ। ਸੁਪਰੀਮ ਕੋਰਟ ਨੇ ਨਵਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਪਰਿਵਾਰ ਖਿਲਾਫ਼ ਪਨਾਮਾਗੇਟ ਸਬੰਧੀ ਦੋਸ਼ਾਂ ਦਾ ਉਦੋਂ ਨੋਟਿਸ ਲਿਆ ਸੀ, ਜਦੋਂ ਇਮਰਾਨ ਖਾਨ ਨੇ ਇਸਲਾਮਾਬਾਦ ਬੰਦ ਕਰਨ ਦੀ ਧਮਕੀ ਦਿੱਤੀ ਸੀ।***

ਉਂਜ ਚੀਫ਼ ਜਸਟਿਸ ਨੂੰ ਛੱਡ ਕੇ ਕੁਝ ਹੋਰ ਜੱਜ ਵੀ ਅਦਾਲਤਾਂ 'ਤੇ ਬੇਲੋੜੇ ਢੰਗ ਨਾਲ ਕੇਂਦਰਤ ਕਰ ਕੇ ਦਿੱਤੇ ਗਏ ਬਿਆਨਾਂ ਦਾ ਅਨੰਦ ਮਾਣਦੇ ਹੀ ਜਾਪਦੇ ਹਨ। ਸੁਪਰੀਮ ਕੋਰਟ ਨੇ ਨਵਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਪਰਿਵਾਰ ਖਿਲਾਫ਼ ਪਨਾਮਾਗੇਟ ਸਬੰਧੀ ਦੋਸ਼ਾਂ ਦਾ ਉਦੋਂ ਨੋਟਿਸ ਲਿਆ ਸੀ, ਜਦੋਂ ਇਮਰਾਨ ਖਾਨ ਨੇ ਇਸਲਾਮਾਬਾਦ ਬੰਦ ਕਰਨ ਦੀ ਧਮਕੀ ਦਿੱਤੀ ਸੀ। ਮੁਸਲਿਮ ਲੀਗ ਨੇ ਵੀ ਅਦਲੇ ਦਾ ਬਦਲਾ ਚੁਕਾਉਂਦਿਆਂ ਇਮਰਾਨ ਅਤੇ ਉਨ੍ਹਾਂ ਦੀ ਪਾਰਟੀ ਦੇ ਜਨਰਲ ਸਕੱਤਰ ਜਹਾਂਗੀਰ ਤਰੀਨ ਖਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਦੋਸ਼ ਲਾਇਆ ਕਿ ਉਨ੍ਹਾਂ ਨੇ ਆਪਣੀ ਨਿੱਜੀ ਸੰਪਤੀ ਅਤੇ ਪਾਰਟੀ ਦੇ ਵਿਦੇਸ਼ੀ ਫੰਡਾਂ ਦੇ ਸਰੋਤ ਬਾਰੇ ਜਾਣਕਾਰੀ ਜ਼ਾਹਰ ਨਹੀਂ ਕੀਤੀ।

ਜਿਥੋਂ ਤੱਕ ਪ੍ਰਧਾਨ ਮੰਤਰੀ ਦਾ ਸਵਾਲ ਹੈ, ਉਹ ਚਾਰ-ਚੁਫੇਰਿਉਂ ਘਿਰਦੇ ਜਾ ਰਹੇ ਹਨ। ਜ਼ਾਹਰ ਹੈ ਕਿ ਉਨ੍ਹਾਂ ਖਿਲਾਫ਼ ਸ਼ਿਕੰਜਾ ਹੌਲੀ-ਹੌਲੀ, ਪਰ ਨਿਸਚਤ ਤੌਰ 'ਤੇ ਕੱਸਦਾ ਜਾ ਰਿਹਾ ਹੈ। ਜਿਵੇਂ ਪਨਾਮਾਗੇਟ ਕਾਫੀ ਨਾ ਹੋਵੇ, ਹੁਣ 'ਡਾਅਨ' ਦੇ ਲੀਕ ਹੋਏ ਵੇਰਵਿਆਂ ਦਾ ਮਾਮਲਾ ਵੀ ਉਨ੍ਹਾਂ ਲਈ ਚਿੰਤਾ ਦਾ ਇਕ ਹੋਰ ਸਬੱਬ ਬਣ ਚੁੱਕਾ ਹੈ। ਉਧਰ ਪੀ.ਟੀ.ਆਈ. ਨੇ ਵੀ ਉਨ੍ਹਾਂ ਖਿਲਾਫ਼ ਇਸ ਮਹੀਨੇ ਤੋਂ ਰੈਲੀਆਂ ਕਰਨ ਦਾ ਪ੍ਰੋਗਰਾਮ ਬਣਾ ਲਿਆ ਹੈ। ਦੂਜੇ ਪਾਸੇ ਪਾਕਿਸਤਾਨ ਪੀਪਲਜ਼ ਪਾਰਟੀ ਵੀ ਪਿੱਛੇ ਨਹੀਂ ਰਹਿਣਾ ਚਾਹੁੰਦੀ। ਉਸ ਨੇ ਵੀ ਸੱਤਾਧਾਰੀ ਪਾਰਟੀ ਦਾ ਵਿਰੋਧ ਤੇਜ਼ ਕਰ ਦਿੱਤਾ ਹੈ। ਪਿਛਲੇ ਦਿਨੀਂ ਸ਼ਾਹਬਾਜ਼ ਸ਼ਰੀਫ਼ ਵਾਲਾ ਹੀ ਤਰੀਕਾ ਵਰਤਦਿਆਂ ਪੀ.ਪੀ.ਪੀ. ਦੇ ਆਗੂ ਵੀ ਬਿਜਲੀ ਦੀ ਘਾਟ ਦੇ ਖਿਲਾਫ਼ ਰੋਸ ਪ੍ਰਗਟਾਉਣ ਲਈ ਲਾਹੌਰ ਦੇ ਨਾਸਿਰ ਬਾਗ ਵਿਚ ਜਾ ਬੈਠੇ ਸਨ ਤੇ ਇਸ ਦੌਰਾਨ ਸਈਦ ਖੁਰਸ਼ੀਦ ਸ਼ਾਹ ਅਤੇ ਐਤਜ਼ਾਜ ਅਹਿਸਨ ਵਰਗੇ ਆਗੂਆਂ ਵੱਲੋਂ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਗਏ।

'ਨਵਾਜ਼ ਵਾਪਸ ਜਾਓ' ਦੇ ਨਾਅਰਿਆਂ ਅਤੇ ਅਸਤੀਫ਼ੇ ਦੀ ਮੰਗ ਦੇ ਦਰਮਿਆਨ ਪ੍ਰਧਾਨ ਮੰਤਰੀ ਨੇ ਆਪਣਾ ਤਹੰਮਲ ਬਰਕਰਾਰ ਰੱਖਿਆ ਹੋਇਆ ਹੈ ਅਤੇ ਉਨ੍ਹਾਂ ਦਾ ਇਹੀ ਮੰਤਰ ਹੈ ਕਿ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਲਈ ਸੰਘਰਸ਼ ਕਰ ਰਹੇ ਲੋਕ ਆਰਥਿਕ ਤਰੱਕੀ ਅਤੇ ਦੇਸ਼ ਦੇ ਵਿਕਾਸ ਦੇ ਖਿਲਾਫ਼ ਹਨ।

'ਡਾਅਨ' ਲੀਕ ਮਾਮਲੇ ਨੂੰ ਲੈ ਕੇ ਨਾਗਰਿਕ ਅਤੇ ਫ਼ੌਜੀ, ਲੀਡਰਸ਼ਿਪ ਦੇ ਰਿਸ਼ਤਿਆਂ ਵਿਚਲਾ ਵਿਗਾੜ ਵੀ ਜ਼ਾਹਰਾ ਤੌਰ 'ਤੇ ਨਜ਼ਰ ਆਉਣਾ ਸ਼ੁਰੂ ਹੋ ਗਿਆ ਹੈ। ਫ਼ੌਜ ਦੇ ਲੋਕ ਸੰਪਰਕ ਵਿਭਾਗ ਦੇ ਮੁਖੀ ਡੀ.ਜੀ. ਮੇਜਰ ਜਨਰਲ ਆਸਿਫ ਗਫੂਰ ਵੱਲੋਂ ਇਸ ਮੁੱਦੇ ਸਬੰਧੀ ਕੀਤੇ ਗਏ ਟਵੀਟ ਵਿਚ ਸਰਕਾਰ ਖਿਲਾਫ਼ ਕਾਫੀ ਸਖ਼ਤ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਹ ਸ਼ਬਦ ਫ਼ੌਜ ਦੇ ਮੁਖੀ ਦੀ ਪ੍ਰਵਾਨਗੀ ਤੋਂ ਬਗੈਰ ਨਹੀਂ ਵਰਤੇ ਗਏ ਹੋ ਸਕਦੇ। ਸਰਕਾਰ ਵੱਲੋਂ ਵੀ ਇਹ ਗੁਝੀ ਧਮਕੀ ਆਈ ਹੈ ਕਿ ਉਹ ਐਬਟਾਬਾਦ ਕਮਿਸ਼ਨ ਦੀ ਰਿਪੋਰਟ ਜਾਰੀ ਕਰ ਸਕਦੀ ਹੈ। ਇਹ ਕਮਿਸ਼ਨ ਪਾਕਿਸਤਾਨ ਵਿਚ ਉਸਾਮਾ ਬਿਨ-ਲਾਦਿਨ ਦੀ ਮੌਜੂਦਗੀ ਅਤੇ ਅਮਰੀਕੀ ਨੇਵੀ ਸੀਲ ਹੱਥੋਂ ਉਸ ਦੇ ਮਾਰੇ ਜਾਣ ਦੀ ਜਾਂਚ ਸਬੰਧੀ ਬਣਾਇਆ ਗਿਆ ਸੀ।


ਜਿਥੋਂ ਤੱਕ ਸਿਆਸੀ ਮੁਹਾਜ਼ 'ਤੇ ਹੋਣ ਵਾਲੇ ਯਤਨਾਂ ਦਾ ਸਬੰਧ ਹੈ, ਪੀ.ਟੀ.ਆਈ. ਨਾਲ ਕਿਸੇ ਤਰ੍ਹਾਂ ਦੇ ਸੰਵਾਦ ਦੀ ਤਾਂ ਕੋਈ ਗੁੰਜਾਇਸ਼ ਨਹੀਂ ਹੈ, ਪਰ ਪੀ.ਪੀ.ਪੀ. ਨਾਲ ਸੰਚਾਰ ਦੇ ਚੈਨਲਾਂ ਨੂੰ ਮੁੜ ਖੋਲ੍ਹਣ ਸਬੰਧੀ ਸੰਭਾਵਨਾਵਾਂ ਅਜੇ ਵੀ ਤਲਾਸ਼ੀਆਂ ਜਾ ਸਕਦੀਆਂ ਹਨ। ਆਖਰੀ ਹੀਲੇ ਵਜੋਂ ਸੱਤਾਧਾਰੀ ਪਾਰਟੀ ਸਮੇਂ ਤੋਂ ਪਹਿਲਾਂ ਚੋਣਾਂ ਕਰਾਉਣ ਦੇ ਬਦਲ ਸਬੰਧੀ ਵੀ ਸਰਗਰਮੀ ਨਾਲ ਵਿਚਾਰ ਕਰ ਸਕਦੀ ਹੈ।

# ਓ ਆਮ ਆਦਮੀ ਪਾਰਟੀ ਵਾਲਿਓ...

## ਇਕ ਖਤ 'ਆਪ' ਵਰਕਰਾਂ ਅਤੇ ਆਗੂਆਂ ਦੇ ਨਾਂ

***ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਹਾਰ ਨੇ ਉਨ੍ਹਾਂ ਜਿਊੜਿਆਂ ਦਾ ਦਿਲ ਬਹੁਤ ਦੁਖਾਇਆ ਹੈ ਜਿਹੜੇ ਬਲਦੀ ਦੇ ਬੁੱਥੇ ਜਾ ਪਏ ਪੰਜਾਬ ਵਿਚ ਤਬਦੀਲੀ ਦੀ ਆਸ ਲਗਾਈ ਬੈਠੇ ਸਨ। ਹੁਣ ਜਦੋਂ ਇਸ ਪਾਰਟੀ ਦੇ ਆਗੂ ਆਪਣੀ ਹਾਰ ਦੇ ਮਾਮਲੇ ਵਿਚ ਉਸਾਰੂ ਪੁਣ-ਛਾਣ ਦੀ ਥਾਂ ਇਕ-ਦੂਜੇ ਉਤੇ ਹੀ ਦੂਸ਼ਣ ਲਾਉਣ ਦੇ ਰਾਹ ਪੈ ਗਏ ਹਨ, ਤਾਂ ਤਬਦੀਲੀ ਦੀ ਤਾਂਘ ਵਾਲਿਆਂ ਦਾ ਦਿਲ ਇਕ ਵਾਰ ਫਿਰ ਵਲੂੰਧਰਿਆ ਗਿਆ ਹੈ। ਇਹੀ ਪੀੜ ਹੰਢਾਉਂਦਿਆਂ ਕੈਨੇਡਾ ਵੱਸਦੇ ਡਾ. ਰਛਪਾਲ ਗਿੱਲ ਨੇ ਇਹ ਖਤ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੇ ਨਾਂ ਲਿਖਿਆ ਹੈ। ਇਸ ਖਤ ਵਿਚੋਂ ਤਬਦੀਲੀ ਦੀਆਂ ਤੀਬਰ ਤਾਂਘਾਂ ਉਛਾਲੇ ਮਾਰਦੀਆਂ ਸਾਫ ਦਿਸਦੀਆਂ ਹਨ। -ਸੰਪਾਦਕ***



**ਡਾ. ਰਛਪਾਲ ਗਿੱਲ ਟੋਰਾਂਟੋ**
ਫੋਨ: 647-342-5455

ਭ੍ਰਿਸ਼ਟ ਰਵਾਇਤੀ ਪਾਰਟੀਆਂ ਨੂੰ ਟੱਕਰ ਦੇ ਕੇ ਗੋਡੀਆਂ ਲੁਆਣੀਆਂ ਅਤੇ ਪਹਿਲੀ ਚੋਣ ਵਿਚ ਹੀ ਸੁਖਬੀਰ ਬਾਦਲ ਦੇ ਹੰਕਾਰ ਨੂੰ ਹਿਲਾ ਕੇ ਰੱਖ ਦੇਣਾ ਛੋਟੀ ਗੱਲ ਨਹੀਂ। ਪਹਿਲੇ ਹੀ ਹੱਲੇ ਅਸੈਂਬਲੀ ਵਿਚ ਵਿਰੋਧੀ ਪਾਰਟੀ ਦਾ ਹੱਕ ਹਾਸਿਲ ਕਰ ਕੇ ਅਕਾਲੀਆਂ ਤੋਂ ਵੱਡੀ ਛਾਲ ਮਾਰ ਦੇਣੀ ਅਚੰਭੇ ਭਰੀ ਜਿੱਤ ਹੈ। ਤੁਸੀਂ ਜਿੱਤ ਦੀ ਪੌੜੀ ਦੇ 20 ਟੰਬੇ ਚੜ੍ਹੇ ਹੋ ਤੇ ਸਿਆਸਤੀ ਬਸ ਦੀ ਕੰਡਕਟਰੀ ਸੀਟ 'ਤੇ ਬੈਠ ਗਏ ਹੋ, ਹੌਲ਼ੀ ਹੌਲ਼ੀ ਅੱਗੇ ਵਧੋ, ਡਰਾਇਵਰ ਦੀ ਸੀਟ 'ਤੇ ਬੈਠਣ ਦੀ ਠਾਣੋ।

ਸਾਥੀਓ! ਤੁਸੀਂ ਹਾਰੇ ਨਹੀਂ; ਪੰਜਾਬ ਤੇ ਦਿੱਲੀ ਚੋਣਾਂ ਵਿਚ ਤੁਸੀਂ ਕ੍ਰਮਵਾਰ ਦੂਜੇ ਨੰਬਰ 'ਤੇ ਰਹੇ ਹੋ। ਬੇਸ਼ੱਕ, ਇਹ ਤੁਹਾਡੀ ਪ੍ਰਾਪਤੀ ਹੈ। ਤੁਸੀਂ ਆਪਣੀ ਹੋਂਦ ਬਰਕਰਾਰ ਰੱਖਣ ਵਿਚ ਕਾਮਯਾਬ ਰਹੇ ਹੋ। ਇਹ ਜਿੱਤਾਂ ਤੁਹਾਡੀ ਅਮਰਵੇਲੀ ਵਾਧੇ ਵਾਲ਼ੀ ਪੁਲਾਂਘ ਪੁੱਟਣ ਵੱਲ ਇਸ਼ਾਰਾ ਹਨ। ਹਿੰਦੋਸਤਾਨ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਨਵੀਂ ਤਰ੍ਹਾਂ ਦੀ ਸਿਆਸਤ ਕਰਨ ਵੱਲੀਂ ਤੋਰਨ ਦਾ ਸਿਹਰਾ ਤੁਹਾਨੂੰ ਹੀ ਜਾਂਦਾ ਹੈ।

70 ਸਾਲ ਰਵਾਇਤੀ ਪਾਰਟੀਆਂ ਦੇ ਹੱਡਾ-ਰੋੜੀ ਰੂਪੀ ਦਾਅਵਿਆਂ, ਬਦਕਾਰ-ਬਿਮਾਰ ਤੇ ਵਿਭਚਾਰੀ ਕਿਸਮ ਦੇ ਨਾਟਕੀ ਨਾਅਰਿਆਂ ਤੇ ਲਾਰਿਆਂ ਦੇ ਉਲਟ, ਤੁਹਾਡੀ ਪਾਰਟੀ ਦੀ ਨਿਵੇਕ਼ਲੀ ਵਿਚਾਰਧਾਰਾ ਵਿਚ ਦਮ ਹੈ ਜੋ ਲੋਕਾਂ ਦੇ ਮਨਾਂ ਨੂੰ ਭਾਉਂਦੀ ਹੈ। ਅੱਜ ਵੀ ਵੱਡੀ ਗਿਣਤੀ ਵਿਚ ਪੰਜਾਬੀ ਤੁਹਾਡੇ ਵੱਲੋਂ ਦਿੱਤੇ ਮਨ ਨੂੰ ਜਚਣ ਵਾ਼ਲੇ ਠੋਸ ਵਾਇਦਿਆਂ ਨਾ਼ਲ ਆਪਣਾ ਤਨ-ਮਨ-ਧਨ ਜੋੜੀ ਬੈਠੇ ਹਨ। ਜਨਤਾ ਦੇ ਤੁਹਾਡੀ ਹਾਂ ਵਿਚ ਹਾਂ ਮਿਲਾਉਣ ਦੇ ਤਹੱਈਏ ਵਿਚ ਥੋੜ੍ਹੀ ਜਿਹੀ ਜ਼ਰਬ ਜ਼ਰੂਰ ਲੱਗੀ ਹੈ, ਪਰ ਉਮੀਦਾਂ ਅਜੇ ਕੁੱਬੀਆਂ ਨਹੀਂ ਹੋਈਆਂ। ਪਰਜਾ ਨੂੰ ਉਮੀਦ ਅਤੇ ਤਵੱਕੋ ਹੈ ਕਿ ਤੁਸੀਂ ਨਵੀਂ ਕਿਸਮ ਦਾ ਰਾਜ ਪ੍ਰਬੰਧ ਦੇਵੋਗੇ।

ਅਗਰ ਤੁਸੀਂ ਹਿੰਮਤ ਹਾਰ ਗਏ, ਨਿਰਾਸਤਾ ਦਾ ਘੁੰਡ ਓਡ ਲਿਆ, ਜਾਂ ਆਪਸੀ ਜੰਗ ਦਾ ਅਖਾੜਾ ਮਘਾ ਲਿਆ ਤਾਂ ਸਮਝ ਲਵੋ, ਸਭ ਕੁਝ ਬਿਖਰ ਜਾਵੇਗਾ। ਤੁਹਾਡੀ ਪਾਰਟੀ ਲਈ ਬਣੇ ਨਵੇਂ ਨਵੇਂ ਹਮਦਰਦ ਖਿਆਲਾਂ ਦੇ ਮਕਾਨਾਂ ਦੀਆਂ ਛੱਤਾਂ 'ਚ ਤਰੇੜਾਂ ਆ ਜਾਣਗੀਆਂ। ਜਰਖੇਜ ਹੋਏ ਮਾਲੂਕ ਜਜ਼ਬਿਆਂ ਨੂੰ ਜੰਗਾਲ ਲੱਗ ਜਾਵੇਗਾ। ਨਿਰਾਸਤਾ ਦੀਆਂ ਕਾ਼ਲੀਆਂ ਘਟਾਵਾਂ ਲੋਕਾਈ ਦੀਆਂ ਆਤਮਾਵਾਂ ਵਿਚ ਮਾਤਮੀ ਘੁੱਪ ਹਨੇਰਾ ਪਸਾਰ ਕੇ ਖ਼ਰੂਦੀ ਭੰਗੜਾ ਪਾਉਣਗੀਆਂ।

ਅਫ਼ਸੋਸ! ਨਤੀਜਿਆਂ ਤੋਂ ਬਾਅਦ ਹੁਣ ਬੜੀ ਅਜੀਬ ਜਿਹੀ ਹਾਲਤ ਨੇ ਕਰਵਟ ਲੈ ਲਈ ਹੈ;ਹਰ ਨਿੱਕਾ ਮੋਟਾ ਅਖੌਤੀ ਨੇਤਾ ਬਗ਼ਾਵਤੀ ਸੁਰ ਅਲਾਪਣ ਲੱਗ ਪਿਆ ਹੈ। ਵੋਟਾਂ ਦੌਰਾਨ ਕਿਸੇ ਵੀ ਮਾਈ ਦੇ ਲਾਲ ਨੇ ਮੂੰਹ ਖੋਲ੍ਹਣ ਦੀ ਜੁਅਰਤ ਨਹੀਂ ਕੀਤੀ। ਦਿੱਲੀ ਵਾ਼ਲਿਆਂ ਦੀ ਲੋੜੋਂ ਵੱਧ ਦਖ਼ਲ-ਅੰਦਾਜ਼ੀ ਦੇ ਛਰਾਟਿਆਂ ਨੂੰ ਰੋਕਣ ਲਈ ਕਿਸੇ ਨੇ ਵੀ ਹੌਸਲੇ ਦੀ ਛਤਰੀ ਨਹੀਂ ਤਾਣੀ। ਪਾਰਟੀ ਦੀ ਲੋਕ ਪੱਖੀ ਵਿਚਾਰਧਾਰਾ ਦੇ ਬਰੀਕ ਬਰੀਕ ਟੁਕੜੇ ਕਰ ਕੇ, ਪਤਾ ਨਹੀਂ ਕਿਉਂ ਵਰਕਰਾਂ ਨੇ ਛੋਟੀਆਂ ਛੋਟੀਆਂ ਵਿਅਕਤੀਗਤ ਮਿਸਲਾਂ ਬਣਾ ਲਈਆਂ; ਜਿਵੇਂ ਫੈਨ ਖਹਿਰੇ ਦੇ, ਫੈਨ ਭਗਵੰਤ ਮਾਨ ਦੇ, ਫੈਨ ਫੂਲਕਾ ਸਾਹਿਬ ਦੇ ਆਦਿ। ਆਏ ਦਿਨ ਖੁੰਭਾਂ ਵਾਂਗੂੰ ਉਗੀਆਂ ਧੜੇਬੰਦੀਆਂ ਅਤੇ ਅੰਦਰੂਨੀ ਫੁੱਟ ਨੇ ਅਜਿਹੇ ਤੇਜ਼ਾਬੀ ਛਿੱਟੇ ਮਾਰੇ ਹਨ ਜਿਸ ਨਾ਼ਲ ਸਾਰੀ ਲਹਿਰ ਦਾ ਚਿਹਰਾ-ਮੋਹਰਾ ਝੁ਼ਲਸਿਆ ਅਤੇ ਛਿੱਲਿਆ ਗਿਆ ਹੈ।

ਓਏ ਝੱਲਿਓ! ਤੁਸੀਂ ਚੋਣਾਂ ਵਿਚ ਨਹੀਂ ਹਾਰੇ, ਸਗੋਂ ਹੁਣ ਪਏ ਬਖੇੜੇ, ਪਾਟੋ-ਧਾੜ ਅਤੇ ਲੀਰੋ-ਲੀਰ ਹੋ ਕੇ ਭੂੰਡਾਂ ਵਾਂਗੂੰ ਖਿੰਡਰ ਜਾਣਾ ਯਕੀਨਨ ਤੁਹਾਡੀ ਸ਼ਰਮਨਾਕ ਹਾਰ ਦਾ ਕਾਰਨ ਬਣੇਗਾ। ਹਾਰ ਦੀ ਨਿਰਾਸਤਾ ਨੇ ਤੁਹਾਨੂੰ ਬੌਂਦ਼ਲਾ ਦਿੱਤਾ ਹੈ ਅਤੇ ਤੁਸੀਂ ਖੱਖੜੀਆਂ-ਕਰੇਲੇ ਹੋ ਗਏ! ਜਿਨ੍ਹਾਂ ਉਪਰ ਉਮੀਦਾਂ ਸਨ, ਉਨ੍ਹਾਂ ਹੀ ਵੱਖਰੀ ਡ਼ਫਲੀ ਵਜਾਉਣੀ ਸ਼ੁਰੂ ਕਰ ਦਿੱਤੀ। ਆਪਸੀ ਖਿੱਚੋਤਾਣ ਦਾ ਤਮਾਸ਼ਾ ਜੱਗ ਜ਼ਾਹਿਰ ਕਰਨ ਦੀ ਬਿਜਾਏ ਅੰਦਰੂਨੀ ਪੜਚੋ਼ਲ ਦੀ ਦਲੇਰੀ ਕਰੋ। ਉਸਾਰੂ ਗੁਭ-ਗੁਭਾਟ ਕੱਢੋ, ਆਪਸ ਵਿਚ ਮਿਹਣੋ-ਮਿਹਣੀ ਨਾ ਹੋਵੋ।

ਆਖਰ ਮਾਜਰਾ ਕੀ ਹੈ? ਤੁਸੀਂ ਤਾਂ ਆਪਸ ਵਿਚੀਂ ਹੀ ਝੱਜੂ ਪਾ ਲਿਆ, ਗਟਾਰਾਂ ਵਾਂਗੂੰ ਚੁੰਝੋ-ਚੁੰਝੀ ਹੋਣ ਲਗ ਪਏ, ਤੁਹਾਡੇ ਤੁਹਮਤਾਂ ਲਾਉਣੇ ਝਗੜੇ ਤੇ ਰਗੜੇ ਪਾਰਟੀ ਦਾ ਕਿਹੋ ਜਿਹਾ ਜਲੂਸ ਕੱਢਣਗੇ, ਇਸ ਦਾ ਅੰਦਾਜ਼ਾ ਤੁਸੀਂ ਸਾਰਿਆਂ ਨੇ ਅੱਖੋਂ-ਪਰੋਖਾ ਕੀਤਾ ਹੋਇਆ ਹੈ। ਇਹ ਹਕੀਕਤ ਹੈ ਕਿ 'ਆਪ' ਦਾ ਸੰਕਲਪ, ਸਪਿਰਿਟ ਅਤੇ ਸੋਚ ਸਭ ਸਹੀ ਹਨ। ਤੁਹਾਡੇ ਵਿਚੋਂ ਬਹੁਤੇ ਇਸ ਅਪਾਹਜ ਨਸ਼ੇ 'ਚ ਝੂਮ ਰਹੇ ਹਨ ਕਿ ਪਾਰਟੀ ਉਨ੍ਹਾਂ ਵੱਲੋਂ ਥੰਮ੍ਹੀ ਹੋਣ ਕਰ ਕੇ ਹੀ ਚੱਲ ਰਹੀ ਹੈ, ਪਰ ਤੁਹਡੀ ਪਛਾਣ ਸਿਰਫ਼ ਪਾਰਟੀ ਕਰ ਕੇ ਹੈ। ਤੁਹਾਨੂੰ 'ਕੇਵਲ ਮੈਂ ਹੀ ਫੰਨੇ ਖਾਂ ਹਾਂ' ਵਾ਼ਲੀ ਹੰਕਾਰੀ 'ਵਲੀ ਕੰਧਾਰੀ' ਪਹਾੜੀ ਤੋਂ ਹੇਠਾਂ ਛਾ਼ਲ ਮਾਰਨੀ ਪਵੇਗੀ। ਸੱਚ ਜਾਣਿਓਂ ਮਿੱਤਰੋ! ਇੱਟ ਚੁੱਕਿਆਂ ਅਣਗਿਣਤ ਘੁੱਗੀ, ਭਗਵੰਤ ਮਾਨ, ਖਹਿਰੇ ਮਿ਼ਲ ਜਾਣਗੇ। ਹਉਮੈ ਛੱਡ ਕੇ ਤਿਆਗੀ ਬਣੋ। ਢਿੱਡ ਨੰਗੇ ਨਾ ਕਰੋ। ਕੌਰਵ, ਪਾਂਡਵ ਅਤੇ ਯਾਦਵਾਂ ਦੇ ਰਸਤੇ ਪੈਣ ਦੀ ਬਿਜਾਏ ਸੁਲਾਹਕੁਨ-ਪਗਡੰਡੀ ਦੇ ਪਾਂਧੀ ਬਣੋ। ਤੁਹਾਡੀ ਖਹਿਬਾਜ਼ੀ ਨੇ ਤੁਹਾਡੇ ਸ਼ੁਭਚਿੰਤਕਾਂ ਨੂੰ ਦੋ-ਫਾੜ ਕਰ ਕੇ ਦੋਚਿਤੀ ਦੀ ਕੁੜਿੱਕੀ ਵਿਚ ਫਸਾ ਦਿੱਤਾ ਹੈ, ਤੇ ਉਹ ਸ਼ਸ਼ੋਪੰਜ ਦੇ ਗੋਰਖਧੰਦੀ ਚੱਕਰ ਦੀ ਹਨੇਰੀ ਵਿਚ ਉ਼ਲਝ ਕੇ ਰਹਿ ਗਏ ਹਨ।

ਜੋ ਅੱਜ ਤੁਹਾਡੇ ਉਪਰ ਤਨਜ਼ਾਂ ਕੱਸਦੇ ਅਤੇ ਮਸ਼ਕਰੀਆਂ ਕਰਦੇ ਹਨ, ਉਨ੍ਹਾਂ ਦੇ ਦਾਅਵਿਆਂ ਨੂੰ ਚੈਲਿੰਜ ਕਰੋ ਅਤੇ ਪਾਰਟੀ ਦੇ ਢਾਂਚੇ ਨੂੰ ਨਵੀਂ ਦਿੱਖ ਦੇ ਕੇ ਪਰਜਾ ਦੀ ਕਚਿਹਰੀ ਵਿਚ ਵਕੀਲਾਂ ਵਾਂਗ ਆਪਣੇ ਸਿਧਾਂਤ ਦੀ ਜਿਰ੍ਹਿਆ ਕਰੋ। ਇਸ ਤੋਂ ਵੀ ਅੱਗੇ ਵਧ ਕੇ 'ਆਮ ਆਦਮੀ' ਦੇ ਸੰਕਲਪ ਨੂੰ ਜ਼ੋਰ-ਸ਼ੋਰ ਨਾ਼ਲ ਅਵਾਮ ਦਾ ਅਨਿੱਖੜਵਾਂ ਅੰਗ ਬਣਾ ਕੇ ਪ੍ਰਚਾਰੋ ਅਤੇ ਲੋਕਾਂ ਦੇ ਦਿਲਾਂ ਵਿਚ ਇਸ ਧੜੱਲੇਦਾਰ ਸੋਚ ਨੂੰ ਰੌਸ਼ਨਾਓ। ਹੋਈਆਂ ਕੁਤਾਹੀਆਂ ਦੀ 'ਸਿਆਣੇ ਸਰਜਨ' ਬਣ ਕੇ ਚੀਰ-ਫਾੜ ਕਰੋ। ਵੀਰੋ! ਦੰਦਾਂ ਥੱਲੇ ਜੀਭ ਰੱਖੋ, ਤਹੱਮਲ ਰੱਖੋ, ਕਾਹ਼ਲੇ ਨਾ ਪਵੋ, ਹਿੰਮਤ ਨਾ ਹਾਰੋ ਤੇ ਸੋਗ ਨਾ ਮਨਾਉ। 'ਜੋ ਬੀਤੀ ਸੋ ਬੀਤੀ, ਆਗੇ ਸੰਭ਼ਲ ਚਲੋ ਨੰਦ ਲਾਲਾ'। ਉਦਰੇਵਾਂ ਨਾ ਫੜੋ। ਸੰਜੀਦਾ ਵਰਕਰਾਂ ਅਤੇ ਨੇਤਾਵਾਂ ਦੇ ਢੱਠੇ ਦਿਲਾਂ ਨੂੰ ਕਾਇਮ ਤੇ ਮਜ਼ਬੂਤ ਕਰਨ ਅਤੇ ਉਨ੍ਹਾਂ ਦੇ ਜਜ਼ਬਿਆਂ ਨੂੰ ਉਛਾ਼ਲੇ ਮਾਰ ਕੇ ਦੌੜਾਉਣ ਲਈ ਹੌਸਲੇ ਭਰਪੂਰ ਨਵੀਂ ਰੂਹ ਅਤੇ ਜੋਸ਼ੀਲੀ ਸ਼ਕਤੀ ਪੈਦਾ ਕਰਨੀ ਹੁਣ ਤੁਹਾਡੇ ਲਈ ਲਾਜ਼ਮੀ ਬਣ ਗਈ ਹੈ; ਸਮਾਂ ਇਸ ਦੀ ਪੁਰਜ਼ੋਰ ਮੰਗ ਕਰ ਰਿਹਾ ਹੈ। ਟੋਕ-ਟੋਕਾਈ ਅਤੇ ਸਲਾਹ ਨੂੰ ਨਿਘੋਚਾਂ ਕੱਢਣਾ ਨਾ ਮੰਨੋ। ਵੈਦ ਬਣੋ, ਰਮਲੀ ਬਣਨ ਦਾ ਭਰਮ ਨਾ ਪਾ਼ਲੋ। ਨਮੋਸ਼ੀ ਭਰਪੂਰ ਹਾਰ ਰੂਪੀ ਬਿਮਾਰੀ ਦਾ ਇਲਾਜ ਲੱਭੋ।

ਆਪ ਵਾ਼ਲਿਓ! ਆਪਣੇ ਆਪੇ ਦੀ ਠਰੰਮੇ ਨਾ਼ਲ ਨਿਰਪੱਖ ਪੜਚੋ਼ਲ ਕਰੋ। ਹਾਰ ਦਾ ਲੇਖਾ-ਜੋਖਾ ਕਰੋ, ਭੜਕੋ ਨਾ, ਵਿੱਢਿਆ ਸੰਘਰਸ਼ ਹਰਗਿਜ਼ ਮੱਠਾ ਨਹੀਂ ਪੈਣਾ ਚਾਹੀਦਾ। ਹਾਰ ਦਾ ਝੱਗਾ ਕਿਸ ਕਿਸ ਕਾਰਨ, ਕਿਥੋਂ ਕਿਥੋਂ ਤੇ ਕਿਉਂ ਪਾਟਿਆ, ਇਸ ਦੀ ਸਮੀਖਿਆ ਕਰਨੀ ਹੀ ਪਵੇਗੀ ਅਤੇ ਅਗਾਂਹ ਹੋਰ ਮਘੋਰੇ ਨਾ ਹੋ ਜਾਣ ਤੁਹਾਨੂੰ ਪੱਕੀਆਂ ਟਾਕੀਆਂ ਲਾ ਕੇ ਨਿਰਾਸਤਾ ਦੇ ਕਮੀਜ਼ ਨੂੰ ਸਿਆਉਣਾ ਹੀ ਪਵੇਗਾ। ਤੁਹਾਡੀ ਫ਼ਤਿਹ ਦੀ ਛੱਤ 'ਚ ਮੋਰੀਆਂ ਕਿਵੇਂ ਤੇ ਕਿਉਂ ਹੋਈਆਂ, ਸਵੈ-ਪੜਚੋਲ ਕਰ ਕੇ ਜਵਾਬ ਲੱਭਣੇ ਹੀ ਪੈਣਗੇ। ਵਚਨਬੱਧ ਅਤੇ ਆਪਣਾ ਆਪ ਨਿਛਾਵਰ ਕਰਨ ਵਾ਼ਲੇ ਵਰਕਰਾਂ ਦਾ ਭੋਰਾ ਵੀ ਦੋਸ਼ ਨਹੀਂ, ਪਰ ਇਹ ਹਕੀਕਤ ਹੈ ਕਿ ਮੂਹਰੇ ਕੀਤੇ ਅਣਜਾਣ ਅਤੇ ਨਾਦਾਨ ਨੇਤਾਵਾਂ ਦੀਆਂ ਬੇਵਕੂਫੀਆਂ ਹਾਰ ਦਾ ਕਾਰਨ ਜ਼ਰੂਰ ਬਣੀਆਂ ਹਨ। ਜਿਸ ਨੇ ਵੀ ਸੁਝਾਅ ਦੇਣ ਦੀ ਕੋਸ਼ਿਸ਼ ਕੀਤੀ ਜਾਂ ਜ਼ਰਾ ਜਿੰਨਾ ਵੀ ਮੂੰਹ ਖੋਲ੍ਹਿਆ, ਉਹਨੂੰ ਕੰਨੋਂ ਫੜ ਕੇ ਪਾਰਟੀ ਤੋਂ ਬਾਹਰ ਕਰ ਦਿੱਤਾ।

ਉਠੋ ਯੋਧਿਓ! ਕਮਰ ਕੱਸੋ! ਪਾਰਟੀ ਦੀ ਵਿਚਾਰਧਾਰਾ ਅਤੇ ਪ੍ਰੋਗਰਾਮਾਂ ਨੂੰ ਹੁਣੇ ਤੋਂ ਪ੍ਰਚਾਰਨਾ ਸ਼ੁਰੂ ਕਰੋ ਅਤੇ ਆਪਣੀ ਲਕੀਰ ਵੱਡੀ ਕਰੋ। ਤੁਹਾਡੀ ਮਿਹਨਤ ਰੰਗ ਲਿਆਵੇਗੀ। ਹਾਲੀਂ ਵੀ ਲੋਕਾਂ ਨੂੰ ਤੁਹਾਡੇ ਕੋ਼ਲੋਂ ਬੜੀਆਂ ਉਮੀਦਾਂ ਹਨ; ਉਨ੍ਹਾਂ ਦੀਆਂ ਆਸਾਂ ਅਤੇ ਸੁਪਨਿਆਂ ਨੂੰ ਤਿੜਕਣ, ਜਰਕਣ ਅਤੇ ਥਿੜਕਣ ਨਾ ਦਿਓ। ਜੇ ਆਉਂਦੇ ਪੰਜ ਸਾਲ ਨਿਰਾਸਤਾ ਦੀ ਘੇਸ਼਼ਲ ਮਾਰ ਕੇ ਦੜ ਵੱਟ ਕੇ ਛੁਪੇ ਰਹੋਗੇ, ਤਾਂ ਤੁਹਾਡੇ ਨਾ਼ਲ ਨਾ਼ਲ ਲੋਕਾ ਵਿਚੋਂ ਵੀ ਪੰਜਾਬ ਵਿਚ 'ਤਬਦੀਲੀ' ਲਿਆਉਣ ਦੀ ਸੰਭਾਵਨਾ, ਸੁਪਨਾ, ਉਛਾ਼ਲ ਤੇ ਇੱਛਾ ਦਾ ਖਾਤਮਾ ਹੋ ਜਾਵੇਗਾ। ਵੇਖਿਓ ਕਿਤੇ ਖ਼ਲਕਤ ਦੀਆਂ ਮੁਸ਼ਕਿਲਾਂ ਅਤੇ ਪੀੜਾਂ ਦੀਆਂ ਜੜ੍ਹਾਂ ਪੁੱਟਣ ਦਾ ਸ਼ਿਕਾਰ ਕਰਨ 'ਚੋਂ ਦਿਲਚਸਪੀ ਲੈਣੀ ਛੱਡ ਦੇਵੋਂ! ਅਜੇ ਡੁੱਲ੍ਹੇ ਬੇਰਾਂ ਦਾ ਕੁਝ ਵੀ ਨਹੀਂ ਵਿਗੜਿਆ। ਵਰਕਰਾਂ ਦੇ ਜੋਸ਼ ਨੂੰ ਮੱਠਾ ਨਾ ਪੈਣ ਦਿਓ। ਅਜੇ ਵੀ ਲਗ ਰਿਹਾ ਹੈ ਕਿ ਤੁਹਾਡੇ ਸਾਰਿਆਂ ਦੀ ਤਾਂਘ ਅਤੇ ਜੁੱਸਾ ਜੂਨ ਮਹੀਨੇ ਦੀ ਤਿੱਖੜ ਦੁਪਿਹਰ ਨੂੰ ਵੰਗਾਰਨ ਤੇ ਮਖੌਲ ਕਰਨ ਦਾ ਸੇਕ ਰੱਖਦਾ ਹੈ। ਖਿਆਲ ਰੱਖਣਾ ਪਵੇਗਾ ਕਿ ਕਿਤੇ ਹਾਰ ਦੀ ਨਿਮੋਸ਼ੀ, ਢ਼ਲਦੀ ਆਥਣ ਦਾ ਪ੍ਰਛਾਵਾਂ ਨਾ ਬਣ ਜਾਵੇ! ਵੇਖਿਓ ਕਿਤੇ ਮਿਰਗਾਂ ਵਾਂਗੂ ਘਬਰਾ ਕੇ ਨਿਰਾਸ ਹੋ ਕੇ ਤੀਜੀ ਧਿਰ ਬਣਨ ਅਤੇ ਤਬਦੀਲੀ ਲਿਆਉਣ ਦੇ ਸੁਨਿਹਰੀ ਰਸਤਿਓਂ ਹੀ ਖੁੰਝ ਜਾਵੋ!

> ***ਇੱਟ ਚੁੱਕਿਆਂ ਅਣਗਿਣਤ ਘੁੱਗੀ, ਭਗਵੰਤ ਮਾਨ, ਖਹਿਰੇ ਮਿ਼ਲ ਜਾਣਗੇ। ਹਉਮੈ ਛੱਡ ਕੇ ਤਿਆਗੀ ਬਣੋ। ਢਿੱਡ ਨੰਗੇ ਨਾ ਕਰੋ। ਕੌਰਵ, ਪਾਂਡਵ ਅਤੇ ਯਾਦਵਾਂ ਦੇ ਰਸਤੇ ਪੈਣ ਦੀ ਬਿਜਾਏ ਸੁਲਾਹਕੁਨ-ਪਗਡੰਡੀ ਦੇ ਪਾਂਧੀ ਬਣੋ। ਤੁਹਾਡੀ ਖਹਿਬਾਜ਼ੀ ਨੇ ਤੁਹਾਡੇ ਸ਼ੁਭਚਿੰਤਕਾਂ ਨੂੰ ਦੋਚਿਤੀ ਦੀ ਕੁੜਿੱਕੀ ਵਿਚ ਫਸਾ ਦਿੱਤਾ ਹੈ।... ਤੁਸੀਂ ਬਾਂਸਾਂ ਵਾਂਗੂੰ ਆਪਸ ਵਿਚੀਂ ਖਹਿਣਾ ਸ਼ੁਰੂ ਕਰ ਦਿੱਤਾ ਹੈ। ਜੇ ਤੁਸੀਂ ਇਸੇ ਤਰ੍ਹਾਂ ਕਰਦੇ ਰਹੇ ਤਾਂ ਪੰਜਾਬ ਵਿਚ ਤੀਜੀ ਧਿਰ ਦੇ ਕਿਆਸੇ ਵਜੂਦ ਨੂੰ ਢਾਹ ਲਗੇਗੀ। ਸਿਆਣਪ ਇਸੇ ਵਿਚ ਹੈ ਕਿ ਬੰਦ ਕਮਰੇ 'ਚ ਬੈਠ ਕੇ ਗਿਲੇ ਸ਼ਿਕਵੇ ਸਾਂਝੇ ਕਰੋ, ਤੇ ਹੋਈਆਂ ਕੁਤਾਹੀਆਂ ਨੂੰ ਵਿਚਾਰੋ। ਨਵੀਂ ਰਣਨੀਤੀ ਤਿਆਰ ਕਰੋ। ਰੁੱਸਿਆਂ ਨੂੰ ਮਨਾਓ। ਬਿਆਨਬਾਜ਼ੀ ਅਤੇ ਤੁਹਮਤਾਂ ਦਾ ਛਿੱਟਾ ਦੇਣਾ ਬੰਦ ਕਰੋ। ਏਕਤਾ ਭਰਪੂਰ ਸਾਂਝੇ ਬਿਆਨਾਂ ਦੀ ਸਾਉਣ-ਭਾਦੋਂ ਵਾ਼ਲੀ ਝੜੀ ਲਾਵੋ।***




ਖਿਆਲ ਰੱਖੋ ਕਿ ਅਸੀਂ ਸਾਰੇ ਗਲਤੀਆਂ ਤੋਂ ਵੀ ਸਿਖਦੇ ਹਾਂ ਅਤੇ ਰੋਮ ਕਿਤੇ ਇਕ ਦਿਨ ਵਿਚ ਹੀ ਨਹੀਂ ਸੀ ਬਣ ਗਿਆ। ਉਸਾਰੂ ਟੋਕ-ਟੋਕਾਈ ਕਰਨ ਦਾ ਹਰ ਇਕ ਨੂੰ ਹੱਕ ਹੈ, ਪਰ ਖੁਰ ਵੱਢਣੇ ਮੁਨਾਸਿਬ। ਜੇ ਹਰ ਮਸ਼ਵਰੇ ਉਤੇ ਸੰਜੀਦਗੀ ਨਾ਼ਲ ਗ਼ੌਰ ਕਰੋਗੇ ਤਾਂ ਚੰਗੇ ਰਹੋਗੇ। ਮਰਜੀਵੜੇ ਅਣਖੀ ਜੁਝਾਰੂਆਂ ਲਈ ਹਾਰਾਂ ਹਮੇਸ਼ਾ ਹੀ ਚਮਕਦਾਰ ਸ਼ਿੰਗਾਰ ਅਤੇ ਅਣਮੁੱਲਾ ਸਬਕ ਬਣ ਜਾਂਦੀਆਂ ਹਨ। ਹੁਣ ਦੇਖਣਾ ਇਹ ਹੈ ਕਿ ਤੁਸੀਂ ਇਸ ਹਾਰ ਨੂੰ ਕਿਸ ਰੂਪ ਵਿਚ ਲੈਂਦੇ ਹੋ। ਜੇ ਖੱਡ 'ਚ ਡਿੱਗਿਆ ਬੰਦਾ ਦੁਬਾਰਾ ਹੰਭ਼ਲਾ ਮਾਰ ਕੇ ਉਠ ਖਲੋਵੇ ਤੇ ਆਪਣੇ ਤੋਂ ਅੱਗੇ ਜਾਂਦੇ ਕੋ਼ਲੋਂ ਫੁਰਰ ਕਰ ਕੇ ਮੂਹਰੇ ਨਿਕ਼ਲ ਜਾਵੇ ਤਾਂ ਵਾਕਿਆ ਹੀ ਉਹ ਇਨਸਾਨ ਮਹਾਨ ਕਹਾਉਣ ਦਾ ਹੱਕਦਾਰ ਹੋਵੇਗਾ। ਸਾਨੂੰ ਵੀ ਕੁਝ ਇਹੋ ਜਿਹੀ ਨਿਵੇਕਲੀ ਆਸ ਦੀ ਤਵੱਕੋ ਹੈ ਤੁਹਾਡੇ ਸਾਰਿਆਂ ਕੋ਼ਲੋਂ। ਸਿਰ ਸੁੱਟ ਕੇ ਨਾ ਬੈਠੋ, ਜੇਤੂ ਬਣਨ ਲਈ ਮੈਦਾਨ 'ਚ ਸ਼ੇਰਾਂ ਵਾਂਗੂੰ ਬੁੱਕੋ। ਹਾਰ ਦੇ ਕਾਰਨ ਲੱਭੋ ਅਤੇ ਮੁੜ ਸੰਘਰਸ਼ ਛੇੜ ਕੇ ਲੋਕਾਂ ਦੇ ਮਨਾਂ 'ਤੇ ਛਾ ਜਾਵੋ।

ਉਂਜ ਸੋਚਣਾ ਪਵੇਗਾ ਕਿ ਜਿੱਤ ਦੀ ਕੁਕੜੀ ਕੁੜ ਕੁੜ ਤਾਂ ਥੋਡੇ ਵਿਹੜੇ ਕਰਦੀ ਰਹੀ, ਪਰ ਐਨ ਮੌਕੇ 'ਤੇ ਆਂਡੇ ਗਵਾਂਢੀਆਂ ਦੇ ਖੁੱਡੇ 'ਚ ਦੇ ਆਈ। ਹੁਣ ਉਸਾਰੂ ਨੁਕਤਾਚੀਨੀ ਕਰਨ ਵਾ਼ਲੇ ਨੂੰ ਗ਼ਦਾਰ ਨਾ ਗਰਦਾਨੋਂ। ਅਣਥਕ, ਵਫਾਦਰ, ਪ੍ਰਤੀਬੱਧ ਅਤੇ ਲਗਨ ਨਾ਼ਲ ਆਪਣਾ ਆਪ ਨਿਛਾਵਰ ਕਰਨ ਵਾ਼ਲੇ ਗੰਭੀਰ ਸਿਦਕਵਾਨ ਵਾਲੰਟੀਅਰਾਂ ਦੇ ਮਾਯੂਸ ਹੋਏ ਮਨਾਂ ਦੀ ਚੜ੍ਹਦੀ ਕਲਾ ਲਈ ਲੇਖਾ-ਜੋਖਾ ਕਰ ਕੇ ਉਨ੍ਹਾਂ ਦੀ ਤਸੱਲੀ ਕਰਵਾਉਣੀ ਪਵੇਗੀ। ਇਹ ਭਲਾ ਕਿਥੋਂ ਦਾ ਇਨਸਾਫ਼ ਹੋਇਆ ਕਿ ਡਾ. ਸੁਮੇਲ ਸਿੱਧੂ, ਡਾ. ਮਨਜੀਤ ਸਿੰਘ ਅਤੇ ਇਨ੍ਹਾਂ ਵਰਗੇ ਹੋਰ ਅਨੇਕ ਸੁਹਿਰਦ ਸ਼ਖਸਾਂ ਨੂੰ ਪਾਰਟੀ 'ਚੋਂ ਫੂਕ ਮਾਰ ਕੇ ਉਡਾ ਦਿੱਤਾ ਗਿਆ? ਸਿੱਟੇ ਵਜੋਂ ਸੈਂਕੜੇ ਸਰਗਰਮ ਹਿਤੈਸ਼ੀਆਂ ਨੂੰ ਚੁੱਪ ਵੱਟਣੀ ਪੈ ਗਈ।

ਪੰਜਾਬ ਦੇ ਮੂਹਰਲੀ ਕਤਾਰ ਦੇ ਲੀਡਰੋ! ਅਜੇ ਵੀ ਮੌਕਾ ਹੈ, ਕ੍ਰਿਪਾ ਕਰ ਕੇ ਦਿੱਲੀ ਵਾਲਿਆਂ ਕੋ਼ਲੋਂ ਆਪਣੇ ਆਜ਼ਾਦਾਨਾ ਫੈਸਲੇ ਲੈਣ ਦੇ ਹੱਕ ਹਾਸਲ ਕਰ ਕੇ 'ਆਪ' ਦੇ ਇਨਸਾਫੀ ਝਾੜੂਆਂ ਨਾ਼ਲ ਵਰਕਰਾਂ ਦੀਆਂ ਸ਼ਿਕਾਇਤਾਂ ਅਤੇ ਤੌਖਲਿਆਂ ਨੂੰ ਸੁੰਭਰਨਾ ਸ਼ੁਰੂ ਕਰੋ, ਨਾ ਕਿ ਝਾੜੂਆਂ ਦੇ ਮੁੱਠਿਆਂ ਨਾ਼ਲ ਉਨ੍ਹਾਂ ਦੀਆਂ ਸੱਚੀਆ-ਸੁੱਚੀਆਂ, ਇਮਾਨਦਾਰ ਅਤੇ ਸੁਹਿਰਦ ਭਾਵਨਾਵਾਂ ਦੀਆਂ ਵੱਖੀਆਂ ਸੇਕ ਸੇਕ ਕੇ ਕਤਲ ਕਰਦੇ ਰਹੋ। ਸਮਾਂ ਆ ਗਿਆ ਹੈ ਕਿ ਪੰਜਾਬ ਦੇ ਹਾਲਾਤ ਨੂੰ ਸਹੀ ਰੂਪ ਵਿਚ ਅਤੇ ਬਰੀਕੀ ਨਾ਼ਲ ਸਮਝਣ ਤੋਂ ਪੂਰੀ ਤਰ੍ਹਾਂ ਅਭਿਜ ਤੇ ਕੋਰੇ ਦਿੱਲੀ ਵਾ਼ਲਿਆਂ ਦੀ ਪੰਜਾਬ ਮਾਮਲਿਆਂ ਵਿਚ ਲੋੜ ਤੋਂ ਵੱਧ ਦਖਲਅੰਦਾਜ਼ੀ ਦਾ ਜੂ਼ਲਾ ਤੁਹਾਨੂੰ ਗ਼ਲੋਂ ਲਾਹੁਣਾ ਹੀ ਪੈਣਾ ਹੈ। ਨਹੀਂ ਤਾਂ ਜੋ ਹਸ਼ਰ ਹੋਵੇਗਾ, ਉਸ ਦਾ ਖ਼ਮਿਆਜ਼ਾ ਭੁਗਤਣ ਲਈ ਤਿਆਰ ਰਹੋ।

ਕੁਝ ਨੇਤਾਵਾਂ ਦੇ ਕਿਰਦਾਰ, ਨੀਯਤ ਅਤੇ ਗ਼ਲਤ ਫੈਸਲਿਆਂ ਉਪਰ ਸ਼ੱਕ ਦੇ ਵਗੇ ਵਾ-ਵਰੋ਼ਲੀ/ਗਰਦਸ਼ੀ ਬੁੱਲਿਆਂ ਨੇ ਤੁਹਾਡੇ ਹੱਕ 'ਚ ਵਗੀ ਮਿੱਠੀ ਮਿੱਠੀ ਪੌਣ ਨੂੰ ਵਿਰੋਧ ਅਤੇ ਕ੍ਰੋਧ ਦੇ ਝੱਖੜ ਵਿਚ ਤਬਦੀਲ ਕਰ ਦਿੱਤਾ ਹੈ। ਭਿਆਨਕ ਤਰੁਟੀਆਂ, ਕੁਤਾਹੀਆਂ ਤੇ ਊਣਤਾਈਆਂ ਕਰ ਕੇ ਤੁਸੀਂ ਆਪਣੀ ਪੈਂਠ ਦਾਗ਼ੀ ਕਰ ਲਈ ਹੈ ਅਤੇ ਚੜ੍ਹਦੀ ਕਲਾ ਨੂੰ ਗ੍ਰਹਿਣ ਲੁਆ ਲਿਆ ਹੈ। ਹਰਮਨ-ਪਿਆਰਤਾ ਦਾ ਅੰਮ੍ਰਿਤੀ ਆਟਾ ਚਿੱਕੜ ਵਿਚ ਡੋਲ੍ਹ ਬੈਠੇ ਹੋ। ਤੁਹਾਡੇ ਵਿਚੋਂ ਹੀ ਬਹੁਤ ਸਿਆਣਿਆਂ ਨੇ ਤੁਹਾਨੂੰ ਬੜੀਆਂ ਨੇਕ ਸਲਾਹਾਂ ਦਿੱਤੀਆਂ, ਪਰ ਤੁਹਾਨੂੰ ਇਹ ਰਾਸ ਨਾ ਆਈਆਂ, ਤੁਹਾਡੇ ਵਾੜੇ 'ਚ ਉਨ੍ਹਾਂ ਦੀ ਨਸੀਹਤ ਅਤੇ ਅਕਲਮੰਦੀ ਦੀ ਰੌਸ਼ਨੀ ਵੜ ਨਾ ਸਕੀ।

ਤੁਸੀਂ ਚੋਣਾਂ ਤੋਂ ਐਨ ਪਹਿਲਾਂ ਹਰ ਐਰੇ ਗੈਰੇ-ਨੱਥੂ ਖੈਰੇ ਅਤੇ ਅਕਾਲੀ-ਕਾਂਗਰਸੀਆਂ ਦੇ ਨਖਿੱਧ ਤੇ ਕੂੜੇ ਕਰਕਟ ਨੂੰ ਅੰਨ੍ਹੇਵਾਹ ਸ਼ਾਮਿਲ ਕਰ ਕੇ ਪਾਰਟੀ ਵਿਚ ਘੜਮੱਸ ਮਾਰਨ ਦੀ ਬੱਜਰ ਗ਼ਲਤੀ ਕਰ ਕੇ ਆਪਣਾ ਕੂੰਡਾ ਕਰਵਾ ਲਿਆ। ਬੇਸ਼ੱਕ ਇਨ੍ਹਾਂ ਵਿਚੋਂ ਬਾਹ਼ਲੇ ਤਾਂ ਕੇਵਲ ਘੁਸਪੈਠ ਕਰਨ ਆਏ ਸਨ। ਤੋਏ ਤੋਏ ਕਰਵਾਉਣ ਤੋਂ ਸਿਵਾਏ ਕੀ ਖੱਟਿਆ? ਸੋਚੋ! ਕੀ ਭਲਾ ਇੰਨੀ ਵੱਡੀ ਗਿਣਤੀ 'ਚ ਓਪਰਿਆਂ ਨੂੰ ਯਕਦਮ ਨਾ਼ਲ ਰ਼ਲਾ ਕੇ ਆਪਣੇ ਬਣਾ ਲੈਣਾ ਤੁਹਾਡੀ ਪਾਰਟੀ ਦੇ ਮੁਢਲੇ ਸਿਧਾਂਤ ਨਾਲ ਮੇਲ ਖਾਂਦਾ ਸੀ? ਥੋਡਾ ਟੋਲਾ ਯੋਗ ਅਤੇ ਹੱਕਦਾਰ ਉਮੀਦਵਾਰਾਂ ਦੀ ਚੋਣ ਹੀ ਨਾ ਕਰ ਸਕਿਆ। ਨਿਰਸੰਦੇਹ, ਤੁਸੀਂ ਧੱਕੇ ਤੇ ਧਾਂਦਲੀਆਂ ਦੇ ਢੇਰ ਲਾ ਬੈਠੇ, ਸਿੱਟੇ ਵਜੋਂ ਅਸਲੋਂ ਹੀ ਨਵੀਂ ਕਿਸਮ ਦੀ ਤੁਹਾਡੀ ਵਿਚਾਰਧਾਰਾ ਉਪਰ ਘੋਰ ਉਪੱਦਰੀ ਪੱਖਪਾਤੀ ਰਵੱਈਆ ਹਾਵੀ ਹੋਣੋਂ ਬਚ ਨਾ ਸਕਿਆ।

ਰੈਲੀਆਂ 'ਚ ਹੋਏ ਭਰਵੇਂ ਇਕੱਠਾਂ ਨੂੰ ਵੋਟਾਂ 'ਚ ਤਬਦੀਲ ਕਰਨ ਵਿਚ ਤੁਸੀਂ ਨਾਕਾਮਯਾਬ ਰਹੇ। ਜਿਥੇ ਲੋਕਾਂ ਵੱਲੋਂ ਮਿ਼ਲ ਰਹੇ ਭਰਵੇਂ ਹੁੰਗਾਰੇ ਨੇ ਤੁਹਾਨੂੰ ਸੰਜੀਦਗੀ ਅਤੇ ਜ਼ਿੰਮੇਦਾਰੀ ਨਾ਼ਲ ਬੋਚ-ਬੋਚ ਕੇ ਕਦਮ ਰੱਖਣ ਲਈ ਹੁਲਾਰਾ ਦਿੱਤਾ ਸੀ, ਉਥੇ ਇਸ ਦੇ ਐਨ ਉਲਟ ਤੁਹਾਡੇ ਵੱਲੀਂ ਤੇਜ਼ੀ ਨਾਲ ਉਡੀ ਆਉਂਦੀ ਰਾਜ ਭਾਗ ਸੰਭਾ਼ਲੂ ਸਿਆਸੀ ਤਾਕਤ ਦੀ ਹਨੇਰੀ ਨੂੰ ਦੇਖ ਕੇ ਬਾਹ਼ਲਿਆਂ ਨੇ ਤਾਂ ਫੌਰਨ ਪੈਰ ਹੀ ਛੱਡ ਦਿੱਤੇ। ਮੂ਼ਲੋਂ ਕਾਹ਼ਲਿਆਂ ਨੇ ਤਾਂ ਮੁੱਖ ਮੰਤਰੀ ਕੁਰਸੀ ਦੇ ਦਾਅਵੇਦਾਰ ਹੋਣ ਦੇ ਰੱਸੇ-ਪੈੜੇ ਵੀ ਵੱਟਣੇ ਸ਼ੁਰੂ ਕਰ ਦਿੱਤੇ ਸਨ। ਲੋਕਾਂ ਵੱਲੋਂ ਮਿ਼ਲਿਆ ਅਥਾਹ ਖੁੱਲ੍ਹ-ਡੁੱਲ੍ਹਾ ਸਾਥ, ਪਿਆਰ, ਸਤਿਕਾਰ, ਉਲਾਰਾ, ਹੁਲਾਰਾ ਅਤੇ ਮਾਇਕ ਗੱਫੇ ਤੁਹਾਨੂੰ ਹਜ਼ਮ ਨਾ ਹੋ ਸਕੇ।

ਹੁਣ ਤੁਸੀਂ ਬਾਂਸਾਂ ਵਾਂਗੂੰ ਆਪਸ ਵਿਚੀਂ ਖਹਿਣਾ ਸ਼ੁਰੂ ਕਰ ਦਿੱਤਾ ਹੈ। ਜੇ ਤੁਸੀਂ ਇਸੇ ਤਰ੍ਹਾਂ ਕਰਦੇ ਰਹੇ ਤਾਂ ਪੰਜਾਬ ਵਿਚ ਤੀਜੀ ਧਿਰ ਦੇ ਕਿਆਸੇ ਵਜੂਦ ਨੂੰ ਢਾਹ ਲਗੇਗੀ। ਰਵਾਇਤੀ ਪਾਰਟੀਆਂ ਤੁਹਾਡਾ ਮਖੌਲ ਢੰਡੋਰੇ ਪਿੱਟ ਪਿੱਟ ਕੇ ਉਡਾਉਣਗੀਆਂ। ਸੰਭ਼ਲ ਜਾਵੋ! ਸਿਆਣਪ ਇਸੇ ਵਿਚ ਹੈ ਕਿ ਬੰਦ ਕਮਰੇ 'ਚ ਬੈਠ ਕੇ, ਮਿ਼ਲ ਬਹਿ ਕੇ ਆਪਸੀ ਗਿਲੇ ਸ਼ਿਕਵੇ ਸਾਂਝੇ ਕਰੋ, ਤੇ ਹੋਈਆਂ ਕੁਤਾਹੀਆਂ ਨੂੰ ਵਿਚਾਰੋ। ਨਵੀਂ ਰਣਨੀਤੀ ਤਿਆਰ ਕਰੋ। ਰੁੱਸਿਆਂ ਨੂੰ ਮਨਾਓ। ਆਪੋ-ਆਪਣੀ ਕ੍ਰੋਧੀ ਰਾਗਣੀ ਦੀਆਂ ਧੁਨਾਂ ਦਾ ਧੂੰਆਂ ਨਾ ਉਡਾਓ। ਬਿਆਨਬਾਜ਼ੀ ਅਤੇ ਤੁਹਮਤਾਂ ਦਾ ਛਿੱਟਾ ਦੇਣਾ ਬੰਦ ਕਰੋ। ਏਕਤਾ ਭਰਪੂਰ ਸਾਂਝੇ ਬਿਆਨਾਂ ਦੀ ਸਾਉਣ-ਭਾਦੋਂ ਵਾ਼ਲੀ ਝੜੀ ਲਾਵੋ। ਥੋਡਾ, ਵਰਕਰਾਂ ਅਤੇ ਤੁਹਾਡੇ ਨਾ਼ਲ ਜੁੜੇ ਲੋਕਾਂ ਜਿਨ੍ਹਾਂ ਤੁਹਾਨੂੰ ਵੱਡੀ ਗਿਣਤੀ ਵਿਚ ਵੋਟਾਂ ਪਾਈਆਂ, ਸਭ ਦਾ ਭਲਾ ਇਸੇ ਨੁਕਤੇ ਵਿਚ ਹੈ। ਭਵਿਖ ਵਿਚ ਤੀਜੀ ਧਿਰ ਦਾ ਜ਼ਿੰਦਾ ਰਹਿਣਾ ਬੜਾ ਲਾਜ਼ਮੀ ਹੈ। ਵੇਖਿਓ ਕਿਤੇ ਲੋਕਾਂ ਦੇ ਸੁਪਨੇ ਚਕਨਾਚੂਰ ਨਾ ਕਰ ਦੇਣਾ!


# ਬੇਅਦਬੀ ਦਾ ਮਸਲਾ: ਮਾਨਸਿਕਤਾ ਹੈ ਕਿ ਸਿਆਸਤ?

***ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਨੇ ਵੱਖਰੀ ਕਿਸਮ ਦੀ ਸਿਆਸਤ ਦੇ ਦਰਸ਼ਨ ਕਰਵਾਏ ਹਨ। ਇਸ ਲੇਖ ਵਿਚ ਪ੍ਰੋ. ਬਲਕਾਰ ਸਿੰਘ ਨੇ ਇਸ ਮਸਲੇ ਦੀਆਂ ਤਹਿਆਂ ਫਰੋਲਦਿਆਂ ਕੁਝ ਅਹਿਮ ਪੱਖ ਵਿਚਾਰੇ ਹਨ। ਉਨ੍ਹਾਂ ਇਸ ਮਸਲੇ ਨੂੰ ਸਿਆਸਤ ਦੀ ਥਾਂ ਧਾਰਮਿਕ ਖਾਨੇ ਵਿਚ ਰੱਖਦਿਆਂ ਦੱਸ ਪਾਈ ਹੈ ਕਿ ਹੁਣ ਜਦੋਂ ਪੰਜਾਬ ਵਿਚ ਸੱਤਾ ਤਬਦੀਲੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਉਤੇ ਸਰਕਾਰ ਦਾ ਗਲਬਾ ਖਤਮ ਹੋ ਗਿਆ ਹੈ ਤਾਂ ਇਸ ਮਸਲੇ ਦੀ ਨਜ਼ਾਕਤ ਨੂੰ ਸਮਝਿਆਂ ਤੁਰੰਤ ਪਹਿਲਕਦਮੀ ਕੀਤੀ ਜਾਣੀ ਚਾਹੀਦੀ ਹੈ। -ਸੰਪਾਦਕ***

## ਭਖਦੇ ਮਸਲੇ

ਭਾਰਤ ਦੀਆਂ ਸਾਰੀਆਂ ਘਟਗਿਣਤੀਆਂ ਵਿਸ਼ਵਾਸ ਅਤੇ ਵਿਧਾਨਕਤਾ ਵਿਚਕਾਰ ਪੈਦਾ ਹੋ ਗਏ ਸਿਆਸੀ ਤਣਾਅ ਦੀਆਂ ਸ਼ਿਕਾਰ ਹੋਈਆਂ ਮਹਿਸੂਸ ਕਰਨ ਲੱਗ ਪਈਆਂ ਹਨ। ਇਸ ਨਾਲ ਭਾਰਤੀ ਸਭਿਆਚਾਰ ਦੀ ਬਹੁ-ਰੰਗੀ ਸਮਾਜਿਕਤਾ ਵੰਗਾਰੀ ਗਈ ਹੈ। ਖੇਤਰੀ ਸਿਆਸਤ ਨੂੰ ਇਸ ਦੀ ਕੀਮਤ ਸਭ ਨਾਲੋਂ ਵੱਧ ਚੁਕਾਉਣੀ ਪੈ ਰਹੀ ਹੈ। ਪੰਜਾਬ ਇਸ ਦੀ ਕੀਮਤ ਪਹਿਲਾਂ ਹੀ ਬਹੁਤ ਦੇ ਚੁਕਾ ਹੈ ਅਤੇ ਬੇਅਦਬੀ ਦੇ ਮਸਲੇ ਵਲ ਸੇਧਤ ਮਾਹੌਲ, ਪੰਜਾਬੀ ਸੰਵੇਦਨਾ ਨੂੰ ਲਗਾਤਾਰ ਵਿਚਲਿਤ ਕਰਦਾ ਆ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਬੇਅਦਬੀ ਦੀਆਂ ਘਟਨਾਵਾਂ ਉਸ ਵੇਲੇ ਸ਼ੁਰੂ ਹੋਈਆਂ ਸਨ, ਜਦੋਂ ਪੰਜਾਬ ਵਿਚ ਅਕਾਲੀ ਸਰਕਾਰ ਸੀ ਅਤੇ ਕੇਂਦਰ ਵਿਚ ਅਕਾਲੀ, ਸਰਕਾਰ ਦੇ ਭਾਈਵਾਲ ਸਨ। ਅਕਾਲੀਆਂ ਨੇ ਇਸ ਨੂੰ ਸਿਆਸੀ ਵਿਰੋਧੀਆਂ ਵੱਲੋਂ ਪੈਦਾ ਕੀਤਾ ਗਿਆ ਮਸਲਾ



ਬਲਕਾਰ ਸਿੰਘ (ਪ੍ਰੋ.)
ਫੋਨ: 91-93163-01328

ਸਮਝ ਕੇ ਇੰਨਾ ਵਿਗਾੜ ਲਿਆ ਕਿ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਅਜੇ ਤੱਕ ਵੀ ਸੁਲਘ ਰਿਹਾ ਹੈ। ਇਸ ਨਾਲ ਇਹ ਤੱਥ ਸਥਾਪਤ ਹੋ ਗਿਆ ਹੈ ਕਿ ਸੰਵੇਦਨਸ਼ੀਲ ਮਸਲਿਆਂ ਨੂੰ ਕਾਨੂੰਨ ਅਤੇ ਪ੍ਰਬੰਧਕੀ ਢੰਗ ਨਾਲ ਨਹੀਂ ਸੁਲਝਾਇਆ ਜਾ ਸਕਦਾ। ਵਿਸ਼ਵਾਸ ਦੇ ਸਰੋਕਾਰਾਂ ਨਾਲ ਜੁੜੇ ਇਸ ਮਸਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸੁਲਝਾਉਣ ਵਾਲੇ ਰਾਹ ਪਾਇਆ ਜਾ ਸਕਦਾ ਸੀ, ਪਰ ਸ਼੍ਰੋਮਣੀ ਕਮੇਟੀ ਨੂੰ ਤਾਂ ਅਕਾਲੀ ਸਰਕਾਰ ਵੇਲੇ ਮਰਜ਼ੀ ਨਾਲ ਸਾਹ ਲੈਣ ਦੀ ਖੁਲ੍ਹ ਨਹੀਂ ਸੀ।

ਅਸਲ ਵਿਚ ਇਹ ਮਸਲਾ ਅਕਾਲੀ ਸਰਕਾਰ ਨੂੰ ਵਿਚਲਿਤ ਕਰਨ ਵਾਸਤੇ ਪੈਦਾ ਕੀਤਾ ਗਿਆ ਸੀ ਅਤੇ ਇਸ ਨੂੰ ਸਿਆਸੀ ਹਥਿਆਰ ਵਜੋਂ ਵਰਤੇ ਜਾਣ ਦੀ ਕੋਸ਼ਿਸ਼ ਅਜੇ ਵੀ ਹੋ ਰਹੀ ਹੈ। ਜਿਹੜੇ ਲੋਕ ਇਹ ਸਮਝਦੇ ਹਨ ਕਿ ਇਹ ਮਸਲਾ ਜਿਵੇਂ ਬਾਦਲਕਿਆਂ ਦੇ ਗਲ ਪਾ ਦਿੱਤਾ ਗਿਆ ਸੀ, ਉਵੇਂ ਹੀ ਕੈਪਟਨ ਸਰਕਾਰ ਦੇ ਗਲ ਪਾਇਆ ਜਾ ਸਕਦਾ ਹੈ, ਉਹ ਸ਼ਾਇਦ ਇਸ ਮਸਲੇ ਨੂੰ ਸੁਲਝਾਉਣਾ ਹੀ ਨਹੀਂ ਚਾਹੁੰਦੇ। ਸੋਚਣ ਦੀ ਲੋੜ ਹੈ ਕਿ ਬੇਅਦਬੀ ਨੂੰ ਲੈ ਕੇ ਜਨਤਕ ਉਬਾਲ ਨੂੰ ਸਥਾਪਤ ਸਿਆਸਤ ਖਿਲਾਫ ਵਰਤਿਆ ਤਾਂ ਜਾ ਸਕਦਾ ਹੈ, ਪਰ ਇਸ ਨਾਲ ਕਿਸੇ ਕਿਸਮ ਦੀ ਸਿਆਸਤ ਨੂੰ ਸਥਾਪਤ ਨਹੀਂ ਕੀਤਾ ਜਾ ਸਕਦਾ। ਇਸ ਮਸਲੇ ਨੇ ਜੇ ਅਕਾਲੀ ਹਰਾਏ ਹਨ ਤਾਂ ਨਾਲ 'ਆਪ' ਵਾਲੇ ਵੀ ਤਾਂ ਹਰਾਏ ਹਨ।

ਇਸ ਮਸਲੇ ਨੂੰ ਸੁਲਝਾਉਣ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਸੀ ਤੇ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਦੇ ਪੈਰੋਂ ਹੀ ਇਹ ਮਸਲਾ ਪੈਦਾ ਹੋਇਆ ਸੀ। ਇਸ ਦੀ ਅਗਵਾਈ ਵਿਚ ਜਿਵੇਂ ਸਿੱਖ ਸੰਸਥਾਵਾਂ ਦਾ ਸਿਆਸੀ ਅਪਹਰਨ ਹੋਇਆ ਹੈ, ਉਸ ਨਾਲ ਹੀ ਜੁੜੀ ਹੋਈ ਹੈ ਬੇਅਦਬੀ ਦੀ ਸਮੱਸਿਆ! ਜੇ ਸ਼੍ਰੋਮਣੀ ਕਮੇਟੀ ਇਸ ਨੂੰ ਕਾਨੂੰਨੀ ਮਾਮਲਾ ਸਮਝ ਕੇ ਕਦੇ ਦੇਸ਼ ਦੇ ਰਾਸ਼ਟਰਪਤੀ ਕੋਲੋਂ ਬੇਅਦਬੀ ਕਰਨ ਵਾਲਿਆਂ ਵਾਸਤੇ ਮੌਤ ਦੀ ਸਜ਼ਾ ਮੰਗਦੀ ਫਿਰੇਗੀ, ਜਾਂ ਸਰਕਾਰੀ ਏਜੰਸੀਆਂ ਕੋਲੋਂ ਸਹਾਇਤਾ ਮੰਗਦੀ ਫਿਰੇਗੀ, ਤਾਂ ਇਸ ਨਾਲ ਕੁਝ ਹਾਸਲ ਨਹੀਂ ਹੋਣਾ।

ਅਕਾਲੀਆਂ ਵਲੋਂ ਲਾਇਆ ਜੱਜ ਫੇਲ੍ਹ ਹੋ ਚੁਕਾ ਹੈ ਅਤੇ ਕਾਂਗਰਸ ਵਲੋਂ ਲਾਇਆ ਦੂਜਾ ਜੱਜ ਕੀ ਕਰੇਗਾ, ਇਹ ਤਾਂ ਸਮਾਂ ਹੀ ਦੱਸੇਗਾ; ਪਰ ਇਹ ਤਾਂ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਧਰਮ ਦੇ ਨਾਮ 'ਤੇ ਇਹੋ ਜਿਹਾ ਕੋਈ ਬਹਾਨਾ ਪੈਦਾ ਹੀ ਨਹੀਂ ਹੋਣ ਦੇਣਾ ਚਾਹੀਦਾ ਜਿਸ ਨਾਲ ਵਿਸ਼ਵਾਸ ਤੇ ਜਜ਼ਬਾਤ ਨੂੰ ਸੜਕਾਂ 'ਤੇ ਵਹਿ ਤੁਰਨ ਦਾ ਮੌਕਾ ਮਿਲ ਜਾਵੇ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਹਰ ਸਮਕਾਲ ਵਿਚ ਕਿਸੇ ਵੀ ਰੰਗ ਦੀ ਰਾਜਨੀਤੀ, ਭੜਕਾਹਟ ਵਿਚ ਲਿਆਉਣ ਵਾਲੇ ਮੌਕਿਆਂ ਦੀ ਭਾਲ ਵਿਚ ਰਹਿੰਦੀ ਹੈ।

ਜਿਸ ਤਰ੍ਹਾਂ ਬਾਣੀ ਦੇ ਪੱਤਰਿਆਂ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਹਨ, ਇਨ੍ਹਾਂ ਨਾਲ ਉਹੋ ਜਿਹੀ ਰਾਜਨੀਤੀ ਪੈਦਾ ਨਹੀਂ ਹੋ ਸਕੀ, ਜਿਹੋ ਜਿਹੀ ਰਾਜਨੀਤੀ ਗੁਰਦੁਆਰਿਆਂ ਵਿਚ ਸਿਗਰਟਾਂ ਅਤੇ ਮੰਦਿਰਾਂ ਵਿਚ ਪੂਛਾਂ ਸੁੱਟਣ ਨਾਲ ਪੈਦਾ ਹੋ ਗਈ ਸੀ। ਇਸ ਤੋਂ ਤਾਂ ਇਹੀ ਲੱਗਦਾ ਹੈ ਕਿ ਜਿਹੋ ਜਿਹੇ ਸੰਤਾਪ ਵਿਚੋਂ ਪੰਜਾਬ ਨੂੰ ਲੰਘਣਾ ਪਿਆ ਸੀ, ਉਹੋ ਜਿਹੇ ਸੰਤਾਪ ਵਿਚੋਂ ਪੰਜਾਬ ਦੁਬਾਰਾ ਨਹੀਂ ਲੰਘਣਾ ਚਾਹੁੰਦਾ। ਇਸੇ ਕਾਰਨ ਬੇਅਦਬੀ ਦੀਆਂ ਘਟਨਾਵਾਂ ਨਾਲ ਪੈਦਾ ਹੋਏ ਜਨਤਕ ਉਬਾਲ ਨੂੰ ਉਸ ਵੇਲੇ ਹੁੰਗਾਰਾ ਮਿਲਣਾ ਬੰਦ ਹੋਣ ਲੱਗ ਪਿਆ ਸੀ ਜਿਸ ਵੇਲੇ ਇਸ ਮਸਲੇ 'ਤੇ ਸਿਆਸੀ ਰੋਟੀਆਂ ਸੇਕਣ ਦੇ ਪੈਂਤੜੇ ਸਾਹਮਣੇ ਆਉਣ ਲੱਗ ਪਏ ਸਨ।

ਜੇ ਜਨਤਕ ਉਬਾਲ ਨੂੰ ਪੁਲਿਸ ਰਾਹੀਂ ਦਬਾਉਣ ਵਾਸਤੇ ਦੋ ਨੌਜਵਾਨ ਗੁਰਸਿੱਖਾਂ ਨੂੰ ਸ਼ਹੀਦ ਨਾ ਕੀਤਾ ਜਾਂਦਾ ਤਾਂ ਇਸ ਮਸਲੇ ਨੇ ਸਵਾਲਾਂ ਦੇ ਘੇਰੇ ਵਿਚ ਘਿਰ ਜਾਣਾ ਸੀ। ਮਿਸਾਲ ਦੇ ਤੌਰ 'ਤੇ ਪੰਜਾਬ ਵਿਚ ਜੰਮਿਆ-ਪਲਿਆ ਕੋਈ ਵੀ ਪ੍ਰਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦਾ ਸਾਹਸ ਕਿਵੇਂ ਕਰ ਸਕਦਾ ਹੈ? ਸਵਾਲ ਇਹ ਵੀ ਪੈਦਾ ਹੋਣਾ ਸੀ ਕਿ ਬੇਅਦਬੀ ਕਰਨ ਵਾਲੇ ਨੂੰ ਹਾਸਲ ਕੀ ਹੋਣਾ ਸੀ? ਪੁੱਛਿਆ ਇਹ ਵੀ ਜਾਣਾ ਸੀ ਕਿ ਜਿਸ ਕੋਲੋਂ ਇਹ ਹੋ ਗਿਆ ਹੈ, ਉਹ ਪਾਗਲ ਤਾਂ ਨਹੀਂ ਹੈ? ਮਸਲੇ ਦਾ ਸਿਆਸੀ ਲਾਹਾ ਲੈਣ ਵਾਲਿਆਂ ਨੇ ਐਸੀ ਘੜਮੱਸ ਪੈਦਾ ਕਰ ਦਿੱਤੀ ਸੀ ਕਿ ਸਮੇਂ ਦੀ ਸਰਕਾਰ ਨੂੰ ਇਸ ਵਿਚੋਂ ਨਿਕਲਣ ਵਾਸਤੇ ਚੋਰ ਮੋਰੀਆਂ ਲੱਭਣੀਆਂ ਪੈ ਗਈਆਂ। ਇਸ ਨਾਲ ਸਿੱਖ ਸੰਸਥਾਵਾਂ ਰਾਹੀਂ ਇਸ ਮਸਲੇ ਦਾ ਹੱਲ ਲੱਭਣ ਦੇ ਸਾਰੇ ਰਸਤੇ ਹੀ ਬੰਦ ਹੋ ਗਏ ਸਨ, ਪਰ ਇਨ੍ਹਾਂ ਰਸਤਿਆਂ ਨੂੰ ਪੱਕੇ ਤੌਰ 'ਤੇ ਬੰਦ ਹੋਏ ਨਹੀਂ ਸਮਝਣਾ ਚਾਹੀਦਾ।

ਜਿਹੜੇ ਲੋਕ ਇਹ ਕਹਿ ਰਹੇ ਹਨ ਕਿ ਬੇਅਦਬੀ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ, ਉਹ ਇਸ ਮਸਲੇ ਨੂੰ ਵਰਤਮਾਨ ਸਰਕਾਰ ਦੇ ਗਲ ਉਸੇ ਤਰ੍ਹਾਂ ਪਾਉਣਾ ਚਾਹੁੰਦੇ ਹਨ, ਜਿਸ ਤਰ੍ਹਾਂ ਇਹ ਮਸਲਾ ਤਤਕਾਲੀ ਅਕਾਲੀ ਸਰਕਾਰ ਦੇ ਗਲ ਪੈ ਗਿਆ ਸੀ। ਕਿਸ ਨੂੰ ਨਹੀਂ ਪਤਾ ਕਿ 2015-16 ਵਿਚ ਬੇਅਦਬੀ ਨਾਲ ਜੁੜੀਆਂ ਜਿੰਨੀਆਂ ਵੀ ਘਟਨਾਵਾਂ ਵਾਪਰੀਆਂ, ਉਹ ਨਾ ਹੀ ਇਕ ਦੂਜੇ ਦੀ ਨਿਰੰਤਰਤਾ ਵਿਚ ਸਨ ਅਤੇ ਨਾ ਹੀ ਕਿਸੇ ਸੋਚ ਦੀਆਂ ਸੂਚਕ ਸਨ। ਇਉਂ ਲੱਗਦਾ ਹੈ, ਜਿਵੇਂ ਇਹ ਕੀਤਾ ਨਾ ਗਿਆ ਹੋਵੇ, ਸਗੋਂ ਹੋ ਗਿਆ ਹੋਵੇ, ਜਾਂ ਕਰਵਾ ਲਿਆ ਗਿਆ ਹੋਵੇ! ਜਿਹੜੇ ਕਾਰਨ ਇਹ ਹੋਇਆ ਸੀ, ਉਨ੍ਹਾਂ ਕਾਰਨਾਂ ਦੀ ਜੜ੍ਹ ਤੱਕ ਜਾਣ ਦੀ ਲੋੜ ਅਜੇ ਵੀ ਹੈ। ਇਸ ਵਾਸਤੇ ਵਾਪਰੀਆਂ ਘਟਨਾਵਾਂ ਪਿੱਛੇ ਕੰਮ ਕਰਦੀ ਸੋਚ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੈ। ਅਜਿਹਾ ਕਰਦਿਆਂ ਜੇ ਇਹ ਧਿਆਨ ਵਿਚ ਰੱਖਾਂਗੇ ਕਿ ਇਸ ਦਾ ਲਾਭ ਕਿਸ ਨੂੰ ਹੋਇਆ, ਤਾਂ ਨਿਰਸੰਦੇਹ ਇਸ ਮਸਲੇ ਦੀਆਂ ਪੈੜਾਂ ਕਿਸੇ ਨਾ ਕਿਸੇ ਕਿਸਮ ਦੀ ਸਿਆਸਤ ਵੱਲ ਲੈ ਜਾਣਗੀਆਂ।

ਇਸ ਮਸਲੇ ਦੇ ਪੁਲਾਂ ਹੇਠੋਂ ਬਹੁਤ ਸਾਰਾ ਪਾਣੀ ਲੰਘ ਗਿਆ ਹੈ ਅਤੇ ਇਹ ਸਪਸ਼ਟ ਹੋਣ ਲੱਗ ਪਿਆ ਹੈ ਕਿ ਇਸ ਮਸਲੇ ਨਾਲ ਜੁੜੇ ਲੋਕ ਪਾਗਲ ਸਨ ਜਾਂ ਪਾਂਡੀ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਟਕਿਆਂ ਤੱਕ ਫੈਲੀਆਂ ਬੇਅਦਬੀ ਦੀਆਂ ਘਟਨਾਵਾਂ ਸਿਆਸੀ-ਸੌਖ (ਪਾਲਿਟਿਕਸ ਆਫ ਸੌਫਟ ਟਾਰਗੈਟ) ਨਾਲ ਜੁੜੀਆਂ ਹੋਈਆਂ ਹਨ। ਕਾਰਾ ਕਰਨ ਵਾਲਾ, ਕਾਰਾ ਕਰਵਾਉਣ ਵਾਲਾ, ਭੜਕ ਜਾਣ ਵਾਲਾ ਅਤੇ ਹੋ ਗਏ ਦਾ ਲਾਹਾ ਲੈਣ ਵਾਲਾ, ਸਿਆਸੀ-ਸੌਖ ਦਾ ਪਰਤ-ਦਰ-ਪਰਤ ਵਰਤਾਰਾ ਹੀ ਤਾਂ ਹਨ ਤੇ ਸਨ। ਸਰਕਾਰ ਅਤੇ ਪੁਲਿਸ ਵੱਲੋਂ ਚੁੱਕੇ ਕਦਮਾਂ ਨੇ ਸੁਆਰਿਆ ਘੱਟ ਅਤੇ ਵਿਗਾੜਿਆ ਬਹੁਤਾ ਸੀ। ਪਹਿਲ ਪੁਲਿਸ ਰਾਹੀਂ ਸਰਕਾਰ ਨੂੰ ਬਚਾਉਣ ਵਾਸਤੇ ਹੋਈ ਸੀ ਅਤੇ ਅੰਤ ਸਰਕਾਰ ਵੱਲੋਂ ਪੁਲਿਸ ਨੂੰ ਬਚਾਉਣ ਨਾਲ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਦਾ ਵਿੰਗ ਬਣ ਕੇ ਅਤੇ ਅਕਾਲੀ ਦਲ ਨੇ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦਾ ਅਪਹਰਨ ਕਰ ਕੇ ਬੇਅਦਬੀ ਵਰਗੇ ਮਸਲਿਆਂ ਦੇ ਪੰਥਕ ਹੱਲ ਦੇ ਸਾਰੇ ਰਾਹ ਬੰਦ ਕਰ ਦਿੱਤੇ ਹਨ। ਇਸ ਪੰਥਕ ਮਸਲੇ ਨੂੰ ਸਿਆਸੀ ਢੰਗ ਨਾਲ ਨਹੀਂ ਸੁਲਝਾਇਆ ਜਾ ਸਕਦਾ, ਕਿਉਂਕਿ ਇਹ ਮਸਲਾ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਖਿਲਾਫ ਗੁੱਸੇ ਦਾ ਪ੍ਰਗਟਾਵਾ ਸੀ।

ਇਸ ਮਸਲੇ ਦੀਆਂ ਦੋ ਪਰਤਾਂ ਹਨ-ਪਹਿਲਾ, ਗੁੱਸੇ ਦਾ ਮਾਧਿਅਮ, ਬੇਅਦਬੀ ਅਤੇ ਦੂਜਾ, ਗੁੱਸੇ ਦਾ ਭੜਕਾਊ ਪ੍ਰਗਟਾਵਾ, ਸਿਆਸਤ। ਇਹ ਦੋਵੇਂ ਰਲ ਕੇ ਤੁਰਦੇ ਨਜ਼ਰ ਆਉਂਦੇ ਹਨ। ਇਸ ਨੂੰ ਅਪ੍ਰਸੰਗਕ ਹੋਈ ਜਾ ਰਹੀ ਸਿਆਸੀ ਸ਼ੈਲੀ ਨੂੰ ਪ੍ਰਸੰਗਕ ਬਣਾਉਣ ਦਾ ਅਨੈਤਿਕ ਤਰੀਕਾ ਵੀ ਕਿਹਾ ਜਾ ਸਕਦਾ ਹੈ। ਕਿਸੇ ਵੀ ਸਿਆਸੀ ਅਨੈਤਿਕਤਾ ਨੂੰ ਸਰਕਾਰੀ ਏਜੰਸੀਆਂ ਦੇ ਖਾਤੇ ਵਿਚ ਪਾ ਕੇ ਬਰੀ ਹੋਣ ਦੀ ਸਿਆਸਤ ਵੀ ਆਮ ਹੋ ਰਹੀ ਹੈ। ਇਸ ਨਾਲ ਹਰ ਸਿੱਖ ਆਪਣੇ ਹੀ ਗੁਰਭਾਈ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਣ ਲੱਗ ਪਿਆ ਹੈ। ਯੂ-ਟਿਊਬ 'ਤੇ ਜਾਓ ਤਾਂ ਪਤਾ ਲੱਗ ਜਾਏਗਾ ਕਿ ਮਨਮਰਜ਼ੀ ਦੀ ਸਿਆਸਤ ਨੂੰ ਸਿੱਖ ਸਮੂਹ ਦੇ ਮੱਥੇ ਮੜ੍ਹਿਆ ਜਾ ਰਿਹਾ ਹੈ। ਅਜਿਹਾ ਕਰਨ ਵਾਲਿਆਂ ਨੂੰ ਕੋਈ ਨਹੀਂ ਪੁੱਛਦਾ ਕਿ ਕੈਪਟਨ ਸਰਕਾਰ, ਬਾਦਲ ਸਰਕਾਰ ਦੀ ਨਿਰੰਤਰਤਾ ਵਿਚ ਕਿਵੇਂ ਹੋਈ? ਉਹ ਇਹ ਦੱਸਣ ਲਈ ਤਿਆਰ ਨਹੀਂ ਹਨ ਕਿ 'ਆਪ' ਨੂੰ ਹਰਾਉਣ ਵਾਸਤੇ ਕਾਂਗਰਸ ਤੇ ਅਕਾਲੀ ਕਿਵੇਂ, ਕਦੋਂ ਅਤੇ ਕਿਥੇ ਇਕੱਠੇ ਹੋਏ ਸਨ? ਇਹ ਕੌਣ ਪੁੱਛੇ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਮਿਲਣਾ, ਸਿੱਖ ਦਾ ਹਿੰਦੂਆਂ ਦੇ ਥੱਲੇ ਲੱਗਣਾ ਕਿਵੇਂ ਹੋਇਆ? ਬਿਨਾ ਸੋਚੇ ਸਮਝੇ ਸ਼ੋਰੀਲੇ ਢੰਗ ਨਾਲ ਕਿਹਾ ਜਾ ਰਿਹਾ ਹੈ ਕਿ ਸਿਆਸੀ ਸੱਤਾ ਵਿਚ ਸਿੱਖ ਵਿਰੋਧੀ ਹੋ ਕੇ ਹੀ ਰਿਹਾ ਜਾ ਸਕਦਾ ਹੈ! ਇਹੀ ਮਾਨਸਿਕਤਾ ਹੈ ਜਿਸ ਦਾ ਸਿਆਸੀ ਪ੍ਰਗਟਾਵਾ ਬਰਗਾੜੀ ਵਰਗੀਆਂ ਘਟਨਾਵਾਂ ਵਿਚ ਨਿਕਲਦਾ ਰਹਿੰਦਾ ਹੈ। ਇਸ ਨੂੰ ਢਾਡੀ ਸੋਹਣ ਸਿੰਘ ਸੀਤਲ ਦੀ ਕਿਸੇ ਹੋਰ ਪ੍ਰਸੰਗ ਵਿਚੋਂ ਲਈ ਹੋਈ ਇਸ ਟੂਕ ਰਾਹੀਂ ਸੌਖਿਆਂ ਸਮਝਿਆ ਜਾ ਸਕਦਾ ਹੈ:

> ਤੁਰੀਆਂ ਸੰਗ ਕਲਜੋਗਣਾਂ ਲੈ ਖੱਪਰ ਖਾਲੀ।
> ਹੋਵੇਗਾ ਅਸਮੇਧ ਜੱਗ ਰੱਜ ਖਾਣ ਸਵਾਲੀ।

ਇਹ ਮਸਲਾ ਪੁਲਿਸ ਦੇ ਪੈਰੋਂ ਵਿਗੜਿਆ ਸੀ ਅਤੇ ਇਸ ਨੂੰ ਕਾਨੂੰਨ ਰਾਹੀਂ ਨਹੀਂ ਸੁਝਾਇਆ ਜਾ ਸਕਦਾ, ਕਿਉਂਕਿ ਇਸ ਮਸਲੇ ਨਾਲ ਜੁੜੀ ਹੋਈ ਮਾਨਸਿਕਤਾ ਤੱਕ ਸਿੱਖ ਸੁਰ ਵਿਚ ਹੀ ਪਹੁੰਚਿਆ ਜਾ ਸਕਦਾ ਹੈ। ਇਸ ਮਸਲੇ ਨੂੰ ਘਰ ਦਾ ਮਸਲਾ ਸਮਝ ਕੇ ਸੰਭਾਲਿਆ ਜਾਣਾ ਚਾਹੀਦਾ ਹੈ ਅਤੇ ਇਸ ਸੰਵੇਦਨਸ਼ੀਲ ਮਸਲੇ ਨੂੰ ਕਾਨੂੰਨੀ ਗਲੀਆਂ ਤੇ ਸਰਕਾਰੀ ਬਾਜ਼ਾਰਾਂ ਵਿਚ ਨਹੀਂ ਉਛਾਲਣਾ ਚਾਹੀਦਾ। ਇਹੋ ਜਿਹੀ ਸਿਆਸਤ ਬਹੁਤ ਹੋ ਚੁਕੀ ਹੈ ਅਤੇ ਇਸ ਦੇ ਨਤੀਜੇ ਵੀ ਸਭ ਦੇ ਸਾਹਮਣੇ ਹਨ। ਇਹ ਮਸਲਾ ਸਿੱਖ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ ਅਤੇ ਇਸ ਨੂੰ ਸਿੱਖ ਵਿਧੀ 'ਚ ਹੀ ਸੁਲਝਾਇਆ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਇਸ ਵੇਲੇ ਸਰਕਾਰੀ ਦਖਲ ਤੋਂ ਮੁਕਤ ਹੈ ਅਤੇ ਸ਼੍ਰੋਮਣੀ ਕਮੇਟੀ ਨੂੰ ਸਰਕਾਰੀ ਦਖਲ ਵੱਲ ਭੱਜਣ ਦੇ ਪੱਕ ਗਏ ਸੁਭਾ ਦੀ ਥਾਂ, ਪੰਥਕ ਸੁਰ ਵਿਚ ਬੇਅਦਬੀ ਦੇ ਮਸਲੇ ਦਾ ਹੱਲ ਕੱਢਣ ਵਾਲੇ ਰਾਹ ਤੁਰ ਪੈਣਾ ਚਾਹੀਦਾ ਹੈ। ਕਿਤੇ ਪਹੁੰਚਣ ਵਾਸਤੇ ਪਹਿਲਾ ਕਦਮ ਤਾਂ ਚੁੱਕਣਾ ਹੀ ਪਵੇਗਾ।

# ਅਲਗੋਜ਼ਿਆਂ 'ਤੇ ਗਾਉਣ ਵਾਲਾ ਗੁਰਨਾਮ ਸਿੰਘ ਰਸੀਲਾ

## ਸਾਡੇ ਗਾਇਕ

ਪੰਜਾਬ ਦੀ ਰਵਾਇਤੀ ਗਾਇਕੀ 'ਚ ਅਲਗੋਜ਼ਿਆਂ ਦੀਆਂ ਸੁਰਾਂ 'ਤੇ ਗਾਉਣ ਵਾਲੇ ਅਨੇਕਾਂ ਗਾਇਕ ਹੋਏ ਹਨ। ਪੁਰਾਤਨ ਲੋਕ ਗਾਇਕੀ ਦੇ ਵਾਰਿਸਾਂ 'ਚੋਂ ਗੁਰਮੀਤ ਬਾਵਾ, ਜਗਤ ਸਿੰਘ ਜੱਗਾ ਅਤੇ ਹੋਰ ਅਨੇਕਾਂ ਫਨਕਾਰਾਂ ਦੇ ਗੀਤ ਅਲਗੋਜ਼ੇ-ਤੂੰਬੇ ਨਾਲ ਪੱਥਰ ਦੇ ਰਿਕਾਰਡਾਂ 'ਤੇ ਦਰਜ ਪਏ ਹਨ। ਮਾਲਵੇ ਦਾ ਗਾਇਕ ਗੁਰਨਾਮ ਸਿੰਘ ਰਸੀਲਾ ਵੀ ਇਸ ਰਵਾਇਤੀ ਸਾਜ਼ਾਂ ਵਾਲੀ ਗਾਇਕੀ ਦਾ ਹਿੱਸਾ ਰਿਹਾ ਹੈ। ਭਾਵੇਂ ਉਸ ਦੇ

ਸੁਰਜੀਤ ਜੱਸਲ
ਫੋਨ: 91-98146-07737

ਗੀਤ ਉਂਗਲਾਂ ਦੇ ਪੋਟਿਆਂ 'ਤੇ ਗਿਣੇ ਜਾਣ ਜੋਗੇ ਹੀ ਹਨ, ਪਰ ਇਨ੍ਹਾਂ ਗੀਤਾਂ ਨੇ ਹੀ ਉਸ ਦੀ ਪਛਾਣ ਦੇਸ਼-ਵਿਦੇਸ਼ ਤੱਕ ਬਣਾਈ ਹੋਈ ਹੈ। ਮਾਛੀਵਾੜਾ ਦੇ ਜੰਗਲਾਂ 'ਚ ਅਰਾਮ ਕਰ ਰਹੇ ਕਲਗੀਆਂ ਵਾਲੇ ਦਸਮ ਪਾਤਿਸ਼ਾਹ ਬਾਰੇ ਰਚਨਾਕਾਰ ਮਥਰਾ ਸਿੰਘ ਦੀ ਰਚਨਾ 'ਜੰਗਲ ਦੇ ਜਾਨਵਰੋ, ਸੁੱਤਾ ਜਾਗ ਪਵੇ ਨਾ ਮਾਹੀ' ਅਤੇ 'ਇੱਕ ਦਿਨ ਕਲਗੀਵਾਲੇ ਸਤਿਗੁਰ ਦੀਨ ਦੁਨੀ ਦੇ ਸਾਈਂ' ਆਦਿ ਨਾਲ ਜਾਣੇ ਜਾਂਦੇ ਬਰਨਾਲਾ ਨੇੜਲੇ ਪਿੰਡ ਫਰਵਾਹੀ ਦਾ ਗੁਰਨਾਮ ਸਿੰਘ ਰਸੀਲਾ ਅੱਜ ਵੀ ਚਿੱਤ-ਚੇਤਿਆਂ 'ਚ ਵਸਿਆ ਹੋਇਆ ਹੈ।

ਗੁਰਨਾਮ ਸਿੰਘ ਰਸੀਲਾ ਦਾ ਜਨਮ ਲਾਇਲਪੁਰ (ਪਕਿਸਤਾਨ) ਦਾ ਹੈ, ਬਚਪਨ ਅਤੇ ਜਵਾਨੀ ਦਾ ਸਮਾਂ ਪਿੰਡ ਫਰਵਾਹੀ ਵਿਚ ਗੁਜਰਿਆ। ਉਸ ਦੇ ਸੰਘਰਸ਼ ਦੀ ਕਹਾਣੀ ਬਹੁਤ ਲੰਮੀ ਹੈ। ਪਾਕਿਸਤਾਨ 'ਚੋਂ ਉਜੜ ਕੇ ਆਉਣ ਦਾ ਦਰਦ ਉਸ ਨੇ ਬਹੁਤ ਨਿੱਕੀ ਉਮਰੇ ਹੰਢਾਇਆ। ਸ਼ਰਨਾਰਥੀ ਕੈਂਪਾਂ 'ਚ ਰੁਲਦਿਆਂ ਪਿਤਾ ਸਾਧੂ ਸਿੰਘ ਤੇ ਮਾਤਾ ਚਿੰਤ ਕੌਰ ਬਾਲ 'ਰਸੀਲੇ' ਨੂੰ ਲੈ ਕੇ ਪਿੰਡ ਗਗੜਾ ਚੀਮਾ (ਨੇੜੇ ਮੋਗਾ) 'ਚ ਆ ਵਸੇ। ਉਹ ਅਜੇ ਛੋਟਾ ਹੀ ਸੀ ਕਿ ਕਿਸੇ ਬਿਮਾਰੀ-ਵੱਸ ਉਸ ਦਾ ਪਿਤਾ, ਵੱਡਾ ਭਾਈ ਅਤੇ ਤਾਇਆ ਚੱਲ ਵਸੇ ਤੇ ਉਹ ਆਪਣੀ ਮਾਤਾ ਨਾਲ ਨਾਨਕੇ ਪਿੰਡ ਫਰਵਾਹੀ ਆ ਗਿਆ। ਇਥੇ ਹੀ ਉਹ ਪੰਜ ਜਮਾਤਾਂ ਪੜ੍ਹ ਕੇ ਅੱਖਰਾਂ ਦਾ ਸਿਆਣੂ ਹੋਇਆ। ਥੋੜ੍ਹੀ ਸੁਰਤ ਸੰਭਲੀ ਤਾਂ ਉਸ ਨੇ ਹਾਣੀਆਂ ਨਾਲ ਰਲ ਕੇ ਕੱਦੂ 'ਚ ਡੰਡਾ ਪਾ ਕੇ ਤੂੰਬੀ ਬਣਾ ਲਈ ਤੇ ਗਾਉਣ ਦਾ ਭੁਸ ਪਾਲ ਲਿਆ। ਉਦੋਂ ਕਵੀਸ਼ਰੀ ਦਾ ਦੌਰ ਹੁੰਦਾ ਸੀ। ਮੇਲਿਆਂ-ਮਜ਼ਾਰਾਂ 'ਤੇ ਗੌਣ ਸੁਣਦਿਆਂ ਆਖਿਰ ਪਿੰਡ ਗੁੜੇ ਦੇ ਨਾਮੀ ਕਵੀਸ਼ਰ ਗੁਰਚਰਨ ਸਿੰਘ ਮਾਨ ਬਾਰੇ ਦੱਸ ਪਈ ਤਾਂ ਰਸੀਲੇ ਨੇ ਉਸ ਨੂੰ ਉਸਤਾਦ ਧਾਰ ਲਿਆ ਤੇ ਇੱਕ ਮਨ ਹੋ ਕੇ ਗੌਣ ਕਲਾ ਨੂੰ ਸਮਰਪਿਤ ਹੋ ਗਿਆ।

ਗੁਰਚਰਨ ਸਿੰਘ ਮਾਨ ਨਾਲ ਉਸ ਨੇ ਕਈ ਸਾਲ ਗਾਇਆ। ਇਸੇ ਦੌਰਾਨ ਰਸੀਲੇ ਦਾ ਮੇਲ ਸੁਨਾਮ ਦੇ ਮਸ਼ਹੂਰ ਅਲਗੋਜ਼ਾ ਮਾਸਟਰ ਮੰਗੂ ਰਾਮ ਅਤੇ ਢੋਲੀ ਭਾਨਾ ਰਾਮ ਨਾਲ ਹੋਇਆ ਜਿਨ੍ਹਾਂ ਸਦਕਾ ਫਿਲਮਾਂ 'ਚ ਭੰਗੜਾ ਪਵਾਉਣ ਵਾਲੇ ਮਨੋਹਰ ਦੀਪਕ ਰਾਹੀਂ ਉਸ ਨੂੰ ਬੰਬਈ ਦੀ ਫਿਲਮ ਨਗਰੀ 'ਚ ਨਾਮੀ ਫਿਲਮ ਹਸਤੀਆਂ ਅੱਗੇ ਆਪਣੀ ਕਲਾ ਪੇਸ਼ ਕਰਨ ਦਾ ਮੌਕਾ ਮਿਲਿਆ।

ਗੁਰਨਾਮ ਸਿੰਘ ਰਸੀਲਾ ਦੱਸਦੇ ਹਨ ਕਿ ਉਹ ਆਪਣੇ ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਗੀਤ ਗਾ ਕੇ ਕਰਿਆ ਕਰਦਾ ਸੀ ਤੇ ਦੇਸ਼ ਭਗਤਾਂ, ਸੂਰਮਿਆਂ, ਸੱਸੀ, ਸੋਹਣੀ, ਹੀਰ-ਰਾਂਝਾਂ,



*ਗੁਰਨਾਮ ਸਿੰਘ ਰਸੀਲਾ*

ਮਿਰਜ਼ਾ-ਸਾਹਿਬਾ ਆਦਿ ਨਾਲ ਗਾਇਕੀ ਦੀ ਸਿਖਰ ਨੂੰ ਜਾ ਛੂੰਹਦਾ।

ਐਚ.ਐਮ.ਬੀ. ਕੰਪਨੀ ਵਾਲਿਆਂ ਨੇ 1980 ਵਿਚ ਕਈ ਕਲਾਕਾਰਾਂ ਦੇ ਧਾਰਮਿਕ ਗੀਤਾਂ ਦਾ ਇੱਕ ਸਾਂਝਾ ਐਲ.ਪੀ. ਰਿਕਾਰਡ 'ਸਿੱਖੀ ਦਾ ਰਾਹ ਨਿਰਾਲਾ' ਤਿਆਰ ਕੀਤਾ ਜਿਸ ਵਿਚ ਅਲਗੋਜ਼ਿਆਂ 'ਤੇ ਗਾਇਆ ਰਸੀਲੇ ਦਾ ਪਹਿਲਾ ਗੀਤ 'ਇਕ ਦਿਨ ਕਲਗੀ ਵਾਲੇ ਸਤਿਗੁਰ ਦੀਨ ਦੁਨੀ ਦੇ ਸਾਈਂ' ਰਿਕਾਰਡ ਹੋਇਆ, ਜੋ ਉਸ ਦੀ ਪਛਾਣ ਬਣਿਆ।

ਰਸੀਲੇ ਦੇ ਇਸ ਗੀਤ ਦੀ ਮਕਬੂਲੀਅਤ ਵੇਖਦਿਆਂ ਐਚ.ਐਮ.ਬੀ. ਕੰਪਨੀ ਨੇ ਕੇਸਰ ਸਿੰਘ ਨਰੂਲਾ ਦੇ ਸੰਗੀਤ 'ਚ ਉਸ ਦੇ ਚਾਰ ਗੀਤਾਂ ਦੀ ਰਿਕਾਡਿੰਗ ਕੀਤੀ। ਉਸਤਾਦ ਗੁਰਚਰਨ ਸਿੰਘ ਮਾਨ ਅਤੇ ਮਧਰਾ ਸਿੰਘ ਦੇ ਲਿਖੇ ਇਨ੍ਹਾਂ ਗੀਤਾਂ ਲਈ ਅਲਗੋਜ਼ਿਆਂ 'ਤੇ ਸਾਥ ਸ਼ੇਖ ਗੁਰਮੇਲ ਨੇ ਦਿੱਤਾ। ਇਸ 'ਈ.ਪੀ. ਡਿਸਕ' ਦਾ ਪਹਿਲਾ ਗੀਤ 'ਜੰਗਲ ਦੇ ਜਾਨਵਰੋ...' ਸਪੀਕਰ ਵਾਲਿਆਂ ਨੇ ਬਹੁਤ ਵਜਾਇਆ। ਉਸ ਦੇ ਬਾਕੀ ਗੀਤ 'ਰਵੀਦਾਸ ਭਗਤ ਦੀ ਕਹਾਣੀ', 'ਸੱਚਖੰਡ ਦਾ ਰਾਸਤਾ' ਅਤੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਵਾਰ 'ਛੇਤੀ ਆਗਿਆ ਦੇਵੋ ਪਿਤਾ ਜੀ' ਵੀ ਕਾਫੀ ਮਕਬੂਲ ਹੋਏ।

ਗੁਰਨਾਮ ਸਿੰਘ ਰਸੀਲਾ ਸ਼ੁਰੂ ਤੋਂ ਹੀ ਧਾਰਮਿਕ ਬਿਰਤੀ ਦੇ ਮਾਲਕ ਹੋਣ ਕਰਕੇ ਸੰਤ ਮਹਾਂਪੁਰਖਾਂ ਦੀ ਸੰਗਤ 'ਚ ਰਹੇ। ਸੰਤ ਬਾਬਾ ਗੁਰਦਿੱਤਾ ਸਿੰਘ ਜੀ ਸਮਰੇ ਵਾਲਿਆਂ ਨੇ ਹੀ ਸੇਵਾ ਭਾਵਨਾ ਨੂੰ ਵੇਖਦਿਆਂ ਗੁਰਨਾਮ ਸਿੰਘ ਨਾਂ ਨਾਲ 'ਰਸੀਲਾ' ਉਪਨਾਮ ਦੀ ਬਖਸ਼ਿਸ ਕੀਤੀ। ਸੰਤਾਂ ਦੀ ਮਿਹਰ ਸਦਕਾ ਰਸੀਲਾ ਗੁਰਬਾਣੀ ਨਾਲ ਜੁੜਿਆ ਤੇ ਆਮ ਗਾਇਕੀ ਤੋਂ ਉਪਰ ਉਠਦਿਆਂ ਹੱਕ-ਸੱਚ ਦੇ ਮਾਰਗ ਦਾ ਪਾਂਧੀ ਬਣਿਆ। ਸੰਤ ਬਾਬਾ ਸੁਖਚੈਨ ਸਿੰਘ ਨਾਲ 1983 ਵਿਚ ਰਸੀਲਾ ਪਹਿਲੀ ਵਾਰ ਇੰਗਲੈਂਡ ਗਿਆ, ਜਿੱਥੇ ਸੱਤ ਸਾਲ ਵੱਖ ਵੱਖ ਗੁਰੂ ਘਰਾਂ ਵਿਚ ਕੀਰਤਨ ਕਰਦਿਆਂ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਫਿਰ 1993 'ਚ ਉਹ ਅਮਰੀਕਾ ਚਲਾ ਗਿਆ ਤੇ ਉਥੋਂ ਦਾ ਪੱਕਾ ਵਾਸੀ ਬਣ ਗਿਆ। ਉਸ ਦੇ ਪਰਿਵਾਰ 'ਚੋਂ ਦੋ ਵੱਡੇ ਪੁੱਤਰ-ਸੁਖਦੇਵ ਸਿੰਘ ਤੇ ਗੁਰਤੇਜ ਸਿੰਘ ਆਪਣੇ ਪਰਿਵਾਰਾਂ ਸਮੇਤ ਉਸ ਕੋਲ ਹੀ ਰਹਿੰਦੇ ਹਨ ਜਦਕਿ ਛੋਟਾ ਪੁੱਤਰ ਤਰਸੇਮ ਸਿੰਘ ਪੰਜਾਬ ਰਹਿੰਦਾ ਹੈ। ਉਸ ਦੀ ਜੀਵਨ ਸਾਥਣ ਮਹਿੰਦਰ ਕੌਰ ਕਈ ਸਾਲ ਪਹਿਲਾਂ ਰੱਬ ਨੂੰ ਪਿਆਰੀ ਹੋ ਗਈ ਸੀ। ਜ਼ਿੰਦਗੀ ਦੀਆਂ ਅਨੇਕਾਂ ਯਾਦਾਂ ਅਤੇ ਪਿੰਡ ਨਾਲ ਡਾਢਾ ਮੋਹ ਹੋਣ ਕਰਕੇ ਉਹ ਅਕਸਰ ਪਿੰਡ ਗੇੜਾ ਮਾਰ ਜਾਂਦਾ ਹੈ।

ਗੁਰਨਾਮ ਸਿੰਘ ਰਸੀਲਾ ਦੇ ਪੰਜ ਗੀਤ ਐਚ.ਐਮ.ਬੀ. ਦੇ ਤਵਿਆਂ 'ਤੇ ਆਏ ਜਦਕਿ ਇੱਕ ਪੂਰੀ ਕੈਸਿਟ 'ਜੰਨ ਬਾਬੇ ਨਾਨਕ ਦੀ' ਇੰਗਲੈਂਡ 'ਚ ਰਿਕਾਰਡ ਹੋਈ। ਬੇਸ਼ਕ ਵਿਦੇਸ਼ਾਂ ਵਿਚ ਰਸੀਲਾ ਅੱਜ ਇੱਕ ਕੀਰਤਨੀਏ ਵਜੋਂ ਜਾਣਿਆ ਜਾਂਦਾ ਹੈ, ਪਰ ਪੁਰਾਤਨ ਗਾਇਕੀ ਦੇ ਇਤਿਹਾਸ ਵਿਚ ਰਸੀਲੇ ਦੀ ਪਛਾਣ ਅੱਜ 'ਜੰਗਲ ਦੇ ਜਾਨਵਰੋ ਸੁੱਤਾ ਜਾਗ ਪਵੇ ਨਾ ਮਾਹੀ' ਵਜੋਂ ਹੀ ਬਣੀ ਹੋਈ ਹੈ।

ਅੱਜ ਕਲ ਉਹ ਕੈਲੀਫੋਰਨੀਆ ਦੇ ਸ਼ਹਿਰ ਐਂਟੀਓਕ 'ਚ ਆਪਣੇ ਬੇਟੇ ਸੁਖਦੇਵ ਸਿੰਘ ਨਾਲ ਰਹਿੰਦੇ ਹਨ। ਉਨ੍ਹਾਂ ਨਾਲ ਸੰਪਰਕ ਫੋਨ: 925-354-9025 ਰਾਹੀਂ ਹੋ ਸਕਦਾ ਹੈ।

# ਸਿੱਖ ਅਤੇ ਮੁਸਲਮਾਨ: ਭਾਈਚਾਰਕ ਸਾਂਝ

***ਇੰਗਲੈਂਡ ਵੱਸਦੇ ਲਹਿੰਦੇ ਪੰਜਾਬ ਦੇ ਲਿਖਾਰੀ ਗੁਲਾਮ ਮੁਸਤਫਾ ਡੋਗਰ ਨੇ ਪਾਕਿਸਤਾਨੀ ਪਿੰਡਾਂ ਬਾਰੇ ਵਾਹਵਾ ਖੋਜ ਕੀਤੀ ਹੋਈ ਹੈ। ਇਸ ਲੇਖ ਵਿਚ ਉਸ ਨੇ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਸਾਂਝ ਬਾਰੇ ਨਿਵੇਕਲੀ ਸਾਂਝ ਪੁਆਈ ਹੈ। ਉਸ ਨੇ ਖਾਸ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਮੁਸਲਮਾਨਾਂ ਵੱਲੋਂ ਪਾਏ ਗਏ ਯੋਗਦਾਨ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਇਸ ਨਾਲ ਇਤਿਹਾਸ ਦੇ ਇਕ ਖਾਸ ਵਰਕੇ ਉਤੇ ਵੀ ਨਿਗ੍ਹਾ ਪੈ ਗਈ ਹੈ। ਇਸ ਦਿਲਚਸਪ ਲੇਖ ਦਾ ਤਰਜਮਾ ਤਰਸੇਮ ਸਿੰਘ ਤਰਾਨਾ ਨੇ ਕੀਤਾ ਹੈ ਜੋ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਸਿੱਖਾਂ ਦੇ ਪਹਿਲੇ ਗੁਰੂ ਬਾਬਾ ਨਾਨਕ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਤੱਕ ਸਿੱਖ ਮੁਸਲਮਾਨ ਭਾਈਚਾਰਕ ਸਾਂਝ ਸਮੇਂ ਸਮੇਂ ਗੂੜ੍ਹੀ ਰਹੀ ਏ। ਬਾਬਾ ਨਾਨਕ ਦੇ ਅਵਤਾਰ ਧਾਰਨ ਸਮੇਂ ਸਭ ਤੋਂ ਪਹਿਲਾਂ ਗੁਰੂ ਜੀ ਦਾ ਦੀਦਾਰ ਕਰਨ ਵਾਲੀ ਮੁਸਲਮਾਨ ਔਰਤ ਦਾਈ ਦੌਲਤਾਂ ਸੀ।

**ਰਾਏ ਬੁਲਾਰ:** ਗੁਰੂ ਨਾਨਕ ਨੂੰ ਵਲੀ ਪੀਰ ਅਤੇ ਰੱਬ ਦੀ ਰਹਿਮਤਾਂ ਦੇ ਭੰਡਾਰੇ ਵਜੋਂ ਸਭ ਤੋਂ ਪਹਿਲਾ ਮੁਸਲਮਾਨ ਰਾਏ ਬੁਲਾਰ ਹੀ ਸਮਝ ਸਕਿਆ ਸੀ। ਖੋਜ ਮੁਤਾਬਿਕ ਰਾਏ ਬੁਲਾਰ ਦਾ ਅਸਲੀ ਨਾਮ ਰਾਏ ਬਲੌਰ ਸੀ, ਕਿਉਂਕਿ ਇਤਿਹਾਸ



**ਗੁਲਾਮ ਮੁਸਤਫਾ ਡੋਗਰ (ਯੂ.ਕੇ.)**
**ਤਰਜਮਾ: ਤਰਸੇਮ ਸਿੰਘ ਤਰਾਨਾ**
**ਫੋਨ: +91-94173-43431**

ਵਿਚ ਕਿਸੇ ਵੀ ਹੋਰ ਪੰਜਾਬੀ ਦਾ ਨਾਮ ਬੁਲਾਰ ਨਹੀਂ ਮਿਲਦਾ। ਗੁਰੂ ਨਾਨਕ ਦੇ ਬਚਪਨ ਸਮੇਂ ਫਾਰਸੀ ਸਰਕਾਰੀ ਜ਼ੁਬਾਨ ਸੀ। ਇਲਾਕੇ ਦੇ ਲੋਕ, ਖਾਸ ਤੌਰ 'ਤੇ ਮੁਸਲਮਾਨ ਆਪਣੇ ਨਾਮ ਫਾਰਸੀ ਜ਼ੁਬਾਨ ਵਿਚ ਰੱਖਦੇ ਸਨ। ਇਰਾਨ ਵਿਚ ਅਜੇ ਵੀ ਲੋਕ ਫਾਰਸੀ ਜ਼ੁਬਾਨ ਵਿਚ ਪੁੱਤਰ ਦਾ ਨਾਮ ਬਲੌਰ ਰੱਖਦੇ ਹਨ। ਫਾਰਸੀ ਵਿਚ ਬਲੌਰ ਦਾ ਮਤਲਬ ਹੈ- ਇਹੋ ਜਿਹਾ ਸ਼ੀਸ਼ਾ ਜਾਂ ਕੱਚ ਜਿਸ ਵਿਚ ਦਾਗ ਨਾ ਹੋਵੇ, ਬਿਲਕੁਲ ਸਾਫ। ਪਾਕਿਸਤਾਨ ਦੇ ਪਠਾਣਾਂ ਦੇ ਸੂਬਾ ਖੈਬਰ ਪਖਤੂਨਖਵਾ ਵਿਚ ਅੱਜ ਵੀ ਬਲੌਰ ਨਾਮ ਪ੍ਰਚਲਿਤ ਹੈ। ਪਸ਼ੌਰ (ਪਿਸ਼ਾਵਰ) ਦੇ ਇਕ ਕੌਮੀ ਅਸੈਂਬਲੀ ਮੈਂਬਰ ਦਾ ਨਾਮ ਗੁਲਾਮ ਅਹਿਮਦ ਬਲੌਰ ਹੈ। ਬਾਂਟਿਆਂ ਦੀ ਖੇਡ ਵਿਚ ਖੇਡੇ ਜਾਣ ਵਾਲੇ ਸ਼ੀਸ਼ੇ ਵਾਂਗ ਸਾਫ ਬਾਂਟਿਆਂ ਨੂੰ ਬਲੌਰ ਕਿਹਾ ਜਾਂਦਾ ਹੈ।


**ਭਾਈ ਮਰਦਾਨਾ:** ਬਾਬਾ ਨਾਨਕ ਨੇ ਮੁਸਲਮਾਨ ਮਰਾਸੀ ਮਰਦਾਨਾ ਨੂੰ ਭਾਈ ਕਹਿ ਪੂਰੀ ਹਯਾਤੀ ਆਪਣੇ ਅੰਗ-ਸੰਗ ਰੱਖਿਆ। ਭਾਈ ਮਰਦਾਨਾ ਤੋਂ ਬਾਅਦ ਉਨ੍ਹਾਂ ਦਾ ਪੁੱਤਰ ਅਹਿਜ਼ਾਦ ਵੀ ਗੁਰੂ ਦਰਬਾਰ ਵਿਚ ਰਬਾਬ ਵਜਾਉਂਦਾ ਰਿਹਾ। ਅੱਜ ਵੀ ਭਾਈ ਮਰਦਾਨੇ ਦੀਆਂ ਅਗਲੀਆਂ ਪੀੜ੍ਹੀਆਂ ਵਿਚੋਂ ਲੋਕ ਨਨਕਾਣਾ ਸਾਹਿਬ ਕੀਰਤਨ ਕਰਨ ਆਉਂਦੇ ਹਨ।

**ਸਾਈਂ ਮੀਆਂ ਮੀਰ:** ਸਿੱਖ ਮਜ਼ਹਬ ਦਾ ਕੇਂਦਰ ਤੇ ਸਭ ਮਜ਼ਹਬਾਂ ਨੂੰ ਗਿਆਨ ਵੰਡਣ ਵਾਲੇ ਰੱਬ ਦਾ ਘਰ ਦਰਬਾਰ ਸਾਹਿਬ ਦਾ ਨੀਂਹ ਪੱਥਰ ਵੀ ਸਿੱਖਾਂ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਨੇ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾ ਕੇ ਮੁਸਲਮਾਨ ਭਾਈਚਾਰੇ ਨੂੰ ਮਾਣ ਬਖਸ਼ਿਆ।

**ਭਾਈ ਨਬੀ ਖਾਂ-ਗਾਨੀ ਖਾਂ:** ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਵੀ ਮੁਸਲਮਾਨ ਫਿਰਕੇ ਦੇ ਭਾਈ ਨਬੀ ਖਾਂ ਤੇ ਗਾਨੀ ਖਾਂ, ਪੀਰ ਭਾਈ ਬੁਧੂ ਸ਼ਾਹ ਜਿਨ੍ਹਾਂ ਦੇ ਪੰਜ ਪੁੱਤਰਾਂ ਸਮੇਤ ਹੋਰ ਚੇਲੇ ਗੁਰੂ ਸਾਹਿਬ ਦੀ ਫੌਜ ਵਿਚ ਮੁਗਲ ਹਾਕਮਾਂ ਨਾਲ ਲੜਦੇ ਸ਼ਹੀਦੀਆਂ ਪਾ ਕੇ ਅਮਰ ਹੋ ਗਏ, ਨੂੰ ਮਾਣ ਬਖਸ਼ਿਆ।

**ਨਵਾਬ ਮਲੇਰ ਕੋਟਲਾ ਸ਼ੇਰ ਮੁਹੰਮਦ ਖਾਨ:** ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਨੂੰ ਸ਼ਹੀਦ ਕਰਨ ਮੌਕੇ ਸੂਬਾ ਸਰਹੰਦ ਦੀ ਭਰੀ ਕਚਿਹਰੀ ਵਿਚ ਹੋ ਰਹੇ ਘੋਰ ਪਾਪ ਖਿਲਾਫ ਹਾਅ ਦਾ ਨਾਅਰਾ ਮਾਰ ਕੇ ਰੋਸ ਪ੍ਰਗਟ ਕਰਨ ਵਾਲੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਪੂਰੀ ਕਾਇਨਾਤ ਅੱਜ ਵੀ ਯਾਦ ਕਰਦੀ ਏ।

***ਬਾਬਾ ਨਾਨਕ ਨੇ ਮੁਸਲਮਾਨ ਮਰਾਸੀ ਮਰਦਾਨਾ ਨੂੰ ਭਾਈ ਕਹਿ ਪੂਰੀ ਹਯਾਤੀ (ਉਮਰ) ਆਪਣੇ ਅੰਗ-ਸੰਗ ਰੱਖਿਆ। ਭਾਈ ਮਰਦਾਨਾ ਤੋਂ ਬਾਅਦ ਉਨ੍ਹਾਂ ਦਾ ਪੁੱਤਰ ਅਹਿਜ਼ਾਦ ਵੀ ਗੁਰੂ ਦਰਬਾਰ ਵਿਚ ਰਬਾਬ ਵਜਾਉਂਦਾ ਰਿਹਾ। ਅੱਜ ਵੀ ਭਾਈ ਮਰਦਾਨੇ ਦੀਆਂ ਅਗਲੀਆਂ ਪੀੜ੍ਹੀਆਂ ਵਿਚੋਂ ਲੋਕ ਨਨਕਾਣਾ ਸਾਹਿਬ ਕੀਰਤਨ ਕਰਨ ਆਉਂਦੇ ਹਨ।***



***ਇਕ ਚਿੱਤਰਕਾਰ ਦੀ ਨਿਗ੍ਹਾ ਵਿਚ ਗੁਰੂ ਨਾਨਕ ਅਤੇ ਭਾਈ ਮਰਦਾਨਾ।***

ਅਜਿਹੇ ਹੋਰ ਵੀ ਅਨੇਕਾਂ ਮੁਸਲਮਾਨ, ਪੀਰ, ਫਕੀਰ ਹੋਏ ਹਨ ਜਿਹੜੇ ਗੁਰੂ ਘਰ ਦੇ ਮੁਰੀਦ ਸਨ ਅਤੇ ਸਿੱਖ ਗੁਰੂਆਂ ਪ੍ਰਤੀ ਅਥਾਹ ਸ਼ਰਧਾ ਭਾਵਨਾ ਤੇ ਪ੍ਰੇਮ ਰੱਖਦੇ ਸਨ। ਸਿੱਖ ਗੁਰੂਆਂ ਵਲੋਂ ਪਾਏ ਪੂਰਨਿਆਂ ਅਤੇ ਦੱਸੇ ਨਿਯਮਾਂ ਮੁਤਾਬਿਕ ਅਜੇ ਤੱਕ ਵੀ ਸਿੱਖ ਮੁਸਲਮਾਨ ਸਾਂਝ ਨਿਭ ਰਹੀ ਏ। 1947 ਵਾਲੀ ਕੁਲਹਿਣੀ ਭਾਰਤ ਪਾਕਿਸਤਾਨ ਵੰਡ ਨੇ ਸਾਂਝੇ ਮੁਲਕ ਨੂੰ ਦੋ ਮੁਲਕ ਬਣਾ ਦਿੱਤਾ। ਸਿੱਖਾਂ ਦਾ ਮੁਕੱਦਸ ਸਥਾਨ ਬਾਬੇ ਨਾਨਕ ਦੀ ਜੰਮਣ ਭੋਇੰ ਨਨਕਾਣਾ ਸਾਹਿਬ ਅਤੇ ਅੰਤਿਮ ਸਥਾਨ ਸ੍ਰੀ ਕਰਤਾਰਪੁਰ (ਨਾਰੋਵਾਲ) ਸਮੇਤ ਸਿੱਖਾਂ ਦਾ ਅਨਮੁੱਲਾ ਸਰਮਾਇਆ, ਧਰਮ ਸਥਾਨ ਪਾਕਿਸਤਾਨ ਵਿਚ ਰਹਿ ਗਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਨੇ ਗੁਰਦਾਸਪੁਰ ਜ਼ਿਲ੍ਹੇ ਵਿਚ ਦਰਿਆ ਬਿਆਸ ਕਿਨਾਰੇ ਪਿੰਡ ਸ੍ਰੀ ਹਰਿਗੋਬਿੰਦਪੁਰ ਵਸਾ ਕੇ ਉਥੇ ਮੁਸਲਮਾਨ ਭਾਈਚਾਰੇ ਲਈ ਆਪਣੇ ਅੱਲ੍ਹਾ ਦੀ ਇਬਾਦਤ ਕਰਨ ਵਾਸਤੇ ਸੁੰਦਰ ਮਸਜਿਦ ਬਣਵਾਈ ਸੀ। ਇਸ ਮਸਜਿਦ ਨੂੰ ਅਜੇ ਤਾਈਂ ਸਿੱਖਾਂ ਵਾਲੀ ਮਸਜਿਦ ਕਹਿੰਦੇ ਨੇ।

ਸਿੱਖਾਂ ਅਤੇ ਮੁਸਲਮਾਨਾਂ ਦੀ ਪੀਡੀ ਸਾਂਝ ਦੀਆਂ ਹੋਰ ਵੀ ਕਈ ਮਿਸਾਲਾਂ ਤਵਾਰੀਖ (ਇਤਿਹਾਸ) ਵਿਚ ਸੰਭਾਲੀਆਂ ਪਈਆਂ ਨੇ। ਰੱਬ ਸੱਚਾ ਕਰੇ, ਸਿੱਖ ਮੁਸਲਮਾਨਾਂ ਦੀ ਇਹ ਭਾਈਚਾਰਕ ਸਾਂਝ ਰਹਿੰਦੀ ਦੁਨੀਆਂ ਤੱਕ ਬਣੀ ਰਹੇ ਅਤੇ ਗੁਰੂਆਂ ਦਾ ਕਲਾਮ (ਗੁਰਬਾਣੀ) ਸਾਡਾ ਰਾਹ ਰੁਸ਼ਨਾਉਂਦੀ ਰਹੇ:

ਸੱਭੇ ਸਾਂਝੀਵਾਲ ਸਦਾਇਨ
ਕੋਇ ਨਾ ਦੀਸੈ ਬਾਹਰਾ ਜੀਉ

**ਮਹਾਰਾਜਾ ਰਣਜੀਤ ਸਿੰਘ ਅਤੇ ਮੁਸਲਮਾਨ**

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੂਰ-ਅੰਦੇਸ਼ੀ ਦਾ ਧਾਰਨੀ ਤੇ ਹਰ ਮਜ਼ਹਬ ਨੂੰ ਤਰਜੀਹ ਦੇਣ ਵਾਲਾ ਦਾਰਸ਼ਨਿਕ ਪੈਦਾ ਹੋਇਆ ਹੈ ਜਿਸ ਨੇ ਤੀਖਣ ਬੁੱਧੀ ਤੇ ਯੁੱਧ ਕਲਾ ਵਿਚ ਨਿਪੁੰਨਤਾ ਹਾਸਲ ਕਰ ਕੇ ਜੰਗਾਂ ਜਿੱਤੀਆਂ ਅਤੇ ਆਪਣੇ ਸਮੇਂ ਅੰਦਰ ਖਾਲਸਈ ਰਾਜ ਭਾਗ ਨੂੰ ਲਗਾਤਾਰ ਅਗਾਂਹ ਵਧਾਇਆ। ਮਜ਼ਹਬੀ ਨਫਰਤ ਦਾ ਦੌਰ ਭਾਵੇਂ ਆਦਿ ਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਚਲ ਰਿਹਾ ਏ, ਪਰ ਸਿੱਖ ਜਰਨੈਲ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਸਮੇਂ ਸਾਰੇ ਮਜ਼ਹਬਾਂ ਨੂੰ ਇਕਸਾਰ ਸਨਮਾਨ, ਪਿਆਰ ਦੇਣ, ਆਪਣੇ ਖਾਲਸਈ ਰਾਜ ਵਿਚ ਉਚ ਅਹੁਦਿਆਂ 'ਤੇ ਤਾਇਨਾਤ ਕਰਨ ਅਤੇ ਅਹਿਮ ਫੌਜੀ ਤੇ ਰਾਜਸੀ ਜ਼ਿੰਮੇਵਾਰੀਆਂ ਸੌਂਪਣ ਦੀ ਵਜ੍ਹਾ ਕਰ ਕੇ ਖਾਲਸਾ ਰਾਜ ਵੱਖ ਵੱਖ ਮਜ਼ਹਬਾਂ ਦਾ ਸਾਂਝਾ ਗੁਲਦਸਤਾ ਜਗਤ ਪ੍ਰਸਿਧ ਹੋਇਆ।

ਦਿੱਲੀ ਤੋਂ ਲੈ ਕੇ ਕਾਬਲ ਕੰਧਾਰ ਤੱਕ ਵਿਸ਼ਾਲ ਸਿੱਖ ਰਾਜ ਕਾਇਮ ਕਰਨ ਲਈ ਹੋਈਆਂ ਜੰਗਾਂ ਵਿਚ ਜਿਥੇ ਸਰਦਾਰ ਹਰੀ ਸਿੰਘ ਨਲੂਆ ਜਿਹੇ ਸਿੱਖ ਜਰਨੈਲਾਂ ਨੇ ਕਾਰਨਾਮੇ ਕਰ ਵਿਖਾਏ ਤੇ ਜੰਗੀ ਸ਼ਕਤੀ ਦੀ ਧਾਂਕ ਜਮਾਈ, ਉਥੇ ਇਸ ਸਿੱਖ ਰਾਜ ਦੀ ਕਾਇਮੀ ਤੇ ਸਲਾਮਤੀ ਵਿਚ ਮੁਸਲਮਾਨਾਂ ਦਾ ਵੀ ਵੱਡਾ ਯੋਗਦਾਨ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਮੁਸਲਮਾਨਾਂ ਨਾਲ ਸਨੇਹ ਤੇ ਸਬੰਧਾਂ ਬਾਰੇ ਅਜੇ ਤੱਕ ਬਹੁਤਾ ਕੁਝ ਜੱਗ ਜ਼ਾਹਿਰ ਨਹੀਂ ਹੋ ਸਕਿਆ। ਸੰਨ 1839 ਵਿਚ ਉਨ੍ਹਾਂ ਦੀ ਮੌਤ ਮਗਰੋਂ ਸ਼ੈਤਾਨ ਡੋਗਰਿਆਂ ਦੀਆਂ ਸਿੱਖ ਰਾਜ ਵਿਰੋਧੀ ਨੀਤੀਆਂ ਕਾਰਨ ਸਾਰੇ ਦਾ ਸਾਰਾ ਖਾਲਸਾ ਰਾਜ ਖੇਰੂੰ ਖੇਰੂੰ ਹੋ ਗਿਆ ਜਿਸ ਕਰ ਕੇ ਮਹਾਰਾਜੇ ਦੇ ਪਰਿਵਾਰ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਕਦੇ ਵੀ ਹਾਰ ਦਾ ਮੂੰਹ ਨਾ ਵੇਖਣ ਵਾਲੀ ਬਹਾਦਰ ਸਿੱਖ ਫੌਜ ਦੀ ਸਭਰਾਵਾਂ ਦੀ ਆਖਰੀ ਜੰਗ ਵਿਚ ਹਾਰ ਹੋਣ ਤੋਂ ਬਾਅਦ ਸਾਜ਼ਿਸ਼ੀ ਨੀਤੀ ਤਹਿਤ ਅੰਗਰੇਜ਼ ਹਾਕਮ ਪੂਰੇ ਭਾਰਤ ਸਮੇਤ ਪੰਜਾਬ ਉਤੇ ਕਾਬਜ਼ ਹੋ ਗਏ।

ਕਰੀਬ ਪੂਰੀ ਸਦੀ ਲੰਮੀ ਜਦੋਜਹਿਦ ਮਗਰੋਂ ਆਜ਼ਾਦੀ ਦੀ ਪ੍ਰਾਪਤੀ ਸਮੇਂ 1947 ਦੀ ਚੰਦਰੀ ਭਾਰਤ ਪਾਕਿਸਤਾਨ ਵੰਡ ਦੇ ਨਾਲ ਹੀ ਘੁੱਗ ਵਸਦਾ ਪੰਜਾਬ ਤੇ ਪੰਜਾਬੀ ਭਾਰਤੀ ਪੰਜਾਬ ਅਤੇ ਲਹਿੰਦੇ ਪਾਕਿਸਤਾਨੀ ਪੰਜਾਬ ਵਿਚ ਵੰਡੇ ਗਏ। ਸ਼ੇਰ-ਏ-ਪੰਜਾਬ ਦੇ ਸੁਫਨਿਆਂ ਦਾ ਪੰਜਾਬ ਦੋਫਾੜ ਹੋਣ ਦੇ ਨਾਲ ਨਾਲ ਇਧਰਲੇ (ਪਾਕਿਸਤਾਨ) ਤੇ ਉਧਰਲੇ (ਭਾਰਤੀ) ਪੰਜਾਬ ਦੀਆਂ ਹਕੂਮਤੀ ਨੀਤੀਆਂ ਨੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਹੋਰ ਬੌਣਾ (ਛੋਟਾ) ਕਰ ਛਡਿਆ। ਲਹਿੰਦੇ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੁਝ ਵੀ ਦੱਸਿਆ ਜਾਂ ਪੜ੍ਹਾਇਆ ਨਹੀਂ ਜਾ ਰਿਹਾ ਅਤੇ ਚੜ੍ਹਦੇ ਪੰਜਾਬ ਵਿਚ ਮਹਾਰਾਜੇ ਦੇ ਰਾਜ ਭਾਗ ਵਿਚ ਮੁਸਲਮਾਨਾਂ ਦੀ ਅਹਿਮ ਭੂਮਿਕਾ ਨੂੰ ਭੁਲਾਇਆ ਜਾ ਰਿਹਾ ਹੈ। ਇਹੋ ਹਾਲ ਸਾਡੀ ਸਭ ਦੀ ਸਾਂਝੀ ਮਾਂ ਬੋਲੀ ਪੰਜਾਬੀ ਦਾ ਹੋਇਆ ਹੈ। ਇਹ ਵੀ ਸਾਡੇ ਪਾਸੇ ਲਿਖਣ ਵਿਚ ਸ਼ਾਹਮੁਖੀ ਅਤੇ ਭਾਰਤੀ ਪੰਜਾਬ ਅੰਦਰ ਗੁਰਮੁਖੀ ਵਿਚ ਵੰਡੀ ਗਈ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਕਰੀਬ 19 ਸਾਲ ਦੀ ਚੜ੍ਹਦੀ ਉਮਰੇ ਰਾਜ ਪ੍ਰਾਪਤੀ ਦੇ ਸ਼ੁਰੂ ਸ਼ੁਰੂ ਵਿਚ ਜਿਸਮਾਨੀ ਤਾਕਤਵਾਰ ਫੌਜ ਅਤੇ ਯੁੱਧ ਕਲਾ ਦੀ ਤਕਨੀਕ ਨਾਲ ਗੁਜਰਾਂਵਾਲਾ ਤੱਕ ਆਪਣਾ ਰਾਜ ਭਾਗ ਕਾਇਮ ਕਰ ਲਿਆ ਸੀ। ਲਾਹੌਰ ਅਤੇ ਲਾਹੌਰ ਦੇ ਸ਼ਾਹੀ ਕਿਲ੍ਹੇ ਉਪਰ ਕਾਬਜ਼ ਹੋਣ ਤੋਂ ਬਿਨਾਂ ਸਮੁੱਚੇ ਪੰਜਾਬ ਵਿਚ ਸਿੱਖ ਫੌਜਾਂ ਦਾ ਰਾਜ ਕਾਇਮ ਕਰ ਸਕਣਾ ਅਸੰਭਵ ਸੀ, ਲਾਹੌਰ ਨੂੰ ਕਬਜ਼ੇ ਵਿਚ ਲੈਣ ਬਾਅਦ ਹੀ ਸਿੱਖ ਫੌਜਾਂ ਹੋਰ ਅੱਗੇ ਵਧ ਸਕਦੀਆ ਸਨ। ਇਸ ਲਈ ਸਮੇਂ ਸਮੇਂ ਵੱਡੇ ਵੱਡੇ ਮੁਗਲ ਰਾਜਿਆਂ ਦੀ ਸਲਤਨਤ ਵਿਚ ਅਹਿਮ ਸਥਾਨ ਰੱਖਣ ਵਾਲੇ ਲਾਹੌਰ ਦੇ ਸ਼ਾਹੀ ਕਿਲ੍ਹੇ ਉਤੇ ਕਬਜ਼ਾ ਕਰਵਾਉਣ ਵਿਚ ਕੇਵਲ ਤੇ ਕੇਵਲ ਮੁਸਲਮਾਨਾਂ ਦਾ ਹੀ ਅਹਿਮ ਯੋਗਦਾਨ ਸੀ। ਲਾਹੌਰ ਕਬਜ਼ੇ ਹੇਠ ਆਉਣ ਨਾਲ ਸਿੱਖ ਫੌਜ ਦਾ ਰਾਜ ਹੋਰ ਮਜ਼ਬੂਤ ਹੋ ਜਾਣਾ ਸੀ।

ਉਸ ਵਕਤ ਲਾਹੌਰ ਉਤੇ ਤਿੰਨ ਤੇਜ਼-ਤਰਾਰ ਸਿੱਖ- ਲਹਿਣਾ ਸਿੰਘ, ਗੁਜਰ ਸਿੰਘ ਤੇ ਸੋਭਾ ਸਿੰਘ, ਕਾਬਜ਼ ਸਨ ਜੋ ਬੜੇ ਅੱਯਾਸ਼, ਜ਼ਾਲਮ ਤੇ ਨਿਰਦਈ ਸਨ। ਉਹ ਸ਼ਰਾਬ ਪੀਂਦੇ ਅਤੇ ਲੋਕਾਂ ਨਾਲ ਵਧੀਕੀਆਂ ਕਰਦੇ। ਉਨ੍ਹਾਂ ਲਾਹੌਰ ਵਾਸੀਆਂ ਨੂੰ ਆਰਥਿਕ ਤੌਰ 'ਤੇ ਵੀ ਡਾਢਾ ਪ੍ਰੇਸ਼ਾਨ ਕੀਤਾ ਹੋਇਆ ਸੀ। ਉਹ ਭੋਲੀ ਭਾਲੀ ਜਨਤਾ ਤੋਂ ਸ਼ਾਦੀ ਟੈਕਸ, ਚੁੱਲ੍ਹਾ ਟੈਕਸ, ਸ਼ਹਿਰ ਵਿਚ ਹਰ ਬੱਚਾ ਪੈਦਾ ਹੋਣ 'ਤੇ ਮਾਪਿਆਂ ਤੋਂ ਟੈਕਸ, 500 ਰੁਪਏ ਤੋਂ ਵੱਧ ਵਿਕਰੀ ਹੋਣ 'ਤੇ ਵਪਾਰੀਆਂ ਤੋਂ ਟੈਕਸ ਸਮੇਤ ਹੋਰ ਛੋਟੇ ਛੋਟੇ 17 ਤਰ੍ਹਾਂ ਦੇ ਟੈਕਸਾਂ ਦੀ ਉਗਰਾਹੀ ਕਰਦੇ ਸਨ। ਇਸ ਸਭ ਕਾਸੇ ਤੋਂ ਪ੍ਰੇਸ਼ਾਨ ਹੋਏ ਲੋਕ ਲਾਹੌਰ ਛੱਡ ਕੇ ਹੋਰ ਥਾਂ ਜਾਣ ਲੱਗ ਪਏ ਤਾਂ ਉਨ੍ਹਾਂ ਲਾਹੌਰ ਦੇ 10 ਮੁੱਖ ਦਰਵਾਜ਼ੇ ਬੰਦ ਕਰਨ ਦਾ ਹੁਕਮ ਚਾੜ੍ਹ ਦਿੱਤਾ। ਕੇਵਲ ਦੋ- ਦਿੱਲੀ ਦਰਵਾਜ਼ਾ ਤੇ ਲਾਹੌਰੀ ਦਰਵਾਜ਼ਾ, ਹੀ ਖੁੱਲ੍ਹੇ ਰੱਖੇ ਜਿਨ੍ਹਾਂ ਰਾਹੀਂ ਜਿਹੜਾ ਵੀ ਬੰਦਾ ਸ਼ਹਿਰ ਛੱਡ ਕੇ ਜਾਂਦਾ, ਉਸ ਤੋਂ ਜਬਰੀ ਰਕਮ ਵਸੂਲੀ ਜਾਂਦੀ। ਉਦੋਂ ਲਾਹੌਰ ਵਿਚ ਜ਼ਿਆਦਾ ਵਸੋਂ ਮੁਸਲਮਾਨਾਂ ਦੀ ਸੀ।

ਉਸ ਸਮੇਂ ਲਾਹੌਰ ਵਿਚ ਮੁਸਲਮਾਨਾਂ ਦੇ ਤਿੰਨ ਆਗੂ ਸਨ- ਮੀਆਂ ਮੁਹੰਮਦ ਆਸ਼ਿਕ, ਮੀਆਂ ਮੋਹਕਮਦੀਨ ਤੇ ਮੀਆਂ ਬਦਰੂਦੀਨ। ਹੋਇਆ ਇਹ ਕਿ ਮੀਆਂ ਮੁਹੰਮਦ ਆਸ਼ਿਕ ਦੀ ਧੀ ਦੀ ਸ਼ਾਦੀ ਮੀਆਂ ਬਦਰੂਦੀਨ ਦੇ ਬੇਟੇ ਨਾਲ ਹੋ ਗਈ। ਸ਼ਾਦੀ ਤੋਂ ਛੇਤੀ ਬਾਅਦ ਕਿਸੇ ਵਜ੍ਹਾ ਕਰ ਕੇ ਉਸ ਦੇ ਲੜਕੇ ਦਾ ਝਗੜਾ ਲਾਹੌਰ ਵਾਸੀ ਕਿਸੇ ਖੱਤਰੀ ਮੁੰਡੇ ਨਾਲ ਹੋ ਗਿਆ। ਇਸ ਮਸਲੇ ਨੂੰ ਲੈ ਕੇ ਖੱਤਰੀ ਗੁੱਸੇ ਵਿਚ ਆ ਗਏ ਤੇ ਸਿੱਖਾਂ ਦੀ ਹਕੂਮਤ ਹੋਣ ਕਰ ਕੇ ਆਪਣਾ ਰੋਹਬ ਜਮਾਉਣ ਲਈ ਉਨ੍ਹਾਂ ਲਹਿਣਾ ਸਿੰਘ ਦੇ ਬੇਟੇ ਚੇਤ ਸਿੰਘ ਕੋਲ ਝੂਠ ਦਾ ਪੁਲੰਦਾ ਬੰਨ੍ਹਦਿਆਂ ਚੌਧਰੀ ਬਦਰੂਦੀਨ ਦੇ ਮੁੰਡੇ ਖਿਲਾਫ ਭੜਕਾਇਆ। ਉਸ ਸਮੇਂ ਲਾਹੌਰ 'ਤੇ ਕਾਬਜ਼ ਲਹਿਣਾ ਸਿੰਘ ਦੇ ਪੁੱਤਰ ਚੇਤ ਸਿੰਘ, ਗੁਜਰ ਸਿੰਘ ਦੇ ਪੁੱਤਰਾਂ ਸਾਹਿਬ ਸਿੰਘ, ਸੁੱਖਾ ਸਿੰਘ ਤੇ ਫਤਿਹ ਸਿੰਘ ਅਤੇ ਸੋਭਾ ਸਿੰਘ ਦੇ ਪੁੱਤਰ ਮੋਹਰ ਸਿੰਘ ਦੀ ਹਕੂਮਤ ਸੀ। ਖੱਤਰੀਆਂ ਨੇ ਚੇਤ ਸਿੰਘ ਅਤੇ ਹੋਰਾਂ ਨੂੰ ਭੜਕਾਇਆ ਕਿ ਚੌਧਰੀ ਮੀਆਂ ਬਦਰੂਦੀਨ ਨੇ ਹਕੂਮਤ ਖਿਲਾਫ ਕਾਬੁਲ ਦੇ ਹੁਕਮਰਾਨ ਪਠਾਣਾਂ ਨਾਲ ਅੰਦਰੋ-ਅੰਦਰ ਰਾਬਤਾ ਰੱਖਿਆ ਹੋਇਆ ਹੈ ਅਤੇ ਉਹ ਤੁਹਾਡੇ ਖਿਲਾਫ ਪਠਾਣਾਂ ਨਾਲ ਚਿੱਠੀ-ਪੱਤਰ ਵੀ ਕਰਦਾ ਏ। ਬਦਰੂਦੀਨ ਹੀ ਤੁਹਾਡੀ ਹਰ ਸੂਹ ਉਨ੍ਹਾਂ ਨੂੰ ਭੇਜਦਾ ਏ। ਉਸ ਵਕਤ ਚੇਤ ਸਿੰਘ ਇਕੱਲਾ ਸ਼ਾਹੀ ਕਿਲ੍ਹੇ ਦੇ ਸ਼ੀਸ਼ ਮਹਿਲ ਦੇ ਬਣੇ ਸੁੰਮਨ ਬੁਰਜ 'ਚ ਬੈਠਾ ਹੋਇਆ ਸੀ। ਸਾਜ਼ਿਸ਼ ਤਹਿਤ ਖੱਤਰੀਆਂ ਵਲੋਂ ਲਗਾਏ ਇਲਜ਼ਾਮਾਂ ਤੇ ਉਨ੍ਹਾਂ ਦੀ ਚਲਾਕੀ ਨੂੰ ਉਹ ਸਮਝ ਨਹੀਂ ਸਕਿਆ। ਉਸ ਨੇ ਚੌਧਰੀ ਮੀਆਂ ਬਦਰੂਦੀਨ ਨੂੰ ਬੁਲਾ ਕੇ ਸੱਚ ਨਿਤਾਰਨ ਦੀ ਬਜਾਏ ਆਪਣੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਚੌਧਰੀ ਬਦਰੂਦੀਨ ਨੂੰ ਤੁਰੰਤ ਕਾਬੂ ਕਰ ਕੇ ਜੇਲ੍ਹ ਸੁਟਿਆ ਜਾਵੇ। ਬਦਰੂਦੀਨ ਦੇ ਪੁੱਤਰ ਦੀ ਅਜੇ ਨਵੀਂ ਨਵੀਂ ਸ਼ਾਦੀ ਹੋਈ ਸੀ, ਦੂਜਾ ਉਹ ਆਪਣੇ ਪਿਉ ਨਾਲ ਹੋਈ ਬੇਵਜ੍ਹਾ ਵਧੀਕੀ ਤੋਂ ਡਾਢਾ ਪ੍ਰੇਸ਼ਾਨ ਹੋਇਆ। ਉਹ ਦੋ ਹੋਰ ਮੁਸਲਮਾਨ ਮੋਹਤਬਰਾਂ ਚੌਧਰੀ ਕੱਕਾ ਤੇ ਚੌਧਰੀ ਅਸ਼ਰਫ ਖਾਨ ਨੂੰ ਲੈ ਕੇ ਚੇਤ ਸਿੰਘ ਅੱਗੇ ਜਾ ਪੇਸ਼ ਹੋਇਆ। ਚੇਤ ਸਿੰਘ ਨੇ ਸ਼ਰਾਬ ਪੀਤੀ ਹੋਈ ਸੀ, ਉਸ ਨੇ ਅਰਜ਼ ਸੁਣਨ ਦੀ ਬਜਾਏ ਅਵਾ-ਤਵਾ ਬੋਲਿਆ ਅਤੇ ਇਨਸਾਫ ਦੇਣ ਦੀ ਥਾਂ ਜਬਰੀ ਬਾਹਰ ਕੱਢ ਦਿੱਤਾ। ਲਾਹੌਰ ਦੇ ਮੁਸਲਮਾਨ ਚੌਧਰੀ ਕਰੀਬ ਮਹੀਨਾ ਭਰ ਮੀਆਂ ਬਦਰੂਦੀਨ ਨੂੰ ਬੇਕਸੂਰ ਸਾਬਤ ਕਰਨ ਤੇ ਜੇਲ ਤੋਂ ਬਾਹਰ ਕਢਵਾਉਣ ਲਈ ਚਾਰਾਜੋਈ ਕਰਦੇ ਰਹੇ।

ਉਧਰ ਮੁਸਲਮਾਨ ਹੀ ਨਹੀਂ, ਸਗੋਂ ਲਾਹੌਰ ਵਾਸੀ ਹੋਰ ਸਿੱਖ ਤੇ ਹਿੰਦੂ ਪਰਿਵਾਰ ਵੀ ਚੇਤ ਸਿੰਘ, ਲਹਿਣਾ ਸਿੰਘ ਅਤੇ ਮੋਹਰ ਸਿੰਘ ਦੀ ਹਕੂਮਤ ਤੋਂ ਖਫਾ ਸਨ। ਇਨ੍ਹਾਂ ਸਾਰੇ ਮੋਹਤਬਰਾਂ ਨੇ ਸੁਲ੍ਹਾ ਕਰ ਕੇ ਗੁਜਰਾਂਵਾਲ ਦੇ ਸ਼ਾਸਕ ਸ਼ੁਕਰਚਕੀਆ ਮਿਸਲ ਦੇ ਨੌਜਵਾਨ ਆਗੂ ਰਣਜੀਤ ਸਿੰਘ ਨੂੰ ਖਤ ਲਿਖਿਆ ਜਿਸ ਉਤੇ ਮੀਆਂ ਮੁਹੰਮਦ ਆਸ਼ਿਕ, ਚੌਧਰੀ ਮੋਹਕਮਦੀਨ ਮੁਹੰਮਦ ਤਾਹਿਰ, ਮੁਫਤੀ ਮੁਹੰਮਦ, ਮੁਹੰਮਦ ਬਜੀਰ, ਮੁਕੱਰਮ ਮੀਰ ਸਾਦੀ, ਹਿੰਦੂ ਹਕੀਮ ਰਾਏ ਤੇ ਸਿੱਖ ਗੁਰਬਖਸ਼ ਸਿੰਘ ਆਦਿ ਨੇ ਦਸਤਖਤ ਕੀਤੇ। ਖਤ ਵਿਚ ਉਨ੍ਹਾਂ ਲਿਖਿਆ ਕਿ ਲਾਹੌਰ ਦੇ ਹਾਕਮ ਚੇਤ ਸਿੰਘ, ਮੋਹਰ ਸਿੰਘ ਤੇ ਸਾਹਿਬ ਸਿੰਘ ਅੱਯਾਸ਼ ਨੇ, ਜ਼ੁਲਮ ਕਰਦੇ ਨੇ, ਇਨ੍ਹਾਂ ਦੀ ਹਕੂਮਤ ਤੋਂ ਸਾਰੇ ਦੁਖੀ ਹਨ। ਨਾਲੇ ਦੱਸ ਦਿੱਤਾ

***(ਬਾਕੀ ਅਗਲੇ ਸਫੇ 'ਤੇ)***



***ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਮਹਾਰਾਣੀ ਮਹਿਤਾਬ ਕੌਰ ਦੇ ਪਰਿਵਾਰ ਵਿਚੋਂ ਇਕ ਬੀਬੀ ਗੁਰਚਰਨ ਕੌਰ ਅਠਵਾਲ। ਗੌਰ ਕਰਨਾ, ਕਿੰਨੇ ਨੈਣ-ਨਕਸ਼ ਮਿਲਦੇ ਹਨ ਮਹਾਰਾਣੀ ਨਾਲ***



***ਮਹਾਰਾਣੀ ਜਿੰਦਾਂ ਦੇ ਪੇਕੇ ਪਿੰਡ ਓਡਰ ਦਾ ਖੂਹ***

ਕਿ ਇਨ੍ਹਾਂ ਕੋਲ ਬਹੁਤੀ ਤੇਜ਼-ਤਰਾਰ ਤੇ ਜੰਗੀ ਫੌਜ ਨਾਂ-ਮਾਤਰ ਹੀ ਏ। ਇਨ੍ਹਾਂ ਲਾਹੌਰ ਵਾਸੀਆਂ ਨੇ ਇਸੇ ਤਰ੍ਹਾਂ ਦਾ ਇਕ ਹੋਰ ਖਤ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਨੂੰ ਵੀ ਭਿਜਵਾ ਦਿੱਤਾ।

ਲਾਹੌਰ ਨੂੰ ਕਬਜ਼ੇ ਵਿਚ ਲੈਣ ਦੀ ਦਾਅਵਤ ਵਾਲਾ ਖਤ ਜਦੋਂ ਰਣਜੀਤ ਸਿੰਘ ਨੂੰ ਮਿਲਿਆ, ਉਸ ਵਕਤ ਉਹ ਗੁਜਰਾਂਵਾਲੇ ਨੇੜਲੇ ਪਿੰਡ ਰਸੂਲ ਨਗਰ ਠਹਿਰਿਆ ਹੋਇਆ ਸੀ (ਇਸੇ ਰਸੂਲ ਨਗਰ ਦਾ ਨਾਮ ਸਿੱਖਾਂ ਨੇ ਬਦਲ ਕੇ ਰਾਮਗੜ੍ਹ ਰੱਖ ਦਿੱਤਾ ਸੀ)। ਖਤ ਪੜ੍ਹ ਕੇ ਉਹ ਖੁਸ਼ ਹੋਇਆ ਅਤੇ ਆਈ ਸਾਰੀ ਸੂਚਨਾ ਬਾਰੇ ਜਾਨਣ ਅਤੇ ਹੋਰ ਸਭ ਹਾਲਾਤ ਦੇ ਥਹੁ-ਪਤੇ ਲਈ ਆਪਣੇ ਨੁਮਾਇੰਦੇ ਕਾਜ਼ੀ ਅਬਦੁਲ ਰਹਿਮਾਨ ਨੂੰ ਖਤ ਦੇ ਕੇ ਲਾਹੌਰ ਭੇਜਿਆ ਅਤੇ ਤਾਕੀਦ ਕੀਤੀ ਕਿ ਲਾਹੌਰ ਜਾ ਕੇ ਚੌਧਰੀ ਮੀਆਂ ਮੁਹੰਮਦ ਆਸ਼ਿਕ, ਚੌਧਰੀ ਮੀਆਂ ਮੋਹਕਮਦੀਨ ਸਮੇਤ ਹੋਰ ਮੋਹਤਬਰਾਂ ਨੂੰ ਖੁਦ ਮਿਲ ਕੇ ਸਾਰੀ ਜਾਣਕਾਰੀ ਲੈ ਕੇ ਆਵੇ। ਲਾਹੌਰ ਪੁਜਦੇ ਹੀ ਕਾਜ਼ੀ ਅਬਦੁਲ ਰਹਿਮਾਨ ਨੇ ਮੁਸਲਮਾਨ ਚੌਧਰੀਆਂ ਨਾਲ ਗੁਪਤ ਮੀਟਿੰਗਾਂ ਕੀਤੀਆਂ।

ਆਖਿਰ ਤੈਅ ਹੋਇਆ ਕਿ ਜਿਉਂ ਹੀ ਮਹਾਰਾਜਾ ਫੌਜ ਲੈ ਕੇ ਹਮਲਾ ਕਰਨ, ਫੌਜ ਦੀ ਸਹੂਲਤ ਲਈ ਲਾਹੌਰ ਦੇ ਮੁਸਲਮਾਨ ਸ਼ਹਿਰ ਦੀ ਕਿਲ੍ਹਾਬੰਦੀ ਦਾ ਇਕ ਦਰਵਾਜ਼ਾ ਹਿੰਮਤ ਕਰ ਕੇ ਖੋਲ੍ਹ ਦੇਣਗੇ। ਸਾਰੀ ਗੁਪਤ ਸੂਚਨਾ ਪ੍ਰਾਪਤ ਹੋਣ 'ਤੇ ਮਹਾਰਾਜਾ ਰਣਜੀਤ ਸਿੰਘ ਰਸੂਲ ਨਗਰ ਤੋਂ ਸਿੱਧਾ ਆਪਣੀ ਦਲੇਰ ਤੇ ਸਿਆਸੀ ਸੂਝਵਾਨ ਸੱਸ ਸਦਾ ਕੌਰ ਕੋਲ ਬਟਾਲਾ ਪੁੱਜਿਆ। ਸਾਰੇ ਹਾਲਾਤ ਬਾਰੇ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਲਾਹੌਰ ਉਤੇ ਹਮਲੇ ਸਬੰਧੀ ਵਿਉਂਤਬੰਦੀ ਤੈਅ ਕਰ ਕੇ ਮਹਾਰਾਜਾ ਤੇ ਉਨ੍ਹਾਂ ਦੀ ਸੱਸ ਸਦਾ ਕੌਰ ਫੌਜ ਸਮੇਤ ਅੰਮ੍ਰਿਤਸਰ ਚੱਲ ਪਏ। ਗੁਪਤ ਰੂਪ ਵਿਚ ਲਾਹੌਰ ਉਤੇ ਕਬਜ਼ਾ ਕਰਨ ਜਾ ਰਹੀ ਇਸ ਫੌਜ ਵਿਚ ਮਹਾਰਾਜੇ ਨਾਲ ਅੰਮ੍ਰਿਤਸਰ ਤੋਂ ਅੱਗੇ ਹੋਰ ਰਲਦੇ ਗਏ ਅਤੇ ਕਰੀਬ ਪੰਜ ਹਜ਼ਾਰ ਦੀ ਨਫਰੀ ਵਿਚ ਇਸ ਸ਼ਾਹੀ ਫੌਜ ਨੇ ਲਾਹੌਰ ਦੀ ਬਾਰਾਂਦਰੀ ਵਜ਼ੀਰ ਖਾਂ ਵਿਖੇ ਆਣ ਡੇਰਾ ਲਾਇਆ। ਇਹ ਅਨਾਰਕਲੀ ਬਾਜ਼ਾਰ ਦੇ ਐਨ ਲਾਗੇ ਹੈ। ਅੱਜ ਕੱਲ੍ਹ ਇਸ ਥਾਂ ਪੰਜਾਬ ਪਬਲਿਕ ਲਾਇਬਰੇਰੀ ਬਣੀ ਹੋਈ ਹੈ। ਇਹ ਦੋਵੇਂ ਥਾਵਾਂ ਉਸ ਵਕਤ ਲਾਹੌਰ ਤੋਂ ਬਾਹਰਵਾਰ ਸਨ।

ਪਤਾ ਲੱਗਣ 'ਤੇ ਲਾਹੌਰ ਦੇ ਹਾਕਮਾਂ ਨੇ ਵੀ ਮਹਾਰਾਜੇ ਦੀ ਫੌਜ ਨਾਲ ਮੁਕਾਬਲੇ ਦੀ ਤਿਆਰੀ ਕਰ ਲਈ। ਉਨ੍ਹਾਂ ਸ਼ਾਹੀ ਕਿਲ੍ਹੇ ਤੱਕ ਪੁੱਜਣ ਲਈ ਸ਼ਹਿਰ ਦੇ ਮੁੱਖ ਵੱਡ-ਅਕਾਰੀ ਲਾਹੌਰੀ ਦਰਵਾਜ਼ਾ ਅਤੇ ਰੁਸ਼ਨਾਈ ਦਰਵਾਜ਼ਿਆਂ ਨੂੰ ਤੁਰੰਤ ਤਾਲੇ ਲਗਵਾ ਦਿੱਤੇ। ਉਧਰ ਚੌਧਰੀ ਮੀਆਂ ਮੁਹੰਮਦ ਆਸ਼ਿਕ ਤੇ ਚੌਧਰੀ ਮੀਆਂ ਮੋਹਕਮਦੀਨ ਨੇ ਅੰਦਰੋਂ ਸੁਨੇਹਾ ਭੇਜਿਆ ਕਿ ਉਨ੍ਹਾਂ ਤਿਆਰ ਕਰ ਕੇ ਸ਼ਹਿਰ ਦੇ ਹਿਜਰੀ ਤੇ ਯੱਕੀ ਦਰਵਾਜ਼ਿਆਂ ਦੀ ਵਿਚਕਾਰਲੀ ਕੰਧ ਪਾੜ ਕੇ ਰਾਹ ਬਣਾ ਦਿਤਾ ਹੈ।

ਮਹਾਰਾਜੇ ਨੂੰ ਖਦਸ਼ਾ ਸੀ ਕਿ ਕਿਤੇ ਅਜਿਹਾ ਨਾ ਹੋ ਜਾਏ ਕਿ ਸਿੱਖ ਫੌਜ ਅੰਦਰ ਵੜੇ ਤੇ ਨੁਕਸਾਨ ਜਾਂ ਕੋਈ ਹੋਰ ਧੋਖਾ ਹੋ ਜਾਏ। ਉਧਰ ਲਾਹੌਰ ਦੇ ਹਾਕਮਾਂ ਚੇਤ ਸਿੰਘ, ਲਹਿਣਾ ਸਿੰਘ ਅਤੇ ਮੋਹਰ ਸਿੰਘ ਨੇ ਆਪਣੇ 200 ਬੰਦਿਆਂ ਦਾ ਗਰੁਪ ਬਾਹਰ ਮਹਾਰਾਜੇ ਦੀ ਫੌਜ ਨਾਲ ਲੜਨ ਲਈ ਭੇਜਿਆ। ਇਹ ਸਾਰੀ ਘਟਨਾ 1799 ਦੀ ਹੈ। ਮਹਾਰਾਜੇ ਦੇ ਪਹਿਲਾਂ ਹੀ ਤਿਆਰ-ਬਰ-ਤਿਆਰ ਫੌਜੀਆਂ ਨੇ ਉਨ੍ਹਾਂ ਦਾ ਸਾਹਮਣਾ ਕਰਦੇ ਹੋਏ ਪੰਜ ਬੰਦੇ ਮਾਰ ਦਿੱਤੇ ਤੇ ਬਾਕੀ ਭੱਜ ਕੇ ਕਿਲ੍ਹੇ ਅੰਦਰ ਆਣ ਵੜੇ। ਮੁਸਲਮਾਨ ਚੌਧਰੀਆਂ ਨੇ ਮਹਾਰਾਜੇ ਤੱਕ ਫਿਰ ਗੁਪਤ ਸੁਨੇਹਾ ਭੇਜ ਕੇ ਤੈਅ ਸਮੇਂ ਮੁਤਾਬਿਕ ਸਵੇਰੇ 8 ਵਜੇ ਲਾਹੌਰੀ ਦਰਵਾਜ਼ਾ ਖੋਲ੍ਹ ਦਿੱਤਾ। ਫੌਜ ਦੇ ਅੰਦਰ ਵੜਨ ਦੀ ਸੂਹ ਲਾਹੌਰ ਦੇ ਹਾਕਮਾਂ ਨੂੰ ਲੱਗਣ ਤੋਂ ਪਹਿਲਾਂ ਪਹਿਲਾਂ ਮੁਸਲਮਾਨ ਚੌਧਰੀਆਂ ਨੇ ਵਿਉਂਤ ਗੁੰਦ ਕੇ ਲਾਹੌਰ ਦੇ ਕਾਬਜ਼ ਮੁਖੀ ਚੇਤ ਸਿੰਘ ਨੂੰ ਖਬਰ ਦੇ ਦਿੱਤੀ ਕਿ ਮਹਾਰਾਜੇ ਦੀ ਫੌਜ ਬੰਦ ਪਏ ਦਿੱਲੀ ਦਰਵਾਜ਼ੇ ਨੂੰ ਤੋੜ ਕੇ ਅੰਦਰ ਲੰਘ ਆਈ ਏ। ਇਹ ਦਿੱਲੀ ਦਰਵਾਜ਼ਾ ਸ਼ਹਿਰ ਦੇ ਐਨ ਦੂਸਰੇ ਪਾਸੇ ਅਤੇ ਦੂਰ ਵੀ ਸੀ। ਮੁਸਲਮਾਨ ਚੌਧਰੀਆਂ ਵਲੋਂ ਹਾਕਮ ਚੇਤ ਸਿੰਘ ਨਾਲ ਖੇਡੀ ਇਸ ਚਾਲ ਨਾਲ ਜਿਥੇ ਉਹ ਦਿੱਲੀ ਦਰਵਾਜ਼ੇ ਵੱਲ ਆਪਣੇ 500 ਘੋੜ ਸਵਾਰਾਂ ਨਾਲ ਮਹਾਰਾਜੇ ਦੀ ਫੌਜ ਨੂੰ ਰੋਕਣ ਲਈ ਤੁਰ ਗਿਆ। ਉਧਰ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਫੌਜੀ ਸਹਿਜੇ ਹੀ ਅੰਦਰ ਆਣ ਵੜੇ। ਮਹਾਰਾਜੇ ਦੇ ਫੌਜੀਆਂ ਨੇ ਲਾਹੌਰ ਦੇ ਹੋਰ ਪ੍ਰਵੇਸ਼ ਦਰਵਾਜ਼ੇ ਵੀ ਤੋੜ ਦਿੱਤੇ।

ਆਪਣੇ ਆਪ ਨੂੰ ਖਤਰੇ ਵਿਚ ਅਤੇ ਚੁਫੇਰਿਉਂ ਘਿਰਿਆ ਵੇਖ ਚੇਤ ਸਿੰਘ ਕਿਲ੍ਹੇ ਦੇ ਅੰਦਰ ਬਣੇ ਇਕ ਹੋਰ ਮਜ਼ਬੂਤ ਕਿਲ੍ਹਾਨੁਮਾ ਇਮਾਰਤ ਅੰਦਰ ਬਾਕੀ ਪਰਿਵਾਰ ਸਮੇਤ ਵੜ ਗਿਆ। ਇਧਰ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਨੇ ਤੋਪਾਂ ਨਾਲ ਕਿਲ੍ਹੇ ਉਤੇ ਗੋਲਾਬਾਰੀ ਕਰ ਦਿੱਤੀ ਜਿਸ ਦਾ ਜਵਾਬ ਚੇਤ ਸਿੰਘ ਦੇ ਮੁੱਠੀ ਭਰ ਸਿਪਾਹੀ ਬੰਦੂਕ ਦੀਆਂ ਗੋਲੀਆਂ ਨਾਲ ਦਿੰਦੇ ਰਹੇ।

ਮਹਾਰਾਜੇ ਦੀ ਸੱਸ ਸਦਾ ਕੌਰ ਨੇ ਤਾਕੀਦ ਕੀਤੀ ਕਿ ਕਿਲ੍ਹੇ ਨੂੰ ਤੋਪਾਂ ਦੇ ਗੋਲਿਆਂ ਨਾਲ ਨੁਕਸਾਨ ਪਹੁੰਚਾਉਣ ਦੀ ਥਾਂ ਸਖਤ ਨਾਕਾਬੰਦੀ ਕਰ ਦਿੱਤੀ ਜਾਵੇ ਤੇ ਕਿਲ੍ਹੇ ਅੰਦਰ ਦਾਣਾ-ਪਾਣੀ ਤੇ ਹੋਰ ਕਿਸੇ ਵੀ ਕਿਸਮ ਦੀ ਰਸਦ ਨਾ ਜਾਣ ਦਿੱਤੀ ਜਾਵੇ। ਅਗਲੀ ਸਵੇਰ ਹੀ ਚੇਤ ਸਿੰਘ ਨੇ ਆਪਣੇ ਸਾਰੇ ਪਰਿਵਾਰ ਨੂੰ ਚੁਫੇਰਿਉਂ ਘਿਰਿਆ ਵੇਖ ਅਤੇ ਲਾਹੌਰ ਵਾਸੀਆਂ ਵਲੋਂ ਫਰੇਬ ਕਰ ਕੇ ਮਹਾਰਾਜੇ ਦੀਆਂ ਫੌਜਾਂ ਦਾ ਸਾਥ ਦੇ ਦੇਣ ਤੋਂ ਬੇਵਸ ਹੋ ਕੇ ਮਹਾਰਾਜੇ ਕੋਲ ਆਪਣਾ ਏਲਚੀ ਭੇਜਿਆ ਕਿ ਉਹ ਕਿਲ੍ਹਾ ਖਾਲੀ ਕਰ ਦਿੰਦੇ ਹਨ, ਇਵਜ਼




*ਖੂਹ ਵਿਚ ਲੱਗਾ ਸਿਲ-ਲੇਖ*

ਵਿਚ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜ਼ਿੰਦਗੀ ਬਸਰ ਕਰਨ ਲਈ ਵਜ਼ੀਫਾ ਦੇ ਦਿਉ। ਮਹਾਰਾਜੇ ਨੇ ਚੇਤ ਸਿੰਘ ਨਾਲ ਨਰਮਾਈ ਵਾਲਾ ਵਤੀਰਾ ਅਖਤਿਆਰ ਕਰਦਿਆਂ ਇਕ ਵੱਡਾ ਪਿੰਡ ਉਸ ਨੂੰ ਜਗੀਰ ਵਿਚ ਦੇ ਦਿੱਤਾ ਅਤੇ ਨਾਲ ਹੀ ਆਪਣੀ ਫੌਜ ਨੂੰ ਹੁਕਮ ਦਿੱਤਾ ਕਿ ਲਾਹੌਰ ਅਤੇ ਲਾਹੌਰ ਦੇ ਸ਼ਾਹੀ ਕਿਲ੍ਹੇ ਉਤੇ ਕਾਬਜ਼ ਹੋਣ ਸਮੇਂ ਲਾਹੌਰ ਦੇ ਮੁਸਲਮਾਨਾਂ ਜਾਂ ਹੋਰ ਕਿਸੇ ਵੀ ਮਜ਼ਬ ਦੇ ਵਸਨੀਕ ਦਾ ਜਾਨੀ ਜਾਂ ਮਾਲੀ ਨੁਕਸਾਨ ਨਾ ਕੀਤਾ ਜਾਵੇ। ਜਦ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਫੌਜ ਨੇ ਲਾਹੌਰ ਉਤੇ ਮੁਕੰਮਲ ਕਬਜ਼ਾ ਜਮਾ ਲਿਆ। ਮਹਾਰਾਜੇ ਦੀ ਫੌਜ ਨੇ ਲਾਹੌਰ ਵਾਸੀਆਂ, ਸਮੇਤ ਮੁਸਲਮਾਨ, ਨਾਲ ਹਮਦਰਦੀ ਵਾਲਾ ਵਰਤਾਓ ਕੀਤਾ।

ਇਸ ਤੋਂ ਬਾਅਦ ਮਹਾਰਾਜੇ ਦੇ ਦਿਲ ਅੰਦਰ ਮੁਸਲਮਾਨਾਂ ਲਈ ਸਨੇਹ ਹੋਰ ਪਕੇਰਾ ਹੋ ਗਿਆ। ਇਸ ਦੀ ਅਗਲੀ ਮਿਸਾਲ ਲਾਹੌਰ ਵਾਸੀ ਫਕੀਰ ਖਾਨਦਾਨ ਵਿਚੋਂ ਬੁਖਾਰੀ ਸਈਅਦ ਦੀ ਬਣੀ। ਉਸ ਸਮੇਂ ਉਹ ਪੜ੍ਹਨ ਲਿਖਣ ਵਿਚ ਮਾਹਿਰ ਹੋਣ ਦੇ ਨਾਲ ਨਾਲ ਨਾਮਵਰ ਹਕੀਮ ਵੀ ਸੀ। ਉਹ ਮਹਾਰਾਜੇ ਦੀਆਂ ਫੌਜਾਂ ਦਾ ਇਲਾਜ ਕਰਦੇ ਹੁੰਦੇ ਸਨ। ਇਨ੍ਹਾਂ ਵਿਚ ਫਕੀਰ ਮਹੀਉਦੀਨ ਬੁਖਾਰੀ, ਫਕੀਰ ਅਜ਼ੀਜ਼ੂਦੀਨ ਬੁਖਾਰੀ, ਫਕੀਰ ਫਕਰੂਦੀਨ ਬੁਖਾਰੀ, ਫਕੀਰ ਇਮਾਨੁਦੀਨ ਬੁਖਾਰੀ, ਫਕੀਰ ਇਮਾਮੁਦੀਨ ਬੁਖਾਰੀ ਆਦਿ ਸਨ।

ਮਹਾਰਾਜ ਦੀਆਂ ਫੌਜਾਂ ਵਿਚ ਮੁਸਲਮਾਨ ਸਿਪਾਹੀ, ਲੜਾਕੂ ਫੌਜ ਵਿਚ ਕਮਾਂਡਰ ਸ਼ੇਖ ਇਲਾਹੀ ਬਖਸ਼, ਸ਼ੇਖ ਅਬਦੁਲਾ ਤੇ ਰੌਸ਼ਨ ਖਾਂ, ਤੋਪਾਂ ਦਾ ਮੁਖੀ ਚੌਧਰੀ ਗੌਸ ਖਾਨ ਅਤੇ ਇਸੇ ਚੌਧਰੀ ਗੌਸ ਖਾਨ ਦਾ ਪੁੱਤਰ ਚੌਧਰੀ ਸੁਲਤਾਨ ਮੁਹੰਮਦ ਖਾਨ ਤੋਂ ਇਲਾਵਾ ਬਰੂਦ ਸਿੱਕੇ ਦਾ ਮਾਹਿਰ ਅਜ਼ਹਰ ਅਲੀ ਖਾਂ ਆਦਿ ਸਮੇਤ ਹੋਰ ਮੁਸਲਮਾਨ ਸਿਪਾਹੀਆਂ ਨੇ ਵੱਡੀ ਗਿਣਤੀ ਵਿਚ ਸਿੱਖ ਫੌਜ ਤੇ ਖਾਲਸਾ ਰਾਜ ਦੀ ਸਲਾਮਤੀ ਲਈ ਜੰਗਾਂ ਲੜ ਕੇ ਜਾਨਾਂ ਕੁਰਬਾਨ ਕੀਤੀਆਂ। ਜਦੋਂ ਸਿੱਖ ਫੌਜ ਨੇ ਕਾਬਲ ਉਤੇ ਕਬਜ਼ਾ ਕੀਤਾ, ਉਸ ਵਕਤ ਵੱਡੀ ਗਿਣਤੀ ਵਿਚ ਮੁਸਲਮਾਨ ਸਿਪਾਹੀ ਫੌਜ ਵਿਚ ਸ਼ਾਮਲ ਸਨ ਅਤੇ ਸ਼ਾਹੀ ਫੌਜ ਦਾ ਕਮਾਂਡਰ ਕਰਨਲ ਸ਼ੇਖ ਸਬਾਵਨ ਸੀ।



*ਗੁਰੂ ਗੋਬਿੰਦ ਸਿੰਘ ਨੂੰ ਪੀਰ ਕਹਿ ਕੇ ਮੁਗਲਾਂ ਦੇ ਘੇਰੇ ਵਿਚੋਂ ਕੱਢ ਕੇ ਲਿਜਾ ਰਹੇ ਨਬੀ ਖਾਨ ਅਤੇ ਗਨੀ ਖਾਨ।*

ਮਹਾਰਾਜਾ ਦੇ ਦਰਬਾਰ ਦਾ ਸ਼ਾਹੀ ਗਵੱਈਆ ਕਾਇਮ ਅਲੀ ਸੀ। ਉਹ ਰੰਗ ਦਾ ਕਾਲਾ ਅਤੇ ਮਰਾਸੀ ਘਰਾਣੇ ਨਾਲ ਸਬੰਧ ਰੱਖਦਾ ਸੀ। ਉਸ ਨੂੰ ਗਾਇਨ ਤੇ ਰਾਗ ਵਿਦਿਆ ਦਾ ਮਾਹਿਰ ਹੋਣ ਕਰ ਕੇ ਮਹਾਰਾਜ ਨੇ ਉਸ ਨੂੰ ਮੁਸ਼ਕੀ ਖਾਨ ਦਾ ਖਿਤਾਬ ਦਿੱਤਾ ਹੋਇਆ ਸੀ। ਉਹ ਲਾਹੌਰ ਤੋਂ ਕਰਤਾਰ ਪੁਰ ਨੂੰ ਜਾਂਦੀ ਸੜਕ ਤੋਂ ਮੁਰੀਦ ਕੇ ਰੋਡ ਉਤੇ ਵੱਸੇ ਪਿੰਡ ਦਾਤੇਵਾਲ ਦਾ ਵਸਨੀਕ ਸੀ। ਅੱਜ ਕੱਲ੍ਹ ਉਸ ਦੇ ਕੁਨਬੇ ਦੇ ਲੋਕ ਦਾਤੇਵਾਲ ਵਿਚ ਵੱਸਦੇ ਹਨ। ਇਸੇ ਰਾਜ ਗਵੱਈਏ ਦੇ ਰਾਜ ਦਰਬਾਰ ਵਿਚ ਪੜ੍ਹੇ ਸ਼ਿਅਰ ਨੂੰ ਸੁਣ ਕੇ ਮਹਾਰਾਜੇ ਵਲੋਂ ਦਿੱਤੇ ਇਨਾਮ ਵਾਲੀ ਘਟਨਾ ਰਹਿੰਦੀ ਦੁਨੀਆਂ ਤੱਕ ਇਤਿਹਾਸ ਦੇ ਪੰਨਿਆਂ ਉਤੇ ਉਕਰੀ ਰਹੇਗੀ।

ਬਾਲ ਉਮਰੇ ਚੇਚਕ ਦੀ ਬਿਮਾਰੀ ਕਾਰਨ ਮਹਾਰਾਜੇ ਦੀ ਇਕ ਅੱਖ ਬੰਦ ਹੋਣ ਕਰ ਕੇ ਇਕੋ ਹੀ ਅੱਖ ਸੀ। ਉਸ ਵਕਤ ਕੁਝ ਦਰਬਾਰੀਆਂ ਤੇ ਮੋਹਤਬਰਾਂ ਵਿਚ ਬਹਿਸ ਹੋ ਗਈ ਕਿ ਕੋਈ ਮਹਾਰਾਜੇ ਨੂੰ ਕਾਣਾ ਕਹਿ ਸਕਦਾ ਹੈ? ਸ਼ਰਤ ਲੱਗ ਗਈ ਕਿ ਭਰੇ ਦਰਬਾਰ ਵਿਚ ਮਹਾਰਾਜੇ ਨੂੰ ਕੋਈ ਕਾਣਾ ਕਹਿ ਕੇ ਵਿਖਾਏ! ਕਾਇਮ ਅਲੀ ਨੇ ਭਰੇ ਦਰਬਾਰ ਵਿਚ ਢੁਕਵਾਂ ਸਮਾਂ ਵੇਖ ਕੇ ਮਹਾਰਾਜੇ ਨੂੰ ਸ਼ਿਅਰ ਜੋੜ ਸੁਣਾਇਆ:

ਤੇਰੀ ਇਕੋ ਅੱਖ ਸੁਲੱਖਣੀ
ਪਈ ਟੀਪਾਂ ਢਾਲੇ।
ਤੈਨੂੰ ਝੁਕ ਝੁਕ ਕਰਨ ਸਲਾਮਾਂ
ਦੋ ਅੱਖੀਆਂ ਵਾਲੇ।

ਇਹ ਸੁਣ ਮਹਾਰਾਜਾ ਬਹੁਤ ਖੁਸ਼ ਹੋਇਆ। ਖੁਸ਼ੀ ਵਿਚ ਮਹਾਰਾਜੇ ਨੇ ਇਨਾਮ ਦੇ ਕੇ ਆਪਣੇ ਚਹੇਤੇ ਰਾਜ ਗਾਇਕ ਕਾਇਮ ਅਲੀ ਨੂੰ ਮਾਲਾ-ਮਾਲ ਕਰ ਦਿੱਤਾ। ਉਪਰੋਂ ਉਹ ਸਭ ਦੇ ਸਾਹਮਣੇ ਮਹਾਰਾਜੇ ਨੂੰ ਕਾਣਾ ਕਹਿ ਦੇਣ ਦੀ ਸ਼ਰਤ ਵੀ ਜਿੱਤ ਗਿਆ। ਇਤਿਹਾਸਕ ਪੰਨਿਆਂ ਮੁਤਾਬਿਕ, ਕਾਇਮ ਅਲੀ ਉਰਫ ਮੁਸ਼ਕੀ ਖਾਨ ਸਿੱਖ ਜਰਨੈਲ ਹਰੀ ਸਿੰਘ ਨਲੂਆ ਨਾਲ ਜੰਮੂ ਕਸ਼ਮੀਰ ਗਿਆ ਜਿਥੇ ਹੋਈ ਜੰਗ ਦੌਰਾਨ ਉਹ ਮਾਰਿਆ ਗਿਆ।

ਕਾਇਮ ਅਲੀ ਦੇ ਵਾਰਿਸ ਅੱਜ ਵੀ ਆਪਣੇ ਵਡੇਰੇ ਨੂੰ ਯਾਦ ਕਰਦਿਆਂ ਦੱਸਦੇ ਨੇ ਕਿ ਜੰਮੂ ਕਸ਼ਮੀਰ ਵਿਚ ਸ੍ਰੀਨਗਰ ਅੰਦਰ ਇਕ ਕਬਰਿਸਤਾਨ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਗਵੱਈਏ ਉਰਫ ਮੁਸ਼ਕੀ ਖਾਨ ਦੀ ਕਬਰ ਮੌਜੂਦ ਏ। ਇਹ ਵੀ ਜ਼ਿਕਰਯੋਗ ਹੈ ਕਿ ਕਾਇਮ ਅਲੀ ਜਿਥੋਂ ਦਾ ਬਸ਼ਿੰਦਾ ਸੀ, ਉਹ ਪਿੰਡ ਦਾਤੇਵਾਲ ਭਿੰਡਰ ਜੱਟਾਂ ਦਾ ਪਿੰਡ ਸੀ। ਉਥੇ ਭਿੰਡਰ ਜੱਟ ਮੁਸਲਮਾਨ ਵੀ ਸਨ ਤੇ ਸਿੱਖ ਵੀ। ਇਸ ਤੋਂ ਇਲਾਵਾ ਨਾਲ ਲਗਦੇ 15-16 ਪਿੰਡ ਵੀ ਭਿੰਡਰ ਜੱਟਾਂ ਦੇ ਹੀ ਸਨ ਜਿਨ੍ਹਾਂ ਵਿਚ ਲਾਲਾ ਸੈਦਾਂ, ਕੰਗ, ਭੱਟੀ, ਹਰੋਲੇ, ਹੱਲੋਵਾਲ, ਜੀਵਨ ਭਿੰਡਰਾਂ, ਜੀਜੇਵਾਲੀ, ਬਾਠਾਂਵਾਲੀ ਆਦਿ ਸ਼ਾਮਲ ਹਨ। ਪਿੰਡ ਜੀਜੇਵਾਲੀ ਦਾ ਵਸਨੀਕ ਸ਼ੌਕਤ ਅਜ਼ੀਜ਼, ਰਾਸ਼ਟਰਪਤੀ ਜਰਨਲ ਮੁਸ਼ੱਰਫ ਦੇ ਰਾਜ ਸਮੇਂ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਿਆ ਸੀ ਅਤੇ ਇਸੇ ਸ਼ੌਕਤ ਅਜ਼ੀਜ਼ ਦੇ ਵਡਿੱਕਿਆਂ ਨੇ ਨਾਰੋਵਾਲ ਵਿਚ ਡਿਗਰੀ ਕਾਲਜ ਬਣਾਇਆ ਸੀ। ਜੀਜੇਵਾਲੀ ਦੇ ਹੀ ਨਾਲ ਲਗਦੇ ਪਿੰਡ ਕੋਟਲੀ ਮਸੋਲਾ ਦਾ ਮੋਇਨ ਕੁਰੈਸ਼ੀ ਵੀ ਕੁਝ ਸਮਾਂ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਿਆ।

ਮਹਾਰਾਜਾ ਰਣਜੀਤ ਸਿੰਘ ਦੀਆਂ 26 ਰਾਣੀਆਂ ਸਨ ਜਿਨ੍ਹਾਂ ਵਿਚੋਂ 6 ਮੁਸਲਮਾਨ ਸਨ। ਇਨ੍ਹਾਂ ਵਿਚ ਇਕ ਕੰਜਰੀ ਗੁਲ ਬਦਨ ਬੇਗਮ ਸੀ। ਦੱਸਦੇ ਨੇ, ਅੰਮ੍ਰਿਤਸਰ ਦੇ ਨੇੜੇ ਰਹਿਣ ਵਾਲੀ ਇਹ ਔਰਤ ਬਹੁਤ ਸੁੰਦਰ ਨੈਣ-ਨਕਸ਼ਾਂ ਵਾਲੀ ਤੁਆਇਫ ਸੀ। ਮਹਾਰਾਜੇ ਨੂੰ ਮੁਜਰਾ (ਨਾਚ) ਦਿਖਾਉਣ ਆਈ ਪੰਸਦ ਆ ਗਈ ਤੇ ਮਹਾਰਾਜੇ ਨੇ ਉਸ ਨਾਲ ਵਿਆਹ ਕਰਾ ਲਿਆ। ਇਕ ਹੋਰ ਸੀ ਲਾਹੌਰ ਦੇ ਰਹਿਣ ਵਾਲੀ ਮੋਰਾਂ ਰਾਣੀ, ਇਸ ਨਾਲ ਵੀ ਮਹਾਰਾਜੇ ਨੇ ਸ਼ਾਦੀ ਕੀਤੀ। ਅੰਮ੍ਰਿਤਸਰ-ਲਾਹੌਰ ਜਰਨੈਲੀ ਸੜਕ ਦੇ ਨਜ਼ਦੀਕ ਅੰਮ੍ਰਿਤਸਰ ਤੋਂ ਕੁਝ ਦੂਰੀ 'ਤੇ ਜਿਹੜਾ ਪੁਲ ਕੰਜਰੀ ਹੈ, ਉਹ ਇਸੇ ਰਾਣੀ ਨੇ ਬਣਵਾਇਆ ਸੀ। ਇਨ੍ਹਾਂ ਤੋਂ ਇਲਾਵਾ ਹੋਰ ਸਨ- ਤਪੋ ਬੀਬੀ, ਜੰਨਤ ਬੀਬੀ ਤੇ ਗੋਪੇ ਬੀਬੀ ਆਦਿ।

ਇਨ੍ਹਾਂ ਤੋਂ ਇਲਾਵਾ ਮਹਾਰਾਜੇ ਦੀਆਂ ਮੁੱਖ ਰਾਣੀਆਂ ਵਿਚੋਂ ਇਕ ਮਹਿਤਾਬ ਕੌਰ ਸੀ ਜਿਹੜੀ ਸਦਾ ਕੌਰ ਦੀ ਧੀ ਸੀ। ਪਾਕਿਸਤਾਨੀ ਪੰਜਾਬ ਦੇ ਸਾਬਕਾ ਚੀਫ ਮਨਿਸਟਰ ਮੁਹੰਮਦ ਆਰਿਫ ਨਕਈ ਜਿਨ੍ਹਾਂ ਦੇ ਵਡਿੱਕੇ ਈਸ਼ਰ ਸਿੰਘ ਤੇ ਅਤਰ ਸਿੰਘ ਮੁਸਲਮਾਨ ਬਣ ਗਏ ਸਨ, ਦਾ ਪਿੰਡ ਬਾਹਰਵਾਲ, ਪੱਤੋ ਕੀ ਲਾਹੌਰ ਨੇੜੇ ਸੀ। ਇਨ੍ਹਾਂ ਦੇ ਵਡਿੱਕੇ ਹੀਰਾ ਸਿੰਘ ਸੰਧੂ ਨਕਈ ਨੇ ਨਕਈ ਮਿਸਲ ਬਣਾਈ ਸੀ। ਇਸ ਪਰਿਵਾਰ ਵਿਚੋਂ ਰਣ ਸਿੰਘ ਨਕਈ ਦੀ ਧੀ ਬੀਬੀ ਰਾਜ ਕੌਰ ਸੀ। ਇਸ ਨੂੰ ਮਹਾਰਾਣੀ ਦਾਤਾਰ ਕੌਰ ਵੀ ਕਿਹਾ ਜਾਂਦਾ ਸੀ ਜੋ ਮਹਾਰਾਜਾ ਰਣਜੀਤ ਸਿੰਘ ਨਾਲ 1798 ਵਿਚ ਵਿਆਹੀ ਗਈ ਸੀ। ਮਹਾਰਾਜਾ ਪਿਆਰ ਨਾਲ ਇਸ ਰਾਣੀ ਨੂੰ ਮਾਈ ਨਕੈਣ ਕਹਿ ਕੇ ਵੀ ਸੱਦਦਾ ਹੁੰਦਾ ਸੀ। ਜਿੰਦ ਕੌਰ ਜੋ ਲਾਹੌਰ ਨੇੜਲੇ ਪਿੰਡ ਓਡਰ (ਨੇੜੇ ਵਣੀਏ ਕੇ) ਤੋਂ ਔਲਖ ਸਰਦਾਰਾਂ ਵਿਚੋਂ ਸੀ, ਵਿਚੋਂ ਮਹਾਰਾਜਾ ਦਲੀਪ ਸਿੰਘ ਹੋਇਆ। ਮੰਨਾ ਸਿੰਘ ਦੀ ਧੀ ਜਿੰਦਾਂ ਪਿੰਡ ਚੱਚਰ (ਨੇੜੇ ਗੁਜਰਾਂਵਾਲਾ) ਪੈਦਾ ਹੋਈ ਸੀ। ਇਸ ਦਾ ਭਰਾ ਜਵਾਹਰ ਸਿੰਘ ਮਸ਼ਹੂਰ ਹੋਇਆ ਹੈ। ਇਕ ਮਹਿਤਾਬ ਕੌਰ ਹੋਰ ਵੀ ਰਾਣੀ ਸੀ। ਇਹ ਪਿੰਡ ਭਾਬੜਾ (ਨੇੜੇ ਮੱਲਾ, ਸ਼ਕਰਗੜ੍ਹ) ਦੇ ਅਠਵਾਲ ਸਰਦਾਰਾਂ ਦੀ ਧੀ ਸੀ। ਇਹ ਲੋਕ ਅੱਜ ਕੱਲ੍ਹ ਕਾਹਨੂੰਵਾਨ ਨੇੜੇ ਪਿੰਡ ਗਿੱਲ-ਮੰਜ ਬੈਠੇ ਹੋਏ ਨੇ। ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮੁਹਿੰਮ ਦੇ ਲੀਡਰ ਭਬੀਸ਼ਨ ਸਿੰਘ ਗੁਰਾਇਆ ਦੇ ਨਾਨਕੇ ਇਸੇ ਟੱਬਰ ਵਿਚੋਂ ਹਨ। ਕਿਹਾ ਜਾਂਦਾ ਹੈ ਕਿ ਮਹਾਰਾਜਾ ਆਪ ਕਦੀ ਇਸ ਪਿੰਡ ਨਹੀਂ ਸੀ ਵੜਿਆ। ਵਿਆਹ ਮੌਕੇ ਮਹਾਰਾਜੇ ਨੇ ਆਪਣੀ ਖੂੰਡੀ ਪਿੰਡ ਭੇਜੀ ਸੀ। ਅਠਵਾਲ ਸਰਦਾਰਾਂ ਨੇ ਇਸ ਵਿਚ ਆਪਣੀ ਬੇਇਜ਼ਤੀ ਸਮਝੀ ਅਤੇ ਕਦੀ ਵੀ ਮਹਾਰਾਜਾ ਨੂੰ ਨਹੀਂ ਮਿਲੇ। ਮੱਲੇ ਦਾ ਇਕ ਝਿਊਰ ਹੀ ਮਹਿਤਾਬ ਕੌਰ ਨੂੰ ਰਾਜੇ ਦੇ ਦਰਬਾਰ ਲੈ ਕੇ ਗਿਆ। ਵਕਤ ਪਾ ਕੇ ਝਿਊਰ ਨੂੰ ਮਹਾਰਾਜੇ ਨੇ ਜਗੀਰ ਬਖਸ਼ ਦਿਤੀ। ਮਹਾਰਾਜਾ ਦੀ ਇਕ ਪਹਾੜਨ ਬੀਵੀ ਰਾਜ ਦੇਵੀ ਸੀ। ਉਹ ਪਿੰਡ ਦੁਨੇਰਾ ਕਾਂਗੜਾ ਤੋਂ ਪਠਾਣੀਏ ਰਾਜਪੂਤਾਂ ਦੀ ਧੀ ਸੀ। ਕਿਹਾ ਜਾਂਦਾ ਕਿ ਮਹਾਰਾਜੇ ਨੂੰ ਕਿਸੇ ਬ੍ਰਾਹਮਣ ਨੇ ਕਹਿ ਦਿਤਾ ਕਿ ਜੇ ਤੂੰ ਸਲਹਿਰ ਇਲਾਕੇ (ਸ਼ਕਰਗੜ੍ਹ) ਵਿਚੋਂ ਪੰਜ ਰਾਣੀਆਂ ਲਵੇਂ ਤਾਂ ਤੇਰੇ ਵਾਸਤੇ ਸ਼ੁਭ ਹੈ। ਇਸੇ ਕਰ ਕੇ ਇਸ ਨੇ ਤਿੰਨ ਬੀਵੀਆਂ ਹੋਰ ਲੈ ਆਂਦੀਆਂ। ਉਨ੍ਹਾਂ ਵਿਚੋਂ ਇਕ ਸੀ ਰਾਣੀ ਦੇਵਕੀ ਪਿੰਡ ਅੰਤੋਵਾਲੀ ਖੁਰਦ ਨੇੜੇ ਸ਼ਕਰਗੜ੍ਹ; ਇਕ ਸੀ ਹਰ੍ਹ ਦੇਵੀ ਪਿੰਡ ਚੰਦੋਵਾਲੀ ਦੀ ਅਤੇ ਇਕ ਸੀ ਬੀਬੀ ਸਦਾਨਾ।

**ਫਕੀਰ ਖਾਨਦਾਨ ਦਾ ਯੋਗਦਾਨ:**

ਮਹਾਰਾਜਾ ਆਪ ਭਾਵੇਂ ਪੜ੍ਹਿਆ-ਲਿਖਿਆ ਨਹੀਂ ਸੀ, ਉਸ ਸਮੇਂ ਪੜ੍ਹਨ-ਪੜ੍ਹਾਉਣ ਲਈ ਕੋਈ ਪ੍ਰਬੰਧਕੀ ਢਾਂਚਾ ਈਜਾਦ ਵੀ ਨਹੀਂ ਸੀ ਹੋ ਸਕਿਆ; ਐਪਰ ਮਹਾਰਾਜੇ ਦੀ ਦੂਰ-ਅੰਦੇਸ਼ੀ ਨੇ ਆਪਣੀ ਖਲਕਤ ਨੂੰ ਪੜ੍ਹ-ਲਿਖ ਸਕਣ ਯੋਗ ਬਣਾਉਣ ਲਈ ਫਕੀਰ ਖਾਨਦਾਨ ਦੇ ਵਡਿੱਕਿਆਂ ਨੂੰ ਨਾਲ ਲਿਆ। ਉਨ੍ਹਾਂ ਨੇ ਹੀ ਲੋਕਾਂ ਨੂੰ ਅੱਖਰੀ ਗਿਆਨ ਦੇਣ ਲਈ ਕਾਇਦਾ 'ਕਾਇਦਾ ਨੂਰ' ਲਿਖਿਆ ਜਿਹੜਾ ਤਿੰਨ ਮਹੀਨੇ ਪੜ੍ਹਾਇਆ ਜਾਂਦਾ ਸੀ। ਇਸ ਵਿਚ ਜਮਾਂ-ਖਰਚ, ਤਕਸੀਮ ਤੇ ਹਿਸਾਬ-ਕਿਤਾਬ ਬਾਰੇ ਸਿਖਿਅਤ ਕਰਨ ਦੇ ਨਾਲ ਨਾਲ ਫਾਰਸੀ ਤੇ ਪੰਜਾਬੀ ਪੜ੍ਹਾਈ ਜਾਂਦੀ ਸੀ। ਇਸੇ 'ਕਾਇਦਾ ਨੂਰ' ਦੀਆਂ ਪੰਜ ਹਜ਼ਾਰ ਪਿੰਡਾਂ ਵਿਚ ਪੰਜ ਹਜ਼ਾਰ ਕਾਪੀਆਂ ਤਿਆਰ ਕਰ ਕੇ ਨੰਬਰਦਾਰਾਂ ਨੂੰ ਭੇਜੀਆਂ ਗਈਆਂ। ਹਕੂਮਤ ਦੇ ਹੁਕਮਾਂ ਮੁਤਾਬਕ, ਉਨ੍ਹਾਂ ਨੰਬਰਦਾਰਾਂ ਨੂੰ ਪੰਜ-ਪੰਜ ਕਾਪੀਆਂ ਹੋਰ ਤਿਆਰ ਕਰ ਕੇ ਹੋਰ ਪਿੰਡਾਂ ਵਿਚ ਖਲਕਤ ਨੂੰ ਪੜ੍ਹਾਉਣ ਲਈ ਭੇਜਣ ਦੀ ਤਾਕੀਦ ਕੀਤੀ ਗਈ ਸੀ। ਮਹਾਰਾਜੇ ਦੇ ਸਮੇਂ ਕੁਰਾਨ ਮਜੀਦ ਦਾ ਤਰਜਮਾ ਫਾਰਸੀ ਵਿਚ ਹੀ ਹੁੰਦਾ ਸੀ। ਮਹਾਰਾਜੇ ਦੀ ਹਕੂਮਤ ਵਿਚ ਕੁਰਾਨ ਦਾ ਤਰਜਮਾ ਸ਼ਾਹਮੁਖੀ ਤੇ ਗੁਰਮੁਖੀ ਵਿਚ ਹੋ ਸਕਿਆ ਸੀ। ਅੰਗਰੇਜ਼ ਡਾ. ਲੋਗਨ ਵੱਲੋਂ ਤਿਆਰ ਰਿਪੋਰਟ ਮੁਤਾਬਕ, ਲਾਹੌਰ ਵਿਚ ਉਸ ਸਮੇਂ 87 ਫੀਸਦੀ ਲੋਕ ਪੜ੍ਹ-ਲਿਖ ਸਕਦੇ ਸਨ ਅਤੇ ਲਾਹੌਰ ਦੇ ਬਸ਼ਿੰਦੇ ਪੰਜ ਭਾਸ਼ਾਵਾਂ- ਫਾਰਸੀ, ਅਰਬੀ, ਪੰਜਾਬੀ, ਹਿੰਦੀ ਤੇ ਅੰਗਰੇਜ਼ੀ, ਬੋਲ ਤੇ ਸਮਝ ਸਕਦੇ ਸਨ। ਉਦੋਂ ਲੋਕ ਬਾਹਰੋਂ ਆ ਕੇ ਲਾਹੌਰ ਵਿਚ ਨੌਕਰੀ ਪੇਸ਼ੇ ਨੂੰ ਤਰਜੀਹ ਦਿੰਦੇ ਸਨ। ਅਰਮੀਨੀਆ ਦਾ ਇਕ ਹਕੀਮ ਇਥੇ 35 ਸਾਲ ਰਿਹਾ ਜਿਸ ਦੀ ਲਿਖੀ 'ਲਾਹੌਰ ਮੇਂ 35 ਸਾਲ' ਕਿਤਾਬ ਅੱਜ ਵੀ ਲਾਹੌਰ ਵਿਚ ਮਿਲਦੀ ਹੈ।




*ਮਹਾਰਾਣੀ ਦੇ ਪੇਕੇ ਪਰਿਵਾਰ ਵਿਚੋਂ ਇਕ ਅਠਵਾਲ ਪਰਿਵਾਰ।*

*ਲਾਹੌਰ ਨੂੰ ਕਬਜ਼ੇ ਵਿਚ ਲੈਣ ਦੀ ਦਾਅਵਤ ਵਾਲਾ ਖਤ ਜਦੋਂ ਰਣਜੀਤ ਸਿੰਘ ਨੂੰ ਮਿਲਿਆ, ਉਸ ਵਕਤ ਉਹ ਗੁਜਰਾਂਵਾਲੇ ਨੇੜਲੇ ਪਿੰਡ ਰਸੂਲ ਨਗਰ ਠਹਿਰਿਆ ਹੋਇਆ ਸੀ (ਇਸੇ ਰਸੂਲ ਨਗਰ ਦਾ ਨਾਮ ਸਿੱਖਾਂ ਨੇ ਬਦਲ ਕੇ ਰਾਮਗੜ੍ਹ ਰੱਖ ਦਿੱਤਾ ਸੀ)। ਖਤ ਪੜ੍ਹ ਕੇ ਉਹ ਖੁਸ਼ ਹੋਇਆ ਅਤੇ ਆਈ ਸਾਰੀ ਸੂਚਨਾ ਬਾਰੇ ਜਾਨਣ ਅਤੇ ਹੋਰ ਸਭ ਹਾਲਾਤ ਦੇ ਥਹੁ-ਪਤੇ ਲਈ ਆਪਣੇ ਨੁਮਾਇੰਦੇ ਕਾਜ਼ੀ ਅਬਦੁਲ ਰਹਿਮਾਨ ਨੂੰ ਖਤ ਦੇ ਕੇ ਲਾਹੌਰ ਭੇਜਿਆ ਅਤੇ ਤਾਕੀਦ ਕੀਤੀ ਕਿ ਲਾਹੌਰ ਜਾ ਕੇ ਚੌਧਰੀ ਮੀਆਂ ਮੁਹੰਮਦ ਆਸ਼ਿਕ, ਚੌਧਰੀ ਮੀਆਂ ਮੋਹਕਮਦੀਨ ਸਮੇਤ ਹੋਰ ਮੋਹਤਬਰਾਂ ਨੂੰ ਖੁਦ ਮਿਲ ਕੇ ਸਾਰੀ ਜਾਣਕਾਰੀ ਲੈ ਕੇ ਆਵੇ। ਲਾਹੌਰ ਪੁਜਦੇ ਹੀ ਕਾਜ਼ੀ ਅਬਦੁਲ ਰਹਿਮਾਨ ਨੇ ਮੁਸਲਮਾਨ ਚੌਧਰੀਆਂ ਨਾਲ ਗੁਪਤ ਮੀਟਿੰਗਾਂ ਕੀਤੀਆਂ ਅਤੇ ਮੌਜੂਦਾ ਹਾਕਮਾਂ ਤੋਂ ਦੁਖੀ ਲੋਕਾਂ ਦੀ ਹਾਲਤ ਦੱਸੀ।*

# ਖੱਤਰੀ ਦੇ ਨੈਣ-ਨਕਸ਼

ਗੱਲ ਕਿੱਥੋਂ ਟੁਰਦੀ ਏ ਅਤੇ ਵਲ-ਵਲੇਵੇਂ ਖਾਂਦੀ ਕਿੱਥੇ ਜਾ ਢੁੱਕਦੀ ਏ। ਪਿਛਲੇ ਮਹੀਨੇ ਦੀ ਗੱਲ ਐ, ਮੈਂ ਐਵੇਂ ਕਿਤਾਬਾਂ ਦੀ ਅਲਮਾਰੀ ਵਿਚ ਬਿਨਾ ਕਿਸੇ ਕਾਰਨ ਫੋਲਾ-ਫਾਲੀ ਕਰ ਰਿਹਾ ਸਾਂ ਕਿ ਇਕ ਮੋਟੀ ਜਿਹੀ ਜਿਲਦ ਵਾਲੀ ਕਿਤਾਬ ਮੇਰੇ ਹੱਥ ਆਈ। ਇਹ ਮੇਰੇ ਇਕ ਪਿਆਰੇ ਬੇਲੀ ਨੇ ਕੁਝ ਵਰ੍ਹੇ ਪਹਿਲਾਂ ਮੈਨੂੰ ਦਿੱਤੀ ਸੀ। ਕਿਤਾਬ ਵੇਖ ਕੇ ਮੈਨੂੰ ਆਪਣੇ ਆਪ 'ਤੇ ਬੜੀ ਕੌੜ ਚੜ੍ਹੀ ਕਿ ਐਡੇ ਪਿਆਰ ਅਤੇ ਮਾਣ ਨਾਲ ਦਿੱਤੀ ਗਈ ਇਸ ਕਿਤਾਬ ਨੂੰ ਮੈਂ ਅੱਖੋਂ ਓਹਲੇ ਕਰ ਛੱਡਿਆ ਏ। ਮੈਂ ਸਾਰੇ ਕੰਮ ਛੱਡ-ਛਡਾ ਕੇ ਓਸ ਕਿਤਾਬ ਦੀ ਫੋਲਾ-ਫਾਲੀ ਛੋਹ ਦਿੱਤੀ। ਮੋਟੇ ਅਤੇ ਕਰੜੇ ਗੱਤੇ ਦੀ ਜਿਲਦ ਸੀ ਓਸ ਕਿਤਾਬ ਦੀ, ਜਿਵੇਂ ਸਾਡੇ ਬਾਲਪੁਣੇ ਦੇ ਸਮੇਂ ਮਾਪੇ ਆਪਣੇ ਬਾਲਾਂ ਦੀਆਂ ਕਿਤਾਬਾਂ ਨੂੰ, ਗਲੀ-ਮੁਹੱਲੇ ਜਾਂ ਸਕੂਲਾਂ ਦੇ ਬੂਹਿਆਂ ਅੱਗੇ ਬੈਠੇ, ਸਕੂਲੀ ਮੁੰਡੇ-ਕੁੜੀਆਂ ਲਈ ਲੋੜੀਂਦੀਆਂ ਸ਼ੈਆਂ ਜਿਵੇਂ ਕਲਮ, ਦਵਾਤ, ਸਿਆਹੀ, ਕਾਪੀਆਂ, ਖੁੱਲ੍ਹੇ ਕਾਗਜ਼, ਹੋਲਡਰ, ਉਨ੍ਹਾਂ ਦੀਆਂ ਨਿੱਬਾਂ,



**ਜਾਵੇਦ ਬੂਟਾ**

ਸਲੇਟਾਂ, ਚਾਕ, ਫੱਟੀਆਂ, ਉਨ੍ਹਾਂ ਉਤੇ ਮਲਣ ਵਾਲੀ ਗਾਚਣੀ ਆਦਿ ਸ਼ੈਆਂ ਵੇਚਣ ਦੇ ਨਾਲ ਜਿਲਦ-ਸਾਜ਼ੀ ਕਰਨ ਵਾਲਿਆਂ ਤੋਂ ਜਿਲਦਾਂ ਕਰਵਾ ਕੇ ਦਿੰਦੇ ਸਨ ਤਾਂ ਜੇ ਕਿਤਾਬ ਘੱਟੋ-ਘੱਟ ਇਕ ਵਰ੍ਹੇ ਤਾਈਂ ਪੜ੍ਹਨ ਦੇ ਲਾਇਕ ਤਾਂ ਰਵ੍ਹੇ।

ਖੈਰ! ਕਿਤਾਬ ਦੀ ਜਿਲਦ ਕੋਈ ਬਹੁਤੀ ਪੁਰਾਣੀ ਨਹੀਂ ਸੀ। ਰਾਖੀ ਕਰਨ ਵਾਲੇ ਮੋਟੇ ਗੱਤੇ ਦੀ ਓਸ ਜਿਲਦ ਅੰਦਰ ਬਹੁਤ ਈ ਪੁਰਾਣੇ ਖਸਤਾ ਹੋਏ ਕਾਗਜ਼, ਜਿਨ੍ਹਾਂ ਦਾ ਆਪਣਾ ਰੰਗ ਹਾਲੇ ਤਾਈਂ ਪੰਜਾਬੀ ਦੀ ਗੁਰਮੁਖੀ ਲਿਪੀ ਵਿਚ ਛਪੇ ਹੋਏ ਤਿੰਨਾਂ ਕਿੱਸਿਆਂ ਦੇ ਅੱਖਰਾਂ ਦੀ ਸਿਆਹੀ ਨਾਲੋਂ ਭੋਰਾ ਗੋਰਾ-ਚਿੱਟਾ ਈ ਸੀ। ਮੈਂ ਏਸ ਟੋਹ ਵਿਚ ਫੋਲਾ-ਫਾਲੀ ਛੋਹ ਦਿੱਤੀ ਬਈ ਇਨ੍ਹਾਂ ਦੀ ਛਪਣ ਤਰੀਕ ਕੀ ਐ? ਛਾਪਣ ਵਾਲੇ ਕਿਹੜੇ ਨੇ? ਸੋਧਣ ਵਾਲੇ ਸੂਝਵਾਨਾਂ ਦਾ ਕੋਈ ਅਤਾ-ਪਤਾ ਮਿਲ ਜਾਏ।

ਪਹਿਲਾ ਕਿੱਸਾ ਫਜ਼ਲ ਸ਼ਾਹ ਹੋਰਾਂ ਦਾ 'ਸੋਹਣੀ ਮਹੀਂਵਾਲ'। ਪ੍ਰਕਾਸ਼ਕ: ਹਰਨਾਮ ਸਿੰਘ 'ਜਾਲੀ' ਮੈਨੇਜਰ ਸਾਬਕਾ, ਹਰਬੰਸ ਹਰੀ ਪ੍ਰੈਸ, ਚੌਕ ਕਰੋੜੀ ਅੰਮ੍ਰਿਤਸਰ। ਛਪਾਈ ਦੀ ਕੋਈ ਤਰੀਕ ਨਹੀਂ ਸੀ ਲੱਭਦੀ।

ਦੂਸਰਾ ਕਿੱਸਾ 'ਹੀਰ ਵਾਰਿਸ ਸ਼ਾਹ', ਜਿਹਦਾ ਹਾਲ ਬਹੁਤ ਮਾੜਾ ਏ। ਪੰਨੇ ਬਹੁਤ ਖਸਤਾ ਨੇ, ਪਰਤਾਉਂਦਿਆਂ ਡਰ ਲਗਦਾ ਏ ਟੁੱਟ ਨਾ ਜਾਣ। ਅੱਗਾ-ਪਿੱਛਾ ਕੋਈ ਨਹੀਂ, ਬਸ ਅਖੀਰਲੇ ਪੰਨੇ ਦੀ ਅਖੀਰੀ ਸਤਰ ਉਤੇ 'ਵਿਗਿਆਪਕ-ਮੁਹੰਮਦ ਬਾਕਰ ਭਾਟੀ ਦਰਵਾਜ਼ਾ ਲਾਹੌਰ' ਲਿਖਿਆ ਹੋਇਆ ਏ। ਮੇਰੀ ਜਾਚੇ ਇਹ ਅਖੀਰਲਾ ਪੰਨਾ ਨਹੀਂ ਸੀ ਜਾਪਦਾ। ਨਾ ਕੋਈ ਛਪਣ ਤਰੀਕ ਦਾ ਪਤਾ-ਥਹੁ ਅਤੇ ਨਾ ਛਾਪਣ ਵਾਲੇ ਦਾ।

ਤੀਸਰਾ ਕਿੱਸਾ ਸੀ, ਮੌਲਵੀ ਗੁਲਾਮ ਰਸੂਲ ਦਾ 'ਯੂਸਫ ਜ਼ੁਲੈਖਾਂ'। ਪ੍ਰਕਾਸ਼ਕ: ਭਾਈ ਚਤਰ ਸਿੰਘ ਜੀਵਨ ਸਿੰਘ, ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। ਛਪਣ ਤਰੀਕ ਦਾ ਕੋਈ ਪਤਾ ਨਹੀਂ। ਏਸ ਕਿੱਸੇ ਦੇ ਮੁੱਖ ਪੰਨੇ ਉਤੇ ਇਕ ਚਿੱਤਰ ਏ, ਜਿਹਦੇ ਉਤੇ 'ਯੂਸਫ ਵਾਲਾ ਖੂਹ' ਲਿਖਿਆ ਹੋਇਆ ਏ। ਇਕ ਨੁੱਕਰੇ 'ਸੋਭਾ ਸਿੰਘ' ਲਿਖਿਆ ਹੋਇਆ ਹੈ ਅਤੇ ਉਹਦੇ ਥੱਲੇ ਬੜੀ ਨੀਝ ਨਾਲ ਵੇਖਿਆ ਜਾਏ ਤਾਂ ਝਉਲਾ ਜਿਹਾ ਪੈਂਦਾ ਐ ਜਿਵੇਂ '1926' ਲਿਖਿਆ ਹੋਵੇ।

ਸੋਭਾ ਸਿੰਘ ਬਾਰੇ ਸੁਣਿਆ ਤਾਂ ਹੋਇਆ ਸੀ, ਢੁਕਵੀਂ ਜਾਣਕਾਰੀ ਤੋਂ ਵਾਂਝਿਆਂ ਹੋਣ ਪਾਰੋਂ ਮੈਨੂੰ ਨਮੋਸ਼ੀ ਵੀ ਸੀ। ਖੈਰ! ਮੈਂ ਆਪਣੀ ਨਮੋਸ਼ੀ ਦੀ ਪਰਵਾਹ ਨਾ ਕਰਦਿਆਂ ਨਿਊ ਯਾਰਕ ਆਪਣੇ ਇਕ ਸੂਝਵਾਨ ਸੱਜਣ ਸੁਰਿੰਦਰ ਸੋਹਲ ਦੇ ਫੋਨ ਦੀ ਟੱਲੀ ਖੜਕਾ ਦਿੱਤੀ। ਸੁਰਿੰਦਰ ਸੋਹਲ ਪੰਜਾਬੀ ਦੇ ਬਹੁਤ ਈ ਵਧੀਆ ਕਵੀ ਅਤੇ ਕਹਾਣੀਕਾਰ ਵੀ ਨੇ। ਮੁਹਾਲੀ ਤੋਂ ਛਪਣ ਵਾਲੇ ਪੰਜਾਬੀ ਦੇ ਮਸ਼ਹੂਰ ਰਸਾਲੇ 'ਹੁਣ' ਨਾਲ ਵੀ ਇਨ੍ਹਾਂ ਦਾ ਸਬੰਧ ਐ। ਪੂਰੀ ਪੂਰੀ ਜਾਣਕਾਰੀ ਲਈ ਸੁਰਿੰਦਰ ਹੋਰਾਂ ਮੈਨੂੰ ਬਾਬੇ 'ਗੂਗਲ' ਵੱਲ ਟੋਰ ਦਿੱਤਾ। ਮੈਂ ਬਾਬੇ 'ਗੂਗਲ' ਦਾ ਬੂਹਾ ਜਾ ਖੜਕਾਇਆ। ਬੂਹਾ ਖੁੱਲ੍ਹਦਿਆਂ ਈ ਸੋਭਾ ਸਿੰਘ ਹੋਰਾਂ ਦੇ ਵਿਹੜੇ ਜਾ ਵੜਿਆ ਅਤੇ ਉਨ੍ਹਾਂ ਦੀ ਜਾਣਕਾਰੀ ਦੇ ਭੰਡਾਰ ਨਾਲ ਮਨ ਨਿਹਾਲ ਹੋ ਗਿਆ।

ਪਿਛਲੇ ਹਫਤੇ ਸੁਰਿੰਦਰ ਸੋਹਲ ਦਾ ਫੋਨ ਆਇਆ। ਉਨ੍ਹਾਂ ਆਖਿਆ, "ਮੈਨੂੰ ਪੱਕ ਐ, ਤੁਹਾਨੂੰ ਬਾਬੇ 'ਗੂਗਲ' ਤੋਂ ਸੋਭਾ ਸਿੰਘ ਬਾਰੇ ਜਾਣਕਾਰੀ ਤਾਂ ਮਿਲ ਈ ਗਈ ਹੋਵੇਗੀ, ਪਰ ਇਤਫਾਕ ਨਾਲ ਮੈਂ ਇਕ ਕਿਤਾਬ ਪੜ੍ਹ ਰਿਹਾਂ, ਉਹਦੇ ਵਿਚ ਇਕ ਥਾਂ ਸੋਭਾ ਸਿੰਘ ਦਾ ਵੀ ਜ਼ਿਕਰ ਐ। ਮੈਂ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਨਾਂ।"

ਉਨ੍ਹਾਂ ਜੋ ਕੁਝ ਮੈਨੂੰ ਫੋਨ ਰਾਹੀਂ ਸੁਣਾਇਆ, ਸੁਣ ਕੇ ਮੈਨੂੰ ਬੜਾ ਅਚੰਭਾ ਹੋਇਆ। ਮੇਰੀ ਬੇਨਤੀ ਪਾਰੋਂ ਉਨ੍ਹਾਂ ਉਸ ਕਿਤਾਬ ਵਿਚੋਂ ਸੋਭਾ ਸਿੰਘ ਦੇ ਜ਼ਿਕਰ ਵਾਲਾ ਪੰਨਾ ਨਕਲ ਕਰਕੇ ਮੈਨੂੰ ਟੋਰ ਦਿੱਤਾ। ਸ਼ਾਹਮੁਖੀ ਲਿਪੀ ਵਿਚ ਪੰਜਾਬੀ ਪੜ੍ਹਨ ਵਾਲਿਆਂ ਲਈ ਲਿਪੀ ਉਤਾਰਾ ਵੀ ਹਾਜ਼ਰ ਐ:

ਕਿਤਾਬ ਦਾ ਨਾਂ: 'ਆਰਟ ਤੋਂ ਬੰਦਗੀ ਤੱਕ' (ਦੂਸਰਾ ਐਡੀਸ਼ਨ 2013)

ਆਰਟੀਕਲ ਦਾ ਨਾਂ: ਹਰਦੇਵ ਸਿੰਘ ਆਰਟਿਸਟ

ਲਿਖਾਰੀ: ਹਰਪਾਲ ਸਿੰਘ ਪੰਨੂ

ਪ੍ਰਕਾਸ਼ਕ: ਸਿੰਘ ਬ੍ਰਦਰਜ਼, ਅੰਮ੍ਰਿਤਸਰ

(ਦਿੱਲੀ, ਮਿਹਰਬਾਨ ਸਿੰਘ ਧੂਪੀਏ ਦੇ ਘਰ ਭਾਈ ਵੀਰ ਸਿੰਘ ਠਹਿਰੇ ਹੋਏ ਸਨ। ਉਥੇ ਸੋਭਾ ਸਿੰਘ ਆਪਣੀ ਪ੍ਰਸਿੱਧ ਪੇਂਟਿੰਗ 'ਗੁਰੂ ਨਾਨਕ ਦੇਵ' ਲੈ ਕੇ ਆ ਗਏ। ਹਰਦੇਵ ਸਿੰਘ ਮੌਜੂਦ ਸਨ। ਪ੍ਰੈਸ ਦਾ ਵੀ ਸੋਭਾ ਸਿੰਘ ਨੇ ਇੰਤਜ਼ਾਮ ਕਰ ਰੱਖਿਆ ਸੀ। ਉਹ ਚਾਹੁੰਦੇ ਸਨ ਕਿ ਪੇਂਟਿੰਗ ਦਾ ਘੁੰਡ ਭਾਈ ਵੀਰ ਸਿੰਘ ਚੁੱਕਣ ਤੇ ਫਿਰ ਪ੍ਰਸ਼ੰਸਾ ਦੇ ਕੁਝ ਸ਼ਬਦ ਕਹਿਣ। ਭਾਈ ਵੀਰ ਸਿੰਘ ਦਾ ਵੱਡਾ ਨਾਮ ਹੈ, ਸੋ ਪੇਂਟਿੰਗ ਦੁਨੀਆਂ ਭਰ ਵਿਚ ਮਨਜ਼ੂਰ ਹੋਵੇਗੀ। ਭਾਈ ਵੀਰ ਸਿੰਘ ਦੇ ਸਾਹਮਣੇ ਪੇਂਟਿੰਗ ਉਪਰੋਂ ਰੇਸ਼ਮੀ ਪਰਦਾ ਪਰ੍ਹੇ ਹਟਾਇਆ ਗਿਆ। ਪੇਂਟਿੰਗ ਦੇਖਣ ਤੋਂ ਬਾਅਦ ਭਾਈ ਵੀਰ ਸਿੰਘ ਬੋਲੇ-ਇਸ ਤਰ੍ਹਾਂ ਦੇ ਨਹੀਂ ਸਨ, ਮੇਰੇ ਮਹਾਰਾਜ। ਤੇ ਪਰ੍ਹੇ ਮੂੰਹ ਕਰ ਲਿਆ।

ਸੋਭਾ ਸਿੰਘ ਨੇ ਪੇਂਟਿੰਗ ਲਪੇਟ ਲਈ ਤੇ ਗੁੱਸੇ ਨਾਲ ਬਾਹਰ ਨਿਕਲਿਆ। ਇਕ ਕਲਾਕਾਰ ਉਦਾਸ ਜਾ ਰਿਹਾ ਹੈ, ਹਰਦੇਵ ਸਿੰਘ ਵੀ ਨਾਲ ਬਾਹਰ ਨਿਕਲ ਗਏ। ਹਵੇਲੀਓਂ ਬਾਹਰ ਜਾ ਕੇ ਗੁੱਸੇ ਨਾਲ ਸੋਭਾ ਸਿੰਘ ਕਹਿਣ ਲੱਗੇ, ਇਸ ਬੰਦੇ ਨੂੰ ਭੋਰਾ ਅਕਲ ਨੀਂ। ਆਰਟ ਬੜੀ ਵੱਡੀ ਚੀਜ਼ ਐ, ਇਸ ਜਾਹਲ ਨੂੰ ਕੀ ਪਤੈ ਇਹ ਮੈਂ ਕੀ ਬਣਾਇਐ। ਹਰਦੇਵ ਸਿੰਘ ਨੇ ਕਿਹਾ, ਮੈਨੂੰ ਤਾਂ ਪਤੈ ਆਰਟ ਕੀ ਹੁੰਦੈ। ਮੈਂ ਜਾਣਦਾਂ ਤੂੰ ਕੀ ਬਣਾਇਐ। ਤੂੰ ਇਕ ਚਿਹਰਾ ਉਲੀਕ ਕੇ ਉਸ ਉਪਰ ਅੱਖਾਂ ਨਰਗਸ ਦੀਆਂ ਚਿਪਕਾਂ ਦਿੱਤੀਆਂ ਤੇ ਹੋਂਠ ਮਧੂਬਾਲਾ ਦੇ ਧਰ ਕੇ ਦਾਹੜੀ ਬਣਾ ਦਿੱਤੀ। ਇਹ ਐ ਤੇਰੀ ਪੇਂਟਿੰਗ ਗੁਰੂ ਨਾਨਕ ਦੇਵ ਜੀ ਦੀ।

ਇਹ ਗੱਲ ਮੈਂ (ਹਰਪਾਲ ਸਿੰਘ ਪੰਨੂ) ਪ੍ਰੋ. ਭੁਪਿੰਦਰ ਸਿੰਘ (ਪ੍ਰਸਿੱਧ ਲੇਖਕਾ ਦਲੀਪ ਕੌਰ ਟਿਵਾਣਾ ਦੇ ਪਤੀ) ਨੂੰ ਸੁਣਾਈ ਤਾਂ ਹੱਸ ਪਏ, ਕਹਿਣ ਲੱਗੇ, ਡਾ. ਮੋਹਨ ਸਿੰਘ ਦੀਵਾਨਾ ਕਿਹਾ ਕਰਦੇ ਸਨ-ਇਹ ਹੈ ਇਕੋ-ਇਕ ਪੇਂਟਿੰਗ ਜਿਸ ਨੂੰ ਮੈਂ ਬਿਲਕੁਲ ਨਹੀਂ ਦੇਖ ਸਕਦਾ। ਪੈਗੰਬਰ ਦਾ ਅਕਸ ਕਿਹੋ ਜਿਹਾ ਹੁੰਦਾ ਹੈ, ਇਸ ਦਾ ਤਾਂ ਸੋਭਾ ਸਿੰਘ ਨੂੰ ਕੀ ਪਤਾ ਹੋਣਾ ਸੀ, ਉਸ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਖੱਤਰੀ ਦੇ ਨੈਣ ਨਕਸ਼, ਚਿਹਰਾ-ਮੁਹਰਾ ਕਿਸ ਤਰ੍ਹਾਂ ਦਾ ਹੁੰਦਾ ਹੈ।

ਮੈਂ ਪੁੱਛਿਆ, ਪਰ ਲੋਕਾਂ ਨੇ ਇਸ ਨੂੰ ਬਹੁਤ ਪਸੰਦ ਕੀਤਾ? ਉਹ (ਪ੍ਰੋ. ਭੁਪਿੰਦਰ ਸਿੰਘ) ਬੋਲੇ, ਲੋਕਾਂ ਵਿਚ ਦਰਮਿਆਨਾ ਹੁਨਰ ਈ ਪਾਪੂਲਰ ਹੋਵੇਗਾ। ਦੇਖੋ, ਜਿਹੜਾ ਬੰਦਾ ਸਾਰੀ ਉਮਰ ਡਰਾਇੰਗ ਕਰਦਾ ਰਹੇ, ਉਸ ਦੀਆਂ ਲਕੀਰਾਂ ਵਿਚ ਸਮਤੋਲ ਤਾਂ ਹੋ ਈ ਜਾਵੇਗਾ। ਸੋਭਾ ਸਿੰਘ ਚੰਗਾ ਡਰਾਇੰਗ ਮਾਸਟਰ ਹੈ, ਉਸ ਵਿਚ ਕੋਈ ਆਰਟ ਨਹੀਂ। ਕਿਰਪਾਲ ਸਿੰਘ ਵੀ ਇਸੇ ਸ਼੍ਰੇਣੀ ਵਿਚ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜਿਹੜਾ ਸ਼ਾਹਾਨਾ ਲਿਬਾਸ ਪਹਿਨਾਉਂਦੇ ਹਨ, ਇਹ ਉਹੀ ਲਿਬਾਸ ਹੈ ਜੋ ਔਰੰਗਜ਼ੇਬ ਦਾ ਸੀ। ਤੁਸੀਂ ਮਾਈਕਲ ਐਂਜਲੋ ਦੀਆਂ ਪੇਂਟਿੰਗਾਂ ਦੇਖੋ। ਉਸ ਨੇ ਪਹਿਲੋਂ ਪੁਰਾਤਨ ਸਭਿਅਤਾ, ਇਤਿਹਾਸ, ਯਹੂਦੀ, ਈਸਾਈ ਪੈਗੰਬਰਾਂ ਨੂੰ ਜਾਣਿਆ, ਵਾਚਿਆ। ਇਸ ਪਿੱਛੋਂ ਬੁਰਸ਼ ਚਲਾਇਆ। ਗੁਰੂ-ਕਾਲ ਤੱਕ ਲੋਕ ਅਣਸੀਤੇ ਕੱਪੜੇ ਪਹਿਨਿਆ ਕਰਦੇ ਸਨ। ਸੀਣਾ-ਪਰੋਣਾ ਤਾਂ ਮੁਗਲਾਂ ਨੇ ਸਿਖਾਇਆ ਸੀ। ਪਹਿਲੀ ਵਾਰੀ ਸੀਤਾ ਹੋਇਆ ਲਾਜ਼ਮੀ ਪਹਿਨਿਆ ਜਾਣ ਵਾਲਾ ਵਸਤਰ ਕਛਹਿਰਾ ਸੀ। ਸਿੱਖਾਂ ਵਿਚ ਆਰਟ ਵਿਕਸਿਤ ਹੋਇਆ ਹੀ ਨਹੀਂ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਲੈ ਕੇ ਹੁਣ ਤੱਕ ਸਿੱਖ, ਪੰਜਾਬੀ ਚਿੱਤਰਕਾਰ, ਮੁਗਲ ਆਰਟ ਅਤੇ ਕਾਂਗੜਾ ਮਿਨੀਏਚਰ ਦੀ ਸ਼ੈਲੀ ਵਰਤਦੇ ਰਹੇ ਹਨ। ਸਾਰਾ




ਕੁਝ ਉਹੋ, ਬਸ ਚਿਹਰੇ ਸਿੱਖ ਨਾਇਕਾਂ ਦੇ ਬਣਾ ਦਿੱਤੇ। ਕਾਰ-ਸੇਵਾ ਵਾਲਿਆਂ ਨੇ ਪੁਰਾਣੇ ਕਲਾਕਾਰਾਂ ਦੀ ਕਮਾਈ ਉਪਰ ਕੂਚੀ ਫੇਰ ਦਿੱਤੀ। ਸਿੱਖ ਚੇਤੰਨ ਹੁੰਦੇ ਤਾਂ ਹਾਹਾਕਾਰ ਨਾ ਮਚ ਜਾਂਦੀ? ਇਟਲੀ ਵਿਚ ਸੰਤ ਫਰਾਂਸਿਸ ਅਸੀਸੀ ਦਾ ਗਿਰਜਾ ਦੇਖੋ। ਹੇਠ ਉਹੀ ਅਸਲ ਘਰ ਹੈ, ਜਿਸ ਵਿਚ ਸੰਤ ਰਹਿੰਦਾ ਸੀ। ਉਸ ਨੂੰ ਉਵੇਂ ਸੁਰੱਖਿਅਤ ਕਰਕੇ ਉਪਰ ਗਿਰਜਾ ਬਣਾ ਦਿੱਤਾ। ਰੋਮ ਦੀ ਹਰੇਕ ਗਲੀ ਵਿਚ ਤੁਹਾਨੂੰ ਪੁਰਾਤਨ ਇਤਿਹਾਸਕ ਵਸਤਾਂ ਸੰਭਾਲੀਆਂ ਹੋਈਆਂ ਦਿਸ ਜਾਣਗੀਆਂ। ਪਟਿਆਲੇ ਦੇ ਮੋਤੀ ਮਹਿਲ ਵਿਚ 'ਮਿਨੀਏਚਰ' ਟਰੰਕਾਂ ਵਿਚ ਪਏ ਗਲ ਰਹੇ ਹਨ, ਕਿਸੇ ਨੂੰ ਪ੍ਰਵਾਹ ਨਹੀਂ...।)

ਡਾਕਟਰ ਮੋਹਨ ਸਿੰਘ ਦੀਵਾਨਾ ਹੋਰਾਂ ਪੈਗੰਬਰ ਦੇ ਅਕਸ, ਖੱਤਰੀ ਦੇ ਨੈਣ-ਨਕਸ਼ ਦੀ ਗੱਲ ਕੀਤੀ ਏ। ਪ੍ਰੋ. ਭੁਪਿੰਦਰ ਸਿੰਘ ਨੇ ਮਾਈਕਲ ਐਂਜਲੋ ਦਾ ਜ਼ਿਕਰ ਵੀ ਕੀਤਾ ਅਤੇ ਇਹ ਵੀ ਆਖਿਆ, "ਲੋਕਾਂ ਵਿਚ ਦਰਮਿਆਨਾ ਹੁਨਰ ਈ ਪਾਪੂਲਰ ਹੋਵੇਗਾ।" ਉਨ੍ਹਾਂ ਦੇ ਆਖੇ ਨੂੰ ਕਿਸੇ ਠੁੰਮਣੇ ਦੀ ਲੋੜ ਨਹੀਂ। ਉਹ ਆਪਣੇ ਆਪ ਵਿਚ ਉਚ-ਪੱਧਰਾ ਤੇ ਢੁੱਕਵਾਂ ਏ। ਉਨ੍ਹਾਂ ਦੀਆਂ ਆਖੀਆਂ ਗੱਲਾਂ ਦੀ ਛਤਰ-ਛਾਵੇਂ ਬਥੇਰਾ ਕੁਝ ਆਖਿਆ ਜਾ ਸਕਦਾ ਏ, ਪਰ ਮੈਂ ਇਕ ਦੋ ਮੋਟੀਆਂ-ਮੋਟੀਆਂ ਗੱਲਾਂ ਈ ਕਰਾਂਗਾ।

ਹਜ਼ਰਤ ਈਸਾ ਦੀ ਅੱਜ ਜਿਹੜੀ ਛਬੀ ਅਸੀਂ ਗਿਰਜਿਆਂ ਵਿਚ, ਲੋਕਾਂ ਦੇ ਘਰਾਂ ਵਿਚ ਜਾਂ ਕਿਧਰੇ ਵੀ, ਭਾਵੇਂ ਉਹ ਪੇਂਟਿੰਗ ਦੇ ਰੂਪ ਵਿਚ ਹੋਵੇ, ਘੜੇ ਹੋਏ ਬੁੱਤ ਦੇ ਰੂਪ ਵਿਚ ਜਾਂ ਸੂਲੀ ਉਤੇ ਟੰਗੇ ਰੂਪ ਵਿਚ ਹੋਵੇ, ਮਤਲਬ ਕੋਈ ਵੀ ਰੂਪ ਹੋਵੇ, ਜੇ ਬੰਦਾ ਓਸ ਰੂਪ, ਓਹ ਅਕਸ ਉਨ੍ਹਾਂ ਨਾਲ ਵਾਪਰੀ, ਉਨ੍ਹਾਂ ਦੀ ਹੰਢੀ-ਵਰਤੀ ਜ਼ਿੰਦਗੀ ਬਾਰੇ ਕਿਸੇ ਕਿਸਮ ਦੀ ਵੀ ਜਾਣਕਾਰੀ ਤੋਂ ਪਹਿਲਾਂ ਵੇਖੇ ਤਾਂ ਇਕ ਪਲ ਵੀ ਢਿੱਲ ਕੀਤੇ ਬਿਨਾ, ਕਿਸੇ ਸ਼ੱਕ-ਸ਼ੁਬ੍ਹੇ ਬਿਨਾ, ਬਿਨਾ ਕਿਸੇ ਝਿਜਕ ਦੇ ਆਖੇਗਾ ਕਿ ਏਸ ਰੂਪ ਨੇ ਈ ਇਹ ਹਯਾਤੀ ਹੰਢਾਈ ਹੋਵੇਗੀ। ਏਸੇ ਤਰ੍ਹਾਂ ਈ ਏਹਦੇ ਉਲਟ ਜੇ ਉਨ੍ਹਾਂ ਦੀ ਹਯਾਤੀ ਦੀ ਜਾਣਕਾਰੀ ਪਹਿਲਾਂ ਹੋਵੇ ਅਤੇ ਰੂਪ ਬਾਦੋਂ ਵੇਖੇ ਤਾਂ ਫੇਰ ਵੀ ਉਹ ਓਵੇਂ ਈ ਇਕ ਪਲ ਵੀ ਢਿੱਲ ਕੀਤੇ ਬਿਨਾ, ਬਿਨਾ ਕਿਸੇ ਸ਼ੱਕ-ਸ਼ੁਬ੍ਹੇ, ਬਿਨਾ ਝਿਜਕ ਪੱਕ ਨਾਲ ਆਖੇਗਾ ਏਸ ਹਯਾਤੀ ਦਾ ਇਹ ਈ ਅਸਲੀ ਰੂਪ ਏ। ਇਹੋ ਈ ਕਲਾਕਾਰ ਤੇ ਕਲਾ ਦਾ ਕਮਾਲ ਏ ਕਿ ਜਾਣਕਾਰੀ ਵਾਲਾ ਚਿੱਤਰ ਜਾਂ ਚਿੱਤਰ ਬਾਰੇ ਜਾਣਕਾਰੀ ਘਿਉ-ਸ਼ੱਕਰ ਵਾਂਗ ਇਕ-ਮਿਕ ਹੋਵੇ।

ਇਹਦਾ ਸਿਹਰਾ ਤਾਂ ਮਾਈਕਲ ਐਂਜਲੋ ਦੇ ਮੱਥੇ ਈ ਬੱਝਦਾ ਏ। ਖੈਰ! ਇਹ ਸਦੀਆਂ ਪੁਰਾਣੀ ਰੀਤ ਅਜੋਕੀ ਕਲਾਕਾਰੀ ਵਿਚ ਅੱਜ ਵੀ ਸੱਜਰੀ ਏ। ਅੱਜ ਦੇ ਸਮੇਂ ਵਿਚ ਲੋਕਾਈ ਦੀ ਪਹੁੰਚ ਵਿਚ ਤੇ ਮਨਭਾਉਂਦੀ ਫਿਲਮੀ ਕਲਾ ਦਾ ਇਕ ਬੜਾ ਈ ਖੁੱਲ੍ਹਾ ਖੇਤਰ ਏ। ਮੂਸਾ, ਈਸਾ ਜਾਂ ਨੂਹ ਦੀ ਹਯਾਤੀ ਬਾਰੇ ਬਣੀ ਫਿਲਮ ਦੇਖਦਿਆਂ, ਦੇਖਣ ਵਾਲਿਆਂ ਨੂੰ ਰਾਈ ਜਿੰਨਾ ਵੀ ਸ਼ੱਕ-ਸ਼ੁਬ੍ਹਾ ਨਹੀਂ ਪੈਂਦਾ ਕਿ ਇਹ ਉਨ੍ਹਾਂ ਮੂਹਰੇ ਫਿਲਮੀ ਪਰਦੇ ਉਤੇ ਟੁਰਦੇ-ਫਿਰਦੇ ਗੱਲਾਂ-ਬਾਤਾਂ ਕਰਨ ਵਾਲੇ ਐਕਟਰ ਨੇ। ਵੰਨਗੀਆਂ ਤਾਂ ਹੋਰ ਵੀ ਨੇ ਪਰ ਮੇਰੀ ਜਾਚੇ ਲੀਹ ਤੋਂ ਲਹਿਣਾ ਮੁਨਾਸਿਬ ਨਹੀਂ।

ਕੁਝ ਕਲਾਕਾਰ ਖੋਟ ਰਲਾਏ ਬਿਨਾ ਆਪਣੀ ਕਲਾਕਾਰੀ ਵਿਚ ਖਰਾ ਖਰਾ ਸੱਚ ਲੋਕਾਂ ਮੂਹਰੇ ਰੱਖਣ ਦਾ ਪੂਰਾ ਪੂਰਾ ਟਿੱਲ ਮਾਰਦੇ ਨੇ ਤੇ ਕੁਝ ਓਹ ਸਭ ਕੁਝ ਵਿਖਾਉਂਦੇ ਨੇ ਜਿਹੜਾ ਲੋਕ ਵੇਖਣਾ ਚਾਹੁੰਦੇ ਨੇ। ਜਿਵੇਂ 'ਹੀਰੋ' ਦਸਾਂ ਗੁੰਡਿਆਂ ਨਾਲ ਡਾਂਗੋ-ਡਾਂਗੀ ਹੋਣ ਬਾਅਦ ਆਪਣੀ ਹੀਰੋਇਨ ਕੋਲ ਆਉਂਦਾ ਏ ਤਾਂ ਨਾ ਈ ਉਹਦੇ ਕੱਪੜਿਆਂ ਦੀ ਇਸਤਰੀ ਖਰਾਬ ਹੋਈ ਹੁੰਦੀ ਐ ਤੇ ਨਾ ਈ ਉਹਦੇ ਬੋਦੇ ਆਪਣੀ ਥਾਂ ਤੋਂ ਹਿੱਲੇ ਹੁੰਦੇ ਨੇ। ਜਾਪਦਾ ਏ ਹੁਣੇ ਬਿਊਟੀ-ਪਾਰਲਰ ਤੋਂ ਲਾੜਾ ਸਜ-ਬਣ ਕੇ ਕੇ ਆਇਆ ਏ। ਖਬਰੇ ਇਹਨੂੰ ਵਿਖਾਉਣ ਵਾਲੇ ਜਾਂ ਵੇਖਣ ਵਾਲੇ ਸ਼ਰਧਾਲੂਆਂ ਦੀ ਸ਼ਰਧਾ ਆਖਿਆ ਜਾ ਸਕਦਾ ਏ!

ਪਰ ਮਾਈਕਲ ਐਂਜਲੋ ਵੀ ਸ਼ਰਧਾਲੂ ਸੀ, ਉਹਦੀ ਸ਼ਰਧਾ ਵਿਚ ਸੈਂਕੜੇ ਵਰ੍ਹੇ ਬੀਤਣ ਬਾਅਦ ਵੀ ਵਾਲ ਬਰਾਬਰ ਘਾਟਾ ਨਹੀਂ ਪਿਆ, ਵਾਧਾ ਈ ਵਾਧਾ ਹੋ ਰਿਹਾ ਏ।

ਓਹੋ ਈ ਹੋਇਆ, ਗੱਲ ਕਿੱਥੋਂ ਟੁਰੀ ਅਤੇ ਵਲ-ਵਲੇਵੇਂ ਖਾਂਦੀ ਕਿੱਥੇ ਆ ਢੁਕੀ।

## ਕਾਵਿ-ਜਗਤ

### ਮਾਂ ਅਤੇ ਬੀਚ

ਮਾਂ ਸੀ ਜਦ ਅਮਰੀਕਾ ਆਈ।
ਡਾਢੀ ਦਿਲ ਨੇ ਖੁਸ਼ੀ ਮਨਾਈ।
ਸੋਚਿਆ ਮਾਂ ਨੂੰ ਸੈਰ ਕਰਾਵਾਂ।
ਸੈਂਟਾ ਕਰੂਜ਼ ਦੀ ਬੀਚ ਦਿਖਾਵਾਂ।
ਕੰਮ ਕਾਰ ਤੋਂ ਵਿਹਲ ਬਣਾ ਕੇ।
ਖੁਸ਼ ਸਾਂ ਮਾਂ ਨੂੰ ਨਾਲ ਲੈ ਜਾ ਕੇ।
ਪੈਸੇਫਿਕ ਸਮੁੰਦਰ ਕੰਢੇ।
ਬੁੱਲੇ ਆਉਣ ਹਵਾ ਦੇ ਠੰਢੇ।

ਲੋਕੀਂ ਮੇਲੇ ਵਾਂਗੂੰ ਮੇਲਣ।
ਬੱਚੇ ਆਰਕੇਡਾਂ ਵਿਚ ਖੇਲਣ।
ਰਾਈਡਾਂ ਘੁੰਮ ਘੁਮਾਈ ਖਾਵਣ।
ਅੰਬਰ ਛੂਹ ਕੇ ਝੱਟ ਮੁੜ ਆਵਣ।
ਬੱਚੇ ਝੂਟੇ ਮਾਣ ਰਹੇ ਸੀ।
ਜੰਕ ਫੂਡ ਵੀ ਖਾਣ ਡਹੇ ਸੀ।
ਲੋਕਾਂ ਰੌਲੀ ਪਾਈ ਹੋਈ ਸੀ।
ਚਕਾਚੌਂਧ ਜਿਹੀ ਛਾਈ ਹੋਈ ਸੀ।

ਮੈਂ ਡਿੱਠਾ ਮਾਂ ਥੱਕੀ ਲੱਗੀ।
ਭੀੜ ਸ਼ੋਰ ਤੋਂ ਅੱਕੀ ਲੱਗੀ।
ਮੈਂ ਕਿਹਾ ਚੱਲ ਮਾਂ ਓਧਰ ਮੁੜੀਏ।
ਨਰਮ ਨਰਮ ਰੇਤੇ 'ਤੇ ਤੁਰੀਏ।
ਸਾਗਰ ਦੀਆਂ ਜਦ ਛੱਲਾਂ ਆਵਣ।
ਪੈਰਾਂ ਨੂੰ ਉਹ ਛੂਹ ਕੇ ਜਾਵਣ।
ਰੇਤੇ ਉਪਰ, ਛੱਲਾਂ ਕੋਲੇ।
ਤੁਰਦੇ ਤੁਰਦੇ ਹੋ ਗਏ ਹੌਲੇ।
ਸਾਹਵੇਂ 'ਬੀਚ-ਬਾਲ' ਦੇ ਪੰਗੇ।
ਮੁੰਡੇ-ਕੁੜੀਆਂ ਸੀ ਅਧਨੰਗੇ।
ਪਾ ਉਚੀ ਉਹ ਖੱਪ ਰਹੇ ਸੀ।
ਬੇ-ਫਿਕਰੀ ਵਿਚ ਟੱਪ ਰਹੇ ਸੀ।
ਅੰਦਰ ਵਾਲੇ ਕੱਪੜੇ ਪਾਈਂ।
ਖੇਡਣ ਸਾਰੇ ਚਾਈਂ ਚਾਈਂ।

ਕੁਝ ਦੇਸੀ ਵੀ ਸਿਆਣ ਲਈਆਂ ਸੀ।
ਨਕਸ਼ਾਂ ਤੋਂ ਪਹਿਚਾਣ ਲਈਆਂ ਸੀ।
ਬੀਚ-ਬਾਲ ਉਹ ਖੇਡਣ 'ਕੱਠੇ।
ਪਰ ਮਾਂ ਮੈਨੂੰ ਘੂਰੀਆਂ ਵੱਟੇ।
ਮੈਂ ਕਿਹਾ ਆਪਾਂ ਨੂੰ ਕੀ ਪਿਆ ਏ।
ਆਪਾਂ ਕਿਹੜਾ ਠੇਕਾ ਲਿਆ ਏ।
ਏਥੇ ਲੋਕੀਂ ਇੰਜ ਨਾ ਤੱਕਦੇ।
ਆਪਣਾ ਹੀ ਬਸ ਮਤਲਬ ਰੱਖਦੇ।
ਹਰ ਕੋਈ ਏਥੇ ਰੁੱਝਿਆ ਰਹਿੰਦਾ।
ਅੱਖਾਂ ਪਾੜ ਨਾ ਕੋਈ ਵੇਂਹਦਾ।
ਆਪਾਂ ਆਪਣੇ ਰਸਤੇ ਜਾਈਏ।
ਕਿਉਂ ਕਿਸੇ ਨਾਲ ਅੱਖ ਮਿਲਾਈਏ।
ਉਲਟਾ ਮਾਂ ਨੂੰ ਗੁੱਸਾ ਚੜ੍ਹਿਆ।
ਕਹਿੰਦੀ ਕੀ ਇਸ ਬੀਚੋਂ ਥੁੜਿਆ।
ਮਾਂ ਆਖੇ ਇਹ ਨੰਗ-ਧੜੰਗੇ।
ਕਾਹਤੋਂ ਸਾਤੋਂ ਵੀ ਨਾ ਸੰਗੇ।
ਲਗਦਾ ਏਥੇ ਸ਼ਰਮ ਦਾ ਘਾਟਾ।
ਇਹ ਨਾ ਦੇਖਣ ਧੌਲਾ ਝਾਟਾ।
ਆਹ ਮੈਨੂੰ ਦਿਖਾਵਣ ਲਿਆਇਆਂ।
ਬੁੱਢੇ ਵਾਰ ਪੜ੍ਹਾਵਣ ਲਿਆਇਆਂ।

ਚੱਲ ਏਥੋਂ ਹੀ ਮੁੜ ਪਓ ਘਰ ਨੂੰ।
ਦਿਲ ਵਿਚ ਰੱਖੀਂ ਰੱਬ ਦੇ ਡਰ ਨੂੰ।
ਸੁਣ ਕੇ ਮਾਂ ਦੀ ਮਿੱਠੀ ਘੂਰੀ।
ਛੱਡਣੀ ਪੈ ਗਈ ਬੀਚ ਅਧੂਰੀ।
ਮੈਂ ਕਿਹਾ ਸੱਤ ਬਚਨ ਮਾਂ ਮੇਰੀ।
ਗਲਤੀ ਹੋ ਗਈ ਬੜੀ ਘਨੇਰੀ।
ਗਲਤੀ ਹੋ ਗਈ ਦੱਸ ਰਿਹਾ ਸਾਂ।
ਅੰਦਰ ਖਾਤੇ ਹੱਸ ਰਿਹਾ ਸਾਂ।
ਮੈਂ ਕਿਹਾ ਮਾਂ ਜੀ ਅਗਲੇ ਹਫਤੇ।
ਗੁਰਦੁਆਰੇ ਦੇ ਪਵਾਂਗੇ ਰਸਤੇ।

*-ਗੁਰਮੀਤ ਸਿੰਘ ਬਰਸਾਲ*

---

### ਦੌਰ

ਇਹ ਕੈਸਾ ਯਾਰੋ ਦੌਰ ਸਮੇਂ ਦਾ ਆਇਆ ਹੈ
ਬੰਦਾ ਬੰਦਾ ਜ਼ਿੰਦਗੀ ਹੱਥੋਂ ਸਤਾਇਆ ਹੈ।

ਧੜਕਣ ਵਾਂਗ ਜੋ ਦਿਲ ਦੇ ਬਹੁਤ ਕਰੀਬ ਹੋਵੇ
ਸਭ ਤੋਂ ਪਹਿਲਾਂ ਉਹੀ ਹੁੰਦਾ ਪਰਾਇਆ ਹੈ।

ਬੇਹਿਸਾਬ ਕਲੇਸ਼, ਦਰਾਰਾਂ, ਪਖੰਡ ਵਧੇ
ਪਤਾ ਨਹੀਂ ਇਹ ਕਿਸ ਦਾ ਕੀਤਾ ਕਰਾਇਆ ਹੈ।

ਹਵਾ, ਪਾਣੀ, ਭੋਜਨ ਦੂਸ਼ਿਤ ਹੋਏ ਨੇ
ਵਾਤਾਵਰਣ ਵਿਚ ਕਿਸ ਨੇ ਜ਼ਹਿਰ ਫੈਲਾਇਆ ਹੈ।

ਹਿਸਾਬ ਸਾਰਾ ਏਥੇ ਹੀ ਦੇਣਾ ਪੈਣਾ ਹੈ
ਲੁੱਟਾ ਖੋਹਾਂ ਕਰਕੇ ਜੋ ਵੀ ਕਮਾਇਆ ਹੈ।

ਸਵਰਗ-ਨਰਕ ਦੋਵੇਂ ਹੀ ਨੇ ਧਰਤੀ 'ਤੇ
ਪਏਗਾ ਰੋਣਾ ਜਿਨ੍ਹਾਂ ਕਿਸੇ ਨੂੰ ਰੁਆਇਆ ਹੈ।

ਪਿਉ ਦਾ ਕਤਲ ਹੋਇਆ ਹੈ ਜ਼ਮੀਨ ਪਿੱਛੇ
ਇਲਜ਼ਾਮ ਸਾਰਾ ਹੀ ਮਾਂ ਜਾਏ 'ਤੇ ਆਇਆ ਹੈ।

ਉਸ ਸ਼ਖਸ ਲਈ ਸਜ਼ਾ ਮੁਕੱਰਰ ਨਹੀਂ ਹੋਈ
ਵਿਚ ਪੇਟ ਦੇ ਜਿਨ੍ਹੇ ਧੀ ਦਾ ਕਤਲ ਕਰਾਇਆ ਹੈ।

ਬੰਜਰ ਜ਼ਮੀਨ 'ਚ ਮੋਤੀ ਕਿੱਦਾਂ ਉਗ ਪਏ
ਕਿਸ ਪੈਗੰਬਰ ਨੇ ਇਸ ਵਿਚ ਹਲ ਚਲਾਇਆ ਹੈ।

ਦੇਣਾ ਕਦੇ ਨ੍ਹੀਂ ਦੇ ਸਕਦਾ 'ਭੱਟੀ' ਉਨ੍ਹਾਂ ਦਾ
ਵਿਚ ਔਕੜਾਂ ਜਿਨ੍ਹੇ ਜਿਨ੍ਹੇ ਸਾਥ ਨਿਭਾਇਆ ਹੈ।

*-ਸਵਿੰਦਰ ਸਿੰਘ ਭੱਟੀ*
*ਫੋਨ: 91-98729-89193*

### ਗਜ਼ਲ

ਸੱਚੀ ਨੀਅਤ, ਸ਼ੁਭ ਵਿਚਾਰ
ਓਹੀ ਪਾਏਦਾਰ ਏ ਬਾਬਾ।
ਇਨਸਾਨੀਅਤ ਦਾ ਜੋ ਪ੍ਰਚਾਰਕ
ਓਹੀ ਹੋਏ ਖੁਆਰ ਏ ਬਾਬਾ।
ਪ੍ਰੈਸ 'ਤੇ ਹਮਲਾ ਜੋ ਵੀ ਕਰਦਾ
ਉਹ ਨਹੀਂ ਸਿਰਦਾਰ ਏ ਬਾਬਾ।
ਬਲੈਕਮੇਲਰ ਜੋ ਅਖਵਾਵੇ
ਅ-ਨਾਮਾਨਿਗਾਰ ਏ ਬਾਬਾ।
ਮੂੰਹ ਵਿਚ ਰਾਮ, ਬਗਲ ਕਟਾਰੀ
ਇਹ ਕਾਹਤੋਂ ਹਥਿਆਰ ਏ ਬਾਬਾ।
ਹਵਾ ਵੇਖ ਕੇ ਨੇਤਾ ਬਦਲੀ
ਇਹ ਕੇਹੀ ਦਸਤਾਰ ਏ ਬਾਬਾ।
ਸੁੰਦਰ ਨੱਢੀ ਚੇਲੀ ਪਾਲੀ
ਸੰਤ ਨਹੀਂ, ਬਦਕਾਰ ਏ ਬਾਬਾ।
ਰਾਤ ਸ਼ਰਾਬੀ, ਦਿਨ ਨੂੰ ਸੋਫੀ
ਝੂਠਾ ਠੇਕੇਦਾਰ ਏ ਬਾਬਾ।
ਰਾਜ ਨਹੀਂ, ਸੇਵਾ ਹੈ ਕਰਨੀ
ਇਹ ਝੂਠਾ ਪ੍ਰਚਾਰ ਏ ਬਾਬਾ।
ਤਨ ਦਾ ਸੁੰਦਰ, ਮਨ ਦਾ ਕਾਲਾ
ਇਹ ਘਟੀਆ ਸ਼ਿੰਗਾਰ ਏ ਬਾਬਾ।
'ਗਿੱਲ' ਨੂੰ ਭਾਰਤ ਟਿੱਚ ਸਮਝਿਆ
ਅਮਰੀਕਾ ਸਤਿਕਾਰ ਏ ਬਾਬਾ।

*-ਜੁਗਰਾਜ ਗਿੱਲ, ਅਬੋਹਰਵੀ*
*ਫੋਨ: 704-257-6693*

## ਜ਼ਿੰਦਗੀ ਦਾ ਨਾਦ

# ਕਿਰਨ ਵਿਹੂਣਾ ਸੂਰਜ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਨੇ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਉਨ੍ਹਾਂ ਮੋਹ-ਪਿਆਰ ਦੀ ਗੱਲ ਕਰਦਿਆਂ ਕਿਹਾ ਸੀ ਕਿ ਮੁਹੱਬਤ ਅਮੁੱਲ ਏ, ਇਹ ਤਾਂ ਦਿਲਾਂ ਦਾ ਸੌਦਾ ਏ, ਜੋ ਨਫੇ/ਨੁਕਸਾਨ ਦੀ ਤੱਕੜੀ 'ਚ ਨਹੀਂ ਤੁੱਲਦਾ। ਪਿਛਲੇ ਲੇਖ ਵਿਚ ਫੁੱਲਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਕਿਹਾ ਸੀ, ਮਨਾਂ 'ਚ ਖੁਸ਼ੀ ਦੇ ਦੀਵੇ ਜਗਾਉਣ ਵਾਲਾ ਚਮਨ ਦਾ ਫੁੱਲ ਕਮਰੇ 'ਚ ਜਾਂਦਿਆਂ ਹੀ ਮੁਰਝਾ ਜਾਂਦਾ ਏ। ਉਨ੍ਹਾਂ ਨਸੀਹਤ ਕੀਤੀ ਕਿ ਫੁੱਲ ਨਾ ਤੋੜੋ। ਇਨ੍ਹਾਂ ਨਾਲ ਗੁਲਜ਼ਾਰਾਂ ਨੂੰ ਭਾਗ ਲਗਣ ਦਿਉ ਅਤੇ ਕੁਦਰਤ ਦੇ ਵਿਹੜੇ ਚਮਨ ਦੀ ਆਰਤੀ ਉਤਾਰਨ ਦਿਉ। ਹਥਲੇ ਲੇਖ ਵਿਚ ਵਿਛੋੜੇ ਦੀ ਵਾਰਤਾ ਦੱਸਦਿਆਂ ਉਨ੍ਹਾਂ ਕਿਹਾ ਹੈ ਕਿ ਵਿਛੋੜਾ ਕੋਈ ਵੀ ਹੋਵੇ, ਵਿਛੋੜਾ ਹੀ ਹੁੰਦਾ ਏ। 'ਕੱਲੀ ਕੂੰਜ ਵਿਛੜ ਗਈ ਡਾਰੋਂ' ਦਾ ਦਰਦ। ਸਾਹ ਸੂਤਵੇਂ ਪਲਾਂ ਦੀ ਗਿਣਤੀ। ਸਭ ਤੋਂ ਔਖਾ ਹੁੰਦਾ ਏ ਉਸ ਦਾ ਵਿਛੋੜਾ, ਜਿਸ ਨਾਲ ਤੁਹਾਡੀ ਹਰ ਪਲ ਦੀ, ਹਰ ਗੱਲ ਦੀ, ਹਰ ਹੱਲ ਦੀ ਸਾਂਝ ਹੋਵੇ। -ਸੰਪਾਦਕ***

ਆਪਣੀ ਜੀਵਨ ਸਾਥਣ ਨੂੰ ਕੁਝ ਸਮੇਂ ਲਈ ਵਿਦੇਸ਼ ਤੋਰ ਕੇ ਵਾਪਸ ਪਰਤ ਰਿਹਾ ਸ਼ਖਸ। ਵਿਛੜਨ ਦੀ ਮਿੱਠੀ ਮਿੱਠੀ ਕਸਕ। ਇਕੱਲ ਦਾ ਡਰ? ਸਾਹਾਂ ਵਰਗੇ ਸਾਥ ਦਾ ਕੁਝ ਸਮੇਂ ਲਈ ਖੁੱਸਿਆ ਸਾਥ। ਜ਼ਿੰਦਗੀ ਨੂੰ ਇਕੱਲਿਆਂ ਤੋਰੀ ਰੱਖਣ ਦਾ ਹੰਭਲਾ। ਆਪਣੀ ਸਾਥਣ ਉਪਰ ਸੰਪੂਰਨ ਨਿਰਭਰਤਾ ਵਾਲੀ ਜੀਵਨ-ਸ਼ੈਲੀ ਨੂੰ ਤਬਦੀਲ ਕਰਨ ਦੀ ਮੁਸ਼ਕਿਲ ਦਾ ਸਾਹਮਣਾ। ਸਫਰ ਦੀ ਉਦਾਸੀ ਨੂੰ ਹੋਰ ਸੰਘਣਾ ਕਰ ਰਹੀ ਬੱਸ ਦੀ ਵੀਡੀਓ ਉਪਰ ਚੱਲ ਰਹੀ ਫਿਲਮ 'ਬਾਗਬਾਨ।' "ਬੱਚਿਆਂ ਵਲੋਂ ਜੀਵਨ ਦੀ ਢਲਦੀ ਦੁਪਹਿਰੇ ਮਾਪਿਆਂ ਦਾ ਵੰਡ ਵੰਡਾਰਾ। ਬੀਵੀ ਕਿਸੇ ਪਾਸੇ, ਮੀਆਂ ਕਿਸੇ ਪਾਸੇ। ਉਮਰਾਂ ਲੰਮੇਰੇ ਨਿੱਘ 'ਚ ਬਰਫ ਦੀ ਸਿਲ ਰੱਖਣ ਦੀ ਕੋਸ਼ਿਸ। ਇਕ ਦੂਜੇ ਦੇ ਸਮਰਪਣ ਤੇ ਨਿਰਭਰਤਾ ਦਾ ਚਾਕ ਹੋਣਾ। ਰਿਸ਼ਤਿਆਂ ਦੇ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

ਫਿੱਕੇ ਪੈ ਗਏ ਰੰਗ। ਮੀਆਂ-ਬੀਵੀ ਦੇ ਵਿਛੜਨ ਵੇਲੇ ਬੜਾ ਕੁਝ ਅਣ ਕਿਹਾ ਕਹਿੰਦੀਆਂ ਨਮ ਅੱਖਾਂ। ਮਨ ਦੀ ਵੇਦਨਾ ਦੀ ਗੂੰਗੀ ਜ਼ੁਬਾਨ। ਇਕ ਦੂਜੇ ਲਈ ਅੰਤਰੀਵੀ ਖਿੱਚ ਨੂੰ ਹੋਰ ਮਜ਼ਬੂਤ ਕਰ ਰਿਹਾ ਮਜਬੂਰੀਵੱਸ ਪਿਆ ਵਿਛੋੜਾ। ਜ਼ਿੰਦਗੀ ਦੀ ਸ਼ਾਮ 'ਚ ਘੁਲ ਰਹੇ ਉਦਾਸ ਰੰਗ। ਆਖਰ ਨੂੰ ਮਾਨਸਿਕ ਪੀੜਾ 'ਚੋਂ ਉਪਜਿਆ ਸਾਹਸ, ਪੁਨਰ ਮਿਲਣ ਦੇ ਪਲਾਂ ਨਾਲ ਪੁਰ ਸਕੂਨ ਜ਼ਿੰਦਗੀ ਦੀ ਨਵੀਂ ਸ਼ੁਰੂਆਤ।" ਅਤੇ ਉਹ ਨਮ ਅੱਖਾਂ ਨਾਲ ਬੱਸ ਤੋਂ ਉਤਰ ਘਰ ਨੂੰ ਤੁਰ ਪਿਆ, ਜਿਥੇ ਇਕੱਲ ਉਸ ਦੀ ਉਡੀਕ ਕਰ ਰਹੀ ਸੀ।

ਆਪਣਿਆਂ ਦਾ ਆਪਣਿਆਂ ਤੋਂ ਦੂਰ ਜਾਣਾ। ਸਾਹਾਂ ਦਾ ਮਹਿਕ ਵਿਹੂਣਾ ਹੋ ਜਾਣਾ। ਪਰਿੰਦੇ ਦੇ ਪਰਾਂ ਤੋਂ ਮੁਨਕਰ ਹੋਈ ਪਰਵਾਜ਼, ਦਰਾਂ ਦੀ ਦਸਤਕ ਦਾ ਖਾਮੋਸ਼ ਹੋ ਜਾਣਾ। ਘਰ 'ਚ ਪਿਆਰਿਆਂ ਦੇ ਬੋਲਾਂ ਲਈ ਤਰਸਣਾ। ਦੀਦਿਆਂ 'ਚ ਤਰਦੀ ਤਸਵੀਰ ਨੂੰ ਨਿਹਾਰਨਾ ਅਤੇ ਚਮਨ ਦੀ ਉਦਾਸੀ ਦੀ ਆਰਤੀ ਉਤਾਰਨਾ, ਵਿਛੋੜੇ ਦੀ ਚਸ਼ਮਦੀਦ ਗਵਾਹੀ।

ਵਿਛੜਨਾ ਤੇ ਮਿਲਣਾ ਜੱਗ ਦੀ ਰੀਤ। ਉਮਰਾਂ ਦੀ ਤਵਾਰੀਖ। ਅਸੀਂ ਵੱਖੋ ਵੱਖਰੇ ਕਾਰਨਾਂ ਕਰਕੇ ਵੱਖੋ ਵੱਖਰੇ ਪੜਾਅ 'ਤੇ ਇਕ ਦੂਸਰੇ ਤੋਂ ਵਿਛੜਦੇ ਹਾਂ। ਘਰੋਂ ਤੁਰ ਰਹੇ ਨੌਕਰ ਦੀ ਮਜਬੂਰੀ ਹੁੰਦੀ ਹੈ, ਰੋਟੀ ਖਾਤਰ ਅਤੇ ਪਰਿਵਾਰ ਦੇ ਉਜਲ ਭਵਿੱਖ ਲਈ ਆਪਣਿਆਂ ਤੋਂ ਦੂਰ ਹੋਣ ਦੀ। ਨਵੇਂ ਥਾਂਵਾਂ ਤੇ ਨਵੇਂ ਹਾਲਾਤ 'ਚ ਆਪਣੇ ਆਪ ਨੂੰ ਢਾਲਣਾ ਅਤੇ ਇਕ ਪਾਕਿਸਤਾਨੀ ਗਾਣੇ ਦੇ ਬੋਲਾਂ ਨੂੰ ਯਾਦਾਂ ਦੀ ਤਲੀ 'ਤੇ ਧਰਨਾ, "ਵਿਛੜਨ ਵਿਛੜਨ ਕਰਦਾ ਏਂ, ਜਦ ਵਿਛੜੇਂਗਾ ਪਤਾ ਲੱਗਜੂਗਾ।"

ਬੜਾ ਔਖਾ ਹੁੰਦਾ ਏ, ਸਮਾਜਕ ਜ਼ਿੰਮੇਵਾਰੀ ਨਿਭਾਉਂਦਿਆਂ ਧੀ ਨੂੰ ਆਪਣੇ ਹੱਥੀਂ ਵਿਦਾ ਕਰਨਾ। ਦਿਲ 'ਚ ਡੋਬੂ ਪਾਉਂਦਾ ਏ, ਉਮਰਾਂ ਜੇਡ ਵਿਛੋੜਾ। 'ਕੇਰਾਂ ਮੇਰਾ ਡਾਕਟਰ ਮਿੱਤਰ ਕਹਿਣ ਲੱਗਾ, "ਮੈਨੂੰ ਆਪਣੀਆਂ ਦੋਵੇਂ ਧੀਆਂ, ਹੋਰ ਦੋ-ਚਾਰ ਸਾਲ ਤੀਕ ਵਿਆਹ ਕੇ ਘਰੋਂ ਤੋਰਨੀਆਂ ਪੈਣਗੀਆਂ। ਮੈਨੂੰ ਤਾਂ ਇਹ ਸੋਚ ਕੇ ਹੀ ਕੁਝ ਹੋਣ ਲੱਗ ਪੈਂਦਾ ਏ। ਕਿਵੇਂ ਸਹਾਰਾਂਗਾ ਮੈਂ ਆਪਣੀਆਂ ਸਾਹਾਂ ਤੋਂ ਕੀਮਤੀ ਧੀਆਂ ਦਾ ਵਿਛੋੜਾ? ਤੂੰ ਪਤਾ ਨਹੀਂ ਕਿਵੇਂ ਧੀਆਂ ਦੇ ਵਿਛੋੜੇ ਦੀ ਮਾਨਸਿਕ ਪੀੜਾ 'ਚੋਂ ਗੁਜ਼ਰ ਰਿਹਾ ਏਂ?" ਕਿੰਜ ਦੱਸਦਾ ਕਿ ਧਰਤ ਵਰਗੀਆਂ ਧੀਆਂ ਦਾ ਮੋਹ ਦੂਰ ਜਾ ਕੇ, ਹੋਰ ਵੀ ਤੀਖਣ ਹੋ ਜਾਂਦਾ ਏ।

ਜਦ ਕੁੱਖੋਂ ਜਾਏ ਸ਼ਾਦੀ ਕਰਕੇ, ਉਚੇਰੀ ਪੜ੍ਹਾਈ ਕਾਰਨ ਜਾਂ ਨੌਕਰੀ ਕਾਰਨ ਵਿਛੜਦੇ ਨੇ ਤਾਂ ਘਰ 'ਚੋਂ ਗੁੰਮ ਜਾਂਦੀ ਏ ਆਪਸੀ ਲੜਾਈ, ਜ਼ਿੱਦ ਪੁਗਾਉਣਾ ਅਤੇ ਇੱਕ ਦੂਜੇ ਨੂੰ ਖਿਝਾਉਣਾ। ਭੈਣ ਦੀ ਰੱਖੜੀ ਤੇ ਵੀਰੇ ਦਾ ਗੁੱਟ ਦੂਰੀਆਂ 'ਚ ਨਪੀੜੇ ਜਾਂਦੇ ਨੇ। ਆਪਣਿਆਂ ਦੀ ਆਮਦ ਉਪਰਾਮ ਹੋ ਜਾਂਦੀ ਏ। ਭੈਣਾਂ-ਭਰਾਵਾਂ 'ਚ ਪਨਪਦਾ ਮੋਹ, ਖਤਾਂ ਤੇ ਸੁਨੇਹਿਆਂ ਦੀ ਮੁਹਤਾਜੀ ਹੰਢਾਉਂਦਾ ਏ। ਤੂਤ ਦੇ ਮੋਛੇ ਵਰਗੀ ਸਾਂਝ ਹਉਕਾ ਭਰਦੀ ਏ। ਸਾਹਾਂ ਵਰਗਾ ਸਾਜ ਆਪਣੀ ਅਉਧ ਲਈ ਅਰਦਾਸ ਕਰਦਾ ਏ।

ਬਹੁਤੀ ਵਾਰ ਮੀਆਂ-ਬੀਵੀ ਵਿਛੜਦੇ ਨੇ ਪਰਿਵਾਰਕ ਮਜਬੂਰੀਆਂ ਲਈ, ਭਾਵੇਂ ਉਹ ਬੱਚਿਆਂ ਦੀ ਲੋੜ ਹੋਵੇ ਜਾਂ ਰਿਸ਼ਤੇਦਾਰਾਂ ਨੂੰ ਕਿਸੇ ਦੀ ਥੋੜ੍ਹ ਹੋਵੇ। ਬਿਮਾਰ ਦੀ ਸੇਵਾ ਸੰਭਾਲ ਹੋਵੇ ਜਾਂ ਬਜ਼ੁਰਗ ਨੂੰ ਸਾਂਭਣ ਦਾ ਖਿਆਲ ਹੋਵੇ। ਕਈ ਵਾਰ ਮੀਆਂ ਬੀਵੀ, ਆਰਥਿਕ ਸਾਧਨ ਪੈਦਾ ਕਰਨ ਲਈ ਸਾਰੀ ਉਮਰ ਦੇ ਨਾਂਵੇਂ ਹੀ ਇਕਲਾਪਾ ਲਿਖਵਾ ਛੱਡਦੇ ਨੇ। ਚੋਰੀ ਛੁਪੇ ਵਿਦੇਸ਼ਾਂ 'ਚ ਗਏ ਆਦਮੀ ਨੂੰ ਪੱਕਾ ਹੋਣ ਲਈ ਕਈ ਵਾਰ ਤਾਂ ਸਾਰੀ ਉਮਰ ਹੀ ਲੱਗ ਜਾਂਦੀ ਏ ਅਤੇ ਇਸ ਵਿਛੋੜੇ 'ਚ ਫਿੱਕਾ ਪੈ ਜਾਂਦਾ ਏ ਸੁਹਾਗ ਦਾ ਸੂਹਾ ਰੰਗ, ਰੁੱਸ ਜਾਂਦੀ ਏ ਉਮੰਗ ਅਤੇ ਉਦਾਸ ਹੋ ਜਾਂਦੀ ਏ ਜੀਵਨ-ਤਰੰਗ।

***ਬਹੁਤੀ ਵਾਰ ਮੀਆਂ-ਬੀਵੀ ਵਿਛੜਦੇ ਨੇ ਪਰਿਵਾਰਕ ਮਜਬੂਰੀਆਂ ਲਈ, ਭਾਵੇਂ ਉਹ ਬੱਚਿਆਂ ਦੀ ਲੋੜ ਹੋਵੇ ਜਾਂ ਰਿਸ਼ਤੇਦਾਰਾਂ ਨੂੰ ਕਿਸੇ ਦੀ ਥੋੜ੍ਹ ਹੋਵੇ। ਬਿਮਾਰ ਦੀ ਸੇਵਾ ਸੰਭਾਲ ਹੋਵੇ ਜਾਂ ਬਜ਼ੁਰਗ ਨੂੰ ਸਾਂਭਣ ਦਾ ਖਿਆਲ ਹੋਵੇ। ਕਈ ਵਾਰ ਮੀਆਂ ਬੀਵੀ, ਆਰਥਿਕ ਸਾਧਨ ਪੈਦਾ ਕਰਨ ਲਈ ਸਾਰੀ ਉਮਰ ਦੇ ਨਾਂਵੇਂ ਹੀ ਇਕਲਾਪਾ ਲਿਖਵਾ ਛੱਡਦੇ ਨੇ। ਚੋਰੀ ਛੁਪੇ ਵਿਦੇਸ਼ਾਂ 'ਚ ਗਏ ਆਦਮੀ ਨੂੰ ਪੱਕਾ ਹੋਣ ਲਈ ਕਈ ਵਾਰ ਤਾਂ ਸਾਰੀ ਉਮਰ ਹੀ ਲੱਗ ਜਾਂਦੀ ਏ ਅਤੇ ਇਸ ਵਿਛੋੜੇ 'ਚ ਫਿੱਕਾ ਪੈ ਜਾਂਦਾ ਏ ਸੁਹਾਗ ਦਾ ਸੂਹਾ ਰੰਗ, ਰੁੱਸ ਜਾਂਦੀ ਏ ਉਮੰਗ ਅਤੇ ਉਦਾਸ ਹੋ ਜਾਂਦੀ ਏ ਜੀਵਨ-ਤਰੰਗ।***

ਉਚੇਰੀ ਪੜ੍ਹਾਈ ਲਈ ਵਿਦੇਸ਼ ਜਾ ਰਿਹਾ ਲਾਡਲਾ। ਵਿਹੜੇ 'ਚ ਜੁੜਿਆ ਪਰਿਵਾਰ। ਜਿਥੇ ਘਰ ਵਾਲਿਆਂ ਦੇ ਮਨਾਂ 'ਚ ਚੰਗੇਰੇ ਭਵਿੱਖ ਦੀ ਆਸ ਦਾ ਜਗਦਾ ਦੀਪਕ, ਉਥੇ ਆਪਣੀ ਆਂਦਰ ਦੇ ਵਿਛੜਨ ਦਾ ਦਰਦ ਵੀ। ਕੰਧ ਉਹਲੇ ਪਰਦੇਸ ਦੀ ਗਾਥਾ। ਦੂਰ ਤੁਰ ਗਿਆਂ ਦਾ ਫਿਕਰ। ਦਰਾਂ 'ਚ ਤੇਲ ਚੋਂਦੀ ਤੇ ਪਾਣੀ ਡੋਲਦੀ ਮਾਂ ਦੇ ਦਿਲ ਨੂੰ ਪੈਂਦੇ ਹੌਲ। ਦਾਦੀ ਦੀ ਡੰਗੋਰੀ ਲਈ ਸ਼ਾਇਦ ਆਖਰੀ ਮਿਲਾਪ ਦੀ ਘੜੀ। ਬਾਪੂ ਦੇ ਧੌਲਿਆਂ 'ਚ ਹੰਝੂਆਂ ਦੇ ਤ੍ਰੇਲ-ਤੁਪਕੇ ਅਤੇ ਦੂਰ ਤੁਰਿਆ ਜਾਂਦਾ ਪੁੱਤਰ, ਅੱਖੋਂ ਓਹਲੇ ਹੋ ਸਭ ਦੀ ਤਲੀ 'ਤੇ ਇਕ ਉਡੀਕ ਧਰ ਗਿਆ। ਹਰ ਇਕ ਦੇ ਮਸਤਕ 'ਤੇ ਉਕਰੀ ਵਿਛੋੜੇ ਦੀ ਲੰਮੀ ਲਕੀਰ, ਵੇਦਨਾ।

ਵਿਛੋੜਾ ਕਈ ਰੂਪਾਂ 'ਚ ਸਾਡੇ ਸੰਗ ਸੰਵਾਦ ਰਚਾਉਂਦਾ ਏ, ਆਪਣੀ ਹੋਂਦ ਦਾ ਅਹਿਸਾਸ ਜਗਾਉਂਦਾ ਏ ਅਤੇ ਸਾਡੀ ਜੀਵਨ-ਜੁਗਤ ਨੂੰ ਇਮਤਿਹਾਨ 'ਚ ਪਾਉਂਦਾ ਏ। ਜਦ ਮਾਂ-ਪਿਓ ਸਾਥੋਂ ਵਿਛੜਦੇ ਨੇ ਤਾਂ ਇਕ ਛਾਂ ਤੋਂ ਮਹਿਰੂਮ ਹੋ ਜਾਂਦੇ ਹਾਂ, ਇਕ ਨਿੱਘ ਤੋਂ ਵਿਰਵੇ, ਉਮਰਾਂ ਦੀਆਂ ਸਿਆਣਪਾਂ ਤੋਂ ਵਿਹੂਣੇ, ਰਿਸ਼ਤਿਆਂ ਦੇ ਨਿਭਾਅ ਤੋਂ ਸੱਖਣੇ, ਸਮਾਜਕ ਸੋਝੀ ਤੋਂ ਕੋਰੇ ਅਤੇ ਜ਼ਿੰਮੇਵਾਰੀਆਂ ਸਿਰ 'ਤੇ ਪੈ ਜਾਂਦੀਆਂ ਨੇ। ਹਰ ਫੈਸਲਾ ਖੁਦ ਕਰਨਾ ਪੈਂਦਾ ਏ ਅਤੇ ਇਸ ਦੇ ਸਹੀ-ਗਲਤ ਦੇ ਖੁਦ ਜ਼ਿੰਮੇਵਾਰ। ਸਭ ਤੋਂ ਨਿਰਪੱਖ ਸਲਾਹਕਾਰ ਤੇ ਸਾਡੀਆਂ ਪ੍ਰਾਪਤੀਆਂ ਦੀ ਲੋਚਾ ਮਨ 'ਚ ਪਾਲਣ ਵਾਲੇ ਤੁਰ ਜਾਂਦੇ ਨੇ। ਹੱਲਾਸ਼ੇਰੀ ਦੇਣ ਵਾਲਾ ਕੋਈ ਨਹੀਂ ਹੁੰਦਾ। ਫਿਰ ਕੰਧ 'ਤੇ ਲਟਕਦੀ, ਮਾਂ-ਪਿਓ ਦੀ ਉਦਾਸ ਜਿਹੀ ਤਸਵੀਰ ਹੀ ਸਾਡੇ ਲਈ ਬਣਦੀ ਏ ਅਸੀਸ, ਸੰਵੇਦਨਾ।

ਹੱਥੀਂ ਪਾਲ ਪੋਸ ਕੇ, ਧੀਆਂ-ਪੁੱਤਰ ਜਦੋਂ ਘਰੋਂ ਬਾਹਰ ਪੈਰ ਰੱਖਦੇ ਨੇ ਤਾਂ ਵਿਛੋੜੇ 'ਚ ਮਾਪਿਆਂ ਦੇ ਕਾਲਜੇ 'ਚ ਪੈਂਦੀ ਖੋਹ, ਘਰ ਦੀਆਂ ਕੰਧਾਂ ਨੂੰ ਰੁਆਉਂਦੀ ਹੈ। ਘਰ ਉਪਰਾਮਤਾ ਦੀ ਜੂਨ ਹੰਢਾਉਂਦਾ ਏ ਅਤੇ ਬੱਚਿਆਂ ਦੇ ਚੋਚਲੇ ਤੇ ਚਹਿਕਦੇ ਬੋਲਾਂ ਨੂੰ ਮਨ ਦੀ ਤੰਦੀ 'ਤੇ ਟਿਕਾਉਂਦਾ ਏ। ਘਰ, ਘਰ ਦੇ ਆਰਥਾਂ ਤੋਂ ਸੱਖਣਾ ਹੋਇਆ, ਦੂਰ ਤੁਰ ਗਿਆਂ ਨੂੰ ਛੇਤੀ ਪਰਤ ਆਉਣ ਲਈ ਵਾਸਤਾ ਪਾਉਂਦਾ ਏ। ਇਕ ਦੂਸਰੇ ਦਾ ਆਸਰਾ ਬਣੀ ਬਜ਼ੁਰਗ ਜੋੜੀ ਲਈ, ਕੁਝ ਸਮੇਂ ਦਾ ਵਿਛੋੜਾ ਵੀ ਯੁੱਗਾਂ ਤੀਕਰ ਫੈਲ ਜਾਂਦਾ ਏ। ਦਰਅਸਲ, ਦੋਹਾਂ ਦੀ ਉਮਰ ਭਰ ਦੀ ਇਕਸੁਰਤਾ ਨੇ, ਉਨ੍ਹਾਂ ਦੀ ਜੀਵਨ-ਸ਼ੈਲੀ ਇਕ ਦੂਜੇ ਉਪਰ ਇੰਨੀ ਨਿਰਭਰ ਕਰ ਦਿੱਤੀ ਹੁੰਦੀ ਹੈ ਕਿ ਸਮੇਂ ਨੂੰ ਇਕੱਲਿਆਂ ਲੰਘਾਉਣਾ ਔਖਾ ਹੁੰਦਾ ਏ।

ਵਿਛੋੜਾ ਕੋਈ ਵੀ ਹੋਵੇ, ਵਿਛੋੜਾ ਹੀ ਹੁੰਦਾ ਏ। 'ਕੱਲੀ ਕੂੰਜ ਵਿਛੜ ਗਈ ਡਾਰੋਂ' ਦਾ ਦਰਦ। ਸਾਹ ਸੂਤਵੇਂ ਪਲਾਂ ਦੀ ਗਿਣਤੀ। ਸਭ ਤੋਂ ਔਖਾ ਹੁੰਦਾ ਏ ਉਸ ਦਾ ਵਿਛੋੜਾ, ਜਿਸ ਨਾਲ ਤੁਹਾਡੀ ਹਰ ਪਲ ਦੀ, ਹਰ ਗੱਲ ਦੀ, ਹਰ ਹੱਲ ਦੀ ਸਾਂਝ ਹੋਵੇ। ਤੁਹਾਡਾ ਹਰਦਮ, ਤੁਹਾਡਾ ਹਮਰਾਜ ਤੇ ਜ਼ਰਾ-ਨਿਵਾਜ਼। 'ਹੱਥੀਂ ਤੋਰੇ ਸੱਜਣਾਂ ਨੂੰ, ਨਾਲੇ ਯਾਦ ਕਰਾਂ ਨਾਲੇ ਰੋਵਾਂ' ਦੀ ਜੂਨ, ਸਲਾਬੀ ਹੋਈ 'ਵਾ।

ਵਿਛੋੜਾ, ਵਿਹਲੇ ਪਲਾਂ ਦੀ ਤਲੀ 'ਤੇ ਸੂਖਮ ਸੋਚ ਦੀ ਅੰਬਰੀਂ ਉਡਾਣ ਦਾ ਸਿਰਨਾਵਾਂ, ਵਿਛੋੜਾ ਆਤਮ ਚਿੰਤਨ ਦਾ ਸਬੱਬ, ਆਪਣੇ ਨਾਲ ਰਚਾਇਆ ਸੰਵਾਦ, ਚੇਤੇ 'ਚ ਸੰਗੀਤ ਘੋਲਦੀ ਮਨ ਦੀ ਰਬਾਬ, ਯਾਦ 'ਚ ਅੰਗੜਾਈਆਂ ਲੈਂਦੀ ਨਿੱਘੀ ਯਾਦ ਅਤੇ ਉਡੀਕ ਦੀ ਤੰਦੀ 'ਤੇ ਪੁਨਰ ਮਿਲਣ ਦਾ ਵਿਸਮਾਦ।

ਵਿਛੋੜਾ ਜੇ ਨਵੀਆਂ ਪੈੜਾਂ ਦੀ ਰਹਿਤਲ ਹੋਵੇ, ਕਿਸੇ ਦੀਆਂ ਭਾਵਨਾਵਾਂ ਦੇ ਦਰੀਂ ਤੇਲ ਚੋਵੇ, ਕਿਸੇ ਦੇ ਸਾਥ ਦੀ ਸੁੱਚਮਤਾ ਜੱਗ-ਜ਼ਾਹਰ ਹੋਵੇ, ਚਮਨ ਦੇ ਵਿਹੜੇ ਬਹਾਰਾਂ ਦਾ ਨਿਉਂਦਾ ਹੋਵੇ, ਕਿਸੇ ਦੀ ਪੀੜਾ ਧੋਵੇ ਅਤੇ ਨਰੋਈਆਂ ਪ੍ਰਾਪਤੀਆਂ ਦੀ ਕਤਾਰ 'ਚ ਖਲੋਵੇ ਤਾਂ ਵਿਛੋੜਾ ਸਾਰਥਕ ਪ੍ਰਾਪਤੀ ਦਾ ਹਾਣੀ ਹੋਵੇ।

ਜਦ ਮਸਤਕ ਨਾਲੋਂ ਸੋਚ ਵਿਛੜ ਜਾਵੇ ਤਾਂ ਜਹਾਲਤ ਫੈਲਦੀ ਏ। ਜੇ ਜੀਵਨ 'ਚੋਂ ਅਦਬ ਦੂਰ ਤੁਰ ਜਾਵੇ ਤਾਂ ਜੀਵਨ-ਜੁਗਤ ਡਗਮਗਾ ਜਾਂਦੀ ਏ। ਜੇ ਸਾਹ ਸਰੀਰ ਤੋਂ ਵਿਛੜ ਜਾਵੇ ਤਾਂ ਮਨੁੱਖ ਮਿੱਟੀ ਹੋ ਜਾਂਦਾ ਏ। ਸਾਰੀ ਧਾਰਮਕ ਵਿਦਿਆ ਪਰਮਾਤਮਾ ਤੋਂ ਵਿਛੜੀ ਆਤਮਾ ਦੀ ਵੇਦਨਾ, ਉਸ ਨੂੰ ਪੁਨਰ ਮਿਲਣ ਦੀ ਪੁਕਾਰ ਅਤੇ ਮਿਲਣ ਚਾਹਤ ਲਈ ਨਵੇਂ ਨਵੇਂ ਰਸਤਿਆਂ ਦੀ ਨਿਸ਼ਾਨਦੇਹੀ। ਸਭ ਧਰਮ ਆਤਮਾ ਦੇ ਪਰਮਾਤਮਾ ਨਾਲ ਮਿਲਣ ਦੇ ਤਰਜਮਾਨ ਅਤੇ ਮਿਲਾਪ 'ਚੋਂ ਉਪਜਦੇ ਆਤਮਿਕ ਸੁੱਖ ਦੀ ਸੰਵੇਦਨਾ ਦਾ ਆਲੇਖ।

ਵਿਛੋੜਾ ਇਕ ਇਮਤਿਹਾਨ ਏ, ਤੁਹਾਡੇ ਇਤਮਿਨਾਨ ਦਾ, ਗਿਆਨ ਦਾ। ਜੀਵਨ ਦੀਆਂ ਤਲਖ ਹਕੀਕਤਾਂ ਨੂੰ ਇਕੱਲਿਆਂ ਹੰਢਾਉਣਾ ਅਤੇ ਉਨ੍ਹਾਂ 'ਚੋਂ ਆਪਣਾ ਅਰਘ, ਆਪ ਰੁਸ਼ਨਾਉਣਾ। ਵਿਛੋੜਾ ਇਕ ਵਕਤ ਹੈ, ਤੁਹਾਡੀ ਸ਼ਖਸੀਅਤ 'ਚ ਆਏ ਨਿਖਾਰ ਦਾ, ਬਦਲਦੇ ਹਾਲਾਤ 'ਚ ਆਪੇ ਨੂੰ ਢਾਲਣ ਦੀ ਜੁਗਤ ਅਤੇ ਜੀਵਨ ਦੇ ਹਰ ਪਲ ਨੂੰ ਵਰਤਮਾਨ ਵਿਚ ਮਾਣਨ ਦੀ ਜੁਰਅਤ। ਵਿਛੋੜਾ, ਜੀਵਨ ਕਸੁੰਭੜੇ ਨੂੰ ਸਹੀ ਸਰੂਪ ਵਿਚ ਸਮਝਣ, ਸੰਵਾਰਨ ਅਤੇ ਸਤਿਕਾਰਨ ਦਾ ਸਫਲਤਾਪੂਰਵਕ ਵਿਸਥਾਰ।

#

## ਕਾਵਿ ਜਗਤ

### ਮਦਰ'ਜ਼ ਡੇਅ

ਅੱਜ ਦਿਨ ਮਾਂਵਾਂ ਦਾ ਆਇਆ,
ਮੁਬਾਰਕ ਮਾਂਵਾਂ ਨੂੰ
ਅਸਾਂ ਰੱਬ ਦਾ ਸ਼ੁਕਰ ਮਨਾਇਆ,
ਮੁਬਾਰਕ ਮਾਂਵਾਂ ਨੂੰ।

ਜੁਗ ਜੁਗ ਜੀਵਣ ਖੁਸ਼ੀਆਂ ਮਾਣਨ
ਸਭ ਬੱਚਿਆਂ ਦੀਆਂ ਮਾਂਵਾਂ
ਪਿਆਰ ਕਰਨ ਆਪਣੇ ਬੱਚਿਆਂ ਨੂੰ
ਬਣ ਕੇ ਠੰਢੀਆਂ ਛਾਂਵਾਂ।
ਰੱਬ ਮਾਂ ਦਾ ਰੂਪ ਵਟਾਇਆ,
ਮੁਬਾਰਕ ਮਾਂਵਾਂ ਨੂੰ।

ਮਾਂ ਹੀ ਈਸ਼ਵਰ, ਮਾਂ ਹੀ ਅੱਲਾ,
ਮਾਂ ਹੀ ਪਿਆਰ ਤੇ ਪੂਜਾ
ਮਾਂ ਦੇ ਅੰਦਰੋਂ ਰੱਬ ਹੀ ਬੋਲੇ,
ਹੋਰ ਨਾ ਰੱਬ ਕੋਈ ਦੂਜਾ।
ਰੱਬ ਧਰਤੀ 'ਤੇ ਮਾਂ ਬਣ ਆਇਆ,
ਮੁਬਾਰਕ ਮਾਂਵਾਂ ਨੂੰ।

ਬੱਚਿਓ ਮਾਂ ਨੂੰ ਪਿਆਰ ਕਰੋ,
ਇਹ ਮਾਂ ਹੈ ਜਗ ਦੀ ਜਨਨੀ
ਮਾਂ ਵਰਗੀ ਕੋਈ ਦੂਜੀ ਮੂਰਤ
ਰੱਬ ਤੋਂ ਹੋਰ ਨਾ ਬਣਨੀ।
ਇਹਨੇ ਰੱਬ ਨੂੰ ਵੀ ਗੋਦ 'ਚ ਖਿਡਾਇਆ,
ਮੁਬਾਰਕ ਮਾਂਵਾਂ ਨੂੰ।

ਨੌਂ ਮਹੀਨੇ ਢਿੱਡ ਵਿਚ ਰੱਖ ਕੇ
ਜਨਮ ਬੱਚਿਆਂ ਨੂੰ ਹੈ ਦਿੰਦੀ
ਸਾਨੂੰ ਦੇਵੇ ਹਰ ਪਲ ਖੁਸ਼ੀਆਂ,
ਆਪ ਹੈ ਪੀੜਾਂ ਸਹਿੰਦੀ।
ਇਹਦਾ ਕਰਜਾ ਨਾ ਮੁਕਣਾ ਮੁਕਾਇਆਂ,
ਮੁਬਾਰਕ ਮਾਂਵਾਂ ਨੂੰ।

ਨਿੱਕੇ ਨਿੱਕੇ ਗਿਫਟ ਲਿਆ ਕੇ
ਮਾਂ ਨੂੰ ਨਾ ਪਰਚਾਈਏ
ਸੱਚਾ ਪਿਆਰ ਖੁਸ਼ੀ ਹੈ ਮਾਂ ਦੀ,
ਮਾਂ ਨੂੰ ਗਲ ਨਾਲ ਲਾਈਏ।
ਮਾਂ ਹੈ ਮਮਤਾ ਦੀ ਸੰਘਣੀ ਛਾਇਆ,
ਮੁਬਾਰਕ ਮਾਂਵਾਂ ਨੂੰ।

ਕਹਿੰਦੀ ਏ 'ਸੁਰਜੀਤ' ਵੇ ਲੋਕੋ,
ਮਾਂ ਨੂੰ ਗਲ ਨਾਲ ਲਾਓ
ਮਾਂ ਤੋਂ ਰਜ ਰਜ ਲਵੋ ਅਸੀਸਾਂ
ਤੇ ਉਚੇ ਰੁਤਬੇ ਪਾਓ।
ਸਦਾ ਸਿਰ 'ਤੇ ਰਵ੍ਹੇ ਉਹਦਾ ਸਾਇਆ,
ਮੁਬਾਰਕ ਮਾਂਵਾਂ ਨੂੰ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

### ਮਾਂ ਨੂੰ ਯਾਦ ਕਰਦਿਆਂ

ਮਾਂ ਸਾਡੀ ਨੇ ਬੜਾ ਭੱਠ ਝੋਕਿਆ
ਉਠ ਵੱਡੇ ਤੜਕੇ
ਪਾ ਮਧਾਣੀ ਅਧਰਿੜਕਾ
ਰਿੜਕ ਰਿੜਕ ਮੱਖਣ
ਲੱਸੀ ਦਹੀਂ ਬਹੁਲਤਾ।
ਕਰ ਗੋਹਾ-ਕੂੜਾ
ਆਹਰ ਰੋਟੀ-ਟੁੱਕ ਦਾ ਕਰ
ਕੁੱਟ ਕੁੱਟ ਬਣਾ ਘੁੱਦੂ ਘੀ 'ਚ
ਪੜ੍ਹਨ ਸਕੂਲੇ ਤੋਰ ਦਿੰਦੀ।

ਚਰਖਾ ਕੱਤ ਪੂਣੀ ਪੂਣੀ
ਲਾਹ ਗਲੋਟਾ ਦਰੀਆਂ ਸੀ ਬੁਣਦੀ
ਬਾਕੀ ਦਿਨ ਪਸ਼ੂਆਂ ਨੂੰ ਪੱਠੇ ਪਾ
ਪਾਣੀ ਪਿਲਾ, ਨੁਹਾ-ਧੁਆ
ਧੁੱਪ ਆ ਗਈ ਛਾਂਵੇਂ ਬੰਨ।
ਪਰਛਾਵਾਂ ਪਹੁੰਚਦਾ ਜਦ ਖੁਰੇ 'ਤੇ
ਮਾਂ ਕਹਿੰਦੀ ਹੁਣ ਬਾਰਾਂ ਵੱਜ ਗਏ।
ਜਦੋਂ ਪਰਛਾਵਾਂ ਚੜ੍ਹਨ ਲੱਗਦਾ
ਸਾਹਮਣੇ ਵਾਲੀ ਕੰਧ 'ਤੇ
ਹੁਣ ਤਿੰਨ ਤੋਂ ਉਪਰ ਹੋ ਗਏ।
ਲੱਗ ਜਾਂਦੀ ਰੌਲਾ ਪਾਉਣ
ਜਾਓ ਪੱਠਾ-ਦੱਥਾ ਲੈ ਆਓ
ਸ਼ਾਮ ਨੂੰ ਸ਼ੱਕਰ-ਘੀ ਨਾਲ ਰੋਟੀ ਦੇਊਂ।
ਆ ਜਾਵਣ ਜੇ ਦੇਸ਼ ਭਗਤ ਰਾਤ ਬਰਾਤੇ
ਕਦੇ ਮੂੰਹ ਨਾ ਵੱਟਦੀ
ਰੁੱਖੀ ਮਿੱਸੀ ਦੇ ਦਿੰਦੀ।

ਮਾਂ ਸਾਡੀ ਮਰ ਗਈ
ਚੁੱਲ੍ਹੇ ਫੂਕਾਂ ਮਾਰ ਮਾਰ
ਗਿੱਲਾ ਅੱਕ ਧੁਖਦਾ
ਧੂੰਆਂ ਦਿੰਦਾ ਅੱਖਾਂ ਨੂੰ ਕੁੜਿੱਤਣ
ਕੀ ਹੋ ਗਿਆ ਚੁੱਲ੍ਹੇ ਨੂੰ ਅੱਜ।
ਗੋਟੇ ਗਿੱਲੇ ਸਿਰ ਦਰਦ ਹੋਣ ਲੱਗਾ
ਮਾਂ ਪੁੜਪੁੜੀ 'ਤੇ ਟਿੱਕੀ ਆਟਾ ਲਾ ਲੈਂਦੀ।

ਸੋਚਦਾ ਹਾਂ ਮੈਂ ਅੱਜ ਕਈ ਵਾਰ
ਪਤਾ ਨਹੀਂ ਸੀ ਉਦੋਂ
ਕੀ ਮਤਲਬ ਹੈ ਇਹਦਾ!
ਅੱਜ ਨਾ ਲੋੜ ਫੂਕਾਂ ਮਾਰਨ ਦੀ
ਨਾ ਲੋੜ ਹੈ ਭੂਕਨਿਆਂ ਦੀ।
ਨਾ ਗੋਟੇ ਗਿੱਲੇ, ਨਾ ਸਿਰ ਦਰਦੀ।
ਬਸ ਤਾਰ ਲਾ ਦਿੱਤੀ
ਰੋਟੀ ਰੜ੍ਹ ਗਈ ਤਵੇ 'ਤੇ।
ਕਿਵੇਂ ਭੁੱਲ ਸਕਦਾਂ ਉਸ ਮਾਂ ਨੂੰ
ਕੀਤੀ ਜਿਸ ਕੁਰਬਾਨੀ ਸਾਡੇ ਲਈ।

***-ਦਰਸ਼ਨਪਾਲ ਦੋਸਾਂਝ***

---

### ਨੇਕ ਸਲਾਹ

ਐਵੇਂ ਨਾ ਦੰਦ ਭਨਾ ਕੇ ਬਹਿ ਜਾਈਂ।
ਦੁਨੀਆਂ ਦੀ ਲਾਹਨਤ ਲੈ ਕੇ ਬਹਿ ਜਾਈਂ।
ਨੇਕ ਸਲਾਹ ਜੇ ਮੰਨ ਲਏਂ ਮੇਰੀ,
ਏਸੇ ਵਿਚ ਹੈ ਭਲਾਈ ਤੇਰੀ।
ਗਿੱਦੜਾਂ ਵਾਂਗੂ ਖਗਰਾਂ ਨਾ ਖਹਿਣਾ,
ਯੁੱਧ ਲੜਾਈਆਂ 'ਚੋਂ ਕੀ ਲੈਣਾ।
ਛੱਡ ਦੇ ਬਦੀਆਂ ਮੰਨ ਲੈ ਕਹਿਣਾ,
ਕੁੱਟ ਕੱਟ ਖਾ ਕੇ ਫਿਰ ਵੀ ਬਹਿਣਾ।
ਉਹ ਨਹੀਂ ਹੋਣਾ ਜੋ ਤੂੰ ਚਾਹੁੰਨਾਂ,
ਪੁੱਤ ਮਾਂਵਾਂ ਦੇ ਕਿਉਂ ਮਰਵਾਉਨਾਂ।
ਘ੍ਰਿਣਾ ਦੇ ਨਾਂ ਮਸਲਾ ਕੋਈ
ਨਜਿੱਠ ਕਦੇ ਨਹੀਂ ਹੋਣਾ।
ਚਨਾ ਲੋਹੇ ਦਾ 'ਨੂਰਪੁਰੀ'
ਤੈਥੋਂ ਚਿੱਥ ਨਹੀਂ ਹੋਣਾ।
ਨਾ ਲੈ ਪੰਗਾ ਪਾਕਿਸਤਾਨ
ਇੰਡੀਆ ਤੈਥੋਂ ਜਿੱਤ ਨਹੀਂ ਹੋਣਾ।

***-ਗੁਰਦਿਆਲ ਸਿੰਘ ਨੂਰਪੁਰੀ***
***ਫੋਨ: 408-659-5880***

ਐਸ.ਐਸ. ਮੀਸ਼ਾ-3



# ਮੀਸ਼ੇ ਦਾ ਅੰਦਾਜ਼

***ਸ਼ਾਇਰ ਸੋਹਨ ਸਿੰਘ ਮੀਸ਼ਾ ਦਾ ਪੰਜਾਬੀ ਕਾਵਿ-ਜਗਤ ਵਿਚ ਆਪਣਾ ਰੰਗ ਹੈ। ਉਸ ਦੀਆਂ 'ਚੁਰਸਤਾ', 'ਚੀਕ ਬੁਲਬੁਲੀ' ਅਤੇ 'ਲੀਕ' ਵਰਗੀਆਂ ਕਵਿਤਾਵਾਂ ਭੁਲਾਇਆਂ ਵੀ ਨਹੀਂ ਭੁਲਾਈਆਂ ਜਾ ਸਕਦੀਆਂ। ਇਨ੍ਹਾਂ ਕਵਿਤਾਵਾਂ ਵਿਚ ਉਸ ਬੰਦੇ ਦੀ ਬਾਤ ਹੈ ਜਿਹੜਾ ਖੁਦ ਨਾਲ ਬੜੀ ਭਿਅੰਕਰ ਲੜਾਈ ਵਿਚ ਪਿਆ ਹੋਇਆ ਹੈ। ਇਸ ਲੜਾਈ ਦੇ ਨਾਲ ਹੀ ਉਤਰਦੀ ਬੇਵਸੀ ਨੂੰ ਸ਼ਾਇਰ ਨੇ ਬਹੁਤ ਬਾਰੀਕੀ ਨਾਲ ਫੜਿਆ ਹੈ। ਇੰਨੀ ਹੀ ਸ਼ਿੱਦਤ ਨਾਲ ਇਸ ਸ਼ਾਇਰ ਬਾਰੇ ਸਾਡੇ ਸਹਿਯੋਗੀ ਗੁਰਦਿਆਲ ਸਿੰਘ ਬੱਲ ਨੇ ਇਸ ਲੰਮੇ ਲੇਖ ਵਿਚ ਇਨ੍ਹਾਂ ਕਵਿਤਾਵਾਂ ਅਤੇ ਪਿਛੋਕੜ ਵਿਚ ਕੰਮ ਕਰਦੀ ਸਿਆਸਤ ਬਾਰੇ ਗੁਫਤਗੂ ਰਚਾਈ ਹੈ। ਬੱਲ ਵੱਲੋਂ ਛੇੜੀਆਂ ਰਮਜ਼ਾਂ ਦੇ ਭੇਤ ਜਿਉਂ ਜਿਉਂ ਖੁੱਲ੍ਹਦੇ ਹਨ, ਸੱਚ ਸਿਰ ਭਾਰ ਹੁੰਦਾ ਜਾਪਣ ਲੱਗਦਾ ਹੈ। ਉਹ ਤੱਥਾਂ ਅਤੇ ਤਰਤੀਬਾਂ ਦੀ ਜੁਗਲਬੰਦੀ ਸਿਰਜਦਾ ਹੈ ਜਿਸ ਵਿਚ ਹਾਲਾਤ ਵਿਚ ਫਾਥੇ ਬੰਦੇ ਦੇ ਨਕਸ਼ ਉਘੜਨ ਲਗਦੇ ਹਨ। -ਸੰਪਾਦਕ***

ਸੋਹਣ ਸਿੰਘ ਮੀਸ਼ਾ, ਦਾਸਤੋਵਸਕੀ, ਅਲਬੇਅਰ ਕਾਮੂ, ਬੋਰਿਸ ਪਾਸਤਰਨਾਕ, ਨੰਦੀ ਬੱਲ ਅਤੇ ਐਸ.ਕੇ. ਨਿਝਾਵਨ ਕਿਸੇ ਇਕ ਕੇਂਦਰੀ ਨੁਕਤੇ 'ਤੇ ਇਕ ਦੂਜੇ ਦੇ ਰੂਹਾਨੀ ਭਰਾ ਹੀ ਲਗਦੇ ਹਨ। ਇਹ ਸਭ ਇਨਸਾਨੀ ਸਵੈਮਾਣ ਅਤੇ ਹਰ ਹਾਲ ਵਿਚ ਜ਼ਮੀਰ ਦੀ ਸੁਤੰਤਰਤਾ ਦੇ ਅਸੂਲ ਦੇ ਮੁਦਈ ਸਨ। ਇਨ੍ਹਾਂ ਲੋਕਾਂ ਨੇ ਚੜ੍ਹਦੀ ਉਮਰੇ ਰੈਡੀਕਲ ਪਾਲਿਟਿਕਸ ਅਪਣਾਈ, ਪਰ ਜਲਦੀ ਹੀ ਆਪਣੀ ਸੁਹਿਰਦ ਸੰਵੇਦਨਸ਼ੀਲਤਾ ਅਤੇ ਅੰਤਰ-ਦ੍ਰਿਸ਼ਟੀ ਰਾਹੀਂ ਉਚੀ ਸੁਰ ਵਾਲੀ ਹਰ ਸੁਪਨਸਾਜ਼ ਪਾਲਿਟਿਕਸ ਦੇ ਖਤਰਨਾਕ ਸਿੱਟਿਆਂ ਨੂੰ ਬੜੀ ਸਾਫਗੋਈ ਨਾਲ ਅਗਾਊਂ ਵੇਖ ਲਿਆ। ਦਾਸਤੋਵਸਕੀ ਨੇ ਆਪਣੀਆਂ ਰਚਨਾਵਾਂ ਅੰਦਰ ਕਾਦਰ ਦੇ ਸਮਾਨੰਤਰ, ਸ਼ਾਇਦ ਉਸ ਦੇ ਜਗਤ ਨਾਲੋਂ ਵੀ ਦਿਲਚਸਪ ਗਲਪ ਜਗਤ ਦੀ ਸਿਰਜਣਾ ਕੀਤੀ ਹੋਈ ਹੈ। ਨਿੱਕੇ ਵੱਡੇ ਹਰ ਪਾਤਰ ਦੀ ਵਿਲੱਖਣ ਸ਼ਖਸੀਅਤ



**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਹੈ। ਸਾਰੇ ਪਾਤਰ ਸਿਰੇ ਦੇ ਖੁਦਦਾਰ ਹਨ, ਇਨ੍ਹਾਂ ਅੰਦਰ ਵੱਖ ਵੱਖ ਆਵਾਜ਼ਾਂ ਦੀ ਸ਼ਿੱਦਤ ਵਾਲੀ ਟੱਕਰ ਹੈ; ਇਹ ਲੋਕ ਬਰਬਾਦ ਹੁੰਦੇ ਹਨ, ਗਰਕ ਹੋ ਜਾਂਦੇ ਹਨ, ਪਰ ਕੋਈ ਵੀ ਆਪਣੀਆਂ ਕਦਰਾਂ ਤੋਂ ਝਕਦਾ ਨਹੀਂ।

ਉਂਜ, ਸਿਰੇ ਦਾ ਵਿਰੋਧਾਭਾਸ ਇਹ ਹੈ ਕਿ ਦਾਸਤੋਵਸਕੀ ਖੁਦ ਅਲੈਗਜੈਂਡਰ ਹਰਜ਼ਨ, ਬੈਲਿੰਸਕੀ, ਚਰਨੀਸ਼ੇਵੇਸਕੀ ਅਤੇ ਮਾਈਕਲ ਬਾਕੂਨਿਨ ਨੂੰ ਪੱਛਮ ਦੇ ਪਿਛਲਗ ਦੱਸ ਕੇ ਉਨ੍ਹਾਂ ਖਿਲਾਫ ਬੇਕਿਰਕ ਵਿਚਾਰਧਾਰਕ ਸੰਗਰਾਮ ਕਰਦਿਆਂ ਉਸੇ ਤਰ੍ਹਾਂ ਦੇ ਰਹੱਸਮਈ ਆਭਾ ਵਾਲੇ, ਦਮਘੋਟੂ ਇਕਹਿਰੇ ਤਰਕ ਦੇ ਖ਼ਤਰਨਾਕ ਮੱਕੜ ਜਾਲ ਨੂੰ ਓੜ ਲੈਂਦਾ ਹੈ ਜਿਸ ਤੋਂ ਪਾਰ ਪਾਉਣ ਲਈ ਆਪਣੇ ਸਿਰਜਣਾਤਮਿਕ ਕੰਮ ਵਿਚ ਇਕ ਦੂਜੇ ਨਾਲ ਭਿੜਦੀਆਂ ਅਲੌਕਿਕ ਆਭਾ ਵਾਲੀਆਂ ਅਨੰਤ ਆਵਾਜ਼ਾਂ ਦਾ ਉਸ ਨੇ ਮੇਲਾ ਲਾਇਆ ਹੋਇਆ ਹੈ। ਇਸ ਪੱਖੋਂ ਬਾਬੇ ਦਾ ਬਾਬਾ ਆਦਮ ਨਿਰਾਲਾ ਹੈ। ਉਸ ਦੀ ਲੜਾਈ ਇਕੱਲੇ ਪੱਛਮ ਦੀ ਗਿਆਨਵਾਦੀ ਲਹਿਰ ਦੇ ਚਿੰਤਕਾਂ ਨਾਲ ਹੀ ਨਹੀਂ, ਉਸ ਦਾ ਇਤਕਾਦ ਹੈ ਕਿ ਪੱਛਮੀ ਸਭਿਅਤਾ ਦੇ ਥੇਹ ਹੋਣ ਦਾ ਮੁੱਢ ਪੈਗੰਬਰ ਈਸਾ ਦੇ ਸੰਦੇਸ਼ ਦੀ ਰੋਮਨ ਕੈਥੋਲਿਕ ਪ੍ਰੀਭਾਸ਼ਾ ਅਪਣਾ ਲੈਣ ਨਾਲ ਹੀ ਬਝ ਗਿਆ ਸੀ।

ਦਾਸਤੋਵਸਕੀ ਨੇ ਸਿਰਜਣਾਤਮਿਕ ਖੇਤਰ ਦੇ ਨਾਲ ਨਾਲ 19ਵੀਂ ਸਦੀ ਦੀ ਟਰੈਕਟਨੁਮਾ ਪੱਤਰਕਾਰੀ ਦੇ ਖੇਤਰ ਵਿਚ ਵੀ ਸਰਗਰਮੀ ਨਾਲ ਕੰਮ ਕੀਤਾ। ਉਸ ਦਾ ਵਿਸ਼ਵਾਸ ਸੀ ਕਿ 'ਨਵੀਂ ਅੰਜ਼ੀਲ' ਦੀ ਰੂਸੀ ਆਰਥੋਡੌਕਸ ਚਰਚ ਵਾਲੀ ਪੜ੍ਹਤ ਨੂੰ ਅਪਣਾਏ ਬਿਨਾ ਰੂਸੀਆਂ ਦਾ ਤਾਂ ਕੀ, ਪੂਰੀ ਇਨਸਾਨੀਅਤ ਦਾ ਹੀ ਕਲਿਆਣ ਸੰਭਵ ਨਹੀਂ ਸੀ। ਇਨ੍ਹਾਂ ਵਿਰੋਧਾਭਾਸਾਂ ਦੇ ਬਾਵਜੂਦ ਕਾਮੂ, ਨਿਝਾਵਨ, ਐਸ.ਐਸ. ਗਿੱਲ ਅਤੇ ਨੰਦੀ ਬੱਲ, ਸਭਨਾਂ ਦਾ ਵਿਸ਼ਵਾਸ ਸੀ ਕਿ ਦਾਸਤੋਵਸਕੀ ਦੇ ਸਿਰਜਣਾਤਮਿਕ ਕੰਮ ਦਾ ਕੋਈ ਤੋੜ ਨਹੀਂ। ਉਸ ਦੀਆਂ 'ਜੁਰਮ ਤੇ ਸਜ਼ਾ' ਅਤੇ 'ਡੈਵਿਲਜ਼' ਵਰਗੀਆਂ ਮਹਾਨ ਕਥਾਵਾਂ ਅੰਦਰਲੀਆਂ ਅੰਤਰ-ਦ੍ਰਿਸ਼ਟੀਆਂ ਅਤੇ ਲੁਪਤ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰਨਾ ਆਦਮ ਜਾਤ ਲਈ ਖਤਰੇ ਤੋਂ ਖਾਲੀ ਨਹੀਂ ਸੀ।

ਸਭਿਆਚਾਰਕ ਵੰਨ-ਸੁਵੰਨਤਾ ਅਤੇ ਵਿਚਾਰਧਾਰਕ ਵਖਰੇਵੇਂ ਦੀ ਆਜ਼ਾਦੀ ਦੇ ਮੁਦਈ ਉਤਰ-ਆਧੁਨਿਕ ਚਿੰਤਨ ਦਾ ਡੰਕਾ ਤਾਂ ਪੰਜਾਬ ਵਿਚ ਜ਼ਰਾ ਚਿਰੋਕਾ ਵੱਜਿਆ, ਇਨ੍ਹਾਂ ਸੱਜਣਾਂ ਨੇ ਤਾਂ ਉਸ ਸਪਿਰਿਟ ਨੂੰ ਪਹਿਲਾਂ ਹੀ ਤੱਤ ਰੂਪ ਵਿਚ ਆਤਮਸਾਤ ਕੀਤਾ ਹੋਇਆ ਸੀ। ਇਹ ਸੁਲਝੇ ਹੋਏ, ਜ਼ਿੰਮੇਵਾਰ, ਬਰੀਕ ਬੁੱਧ ਲੋਕ ਸਨ ਅਤੇ ਉਸ ਕਿਸਮ ਦੇ ਕੱਚ-ਘਰੜ ਬੇਰੜੇ ਚਿੰਤਨ ਨਾਲ ਇਨ੍ਹਾਂ ਦਾ ਦੂਰ ਦਾ ਵੀ ਸਬੰਧ ਨਹੀਂ ਸੀ ਜਿਸ ਕਿਸਮ ਦਾ ਚਿੰਤਨ ਡਾ. ਗੁਰਭਗਤ ਸਿੰਘ ਹੋਰਾਂ ਨੇ ਐਜ਼ਰਾਪਾਊਂਡ, ਜਾਰਜ ਬਤਾਈ, ਲਿਓਤਾਰ ਜਾਂ ਫੂਕੋ ਦੀ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਦੀਆਂ ਅੰਤਰ-ਦ੍ਰਿਸ਼ਟੀਆਂ ਨਾਲ ਖਾਹ-ਮਖਾਹ ਕਰਿੰਘੜੀ ਪਵਾ ਕੇ ਪੰਜਾਬੀ ਵਿਚਾਰ ਜਗਤ ਅੰਦਰ ਪ੍ਰਚਲਤ ਕਰਨ ਦਾ ਯਤਨ ਕੀਤਾ। ਇਹ ਸਭ ਸਹੀ ਅਰਥਾਂ ਵਿਚ ਧੀਮੇ ਬੋਲਾਂ ਵਾਲੇ 'ਸ਼ਾਇਰ' ਲੋਕ ਸਨ, ਸ਼ਾਇਰਾਨਾ ਤਰਜ਼ੇ-ਜ਼ਿੰਦਗੀ ਦੇ ਤਹਿ ਦਿਲੋਂ ਇਛੁਕ ਸਨ।

ਵੀਹ ਕੁ ਸਾਲ ਪਹਿਲਾਂ ਨੰਦੀ ਬੱਲ ਦੇ ਬੈਚਮੇਟ ਐਸ.ਐਸ. ਗਿੱਲ ਦੇ ਘਰੇ ਉਸ ਦੀ ਲਾਇਬਰੇਰੀ ਵਿਚ ਬੈਠ ਕੇ ਲੰਮੀ ਮੁਲਾਕਾਤ ਦਾ ਮੌਕਾ ਮਿਲਿਆ। ਥੋੜ੍ਹੀ ਹੈਰਾਨੀ ਹੋਈ ਕਿ ਉਹਨੇ 'ਦਿ ਡੈਵਿਲਜ਼' ਜਗ੍ਹਾ ਜਗ੍ਹਾ ਲਕੀਰੀ ਹੋਈ ਸੀ ਅਤੇ ਇਹੋ ਹਾਲ ਦਾਸਤੋਵਸਕੀ ਦੀ 'ਏ ਰਾਈਟਰਜ਼ ਡਾਇਰੀ' ਦੀਆਂ ਹਜ਼ਾਰ ਹਜ਼ਾਰ ਪੰਨਿਆਂ ਦੀਆਂ ਦੋਹਾਂ ਜਿਲਦਾਂ ਦਾ ਸੀ। ਐਮ.ਐਨ. ਰਾਏ, ਡਾ. ਅੰਬੇਦਕਰ ਅਤੇ 'ਜ਼ੋਰਬਾ ਦੀ ਗਰੀਕ' ਸਮੇਤ ਨਿਕੋਸ ਕਜਾਂਤਜੈਕਿਸ ਦੀਆਂ ਕਈ ਕਿਤਾਬਾਂ ਵੀ ਲਾਇਬਰੇਰੀ ਵਿਚ ਪਈਆਂ ਸਨ। ਮੰਡਲ ਕਮਿਸ਼ਨ ਦੇ ਸਿੱਟੇ ਕੁਝ ਵੀ ਨਿਕਲੇ, ਜਾਤ-ਪਾਤੀ ਦੰਭ ਦੀ ਮਾਰ ਕੁੜਿਕੀ ਵਿਚ ਫਸੇ ਭਾਰਤੀ ਸਮਾਜ ਨੂੰ ਜ਼ਰਾ ਰੈਲਾ ਕਰਨ ਖਾਤਰ ਸਮਾਜਿਕ ਇਨਸਾਫ ਦੀ ਬਹਾਲੀ ਦੇ ਸੱਚੇ ਤਕਾਜ਼ਿਆਂ ਦੇ ਤਹਿਤ ਉਹ ਰਿਪੋਰਟ ਇਕੱਲੇ ਤੌਰ 'ਤੇ ਐਸ.ਐਸ. ਗਿੱਲ ਨੇ ਹੀ ਬਣਾਈ ਸੀ। ਐਮਰਜੈਂਸੀ ਪਿੱਛੋਂ ਮੰਡਲ ਕਮਿਸ਼ਨ ਦੇ ਸਕੱਤਰ ਉਹੀ ਸਨ।

ਇਸ ਮੁਲਾਕਾਤ ਸਮੇਂ ਭਾਰਤ ਵਿਚ ਨਹਿਰੂ ਖਾਨਦਾਨ ਦੀਆਂ ਹਕੂਮਤਾਂ ਦੇ ਅਲੋਚਨਾਤਮਿਕ ਲੇਖੇ ਜੋਖੇ ਬਾਰੇ ਉਸ ਦੀ ਕਰੀਬ 600 ਪੰਨਿਆਂ ਦੀ ਕਿਤਾਬ 'ਡਾਇਨਾਸਟੀ' ਛਪ ਚੁੱਕੀ ਸੀ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀਆਂ ਹਕੂਮਤਾਂ ਨੂੰ ਉਨ੍ਹਾਂ ਬੜੇ ਨੇੜਿਓਂ ਵਾਚਿਆ ਸੀ; ਮਸਲਨ, 1982 ਦੀਆਂ ਏਸ਼ਿਆਈ ਖੇਡਾਂ ਦੇ ਪ੍ਰੋਜੈਕਟ ਦੇ ਤਾਂ ਉਹ 'ਡਾਇਰੈਕਟਰ' ਹੀ ਸਨ, ਪਰ ਉਸ ਦੀ ਰਾਏ ਨਹਿਰੂ, ਇੰਦਰਾ ਜਾਂ ਰਾਜੀਵ, ਤਿੰਨਾਂ ਬਾਰੇ ਬਹੁਤੀ ਚੰਗੀ ਨਹੀਂ ਸੀ। ਵੱਡਾ ਗਿਲਾ ਨਹਿਰੂ 'ਤੇ ਇਹ ਸੀ ਕਿ ਉਹ ਸੁਤੰਤਰਤਾ ਪ੍ਰਾਪਤੀ ਸਮੇਂ ਦੇ ਆਦਰਸ਼ਾਂ ਲਈ ਪ੍ਰਤੀਬਧ ਨਾ ਰਿਹਾ, ਜ਼ਮੀਨੀ ਸੁਧਾਰ ਲਾਗੂ ਨਾ ਕੀਤੇ; ਸਭ ਤੋਂ ਵੱਡਾ ਇਤਰਾਜ਼ ਇਹ ਸੀ ਕਿ ਫਿਰਕਾਪ੍ਰਸਤੀ ਵਿਰੁਧ ਕਦੀ ਡਟ ਕੇ ਸਟੈਂਡ ਨਾ ਲਿਆ! ਓਪਰੇਸ਼ਨ ਬਲਿਊ ਸਟਾਰ ਲਈ ਉਹ ਮੁਖ ਦੋਸ਼ੀ ਇੰਦਰਾ ਗਾਂਧੀ ਨੂੰ ਮੰਨਦਾ ਸੀ। ਰਾਏ ਉਹਦੀ ਮੂਲ ਰੂਪ ਵਿਚ ਖੁਸ਼ਵੰਤ ਸਿੰਘ ਅਤੇ ਪੀ.ਕੇ. ਨਿਝਾਵਨ ਵਾਲੀ ਹੀ ਸੀ।

ਅਸਲ ਵਿਚ ਨਿਝਾਵਨ ਅਤੇ ਉਨ੍ਹਾਂ ਦੇ ਸਾਥੀ ਦੇਸ਼, ਖਾਸ ਕਰ ਕੇ ਪੰਜਾਬ ਦੀ ਵੰਡ ਤੋਂ ਬੇਹੱਦ ਦੁਖੀ ਸਨ। ਨਿਝਾਵਨ ਨੇ 1980 ਦੇ ਆਸ-ਪਾਸ ਆਪਣੇ ਸਨਾਤਨੀ ਹਿੰਦੂ ਵਿਰਸੇ ਨੂੰ ਨਵੇਂ ਸਿਰਿਓਂ ਪ੍ਰੀਭਾਸ਼ਤ ਕਰਦਿਆਂ 'ਸੋਲ ਟੂ ਸੋਲ: ਐਨ ਈਸਟ-ਵੈਸਟ ਐਨਕਾਊਂਟਰ' ਕਿਤਾਬ ਲਿਖੀ, ਉਸ ਵਿਚ ਪੱਛਮ ਦੀ ਆਲੋਚਨਾ ਤਾਂ ਹੈ, ਪਰ ਆਰੀਆ ਸਮਾਜ ਜਾਂ ਸਵਾਮੀ ਦਇਆ ਨੰਦ ਦੇ ਦਿੱਗ-ਵਿਜਈ ਅੰਦਾਜ਼ ਅਤੇ ਆਰ.ਐਸ.ਐਸ. ਵਾਲੀ ਸੁਰ ਨੂੰ ਉਹਨੇ ਤਿੱਖੀ ਆਲੋਚਨਾ ਦਾ ਬਾਇਸ ਬਣਾਇਆ ਹੋਇਆ ਹੈ। ਉਹਦਾ ਸ਼ਾਹ ਮੁਹੰਮਦ ਦੇ ਜੰਗਨਾਮਾ 'ਤੇ ਆਧਾਰਤ ਲੰਮਾ ਲੇਖ ਪੜ੍ਹ ਕੇ ਉਸ ਦੇ ਸਿੱਖ ਭਾਈਚਾਰੇ ਅਤੇ ਸਿੱਖ ਗੁਰੂ ਸਹਿਬਾਨ ਪ੍ਰਤੀ ਮੁਹੱਬਤ ਦੀ ਇੰਤਹਾ 'ਤੇ ਰਸ਼ਕ ਆਉਂਦਾ ਹੈ।

ਇਸ ਲੇਖ ਦਾ ਜ਼ਿਕਰ ਆਉਂਦਿਆਂ ਸਾਡੀ ਸਿਮਰਤੀ ਵਿਚ ਸ. ਜਗਜੀਤ ਸਿੰਘ ਦੀ ਲਿਖੀ ਕਿਤਾਬ 'ਸਿੱਖ ਇਨਕਲਾਬ' ਦੀਆਂ ਅਨੇਕਾਂ ਸੁਰਾਂ ਉਭਰ ਆਈਆਂ ਹਨ। ਇਸ ਪੁਸਤਕ ਵਿਚ ਮੁਜਾਹਿਦਾਂ ਵਾਲੀ ਭਾਵਨਾ ਨਾਲ ਸਿੱਖ ਗੁਰੂ ਸਹਿਬਾਨ ਦੇ ਸੰਦੇਸ਼ ਦੀ ਕੁਲ ਜਹਾਨ ਦੇ ਅੱਜ ਤਕ ਹੋਏ ਸਭ ਰਹਿਨੁਮਾਵਾਂ ਅਤੇ ਚਿੰਤਕਾਂ ਨਾਲੋਂ ਉਚੀ ਸ੍ਰੇਸ਼ਠਤਾ ਨੂੰ ਪੂਰੇ ਜ਼ੋਰ ਨਾਲ ਦ੍ਰਿੜਾਇਆ ਹੋਇਆ ਹੈ। ਅਜਿਹਾ ਕਰਦਿਆਂ ਲੇਖਕ ਨੇ ਭਾਰਤੀ-ਹਿੰਦੂ ਸਨਾਤਨੀ ਵਿਰਸੇ ਵਿਚ ਜਾਤ-ਪਾਤ ਦੇ ਭਿਆਨਕ ਕੋਹੜ ਦੀ ਨਿਖੇਧੀ ਕੀਤੀ ਹੈ। ਇਸ ਹੈ। ਫਿਰ ਬੁੱਤ ਪੂਜਾ ਖਿਲਾਫ ਅਤੇ ਪ੍ਰੋਹਿਤ-ਬ੍ਰਾਹਮਣੀ ਜਮਾਤ ਦੇ ਹਰ ਪਖੰਡ ਖਿਲਾਫ ਉਹਨੇ ਪਰਸਰਾਮ ਵਾਲਾ ਕੁਹਾੜਾ ਚੁਕਿਆ ਹੋਇਆ ਹੈ। ਐਨ ਇਹੋ ਹਾਲ ਵਿਵੇਕਾ ਨੰਦ ਦਾ ਹੈ। ਕੋਈ ਉਸ ਦੀ ਕੋਈ ਇਕ ਵੀ ਲਿਖਤ ਕਦੀ ਪੜ੍ਹ ਕੇ ਤਾਂ ਦੇਖੇ ਕਿ ਪ੍ਰੋਹਿਤ-ਪੁਜਾਰੀ ਧਿਰ ਨੂੰ ਉਹ ਵਾਰ ਵਾਰ ਕਹਿੰਦਾ ਕੀ ਹੈ, ਪੈਂਦਾ ਕਿਵੇਂ ਹੈ! ਵੀਰ ਸਾਵਰਕਰ ਨੂੰ ਹੀ ਲੈ ਲਓ। ਪੂਰੇ 25 ਵਰ੍ਹੇ ਪਹਿਲਾਂ ਧੰਨਜੈ ਕੀਰ ਦੀ ਲਿਖੀ ਉਸ ਦੀ ਜੀਵਨ ਕਹਾਣੀ ਪੜ੍ਹਦਿਆਂ ਉਸ ਦੀ ਹਿੰਦੂਤਵ ਵਾਲੀ ਘਾੜਤ ਤਾਂ ਉਲ-ਜਲੂਲ ਲਗੀ ਸੀ, ਪਰ ਅੰਡੇਮਾਨ ਤੋਂ ਪਰਤ ਕੇ, ਆਪਣੇ ਅਮਰਾਵਤੀ ਜ਼ਿਲ੍ਹੇ ਵਿਚ ਪੂਰੇ 10 ਵਰ੍ਹੇ ਜੂਹਬੰਦ ਵਾਲੇ ਸਮੇਂ ਦੌਰਾਨ ਉਸ ਨੇ ਜਾਤ-ਪਾਤ ਦੀ ਪ੍ਰਥਾ ਖਿਲਾਫ ਜਹਾਦ ਜਿਸ ਇਤਕਾਦ ਨਾਲ ਕੀਤਾ, ਪੜ੍ਹਦਿਆਂ ਬੰਦਾ ਧੰਨ ਧੰਨ ਕਰ ਉਠਦਾ ਹੈ। ਦੂਜੇ ਬੰਨੇ, ਨਿਝਾਵਨ ਸਾਹਿਬ ਆਰੀਆ ਸਮਾਜੀਆਂ ਦੇ ਰਹਿਨੁਮਾਵਾਂ ਦੀ ਮੁਸਲਮਾਨਾਂ ਖਿਲਾਫ ਸੰਕੀਰਨਤਾ



*ਖੱਬਿਓਂ... ਅਵਤਾਰ ਸਾਦਿਕ, ਰਵਿੰਦਰ ਕੌਰ ਅਤੇ ਸੋਹਣ ਸਿੰਘ ਮੀਸ਼ਾ।*

ਨਾਲ ਕਿਸੇ ਵੀ ਜੀਅ ਦਾ ਭਲਾ ਕੀ ਰੌਲਾ ਹੋ ਸਕਦਾ ਹੈ? ਪਰ ਇਸ ਕੋਹੜ ਲਈ ਜ਼ਿੰਮੇਵਾਰ ਕਾਰਕਾਂ ਦੀ ਨਿਸ਼ਾਨਦੇਹੀ ਕਰਦਿਆਂ ਬਿਰਤਾਂਤ ਅੰਦਰ ਭੋਰਾ ਭਰ ਵੀ ਗਹਿਰਾਈ ਨਹੀਂ ਹੈ; ਜ਼ਿੰਮੇਵਾਰ ਵਿਦਵਤਾ ਜਾਂ ਲੋੜੀਂਦੇ ਅਧਿਐਨ ਦੀ ਗਹਿਰਾਈ ਦਾ ਕਿਧਰੇ ਕੋਈ ਸੰਕੇਤ ਨਹੀਂ ਹੈ। ਉਹ ਦੱਸਦਾ ਹੈ ਕਿ ਬੁੱਧ ਧਰਮ ਦਾ ਭਾਰਤੀ ਉਪ ਮਹਾਂਦੀਪ ਅੰਦਰ ਕਰੀਬ ਹਜ਼ਾਰ ਵਰ੍ਹਾ ਪੂਰਾ ਤਪ ਤੇਜ਼ ਰਿਹਾ ਅਤੇ ਫਿਰ ਮੁਸਲਮਾਨ ਸ਼ਾਸਕ ਆ ਗਏ। ਦਲਿਤਾਂ ਨੂੰ ਦਬੇਲ ਬਣਾਈ ਰੱਖਣ ਲਈ ਬ੍ਰਾਹਮਣੀ ਪ੍ਰੋਹਿਤ ਜਮਾਤ ਦੀ ਰਾਜਪੂਤ-ਕਸ਼ੱਤਰੀ ਧਿਰਾਂ ਨਾਲ ਕਰਿੰਘੜੀ ਕਿਵੇਂ ਪਈ, ਜ਼ਰਾ ਵੀ ਸਪਸ਼ਟ ਨਹੀਂ ਹੁੰਦਾ। ਸਿੱਖ ਗੁਰੂ ਸਾਹਿਬਾਨ ਜਾਤ-ਪਾਤ ਦੀ ਪ੍ਰਥਾ ਨੂੰ ਜੜ੍ਹੋਂ ਪੁੱਟ ਦੇਣਾ ਚਾਹੁੰਦੇ ਸੀ, ਪਰ ਸਵਾਲ ਤਾਂ ਇਹ ਹੈ ਕਿ ਇਸ 'ਜੜ੍ਹਾਂ ਵਾਲੇ ਫੋੜੇ' ਦਾ ਸਿੱਖ ਭਾਈਚਾਰੇ ਅੰਦਰ ਵੀ ਇਲਾਜ ਕਿਉਂ ਨਾ ਹੋਇਆ? ਇਸ ਪਹੇਲੀ ਦਾ ਪੁਸਤਕ ਦੀ ਪੜ੍ਹਤ ਵਿਚੋਂ ਕੱਖ ਵੀ ਪਤਾ ਨਹੀਂ ਲਗਦਾ।

ਸਵਾਮੀ ਦਇਆ ਨੰਦ ਨਾਲ ਸਾਡੀ ਕੋਈ ਸਹਿਮਤੀ ਨਹੀਂ, ਪਰ ਉਹ ਵੀ ਸਭ ਤੋਂ ਪਹਿਲਾਂ ਅਤੇ ਵਾਰ ਵਾਰ ਇਹੀ ਕਹਿੰਦਾ ਹੈ ਕਿ ਜਾਤ-ਪਾਤ ਸਿਰੇ ਦੀ ਲਾਅਣਤ ਹੈ; ਇਸ ਨੂੰ ਵੇਦਾਂ ਅੰਦਰ ਉਕਾ ਹੀ ਕੋਈ ਸਵੀਕਿਰਤੀ ਨਹੀਂ ਹੈ। ਔਰਤ-ਮਰਦ ਅਤੇ ਹਰ ਵਰਣ ਦੇ ਲੋਕਾਂ ਦੀ ਜਨਮ ਜਾਤ ਬਰਾਬਰੀ ਦੀ ਗੱਲ, ਨਾਲ ਹੀ ਹਰ ਇਕ ਲਈ ਸਿੱਖਿਆ ਦੇ ਅਧਿਕਾਰ ਦੇ ਸਾਵੇਂ ਮੌਕਿਆਂ ਦੀ ਗੱਲ ਜਜ਼ਬੇ ਦੀ ਜਿਸ ਸ਼ਿਦਤ ਨਾਲ ਉਹ ਕਰਦਾ ਹੈ, ਤਾਂ ਰੂਸੋ ਵੀ ਕੇਰਾਂ ਉਹਦੇ ਮੂਹਰੇ ਫਿੱਕਾ ਲੱਗਦਾ ਕਾਰਨ ਸਿਰੇ ਤੋਂ ਵਿਰੁੱਧ ਸਨ। ਵੀਰ ਸਾਵਰਕਰ ਦਾ ਤਾਂ ਉਹ ਨਾਂ ਸੁਣਨ ਨੂੰ ਵੀ ਰਾਜ਼ੀ ਨਹੀਂ ਸਨ।

ਖੈਰ! ਹੁਣ ਜ਼ਰਾ ਮੀਸ਼ੇ ਵੱਲ ਪਰਤਦੇ ਹਾਂ।

000

ਸੋਹਣ ਸਿੰਘ ਮੀਸ਼ਾ ਨਾਲ ਸਾਲ 1971 ਵਿਚ ਕੁਲਬੀਰ ਨਾਲ ਅਤੇ ਉਸ ਤੋਂ ਕਰੀਬ 14 ਵਰ੍ਹੇ ਪਿੱਛੋਂ ਚੰਡੀਗੜ੍ਹ ਮੇਜਰ ਪਿਆਰਾ ਸਿੰਘ ਦੇ ਘਰੇ ਪੀ.ਕੇ. ਨਿਝਾਵਨ ਦੀ ਸੰਗਤ 'ਚ ਹੋਈਆਂ ਮੁਲਾਕਾਤਾਂ ਤੋਂ ਬਿਨਾ ਸਾਲ 1977-78 ਵਿਚ ਉਨ੍ਹਾਂ ਦੀ ਲਾਜਵਾਬ ਮਹਿਮਾਨ ਨਿਵਾਜ਼ੀ ਮਾਨਣ ਦਾ ਦੋ-ਤਿੰਨ ਵਾਰ ਮੌਕਾ ਮਿਲਿਆ। ਉਨ੍ਹੀਂ ਦਿਨੀਂ ਉਹ ਆਦਰਸ਼ ਨਗਰ ਲਾਗੇ ਬਰਜਿੰਦਰ ਸਿੰਘ (ਹਮਦਰਦ) ਦੇ ਘਰ ਦੇ ਸਾਹਮਣੇ ਕਿਸੇ ਕੋਠੀ ਵਿਚ ਰਹਿੰਦੇ ਸਨ। ਕੇਰਾਂ ਛੁੱਟੀ ਦਾ ਦਿਨ ਸੀ। ਅਸੀਂ ਆਪਣੇ ਵਡੇਰੀ ਉਮਰ ਦੇ ਮਿੱਤਰ ਅਤੇ ਗਰਾਈਂ ਰਣਜੀਤ ਬੱਲ ਨਾਲ ਸਵੇਰੇ 10-11 ਵਜੇ ਹੀ ਮੀਸ਼ੇ ਨੂੰ ਮਿਲਣ ਜਦੋਂ ਪਹੁੰਚੇ ਤਾਂ ਅਗਾਂਹ ਉਹ ਤੇ ਅਲਬੇਲ ਸਿੰਘ ਵੋਦਕਾ ਦੀ ਬੋਤਲ ਖੋਲ੍ਹੀ ਬੈਠੇ ਸਨ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਨਾ ਨਕਸਲੀ ਮਿੱਤਰਾਂ ਦੀ ਦਹਿਸ਼ਤ ਸੀ, ਨਾ ਕੋਈ ਮੋਗਾ ਅੰਦੋਲਨ ਸੀ, ਐਮਰਜੈਂਸੀ ਵੀ ਚੁੱਕੀ ਗਈ ਸੀ ਅਤੇ ਨਿਰੰਕਾਰੀ ਕਾਂਡ ਅਜੇ ਵਾਪਰਿਆ ਨਹੀਂ ਸੀ। ਮੀਸ਼ਾ ਪੂਰਾ ਰੰਗ ਵਿਚ ਸੀ।

ਆਰਥਿਕਤਾ ਅਤੇ ਮਾਨਸਿਕਤਾ, ਦੋਵੇਂ ਠੀਕ-ਠਾਕ ਸਨ। ਕੋਈ ਦਵੰਦ ਜਾਂ ਦੁਬਿਧਾ ਨਹੀਂ ਸੀ ਅਤੇ ਕਿਸੇ ਕਿਸਮ ਦੇ ਇਖਲਾਕੀ ਤਣਾਓ ਤੋਂ ਵੀ ਮੁਕਤ ਉਹ ਨਜ਼ਰ ਆ ਰਹੇ ਸਨ। ਅੱਜ ਵੀ ਯਾਦ ਹੈ, ਮੀਸ਼ੇ ਨੇ ਅਲਬੇਲ ਨੂੰ ਮੁਖਾਤਬ ਹੋ ਕੇ ਮਿਰਜ਼ਾ ਗਾਲਿਬ ਦਾ ਸ਼ਿਅਰ 'ਫਿਰ ਦੇਖੀਏ ਅੰਦਾਜ਼-ਏ-ਗੁਲ-ਅਫਸ਼ਾਨੀਏ-ਏ-ਗੁਫਤਾਰ, ਰਖ ਦੇ ਕੋਈ ਪਿਆਲਾ/ਪੈਮਾਨਾ-ਏ-ਸਾਹਿਬਾ ਮੇਰੇ ਆਗੇ' ਸੁਣਾਇਆ ਅਤੇ ਨਾਲ ਹੀ ਟੇਪ ਰਿਕਾਡਰ ਜਾਂ ਰਿਕਾਡਰ ਪਲੇਅਰ ਉਪਰ ਬੇਗਮ ਅਖਤਰ ਦਾ 'ਯੇ ਨਾ ਥੀ ਹਮਾਰੀ ਕਿਸਮਤ ਕਿ ਵਿਸਾਲੇ ਯਾਰ ਹੋਤਾ' ਵਾਲਾ 'ਤਵਾ' ਚਲਾ ਦਿੱਤਾ। ਇਹ ਗ਼ਜ਼ਲ ਖਤਮ ਅਜੇ ਹੋਈ ਹੀ ਸੀ ਕਿ ਉਨ੍ਹਾਂ ਨੇ ਫਰੀਦਾ ਖ਼ਾਨਮ ਦੀ ਅਵਾਜ਼ ਵਿਚ 'ਹੈ ਜਹਾਂ ਨਾਮ ਇਸ਼ਕ ਕਾ ਲੇਨਾ, ਆਪਣੇ ਪੀਛੇ ਬਲਾਅ ਲਗਾ ਲੇਨਾ' ਦੇ ਪੁਰਸੋਜ਼ ਬੋਲਾਂ ਵਾਲੀ ਇਕ ਹੋਰ ਦਿਲਕਸ਼ ਗਜ਼ਲ ਲਗਾ ਦਿੱਤੀ। ਇਸੇ ਦੌਰਾਨ ਮੈਡਮ ਸੁਰਿੰਦਰ ਮੀਸ਼ਾ ਨੇ ਪਿਆਜ਼ਾਂ ਅਤੇ ਹਰੀਆਂ ਮਿਰਚਾਂ ਵਾਲੇ ਪਕੌੜੇ ਸਾਨੂੰ ਭਿਜਵਾ ਦਿੱਤੇ। ਬਹੁਤ ਵਿਲਖਣ ਕਿਸਮ ਦੀ ਸਾਦਗੀ ਅਤੇ ਸਹਿਜ ਸੁਰਿੰਦਰ ਮੀਸ਼ਾ ਦੀ ਸ਼ਖਸੀਅਤ ਵਿਚ ਸੀ। ਮੀਸ਼ੇ ਨਾਲੋਂ ਮੂਲੋਂ ਹੀ ਵਖਰੀ ਕਿਸਮ ਦੀ ਕੋਈ ਸੰਤਤਾਈ ਵਿੰਹਦਿਆਂ ਹੀ ਮੈਡਮ ਮੀਸ਼ਾ ਦੇ ਚਿਹਰੇ ਤੋਂ ਝਰਦੀ ਸਾਨੂੰ ਮਹਿਸੂਸ ਹੋਈ। ਮੈਡਮ ਸੁਰਿੰਦਰ ਅਤੇ ਮੀਸ਼ੇ ਦੇ ਇਨ੍ਹਾਂ ਦਿਨਾਂ ਦੇ ਖੁਸ਼ਗਵਾਰ ਮਾਹੌਲ ਦੀ ਗਵਾਹੀ ਲਈ ਕਸ਼ਮੀਰ ਪੰਨੂ ਨੇ ਲੇਖਕਾਂ ਅਤੇ ਕਲਾਕਾਰਾਂ ਦੀਆਂ ਪਤਨੀਆਂ ਦੇ 'ਨਾਗਮਣੀ' ਦੇ ਜ਼ਿਕਰ-ਇ-ਖੈਰ ਕਾਲਮ ਲਈ ਲਿਖੇ ਰੇਖਾ ਚਿੱਤਰਾਂ 'ਤੇ ਆਧਾਰਤ 'ਇਸ਼ਤਿਹਾਰ ਧੁੱਪ ਛਾਂ ਦੇ' ਨਾਂ ਦੀ ਆਪਣੀ ਪੁਸਤਕ ਅੰਦਰ ਸ਼ਾਮਲ 'ਸੁਰਿੰਦਰ ਮੀਸ਼ਾ' ਸਿਰਲੇਖ ਹੇਠਲੇ ਲੇਖ ਵਿਚ ਜਿਵੇਂ ਪਾਈ ਹੈ, ਉਸ ਦੀ ਸ਼ੁਰੂਆਤ ਜ਼ਰਾ ਵੇਖੋ:

ਕੋਸੀ ਕੋਸੀ ਰੁੱਤ ਵਿਚ ਜਦ ਮੈਂ ਕੋਠੀ ਪੁੱਜਾ ਤਾਂ ਲਾਅਨ ਵਿਚ ਸੁਰਿੰਦਰ ਸਬਜ਼ੀਆਂ ਤੇ ਫੁੱਲਾਂ ਨੂੰ ਸਿੰਜ ਰਹੀ ਸੀ। ਗੱਦੀਦਾਰ ਘਾਹ 'ਤੇ ਉਸ ਦੇ ਪੈਰਾਂ ਦੇ ਨਿਸ਼ਾਨ ਉਘੜਦੇ ਤੇ ਫਿਰ ਮਿਟ ਜਾਂਦੇ। ਰਾਤ ਰਾਣੀ ਦੇ ਟੁੱਟੇ ਮੁਰਝਾਏ ਫੁੱਲ ਖਿਲਰੇ ਪਏ ਸਨ। ਗਲਦਾਉਦੀ ਤੇ ਗੁਲਾਬ ਦੇ ਅੱਧ ਖਿੜੇ ਫੁੱਲਾਂ ਵਿਚ ਗੁੱਟੇ ਦੇ ਜਵਾਨ ਫੁੱਲ ਧੌਣ ਸੁੱਟੀ ਮਸਤੀ ਵਿਚ ਝੂਮ ਰਹੇ ਸਨ। ਤੁਲਸੀ ਦੀ ਖੁਸ਼ਬੋ ਮਨ ਨੂੰ ਸਕੂਨ ਦੇ ਰਹੀ ਸੀ।

"ਉਂਜ ਕਹਿਣ ਨੂੰ ਤਾਂ ਔਰਤਾਂ ਦਾ ਸਾਲ ਮਨਾਇਆ ਜਾ ਰਿਹਾ। ਵੇਖ ਲਓ, ਘਰੇਲੂ ਜੀਵਨ ਵਿਚ ਸਭ ਕੁਝ ਔਰਤਾਂ ਨੂੰ ਹੀ ਕਰਨਾ ਪੈਂਦਾ- ਮਰਦ ਤਾਂ ਹੱਥ ਹਿਲਾ ਕੇ ਰਾਜ਼ੀ ਨਹੀਂ।" ਰਸਮੀ ਸੁੱਖ-ਸਾਂਦ ਕਹਿੰਦਿਆਂ ਉਹ ਹੱਸ ਪਈ। ਬਰਾਂਡੇ ਵਿਚ ਕੁਰਸੀ ਡਾਹੀ ਮੀਸ਼ਾ ਅਖਬਾਰ ਪੜ੍ਹਨ ਵਿਚ ਮਸਰੂਫ ਸੀ। ਘਰ ਜਾ ਕੇ ਮੈਡਮ ਕੋਲ ਬਹਿੰਦਿਆਂ ਹੀ ਕਸ਼ਮੀਰ ਪੰਨੂ ਮੀਸ਼ੇ ਨਾਲ ਵਿਆਹ ਬਾਰੇ ਪੁੱਛਗਿੱਛ ਸ਼ੁਰੂ ਕਰ ਲੈਂਦਾ ਹੈ ਜਿਸ ਨੂੰ ਸੁਣਦਿਆਂ ਪਰ੍ਹਾਂ ਬੈਠੀ ਉਨ੍ਹਾਂ ਦੀ ਸੱਸ ਕੋਲੇ ਆ ਕੇ ਪੁੱਛਦੀ ਹੈ:

"ਵੇ ਪੁੱਤਰ! ਤੂੰ ਕੀਹਦੀ ਗੱਲ ਕਰ ਰਿਹਾ ਏਂ?"

... ... ...

"ਸੋਹਣੂ ਦੀ?... ਪੁੱਤ ਇਹ ਤਾਂ ਬੜਾ ਅਵੈੜਾ ਸੀ। ਕੀ ਦੱਸਾਂ- ਤਿੰਨ ਮੰਗਾਂ ਛੱਡੀਆਂ, ਤਿੰਨ... ਬਸ ਮੰਨੇ ਹੀ ਨਾ... ਆਖੇ, ਮੈਂ ਤਾਂ ਵਿਆਹ ਕਲਮ ਨਾਲ ਕਰਾਇਆ। ਝੱਲਾ ਨਾ ਹੋਵੇ।... ਜਦ ਮੇਰੀ ਇਹ ਧੀ ਘਰ ਆਈ ਸੀ, ਤਾਂ ਮੈਂ ਬੂਹੇ ਦੀ ਹਰ ਚੌਗਾਠ 'ਤੇ ਤੇਲ ਚੋਅ ਅੰਦਰ ਲੰਘਾਇਆ ਸੀ। ਉਦੋਂ ਤੋਂ ਤੀਰ ਆਂਗ ਸਿੱਧਾ ਹੋਇਆ ਪਿਆ।" ਉਸ ਸੁਰਿੰਦਰ ਦੇ ਸਿਰ 'ਤੇ ਹੱਥ ਫੇਰਦਿਆਂ ਬੜੀ ਅਪਣੱਤ ਨਾਲ ਉਸ ਵੰਨੀ ਵੇਖਿਆ।... ਉਹ ਚੁੱਪ-ਚਾਪ ਮੁਸਕਰਾ ਰਹੀ ਸੀ। ਇਸੇ ਦੌਰਾਨ ਮੀਸ਼ਾ ਜੀ ਸਾਨੂੰ ਗੱਲਾਂ ਕਰਨ ਲਈ ਛੱਡ ਕੇ ਅਛੋਪਲੇ ਜਿਹੇ ਘਰੋਂ ਬਾਹਰ ਨਿਕਲ ਜਾਂਦੇ ਹਨ।

ਤੇ ਫਿਰ ਮੈਡਮ ਸੁਰਿੰਦਰ ਅਗਾਂਹ ਦੱਸਦੀ ਹੈ- "(ਬਚਪਨ ਤੇ ਜਵਾਨੀ ਮੱਧ ਪ੍ਰਦੇਸ਼ ਵਿਚ ਗੁਜ਼ਰਨ ਕਰ ਕੇ) ਸ਼ੁਰੂ ਸ਼ੁਰੂ ਵਿਚ ਤਾਂ ਏਧਰ ਦਾ ਮਹੌਲ ਰਾਸ ਨਾ ਆਇਆ, ਸਾਡਾ ਨਵਾਂ ਨਵਾਂ ਵਿਆਹ ਹੋਇਆ ਸੀ। ਇਨ੍ਹਾਂ ਦੇ ਛੜੇ ਛੜਾਂਗ ਦੋਸਤ ਆ ਕੇ ਛਕਦੇ ਛਕਾਉਂਦੇ ਤੇ 'ਚੀਕ ਬੁਲਬੁਲੀਆਂ' ਮਾਰਦੇ, ਇਕ ਦੂਜੇ ਨੂੰ ਗਾਲ੍ਹਾਂ ਕੱਢਦੇ, ਕਵਿਤਾ ਸੁਣਾਂਦੇ। ਨਾ ਰੋਟੀ ਨਾ ਪਾਣੀ। ਉਡੀਕ ਉਡੀਕ ਮੈਂ ਰਹਿਰਾਸ ਦਾ ਪਾਠ ਕਰਨ ਲੱਗ ਪੈਂਦੀ। ਮੇਰੇ ਪਾਠ ਦਾ ਤਾਂ ਭੋਗ ਪੈ ਜਾਂਦਾ, ਪਰ ਇਨ੍ਹਾਂ ਦੇ ਕਵਿਤਾ ਪਾਠ... !"

ਇਸ ਪ੍ਰਥਾਏ ਪੰਨੂ ਵਲੋਂ ਮੀਸ਼ੇ ਦੀ ਇਕ ਨਜ਼ਮ ਦੀਆਂ ਕੁਝ ਸਤਰਾਂ ਦਰਜ ਹਨ:

ਰੋਜ਼ ਤਿਕਾਲੀਂ ਮੇਰੀ ਬੀਵੀ
ਗੋਰੇ ਰੰਗ ਦੀ ਸੰਗਮਰਮਰ ਦੀ
ਮੂਰਤ ਬਣ ਕੇ
ਪੂਜਾ ਪਾਠ 'ਚ ਗੁੰਮ ਜਾਂਦੀ ਹੈ
ਉਸ ਸਮੇਂ ਉਹ ਰੱਬ ਸੱਚੇ ਦੀ ਪੂਜਾ ਕਰਦੀ
ਮੈਥੋਂ ਦੂਰ ਸੱਤ ਸਮੁੰਦਰ ਤਰਦੀ ਹੈ।

ਸ਼ਰਾਬ ਦੇ ਖੁੱਲ੍ਹੇ ਪ੍ਰਚਲਨ ਦੀ ਗੱਲ ਕਰਨ ਪਿੱਛੋਂ ਮੈਡਮ ਰੇਖਾ ਚਿੱਤਰ ਵਿਚ ਨਾ ਲਿਖਣ ਦੀ

ਸ਼ਰਤ 'ਤੇ ਆਪਣੇ ਪਤੀ ਦੇ ਖ਼ੂਬਸੂਰਤ ਤਿਤਲੀਆਂ ਵੇਖਣ ਦੇ ਅਵੱਲੜੇ ਸ਼ੌਕ ਬਾਰੇ ਬੜੇ ਹੀ ਧੀਮੇ ਸੁਰ ਵਿਚ ਸੰਕੇਤ ਦਿੰਦੀ ਹੈ। ਅਖੇ- "ਇਨ੍ਹਾਂ ਦੇ ਦੋਸਤ ਤਾਂ ਕਹਿੰਦੇ ਨੇ, ਇਨ੍ਹਾਂ ਨੂੰ ਤਿਤਲੀਆਂ ਮਗਰ ਲਗਣ ਦੀ ਆਦਤ ਸੀ। ਮੈਨੂੰ ਉਈਂ ਇਤਬਾਰ ਜਿਹਾ ਨਹੀਂ ਆਉਂਦਾ... ਪਰ ਹੁਣ ਵੀ ਮੈਂ ਕਿਹੜਾ ਵੇਖਣ ਜਾਂਦੀ ਹਾਂ। ਜਦ ਉਡਦੀ ਉਡਦੀ ਗੱਲ ਕੰਨੀਂ ਆ ਪਵੇ ਤਾਂ ਪੁਛਣ 'ਤੇ ਦੱਸਣਗੇ- ਤੈਨੂੰ ਵਹਿਮ ਏ, ਮੇਰਾ ਕਿੱਤਾ ਹੀ ਇਹੋ ਜਿਹਾ, ਜਿਥੇ ਭਾਂਤ ਭਾਂਤ ਦੇ ਕਲਾਕਾਰਾਂ ਨਾਲ ਵਾਹ ਪੈਂਦਾ... ਬਸ ਮੈਂ ਚੁੱਪ ਕਰ ਜਾਂਦੀ ਹਾਂ। ਹੋਰ ਕਰ ਵੀ ਕੀ ਸਕਦੀ ਹਾਂ।"

ਏਨੇ ਨੂੰ ਮੀਸ਼ੇ ਨੇ ਬਰਾਂਡੇ ਦੀਆਂ ਪੌੜੀਆਂ 'ਤੇ ਕਾਲਜੀਏਟ ਮੁੰਡਿਆਂ ਵਾਂਗ ਸਾਈਕਲ 'ਤੇ ਚੜ੍ਹੇ ਚੜ੍ਹਾਏ ਪੈਰ ਲਗਾ ਕੇ ਟੱਲੀ ਆ ਖੜਕਾਈ।

"ਅਜੇ ਕਹਿੰਦੇ ਨੇ ਸਕੂਟਰ ਲੈਣਾ। ਫਿਰ ਤਾਂ ਘਰ ਵੜਿਆ ਹੀ ਨਈਂ ਕਰਨਗੇ। ਮੈਨੂੰ ਸਕੂਟਰ ਦੇ ਨਾਂ ਤੋਂ ਹੀ ਡਰ ਲਗਦੈ। ਇਨ੍ਹਾਂ ਖ਼ੂਬਸੂਰਤ ਚੀਜ਼ਾਂ ਵੇਖਣ ਤੋਂ ਟਲਣਾ ਨਹੀਂ ਤੇ...।" ਉਸ ਦੀ ਗੱਲ ਅਧੂਰੀ ਰਹਿ ਗਈ, ਜਦ ਉਨ੍ਹਾਂ ਅੰਦਰ ਆ, ਮੇਰੇ ਨਾਲ ਹੱਥ ਮਿਲਾ, ਅੱਡੀ ਦੇ ਭਾਰ ਥੋੜ੍ਹਾ ਘੁੰਮ ਕੇ ਨਜ਼ਰਾਂ ਬੋਤਲਾਂ 'ਤੇ ਜਾ ਟਿਕਾਈਆਂ।

ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਖਾਣ ਬਾਅਦ ਮੈਂ ਤੇ ਮੀਸ਼ਾ ਸੈਰ ਨੂੰ ਨਿਕਲ ਗਏ।... ਅਗਲਾ ਦਿਨ ਚੜ੍ਹਨ 'ਚ ਅਜੇ ਦੋ ਘੰਟੇ ਬਾਕੀ ਸਨ। ਉਹ ਦਸ ਰਿਹਾ ਸੀ- "ਮੈਂ ਘਰੇਲੂ ਜੀਵਨ ਵਲੋਂ ਬੜਾ ਸੰਤੁਸ਼ਟ ਹਾਂ- ਲਗਦੈ ਉਸ ਕੁੜੀ ਨਾਲ ਵਿਆਹ ਨਾ ਕਰਾ ਕੇ ਮੈਂ ਗਲਤੀ ਨਹੀਂ ਸੀ ਕੀਤੀ। ਸੁਰਿੰਦਰ ਮੈਨੂੰ ਸਮਝਦੀ ਹੈ ਅਤੇ ਮੈਂ ਉਹਨੂੰ।"

ਵਾਪਸ ਪਰਤੇ ਤਾਂ ਸੁਰਿੰਦਰ ਮਿਆਨੀ 'ਚ ਬੈਠੀ ਪਾਠ 'ਚ ਲੀਨ ਸੀ।... ਮਿਆਨੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਨਾਲ ਗੀਤਾ ਤੇ ਕੁਰਾਨ ਵੀ ਪਏ ਸਨ।... ਇਹ ਸੀ ਮੀਸ਼ੇ ਦੇ ਘਰ ਦਾ ਉਨ੍ਹਾਂ ਦਿਨਾਂ ਦਾ ਸਵਰਗੀ ਮਾਹੌਲ ਜੋ ਕਸ਼ਮੀਰ ਪੰਨੂ ਨੇ ਉਸ ਦੇ ਪ੍ਰਸ਼ੰਸਕਾਂ ਲਈ ਸਾਦਾ ਅਤੇ ਮੋਹ ਭਰੇ ਅੰਦਾਜ਼ ਵਿਚ ਰਿਕਾਰਡ ਕੀਤਾ ਹੋਇਆ ਹੈ।

1978 ਦੇ ਸ਼ੁਰੂਆਤੀ ਮਹੀਨਿਆਂ ਦੀ ਮੁਕਾਬਲਤਨ ਸਹਿਜ ਮਨੋਅਵਸਥਾ ਦੇ ਸਿਗਨੇਚਰ ਵਜੋਂ ਜੋਗਿੰਦਰ ਸ਼ਮਸ਼ੇਰ ਦੇ ਲੇਖ ਵਿਚ ਦਰਜ ਉਸ ਦਾ ਖਤ ਇਸ ਪ੍ਰਕਾਰ ਹੈ:

"ਮੈਂ ਦਿੱਲੀ ਗਿਆ ਸਾਂ, ਛੋਟੀ ਜਿਹੀ ਮੁਲਾਕਾਤ ਸੋਮ ਆਨੰਦ ਨਾਲ ਵੀ ਹੋਈ ਸੀ। ਰੇਡੀਓ ਸਟੇਸ਼ਨ ਉਤੇ ਸੀ। ਜ਼ਫ਼ਰ ਪਿਆਮੀ ਬਹੁਤ ਵੱਡਾ ਜਰਨਲਿਸਟ ਹੋ ਗਿਆ ਹੈ। ਉਸ ਦੀ 'ਪ੍ਰੈਸ ਏਸ਼ੀਆ ਇੰਟਰਨੈਸ਼ਨਲ' ਪਾਕਿਸਤਾਨ ਅਤੇ ਅਰਬ ਦੇਸ਼ਾਂ ਬਾਰੇ ਬੜੇ ਵਧੀਆ ਲੇਖ ਤਿਆਰ ਕਰਦੀ ਹੈ। ਮਨੋਰਮਾ ਦੀਵਾਨ ਸ਼ਾਇਦ ਉਸ ਦੀ ਡਾਇਰੈਕਟਰ ਹੈ। ਨੰਦੀ ਅੱਜ ਕੱਲ੍ਹ ਦਿੱਲੀ ਹੈ। ਬੰਬੀ ਐਸ.ਐਸ.ਪੀ. ਜਬਲਪੁਰ। ਜੀਤ ਭੰਗੋ ਪਿਛਲੇ ਮਹੀਨੇ ਚੰਡੀਗੜ੍ਹ ਆਇਆ ਸੀ। ਉਸ ਦੇ ਚਾਚੇ, ਸੈਸ਼ਨ ਰਿਟਾਇਰਡ, ਕਰਤਾਰ ਸਿੰਘ ਹੋਰਾਂ ਦੇ ਲੜਕੇ ਦਾ ਵਿਆਹ ਸੀ। ਕਰਤਾਰ ਸਿੰਘ ਹੋਰੀਂ ਸਮੇਤ ਸੱਜ ਵਿਆਹੇ ਜੋੜੇ ਦੇ ਅੱਜ ਹੀ ਅੰਮ੍ਰਿਤਸਰ ਗਏ ਹਨ। ਰਾਤੀਂ ਕਪੂਰਥਲੇ ਸਾਡੇ ਕੋਲ ਸਨ।"

ਸੋ 1977 ਦੇ ਸ਼ੁਰੂ ਵਿਚ ਐਮਰਜੈਂਸੀ ਚੁੱਕੀ ਗਈ, ਮਾਹੌਲ ਖੁਲ੍ਹ ਗਿਆ, ਮੀਸ਼ਾ ਚੜ੍ਹਦੀ ਕਲਾ ਵਿਚ ਸੀ। ਸਰਿੰਦਰ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਾ ਰਹੀ ਸੀ। ਬੇਟਾ ਅਮਰਦੀਪ ਛੇਵੀਂ ਵਿਚ ਹੋ ਗਿਆ ਸੀ। ਪੜ੍ਹਾਈ ਵਿਚ ਚੁਸਤ ਸੀ, ਜਮਾਤ ਵਿਚ ਅਵਲ ਆਉਂਦਾ ਸੀ।

ਜੋਗਿੰਦਰ ਸ਼ਮਸ਼ੇਰ ਦੱਸਦਾ ਹੈ- 1978 ਵਿਚ ਉਹ ਇੰਗਲੈਂਡ ਆਇਆ। ਦਿੱਲੀ ਵਾਲੀ ਅਜੀਤ ਕੌਰ ਵੀ ਆਈ। ਇੰਗਲੈਂਡ ਦੇ ਸਾਹਿਤਕ ਹਲਕਿਆਂ ਵਿਚ ਬੜੀ ਤੇਜ਼ੀ ਨਾਲ ਹਿਲ-ਜੁਲ ਹੋਈ। ਮੀਸ਼ਾ ਇਕ ਅਤੇ ਚਾਹਵਾਨ ਅਨੇਕਾਂ, ਉਸ ਨੂੰ ਵਿਹਲ ਨਾ ਲਗੇ। ਕਵੈਂਟਰੀ ਵਿਚ ਮੀਸ਼ੇ ਦੇ ਸਬੰਧ ਵਿਚ ਵਿਸ਼ੇਸ਼ ਪੁਸਤਕ ਛਾਪੀ ਗਈ। ਲਾਰਡ ਮੇਅਰ ਕੌਂਸਲਰ ਬੈਨਫੀਲਡ ਨੇ ਮੀਸ਼ੇ ਦਾ ਆਪਣੇ ਪਾਰਲਰ ਵਿਚ ਸੁਆਗਤ ਕੀਤਾ। ਇਥੋਂ ਮੀਸ਼ਾ ਟੋਰਾਂਟੋ ਗਿਆ। 10 ਸਤੰਬਰ ਨੂੰ ਸਾਡੇ ਕੋਲ ਵਾਪਸ ਪਰਤਿਆ ਅਤੇ 12 ਸਤੰਬਰ ਨੂੰ ਉਡੀਕ ਰਹੇ ਆਪਣੇ ਬੱਚਿਆਂ ਨੂੰ ਜਾ ਮਿਲਣ ਲਈ ਵਤਨ ਵਲ ਵਾਪਸ ਉਡਾਰੀ ਮਾਰ ਗਿਆ।...

ਜਨਵਰੀ 1979 ਵਿਚ ਜੋਗਿੰਦਰ ਸ਼ਮਸ਼ੇਰ ਨੇ ਭਾਰਤ ਜਾਣਾ ਸੀ। ਮੀਸ਼ਾ ਉਨ੍ਹਾਂ ਨੂੰ ਦਸੰਬਰ 'ਚ ਆਉਣ ਲਈ ਜ਼ੋਰ ਦੇ ਰਿਹਾ ਸੀ। ਦਰਅਸਲ, ਉਦੋਂ ਹਰਵੱਲਭ ਸੰਗੀਤ ਮੇਲਾ ਹੁੰਦਾ ਹੈ, ਜਲੰਧਰ ਵਿਚ ਭਾਰਤੀ ਕਲਾਸੀਕਲ ਸੰਗੀਤ ਦੇ ਚੋਟੀ ਦੇ ਕਲਾਕਾਰ ਆਉਂਦੇ ਹਨ। ਉਂਜ, ਸਾਨੂੰ ਜਲਦੀ ਹੀ ਪਤਾ ਲੱਗ ਜਾਵੇਗਾ ਕਿ ਇਹ ਅਵਸਥਾ ਜ਼ਿਆਦਾ ਲੰਮਾ ਸਮਾਂ ਰਹਿਣੀ ਨਹੀਂ। ਐਨ ਇਹੋ ਸਮਾਂ ਹੈ ਜਦੋਂ ਉਸ ਦੇ ਅਤਿ ਪਿਆਰੇ ਪੁਰਾਣੇ ਮਿੱਤਰਾਂ ਵਿਚੋਂ ਪਹਿਲਾਂ ਨੰਦੀ ਬੱਲ ਅਤੇ ਫਿਰ ਜੀਤ ਭੰਗੋ, ਦੋਵੇਂ ਹੀ ਅਚਾਨਕ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਦੇ ਭਰੇ ਮੇਲੇ ਨੂੰ ਅਲਵਿਦਾ ਕਹਿ ਜਾਣੀ ਹੈ।

18 ਦਸੰਬਰ, 1978 ਨੂੰ ਮੀਸ਼ਾ ਜੋਗਿੰਦਰ ਸ਼ਮਸ਼ੇਰ ਨੂੰ ਲਿਖਦਾ ਹੈ: "ਮੈਂ ਇੰਗਲੈਂਡ ਤੋਂ ਵਾਪਸ ਆ ਕੇ ਅਜੇ ਤਕ ਉਖੜਿਆ ਉਖੜਿਆ ਹਾਂ। ਦਫਤਰ, ਘਰ, ਕਿਤੇ ਵੀ ਸਿਲਸਿਲਾ ਠੀਕ ਤਰ੍ਹਾਂ ਸੈੱਟ ਨਹੀਂ ਹੋਇਆ। ਖਾਸ ਕਾਰਨ ਵੀ ਕੋਈ ਨਜ਼ਰ ਨਹੀਂ ਆਉਂਦਾ, ਪਰ ਜੀਅ ਬੇਹੱਦ ਉਦਾਸ ਜਿਹਾ ਹੀ ਰਹਿੰਦਾ ਹੈ। ਨੰਦੀ ਦੀ ਮੌਤ ਦੀ ਦੁਖਦਾਈ ਖਬਰ ਤੈਨੂੰ ਪਹੁੰਚ ਗਈ ਹੋਵੇਗੀ। ਬਹੁਤ ਹੀ ਮਾੜੀ ਗੱਲ ਹੋਈ ਹੈ, ਕੀ ਕਰੀਏ।"

ਖੈਰ! ਜੋਗਿੰਦਰ ਸ਼ਮਸ਼ੇਰ ਆਉਂਦਾ ਹੈ; ਮੀਸ਼ੇ ਕੋਲ ਰਹਿੰਦਾ ਹੈ ਅਤੇ ਪਰਤ ਜਾਂਦਾ ਹੈ। ਅਪਰੈਲ ਦੇ ਪਹਿਲੇ ਹਫਤੇ ਜੀਤ ਭੰਗੋ ਇੰਗਲੈਂਡ ਜੋਗਿੰਦਰ ਸ਼ਮਸ਼ੇਰ ਕੋਲ ਹੈ।... ਤੇ ਫਿਰ ਮਹੀਨੇ ਕੁ ਬਾਅਦ ਗੁਰਦਿਆਲ ਮੰਡੇਰ ਦਾ ਫੋਨ ਆ ਜਾਂਦਾ ਹੈ: 'ਜੀਤ ਸਿੰਘ ਭੰਗੋ ਅੱਜ ਸਵੇਰੇ ਦੌੜ ਲਾ ਕੇ ਆਇਆ ਸੀ। ਦੁੱਧ ਦਾ ਕੱਪ ਲਿਆ। ਚੰਡੀਗੜ੍ਹ ਗਈ ਪਤਨੀ ਦੀ ਫੋਨ 'ਤੇ ਸੁਖ-ਸਾਂਦ ਪੁੱਛੀ ਤੇ ਸਦਾ ਲਈ ਸਾਡੇ ਕੋਲੋਂ ਚਲਾ ਗਿਆ।'

... ਤੇ 23 ਜੁਲਾਈ 1979 ਨੂੰ ਮੀਸ਼ੇ ਦੇ ਜੋਗਿੰਦਰ ਸ਼ਮਸ਼ੇਰ ਵੱਲ ਖਤ ਦੀ ਸਤਰ ਹੈ: 'ਭੰਗੋ ਦੀ ਅਚਾਨਕ ਦੁਖਦਾਈ ਖਬਰ ਦਾ ਤੁਹਾਨੂੰ ਪਤਾ ਹੀ ਹੈ। ਬਹੁਤ ਹੀ ਮਾੜੀ ਗੱਲ ਹੋਈ, ਪਰ ਆਪਣਾ ਕਿਸੇ ਦਾ ਕੋਈ ਵਸ ਨਹੀਂ।'

ਜੋਗਿੰਦਰ ਅਨੁਸਾਰ, 1981 ਦੇ ਅੱਧ ਵਿਚ ਮੀਸ਼ਾ ਇਕ ਵਾਰ ਮੁੜ ਕਾਫੀ ਖੁਸ਼ ਰੌਂਅ ਵਿਚ ਹਨ। ਲੜਕਾ ਅਮਰਦੀਪ ਡੀ.ਏ.ਵੀ. ਕਾਲਜ ਨਾਨ ਮੈਡੀਕਲ ਪ੍ਰੀ-ਯੂਨੀਵਰਸਿਟੀ ਕਾਲਜ 'ਚ ਅਵਲ ਆਇਆ ਹੈ (ਖ਼ੁਸ਼ ਹੋਵੇ ਵੀ ਕਿਉਂ ਨਾ, ਆਖਰ ਪ੍ਰੀ-ਯੂਨੀਵਰਸਿਟੀ ਨਾਨ ਮੈਡੀਕਲ ਨੇ ਹੀ ਤਾਂ ਉਹਦੀ ਪਹਿਲੀ ਵਾਰੀ ਨਾਂਹ ਕਰਵਾਈ ਸੀ)। ਲੜਕੀ ਰੀਨਾ ਸੇਂਟ ਜੋਸਿਫ ਕਾਨਵੈਂਟ ਵਿਖੇ 8ਵੀਂ ਵਿਚ ਹੋ ਗਈ ਹੈ, ਪਰ ਟਾਮਸ ਹਾਰਡੀ ਦਾ ਕਥਨ ਹੈ ਨਾ- 'ਜ਼ਿੰਦਗੀ ਤਰਾਸਦੀਆਂ ਦਾ ਜਮਘਟਾ ਹੈ, ਸੁਖਾਂਤ ਤਾਂ ਇਥੇ ਕਦੀ ਕਦਾਈਂ, ਐਵੇਂ ਝਲਕਾਰਾ ਜਿਹਾ ਹੀ ਵਿਖਾਉਂਦੇ ਹਨ।'

ਨੰਦੀ ਬੱਲ ਅਤੇ ਜੀਤ ਭੰਗੋ ਵਰਗੇ ਉਨ੍ਹਾਂ ਦੇ ਦਿਲਜਾਨੀਆਂ ਦੇ ਵਿਛੋੜੇ ਤੋਂ ਕੁਝ ਹੀ ਵਰ੍ਹੇ ਬਾਅਦ ਨਿਰੰਤਰ ਦੁਖਾਂਤ ਦੇ ਮਨਹੂਸ ਸਾਏ ਨੇ ਪੰਜਾਬ ਦੀ ਪੂਰੀ ਧਰਤੀ ਤੇ ਫੈਲਣਾ ਸ਼ੁਰੂ ਕਰ ਦੇਣਾ ਹੈ। ਇਸ ਪ੍ਰਥਾਏ ਜੋਗਿੰਦਰ ਹੋਰਾਂ ਦੇ ਨਿਬੰਧ ਵਿਚ ਦਰਜ ਮੀਸ਼ਾ ਜੀ ਦੇ ਖਤ ਦੀਆਂ ਸਤਰਾਂ ਜ਼ਰਾ ਵੇਖੋ:

"ਪੰਜਾਬ ਹੌਲੀ ਹੌਲੀ ਸੰਤਾਪ ਦੀ ਦਿਸ਼ਾ ਵੱਲ ਵੱਧ ਰਿਹਾ ਹੈ। ਇੱਕਾ ਦੁੱਕਾ ਕਤਲ ਸ਼ੁਰੂ ਹੋ ਗਏ ਹਨ। ਕਪੂਰਥਲੇ ਵਿਚ ਇਕ ਵਿਅਕਤੀ ਦੀਵਾਨ ਅਤੇ ਉਸ ਦੇ ਪੁੱਤਰ ਪ੍ਰਹਿਲਾਦ (ਨਿਰੰਕਾਰੀ) ਨੂੰ ਮਾਰ ਦਿੱਤਾ ਗਿਆ ਹੈ। ਉਹ ਆਦਰ ਮਾਣ ਕਰਨ ਵਾਲੇ ਭਲੇ ਪੁਰਸ਼ ਸਨ। ਉਨ੍ਹਾਂ ਦਾ ਸਦਮਾ ਸਾਰੇ ਸ਼ਹਿਰ ਨੇ ਮਹਿਸੂਸ ਕੀਤਾ। ਮੀਸ਼ੇ ਨੇ ਲਿਖਿਆ ਕਿ "ਜਦੋਂ ਵੀ ਮਿਲਦੇ ਸਨ, ਤੁਹਾਡਾ ਹਾਲ ਚਾਲ ਪੁੱਛਿਆ ਕਰਦੇ ਸਨ।"... ਤੇ ਫਿਰ ਸਾਲ ਹੀ ਇਕ ਹੋਰ ਵੀ ਮਾੜੀ ਖਬਰ "ਜੀਤ ਭੰਗੋ ਦਾ ਬੇਟਾ ਚੰਡੀਗੜ੍ਹ ਹਾਦਸੇ ਦਾ ਸ਼ਿਕਾਰ ਹੋ ਗਿਆ ਹੈ। ਲੀਨਾ ਵਿਚਾਰੀ ਤਬਾਹ ਹੋ ਗਈ, ਕੀ ਧਰਵਾਸ ਦਈਏ, ਸੋਚ ਕੇ ਕਾਲਜਾ ਕੰਬ ਜਾਂਦਾ ਹੈ।"

ਸਾਲ 1983 ਦੇ ਸ਼ੁਰੂ ਵਿਚ ਉਹਦਾ ਸੰਖੇਪ ਜਿਹਾ ਖਤ ਹੈ: "ਮੈਂ ਨੌਕਰੀ ਤੋਂ ਤੰਗ ਹਾਂ, ਦਮ ਘੁਟਦਾ ਰਹਿੰਦਾ ਹੈ, ਪਰ ਕੋਈ ਚਾਰਾ ਨਹੀਂ।" ਸਾਕਾ ਨੀਲਾ ਤਾਰਾ ਦੀ ਤਰਾਸਦੀ ਤੋਂ ਮਹੀਨਾ ਪਹਿਲਾਂ 5 ਮਈ 1984 ਨੂੰ ਉਹ ਜਗਿੰਦਰ ਸ਼ਮਸ਼ੇਰ ਹੋਰਾਂ ਨੂੰ ਲਿਖਦਾ ਹੈ: "ਪੰਜਾਬ ਦੀ ਹਾਲਤ ਸਚਮੁੱਚ ਦਿਨੋ ਦਿਨ ਵਿਗੜ ਰਹੀ ਹੈ। ਭੜਕਾਹਟ ਦੀ ਕੋਈ ਕਮੀ ਨਹੀਂ ਰਹੀ, ਪਰ ਸ਼ਾਬਾਸ਼ ਲੋਕਾਂ ਦੇ, ਜਿਨ੍ਹਾਂ ਅਜੇ ਤਕ ਆਪਣਾ ਜ਼ਿਹਨੀ ਤਵਾਜ਼ਨ ਕਾਇਮ ਰਖਿਆ ਹੈ।"

ਜੋਗਿੰਦਰ ਇਸੇ ਨਿਬੰਧ ਵਿਚ ਦੱਸਦਾ ਹੈ: ਪੰਜਾਬ ਅਤੇ ਦੇਸ਼ ਦੇ ਹਾਲਾਤ ਸਿਰਫ਼ ਚੁੱਪ ਰਹਿਣ ਦੀ ਮੰਗ ਕਰਦੇ ਸਨ। ਸਿਆਸਤ ਨਿਹਾਇਤ ਘਿਨਾਉਣੀ ਸ਼ਕਲ ਅਖਤਿਆਰ ਕਰ ਚੁੱਕੀ ਸੀ। ਕਾਫਰ ਵੀ ਰੱਬ ਤੋਂ ਮਿਹਰ ਦੀ ਦੁਆ ਮੰਗ ਰਹੇ ਸਨ। ਫੈਜ਼ ਦੇ ਕਹਿਣ ਮੁਤਾਬਕ:

ਆਈਏ ਹਾਥ ਉਠਾਏਂ ਹਮ ਭੀ
ਹਮ ਜਿਨਹੇਂ ਰਸਮੇਂ ਦੁਆ ਯਾਦ ਨਹੀਂ
ਹਮ ਜਿਨਹੇਂ ਸੋਜ਼ੇ ਮੁਹੱਬਤ ਕੇ ਸਿਵਾ
ਕੋਈ ਬੁੱਤ, ਕੋਈ ਖ਼ੁਦਾ ਯਾਦ ਨਹੀਂ।

ਮੀਸ਼ੇ ਦੀ ਇਸ ਮਨੋਅਵਸਥਾ ਦਾ ਜ਼ਿਕਰ ਕਰਦਿਆਂ ਉਸ ਦੀ 'ਫਰਕ' ਸਿਰਲੇਖ ਹੇਠਲੀ ਪੁਰਾਣੀ, ਲੰਮੀ ਨਜ਼ਮ ਦੀਆਂ ਚੰਦ ਸਤਰਾਂ ਆਪ ਮੁਹਾਰੇ ਹੀ ਯਾਦ ਆ ਗਈਆਂ ਹਨ:

ਸੱਚ ਪੁੱਛੋ ਤਾਂ ਸੱਚ ਆਖਾਂ ਮੈਂ
ਹੁਣ ਉਹ ਗੱਲ ਨਹੀਂ।
ਸੂਰਜ ਉਹ ਹੈ, ਚੰਨ ਵੀ ਉਹ ਹੈ
ਪਰ ਉਹ ਦਿਨ ਨਹੀਂ
ਨਾ ਉਹ ਰਾਤਾਂ
ਭਾਵੇਂ ਜ਼ਿੰਦਗੀ ਮਾਰੂਥਲ ਨਹੀਂ
ਪਰ ਖਿੜ ਕੇ ਹੈ ਮੁਰਝਾ ਜਾਂਦੀ
ਇਹ ਕੋਈ ਨਿੱਤ ਦੀ ਹਰਿਆਵਲ ਨਹੀਂ।
---
ਹੁਣ ਤਾਂ ਜੇ ਸੱਚ ਪੁੱਛੋ ਪਿਆਰੇ
ਸੱਚ ਆਖਾਂ ਮੈਂ ਸੱਚ ਕਰ ਜਾਣੀ
ਕਦੀ ਕਦਾਈਂ, ਐਵੇਂ ਤਰਸ ਜਿਹਾ ਆ ਜਾਂਦਾ
ਬੁਝ ਚੁਕੇ ਹਨ ਸਭ ਅੰਗਿਆਰੇ
ਹੁਣ ਤੂੰ ਐਵੇਂ ਭੁੱਬਲ ਫੋਲੇਂ
ਚੜ੍ਹ ਕੇ ਲਹਿ ਗਏ ਪ੍ਰੀਤ ਦੇ ਪਾਣੀ
ਐਵੇਂ ਉਮਰ ਬਰੇਤੀ ਉਤੋਂ
ਸਿੱਪੀਆਂ ਘੋਗੇ ਪਿਆ ਵਿਰੋਲੇਂ
ਹੁਣ ਨਹੀਂ ਉਹ ਗੱਲ
ਹੁਣ ਉਹ ਗੱਲ ਨਹੀਂ!



ਰਵਿੰਦਰ ਰਵੀ ਅਤੇ ਸੋਹਣ ਸਿੰਘ ਮੀਸ਼ਾ।

ਪੰਜਾਬ ਦੀ ਸਥਿਤੀ ਅਤੇ ਇਸ ਪ੍ਰਥਾਏ ਮੀਸ਼ੇ ਦੀ ਮਨੋਦਸ਼ਾ ਬਾਰੇ 'ਮੀਸ਼ੇ ਕਵੀ ਸਨ: ਸੋਹਣ ਸਿੰਘ ਮੀਸ਼ਾ' ਸਿਰਲੇਖ ਹੇਠ ਲਿਖੇ ਪ੍ਰੇਮ ਪ੍ਰਕਾਸ਼ ਹੋਰਾਂ ਦੇ ਨਿਬੰਧ 'ਚ ਗਵਾਹੀ ਜ਼ਰਾ ਵੇਖੋ: "ਉਹ ਰੇਡੀਓ ਸਟੇਸ਼ਨ ਨੂੰ ਜਾਂਦਾ ਆਉਂਦਾ ਮੇਰੇ ਘਰ ਆ ਜਾਂਦਾ। ਪੁੱਛਦਾ- 'ਪ੍ਰੇਮ ਹੁਣ ਕੀ ਬਣੂੰ... ਧਰਮਾਂ ਦੀ ਸਿਆਸਤ, ਇਨਸਾਨ ਦੋਸਤੀ ਪਾਲਣ ਦੇ ਵਾਅਦੇ, ਕੀ ਬਚਿਆ ਏ? ਅਸੀਂ 47 ਦੀ ਵੱਢ ਟੁਕ ਤੋਂ ਕੁਝ ਨਹੀਂ ਸਿਖਿਆ। ਕੀ ਖਾਲਿਸਤਾਨ ਬਣ ਜੂ? ਅਸੀਂ ਕਿਥੇ ਜਾਵਾਂਗੇ? ਮੈਂ ਨਹੀਂ ਰਹਿਣਾ ਖਾਲਿਸਤਾਨ 'ਚ...।"

ਪੰਜਾਬ ਦੇ ਮਾਹੌਲ ਨੇ ਮੀਸ਼ੇ ਨੂੰ ਬਹੁਤ ਬੇਚੈਨ ਕੀਤਾ ਹੋਇਆ ਸੀ। ਉਹਦਾ ਦਮ ਘੁਟਦਾ ਸੀ। ਉਹ ਢੱਠੇ ਹੋਏ ਅਕਾਲ ਤਖਤ ਨੂੰ ਵੇਖਣ ਵਾਲੇ ਮੀਡੀਆ ਦੇ ਪਹਿਲੇ ਲੋਕਾਂ ਦੇ ਨਾਲ ਗਿਆ ਸੀ। ਇਸ ਪ੍ਰਥਾਏ ਉਸ ਦੇ ਖਤ ਵਿਚ ਉਸ ਦਾ ਪ੍ਰਤੀਕਰਮ ਖੁਦ ਪੜ੍ਹ ਕੇ ਵੇਖੋ: "ਆਪਾਂ ਕਿਹੋ ਜਿਹਾ ਸਮਾਜ ਉਸਾਰਨ ਦੇ ਸੁਪਨੇ ਲੈਂਦੇ ਹੁੰਦੇ ਸਾਂ। ਇਹ ਕੀ ਹੋਈ ਜਾਂਦਾ ਹੈ।"

ਜੋਗਿੰਦਰ ਲਾਚਾਰੀ ਪ੍ਰਗਟ ਕਰਦਾ ਹੈ: "ਪਰ ਇਨ੍ਹਾਂ ਹਾਲਤਾਂ ਨੂੰ ਬਦਲਣਾ ਨਾ ਮੇਰੇ ਵੱਸ, ਨਾ ਮੀਸ਼ੇ ਦੇ। ਅਗਸਤ 1985 ਵਿਚ ਪ੍ਰੋਗ੍ਰੈਸਿਵ ਰਾਈਟਰਜ਼ ਐਸੋਸੀਏਸ਼ਨ ਦਾ ਗੋਲਡਨ ਜੁਬਲੀ ਸਮਾਗਮ ਸੀ। ਇਸ ਦੇ ਬਹਾਨੇ ਮੈਂ ਮੀਸ਼ੇ ਨੂੰ ਇੰਗਲੈਂਡ ਸੱਦਿਆ ਅਤੇ ਉਹ ਆ ਵੀ ਗਿਆ। ਇੰਗਲੈਂਡ ਆ ਕੇ ਉਹ ਕੁਝ ਦਿਨਾਂ ਲਈ ਯੂਰਪ ਚਲਿਆ ਗਿਆ। ਵਾਪਸ ਆਇਆ ਤਾਂ ਜਲੰਧਰੋਂ ਖਬਰ ਆ ਗਈ ਕਿ ਉਹਦੇ ਭਾਣਜੇ ਨੇ ਮਾਂ ਨਾਲ ਰੁਸ ਕੇ ਆਤਮਘਾਤ ਕਰ ਲਿਆ ਹੈ। ਉਹ ਸਭ ਪ੍ਰੋਗਰਾਮ ਕੈਂਸਲ ਕਰ ਕੇ ਵਾਪਸ ਚਲਿਆ ਗਿਆ।" ਘਰੇ ਪਰਤਣ 'ਤੇ ਜਲਦੀ ਹੀ ਇਕ ਹੋਰ ਘਟਨਾ ਵਾਪਰ ਗਈ। ਜੋਗਿੰਦਰ ਅਨੁਸਾਰ- "ਮੀਸ਼ਾ ਆਪਣੀ ਮਾਂ ਨੂੰ ਬੇਜੀ ਕਹਿੰਦਾ ਹੁੰਦਾ ਸੀ। ਬੇਜੀ ਦੇ ਕਾਲਵੱਸ ਹੋਣ 'ਤੇ ਮੈਂ ਉਸ ਨੂੰ ਫੋਨ ਕੀਤਾ, ਖਤ ਵੀ ਲਿਖਿਆ। ਉਸ ਦਾ ਜਵਾਬ ਵੇਖੋ: "ਤੁਹਾਡੇ ਖਤ ਨਾਲ ਮਨ ਨੂੰ ਬੜੀ ਢਾਰਸ ਮਿਲੀ। ਬੇਜੀ ਦੀ ਮੌਤ ਨਾਲ ਘਰ ਦਾ ਸਾਰਾ ਸਿਲਸਿਲਾ ਉਖੜ ਗਿਆ ਹੈ। ਮੈਂ ਅਚਾਨਕ ਬੁੱਢਾ ਹੋ ਗਿਆ ਹਾਂ। ਸਬਰ ਕਰਨਾ ਪਵੇਗਾ, ਕੋਈ ਚਾਰਾ ਨਹੀਂ...।"

ਪਰ ਹੁਣ ਸਬਰ ਬਾਬਿਆਂ ਕੋਲੋਂ ਹੋਣਾ ਨਹੀਂ ਤੇ ਯਾਰਾਂ ਦੇ ਯਾਰ, ਮਹਿਫਲਾਂ ਦੇ ਸਰਦਾਰ, ਧੀਮੇ ਬੋਲਾਂ ਅਤੇ ਦੰਤ ਕਥਾਈ ਸੰਜਮ ਵਾਲੇ ਸਾਡੇ ਇਸ ਪਿਆਰੇ, ਸੰਤ ਮਨੁੱਖ ਦਾ ਸਾਲ 1986 ਚੜ੍ਹਦਿਆਂ ਹੀ ਮਾਨਸਿਕ ਵਿਚਲਨ ਸ਼ੁਰੂ ਹੋ ਜਾਵੇਗਾ ਜਿਸ ਦੀ ਕਹਾਣੀ 'ਮੀਸ਼ਾ ਦਾ ਅੰਤਿਮ ਸਪਤਾਹ ਅਤੇ ਪਿਆਰੇ ਮੀਸ਼ਾ ਦੀ ਯਾਦ' ਸਿਰਲੇਖ ਹੇਠਲੇ ਆਪਣੇ ਨਿਬੰਧਾਂ ਵਿਚ ਗੁਲਜ਼ਾਰ ਸਿੰਘ ਸੰਧੂ ਅਤੇ ਬਰਜਿੰਦਰ ਸਿੰਘ ਨੇ ਬਹੁਤ ਹੀ ਸ਼ਾਇਸਤਾ/ਹਮਦਰਦਾਨਾ ਅੰਦਾਜ਼ ਵਿਚ ਅਤੇ ਪ੍ਰੇਮ ਪ੍ਰਕਾਸ਼ ਸਮੇਤ ਕਈ ਹੋਰਾਂ ਮਿੱਤਰਾਂ ਨੇ ਪੂਰਨ ਨਗਨ ਭਾਸ਼ਾ ਵਿਚ, ਚਟਖਾਰੇ ਲਾ ਲਾ ਕੇ ਸਾਨੂੰ ਬਾਖ਼ੂਬੀ ਸੁਣਾਈ ਹੈ।

ਪਹਿਲਾਂ 'ਮੀਸ਼ੇ ਦਾ ਅੰਤਿਮ ਸਪਤਾਹ' ਵਿਚ ਗੁਲਜ਼ਾਰ ਸਿੰਘ ਸੰਧੂ ਨੇ ਉਸ ਦੀ ਮਨੋਦਸ਼ਾ ਦੀ ਗਵਾਹੀ ਪਾਈ ਹੋਈ ਹੈ: 13 ਸਤੰਬਰ 1986 ਨੂੰ ਬੇਅਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲੇ ਬਾਅਦ ਦੁਪਹਿਰ 3 ਵਜੇ, ਪਹੁੰਚਣ 'ਤੇ ਪ੍ਰਿੰਸੀਪਲ ਦੇ ਕਮਰੇ 'ਚ ਵੜਦਿਆਂ ਹੀ ਉਹ ਆਪਣੇ ਮਿੱਤਰ ਨਾਲ 'ਲੜ' ਰਹੇ ਹਨ। ਲੜਨ ਦਾ ਅਤਿਅੰਤ ਖ਼ੂਬਸੂਰਤ ਮੀਸ਼ੀਆਨ ਅੰਦਾਜ਼ ਜ਼ਰਾ ਵੇਖੋ: "ਨਾ ਤੂੰ ਸਮਝਦਾ ਕੀ ਹੈਂ ਆਪਣੇ ਆਪ ਨੂੰ? ਮੈਂ ਤੈਨੂੰ ਕੁਝ ਕਹਿ ਵੀ ਨਹੀਂ ਸਕਦਾ। ਮੈਂ ਕੇਵਲ 5 ਦੋਸਤ ਬਣਾਏ ਸਨ। ਤੂੰ ਉਨ੍ਹਾਂ ਵਿਚੋਂ ਇਕ ਹੈਂ। ਢੱਡਾ ਮਰ ਗਿਆ ਹੈ। ਨੰਦੀ ਵੀ ਮਰ ਗਿਆ ਹੈ। ਮੈਂ ਵੀ ਥੋੜ੍ਹੇ ਦਿਨ ਹਾਂ। ਮੰਡੇਰ ਵੀ ਪਹਿਲਾਂ ਵਾਂਗ ਨਹੀਂ ਮਿਲਦਾ। ਮੈਂ ਮਰ ਜਾਣਾ ਹੈ। ਤੁਸੀਂ ਬੈਠੇ ਰਹਿਣਾ ਪਿੱਛੋਂ ਅਤੇ ਫਿਰ ਉਹੀ ਉਚੀ ਹੱਸਣ ਲੱਗ ਪਿਆ। ਲਗਾਤਾਰ। ਮੀਸ਼ੇ ਵਾਲਾ ਹਾਸਾ!"

ਮੀਸ਼ੇ ਦੀ ਪਹਿਲੀ ਅਤੇ ਆਖਰੀ 'ਚੀਕ ਬੁਲਬੁਲੀ' ਦਾ ਸਮਝਣ ਲਈ ਜੋਗਿੰਦਰ ਸ਼ਮਸ਼ੇਰ ਦੇ ਨਿਬੰਧ ਦੇ ਕੁਝ ਹੋਰ ਵਿਸਥਾਰ ਵੀ ਜਾਣ ਲਾਏ ਜਾਵਣ... ਉਸ ਅਨੁਸਾਰ, ਉਹਨੇ ਅਪਰੈਲ 1986 ਵਿਚ ਭਾਰਤ ਜਾਣ ਦੀ ਯੋਜਨਾ ਬਣਾਉਣੀ ਸ਼ੁਰੂ ਕੀਤੀ ਜੋ ਸਤੰਬਰ ਵਿਚ ਜਾ ਕੇ ਸਿਰੇ ਚੜ੍ਹੀ। 19 ਸਤੰਬਰ ਨੂੰ ਉਹ ਦਿੱਲੀ ਏਅਰਪੋਰਟ 'ਤੇ ਉਤਰਿਆ। ਗੁਰਦਿਆਲ ਮੰਡੇਰ ਉਹਨੂੰ ਲੈਣ ਆਇਆ ਹੋਇਆ ਸੀ। ਉਸ ਦੇ ਨਾਲ ਉਹ ਉਸ ਦੇ ਘਰੇ ਚਲੇ ਗਏ। ਰਾਤ ਸੁੱਤੇ। ਸਵੇਰੇ ਉਠਦੇ ਸਾਰ ਆਪਣੇ ਪਿਆਰੇ ਮਿੱਤਰ ਮੀਸ਼ੇ ਨੂੰ ਫੋਨ ਕੀਤਾ ਕਿ ਵੀਜ਼ਾ ਨਾ ਲੱਗਣ ਕਾਰਨ ਐਤਕੀਂ ਉਹਨੇ ਪੰਜਾਬ ਨਹੀਂ ਆਉਣਾ। ਉਨ੍ਹਾਂ ਪਹਿਲਾਂ ਕਸ਼ਮੀਰ ਅਤੇ ਫਿਰ ਰਾਜਸਥਾਨ ਹੋ ਕੇ ਦਿੱਲੀਓਂ ਹੀ ਪਰਤ ਜਾਣਾ ਹੈ।

ਜੋਗਿੰਦਰ ਸ਼ਮਸ਼ੇਰ ਆਵੇ ਅਤੇ ਮੀਸ਼ਾ ਉਹਨੂੰ ਮਿਲੇ ਨਾ; ਇਹ ਕਿੰਝ ਹੋ ਸਕਦੈ!

ਜੋਗਿੰਦਰ ਦੱਸਦਾ ਹੈ: ਮੀਸ਼ੇ ਦਾ ਅੱਗਿਉਂ ਜਵਾਬ ਸੀ ਕਿ ਉਹ 22 ਸਤੰਬਰ ਨੂੰ ਸਵੇਰੇ ਹੀ ਦਿੱਲੀ ਮੰਡੇਰ ਦੇ ਘਰੇ ਪਹੁੰਚ ਰਿਹੈ- ਉਹ ਕੋਈ ਵੀ ਪ੍ਰੋਗਰਾਮ ਉਸ ਨੂੰ ਮਿਲਣ ਤੋਂ ਬਾਅਦ ਹੀ ਬਣਾਉਣ, ਪਰ 21 ਸਤੰਬਰ ਰਾਤ ਸਾਢੇ 10 ਵਜੇ ਮੈਡਮ ਮੀਸ਼ਾ ਦਾ ਮੰਡੇਰ ਨੂੰ ਫੋਨ ਆ ਗਿਆ ਕਿ ਮਹਾਂ ਪੁਰਖ ਕਾਂਜਲੀ ਝੀਲ 'ਤੇ ਜਾ ਕੇ ਰੁਮਾਂਟਿਕ ਅੰਦਾਜ਼ ਵਿਚ ਪੂਰਨ ਸਜ ਧਜ ਨਾਲ, ਵਰ੍ਹਿਆਂ ਤੋਂ ਆਪਣੇ ਅੰਦਰ ਦਬਾਈ ਲੰਮੀ 'ਚੀਕ ਬੁਲਬੁਲੀ' ਮਾਰ ਗਏ ਹਨ।

ਜੋਗਿੰਦਰ ਨੇ ਆਪਣੇ ਯਾਦ ਨਿਬੰਧਾਂ ਵਿਚ ਮੈਡਮ ਮੀਸ਼ਾ ਦਾ 12 ਨਵੰਬਰ 1986 ਨੂੰ ਉਹਨੂੰ ਲਿਖਿਆ ਖਤ ਹੂ-ਬਹੂ ਦਿੱਤਾ ਹੋਇਆ ਹੈ: "ਤੁਸੀਂ ਦਿੱਲੀ 19 ਸਤੰਬਰ ਨੂੰ ਪਹੁੰਚੇ। ਸੋਚਦੀ ਹਾਂ, ਜੇ ਤੁਹਾਡੀ ਮੀਸ਼ਾ ਜੀ ਨਾਲ 20 ਦੀ ਸਵੇਰ ਦੀ ਜਗ੍ਹਾ ਉਥੇ ਉਤਰਦਿਆਂ ਹੀ ਗੱਲ ਹੋ ਜਾਂਦੀ ਕਿ ਪੰਜਾਬ ਦਾ ਵੀਜ਼ਾ ਨਹੀਂ ਮਿਲਿਆ ਤਾਂ ਉਨ੍ਹਾਂ ਨੇ ਉਸੇ ਵਕਤ ਦਿੱਲੀ ਤੁਹਾਨੂੰ ਮਿਲਣ ਰਵਾਨਾ ਹੋ ਜਾਣਾ ਸੀ ਤੇ 21 ਸਤੰਬਰ ਦੀ ਮਨਹੂਸ ਘੜੀ ਟਲ ਜਾਂਦੀ, ਪਰ ਕਿਥੇ! ਮੌਤ ਤਾਂ ਆਪ ਖਿੱਚ ਕੇ ਲੈ ਗਈ ਉਨ੍ਹਾਂ ਨੂੰ। ਘਰੋਂ ਤਾਂ ਕਾਰ ਦਾ ਨੰਬਰ ਲਗਵਾਉਣ ਲਈ ਗਏ ਸਨ ਅਤੇ ਉਥੋਂ ਹੀ ਕਾਂਜਲੀ ਝੀਲ 'ਤੇ ਪਿਕਨਿਕ ਲਈ ਜਾਣ ਦਾ ਪ੍ਰੋਗਰਾਮ ਬਣ ਗਿਆ ਜੋ ਜਾਨ-ਲੇਵਾ ਸਾਬਤ ਹੋਇਆ। 20 ਸਤੰਬਰ ਦੀ ਰਾਤ ਨੂੰ ਮੈਨੂੰ ਇੰਗਲੈਂਡ ਜਾਣ ਬਾਰੇ ਸਮਝਾਉਂਦੇ ਰਹੇ ਕਿ ਜਾਓਗੇ ਤਾਂ ਕਿਹੜੀਆਂ ਗੱਲਾਂ ਦਾ ਉਥੇ ਧਿਆਨ ਰੱਖਣਾ ਪੈਣਾ। ਕਹਿੰਦੇ ਕਿ ਲੰਡਨ ਜਾ ਕੇ ਥਿਏਟਰ ਵੇਖਣਾ ਨਾ ਭੁੱਲਣਾ, ਪਰ ਇਹ ਪਤਾ ਨਹੀਂ ਸੀ ਕਿ ਸਭ ਕੁਝ ਵਿਚੇ ਹੀ ਰਹਿ ਜਾਣਾ ਸੀ।"

(ਚਲਦਾ)

## ਮਿੰਨੀ ਕਹਾਣੀ

## ਚਾਹ ਪਾਣੀ

"ਗੋਰਿਆ! ਸਿਲੰਡਰ ਵਾਲਾ ਸਿਲੰਡਰ ਦੇ ਗਿਆ ਸੀ?" ਘਰ ਵੜ੍ਹਦਿਆਂ ਹੀ ਮੈਂ ਆਪਣੇ ਛੋਟੇ ਮੁੰਡੇ ਸੁਖਜੀਵਨ ਜਿਸ ਦਾ ਲਾਡਲਾ ਨਾਂ ਗੋਰਾ ਹੈ, ਨੂੰ ਪੁੱਛਿਆ।

"ਹਾਂ ਪਾਪਾ! ਦੇ ਗਿਆ ਸੀ।" ਉਸ ਨੇ ਉਤਰ ਦਿੱਤਾ।

"ਕਿੰਨੇ ਪੈਸੇ ਲੈ ਗਿਆ?"

"ਛੇ ਸੌ ਸੱਠ ਰੁਪਏ।"

"ਲਿਆ ਪਰਚੀ ਤਾਂ ਦਿਖਾ।"

ਜਦੋਂ ਉਸ ਨੇ ਪਰਚੀ ਦਿਖਾਈ ਤਾਂ ਉਸ ਉਤੇ 651 ਰੁਪਏ ਲਿਖੇ ਹੋਏ ਸਨ ਜੋ ਕਿ ਸਿਲੰਡਰ ਦਾ ਸਹੀ ਰੇਟ ਸੀ। ਸਿਲੰਡਰ ਵਾਲਾ ਗੋਰੇ ਨੂੰ ਨਿਆਣਾ ਮੁੰਡਾ ਦੇਖ ਕੇ ਨਿਰਧਾਰਿਤ ਕੀਮਤ ਤੋਂ ਨੌਂ ਰੁਪਏ ਫਾਲਤੂ ਲੈ ਗਿਆ ਸੀ ਜੋ ਉਸ ਦੀ ਆਪਣੀ ਜੇਬ ਵਿਚ ਜਾ ਪੈਣੇ ਸਨ। ਸਿਲੰਡਰ ਵਾਲੇ ਦੀ ਇਸ ਠੱਗੀ 'ਤੇ ਸਿਲੰਡਰ ਵਾਲੇ ਨਾਲੋਂ ਵੱਧ ਗੁੱਸਾ ਆਪਣੇ ਮੁੰਡੇ ਗੋਰੇ 'ਤੇ ਆਇਆ ਜਿਸ ਦੀ ਬੇਧਿਆਨੀ-ਲਾਪਰਵਾਹੀ ਕਾਰਨ ਸਿਲੰਡਰ ਵਾਲਾ ਭੱਈਆ ਦਾਅ ਲਾ ਗਿਆ ਸੀ। ਗੋਰੇ ਦੀ ਇਸ ਨਾਲਾਇਕੀ 'ਤੇ ਉਸ ਨੂੰ ਬੁਰਾ-ਭਲਾ ਵੀ ਬਥੇਰਾ ਕਹਿ ਲਿਆ ਪਰ ਕੁਝ ਹੱਥ-ਪੱਲੇ ਨਾ ਪਿਆ। ਅੱਜ ਨੌਂ ਰੁਪਏ ਕੋਈ ਵੱਡੀ ਰਕਮ ਨਹੀਂ ਪਰ ਫਿਰ ਵੀ 'ਭੰਗ ਦੇ ਭਾੜੇ' ਗਏ ਇਨ੍ਹਾਂ ਨੌਂ ਰੁਪਿਆਂ ਦੀ ਰੜਕ ਪੈਣੋਂ ਨਹੀਂ ਹੱਟ ਰਹੀ ਸੀ। ਇਸ ਰੜਕ ਦੇ ਅਸਰ ਹੇਠ ਮੈਂ ਗੈਸ ਏਜੰਸੀ ਦੇ ਮੈਨੇਜਰ ਕੋਲ ਚਲਾ ਗਿਆ। ਗੈਸ ਸਿਲੰਡਰ ਦੇ ਕੁੱਝ ਲੇਟ ਹੋਣ ਕਾਰਨ ਮੈਂ ਦੋ ਵਾਰੀ ਪਹਿਲਾਂ ਵੀ ਇਸ ਮੈਨੇਜਰ ਕੋਲ ਜਾ ਚੁੱਕਾ ਸਾਂ। ਦਫ਼ਤਰ ਦੀ ਦਹਿਲੀਜ਼ 'ਤੇ ਮੇਰਾ ਪੈਰ ਪੈਂਦਿਆਂ ਹੀ ਮੈਨੇਜਰ ਬੋਲਿਆ, "ਕੀ ਗੱਲ! ਪਹੁੰਚਿਆ ਨਹੀਂ ਅਜੇ ਤੁਹਾਡਾ ਸਿਲੰਡਰ?"

"ਪਹੁੰਚ ਤਾਂ ਗਿਆ ਪਰ ਸਿਲੰਡਰ ਦਾ ਰੇਟ ਕੀ ਹੈ?" ਮੈਂ ਪਰਚੀ ਉਪਰ ਲਿਖੇ ਅਤੇ ਭੱਈਏ ਵੱਲੋਂ ਲਏ ਪੈਸਿਆਂ ਵਿਚਲੇ ਫਰਕ ਦੀ ਪੁਸ਼ਟੀ ਕਰਵਾਉਣ ਲਈ ਪੁੱਛਿਆ।

"ਛੇ ਸੌ ਇਕਵੰਜਾ ਰੁਪਏ। ਪਹਿਲਾਂ ਨਾਲੋਂ ਘੱਟ ਗਿਆ ਨਾ।" ਮੈਨੇਜਰ ਨੇ ਕਿਹਾ। "ਪਰ ਤੁਹਾਡਾ ਬੰਦਾ ਤਾਂ ਛੇ ਸੌ ਸੱਠ ਰੁਪਏ ਲੈ ਕੇ ਆਇਆ।" ਮੈਂ ਆਪਣੇ ਨਾਲ ਹੋਈ ਮਾਇਕ ਵਧੀਕੀ ਦਾ ਜ਼ਿਕਰ ਕਰਦਿਆਂ ਕਿਹਾ।

"ਫਿਰ ਕੀ ਹੋਇਆ ਉਸ ਨੇ 'ਚਾਹ-ਪਾਣੀ' ਨਹੀਂ ਸੀ ਪੀਣਾ।" ਆਪਣੇ ਭੱਈਏ ਦੀ ਠੱਗੀ ਦਾ ਪੱਖ ਪੂਰਦਿਆਂ ਮੈਨੇਜਰ ਨੇ ਕਿਹਾ।

"ਕੀ ਗੱਲ ਚਾਹ-ਪਾਣੀ ਤੁਸੀਂ ਨਹੀਂ ਪਿਆਉਂਦੇ?" ਮੈਂ ਉਸ ਦੇ ਇਸ ਗ਼ੈਰ ਜ਼ਿੰਮੇਵਾਰਨਾ ਜਵਾਬ 'ਚ ਕਿਹਾ।

"ਕਿੱਥੇ ਜੀ! ਸਗੋਂ ਮੈਂ ਤਾਂ ਆਪ ਇਨ੍ਹਾਂ ਕੋਲੋਂ ਪੀਨਾਂ।" ਮੈਨੇਜਰ ਦੇ ਇਸ ਸਾਫ਼ਗੋਈ ਵਾਲੇ ਬਿਆਨ ਨੂੰ ਮੈਂ ਮਜ਼ਾਕੀਆ ਸਮਝਾਂ ਕਿ 'ਰਲੀਆਂ ਚੁੱਗਣ' ਵਾਲਾ, ਇਸ ਦਾ ਫ਼ੈਸਲਾ ਕਰਨਾ ਮੇਰੇ ਲਈ ਬਹੁਤ ਔਖਾ ਹੋ ਗਿਆ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

## ਲਤੀਫਾ

ਇਕ ਅਮਲੀ ਆਪਣੇ ਯਾਰ ਅਮਲੀਆਂ ਦੀ ਮਹਿਫਿਲ ਵਿਚ ਆਪਣੇ ਪਿੰਡੇ 'ਤੇ ਖਾਜ ਕਰਦਾ ਬੋਲਿਆ, "ਲੋਕੀਂ ਪਤਾ ਨਹੀਂ ਕਿਵੇਂ ਮਹੀਨਾ ਮਹੀਨਾ ਨਹੀਂ ਨਹਾਉਂਦੇ। ਆਪਾਂ ਦੇ ਤਾਂ ਵੀਹਵੇਂ ਦਿਨ ਹੀ ਖਾਜ ਹੋਣ ਲੱਗ ਪੈਂਦੀ ਆ ਬਈ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਸ਼ੇਰੂ



ਚਰਨਜੀਤ ਸਿੰਘ ਸਾਹੀ
ਫੋਨ: 317-430-6545

ਸਵੇਰ ਦਾ ਬੈਕ ਯਾਰਡ 'ਚ ਬੈਠਾ ਬਹਾਦਰ ਸਿੰਘ ਪਿਛਲੇ ਹਫਤੇ ਦੀਆਂ ਅਖਬਾਰਾਂ ਦਾ ਅੱਖਰ ਅੱਖਰ ਪੜ੍ਹ ਬੈਠਾ ਸੀ। ਉਹਨੇ ਐਨਕਾਂ ਲਾਹੀਆਂ, ਅੱਖਾਂ ਮਲੀਆਂ ਤੇ ਲੰਮੀ ਉਬਾਸੀ ਲਈ। ਸਭ ਅਖਬਾਰਾਂ ਦੀ ਤਹਿ ਲਾਈ ਤੇ ਖਿੱਲਰ ਜਾਣ ਦੇ ਡਰੋਂ ਮੇਜ ਉਤੇ ਛੋਟੇ ਪੱਥਰ ਹੇਠਾਂ ਰੱਖ ਦਿੱਤੀਆਂ। ਮੇਜ 'ਤੇ ਟਿਕਾਇਆ ਆਪਣਾ ਸੈਲ ਫੋਨ ਜੇਬ ਵਿਚ ਪਾ ਲਿਆ। ਕੁਰਸੀ 'ਤੇ ਬੈਠੇ ਨੇ ਹੀ ਕੋਲ ਪਈ ਦੂਜੀ ਕੁਰਸੀ ਖਿੱਚ ਉਸ ਉਤੇ ਲੱਤਾਂ ਟਿੱਕਾ ਲਈਆਂ। ਸਿਰ ਹੇਠਾਂ ਦੋਵੇਂ ਬਾਹਾਂ ਰੱਖ ਟੇਡਾ ਹੋ ਆਰਾਮ ਕਰਨ ਦੀ ਮੁਦਰਾ 'ਚ ਪੈ ਗਿਆ। ਅਚਨਚੇਤ ਉਠ ਕੇ, 'ਮਨਾਂ! ਗੁਰਦੁਆਰੇ ਜਾਵਾਂ, ਨਾਲੇ ਪੁੰਨ ਤੇ ਨਾਲੇ ਫਲੀਆਂ। ਉਥੇ ਨਵੀਆਂ ਅਖਬਾਰਾਂ ਆ ਗਈਆਂ ਹੋਣੀਆਂ, ਚੁੱਕ ਲਿਆਉਨਾਂ, ਨਾਲੇ ਮੱਥਾ ਟੇਕ ਆਉਨਾਂ।' ਆਖ ਬਹਾਦਰ ਸਿੰਘ ਨੇ ਕਾਰ ਗੁਰਦੁਆਰੇ ਵਾਲੀ ਸੜਕ 'ਤੇ ਪਾ ਲਈ।

ਗੁਰਦੁਆਰੇ ਮੱਥਾ ਟੇਕਿਆ ਤੇ ਅਖਬਾਰਾਂ ਦਾ ਥੱਬਾ ਚੁੱਕ ਕਾਰ 'ਚ ਆ ਬੈਠਾ। ਇਕ ਦੋ ਅਖਬਾਰਾਂ 'ਤੇ ਪੰਛੀ ਝਾਤ ਮਾਰ ਸੋਚਣ ਲੱਗਾ, "ਲੰਗਰ ਛਕ ਲੈਨਾਂ" ਦੂਜੇ ਹੀ ਪਲ ਸੋਚ ਬਦਲੀ, "ਨਹੀਂ, ਨਹੀਂ! ਘਰ-ਬਾਹਰ ਵੀ ਤਾਂ ਗੁਰੂ ਦਾ ਦਿੱਤਾ ਈ ਖਾਨੇਂ ਆਂ, ਕਿਉਂ ਨਾ ਅੱਜ ਡਿਨਰ ਬਾਹਰ ਰੈਸਟੋਰੈਂਟ 'ਤੇ ਕੀਤਾ ਜਾਵੇ।"

ਅੱਜ ਸਵੇਰੇ ਹੀ ਉਹਦੇ ਨੂੰਹ-ਪੁੱਤਰ ਬੱਚਿਆਂ ਨੂੰ ਲੈ ਕੇ ਕੁਝ ਦਿਨਾਂ ਲਈ ਛੁੱਟੀਆਂ ਮਾਣਨ ਬਾਹਰ ਗਏ ਸਨ। ਪਤਨੀ ਦੂਜੇ ਪੁੱਤਰ ਦੇ ਸੱਦੇ 'ਤੇ ਦੂਰ ਵਾਲੀ ਸਟੇਟ ਵਿਚ ਕੱਲ ਸ਼ਾਮੀ ਹੀ ਤਾਂ ਜਹਾਜ਼ੇ ਚੜ੍ਹ ਕੇ ਗਈ ਸੀ। ਵੈਸੇ ਦੋਵੇਂ ਪਤੀ-ਪਤਨੀ ਗੱਡੀ ਦੇ ਪੰਜਵੇਂ ਟਾਇਰ ਵਾਂਗ, ਜਿਹੜੇ ਬੱਚੇ ਨੂੰ ਲੋੜ ਹੁੰਦੀ, ਉਥੇ ਹੀ ਫਿੱਟ ਹੋ ਜਾਂਦੇ। ਉਸ ਦੇ ਮਨ ਵਿਚ ਆਇਆ, ਬੱਚਿਆਂ ਨਾਲ ਤਾਂ ਬਾਹਰ ਖਾਣ ਨੂੰ ਮੂੰਹ ਮਾਰਦੇ ਰਹਿੰਦੇ ਆਂ, ਕਿਉਂ ਨਾ ਅੱਜ ਇਕੱਲੇ ਇਕ ਦਿਨ ਦਾ ਬਾਦਸ਼ਾਹ ਬਣੀਏ, ਕਿਸੇ ਚੰਗੇ ਰੈਸਟੋਰੈਂਟ 'ਚ ਡਿਨਰ ਕਰਕੇ? ਉਹਨੇ ਕਾਰ ਸ਼ਹਿਰ ਵੱਲ ਤੋਰ ਲਈ। ਸ਼ਹਿਰ 'ਚ ਘੁੰਮ ਕੇ ਉਹਨੇ ਆਪਣੀ ਕਾਰ ਇਟਾਲੀਅਨ-ਮੈਕਸੀਕਨ-ਅਮਰੀਕਨ ਰੈਸਟੋਰੈਂਟਾਂ ਦੇ ਅੱਗੋਂ ਹੌਲੀ ਕਰ ਲੰਘਾਈ ਪਰ ਬਰੇਕ ਲਾਉਣ ਨੂੰ ਕਿਤੇ ਵੀ ਚਿੱਤ ਨਾ ਕੀਤਾ।

ਪੁੱਤਰਾਂ ਦਾ ਕਾਰੋਬਾਰ ਚੰਗਾ ਹੋਣ ਕਰਕੇ ਪੈਸਿਆਂ ਦੀ ਕੋਈ ਤੰਗੀ ਨਹੀਂ ਸੀ। ਉਹ ਹਮੇਸ਼ਾ ਕਹਿੰਦੇ, ਡੈਡੀ ਜੇਬ 'ਚ ਕੈਸ਼ ਜਰੂਰ ਰੱਖਿਆ ਕਰੋ, ਕਿਤੇ ਲੋੜ ਪੈ ਜਾਂਦੀ ਏ; ਤੇ ਉਹ ਰੱਖਦਾ ਵੀ ਸੀ। ਦੋਹਾਂ ਪੁੱਤਰਾਂ ਨੇ ਪਿਉ ਦੇ ਵਾਲਟ ਵਿਚ ਕਰੈਡਿਟ ਕਾਰਡ ਵੀ ਪਾਏ ਹੋਏ ਸਨ। ਪਰ ਅੱਜ ਪਰਿਵਾਰ ਬਿਨਾ ਉਹਦੀ 'ਕੱਲੇ ਦੀ ਵੱਢੀ ਰੂਹ ਨਾ ਕੀਤੀ ਬਾਹਰ ਖਾਣ ਨੂੰ। ਫਿਰ ਉਹਨੂੰ ਯਾਦ ਆਇਆ, "ਲੈ ਮਿੱਤਰਾ, ਘਰ ਤਾਂ ਸਭ ਕੁਝ ਬਣਿਆ-ਵੈਜ ਵੀ ਤੇ ਨਾਨ ਵੈਜ ਵੀ। ਨੂੰਹ ਕਿੰਨੇ ਪਿਆਰ ਨਾਲ ਬਣਾ ਕੇ ਗਈ ਸੀ, ਨਾਲੇ ਕਹਿ ਗਈ ਸੀ, ਡੈਡੀ ਐਨੇ ਦਿਨਾਂ 'ਚ ਨਹੀਂ ਮੁੱਕਣਾ ਤੁਹਾਡੇ ਕੋਲੋਂ। ਬੱਸ ਗਰਮ ਈ ਤਾਂ ਕਰਨਾ! ਨਾਲੇ ਰੈਸਟੋਰੈਂਟਾਂ ਵਾਲੇ ਬੈਹਾ ਤਰਬੈਹਾ ਪਰੋਸੀ ਜਾਂਦੇ ਨੇ।" ਇਨ੍ਹਾਂ ਸੋਚਾਂ ਵਿਚ ਹੀ ਬਹਾਦਰ ਸਿੰਘ ਨੇ ਕਾਰ ਆਪਣੇ ਘਰ ਦੇ ਗੇਟ ਅੱਗੇ ਲਿਆ ਖੜ੍ਹੀ ਕੀਤੀ।

ਹਨੇਰਾ ਕਾਫੀ ਪਸਰ ਚੁਕਾ ਸੀ। ਥੋੜੀ ਧੁੰਦ ਪੈਣ ਨਾਲ ਗਲੀ ਦੇ ਦੋਵੇਂ ਪਾਸੇ ਘਰਾਂ ਦੇ ਗੇਟਾਂ 'ਤੇ ਲੱਗੀਆਂ ਲਾਈਟਾਂ ਦੀ ਰੋਸ਼ਨੀ ਵੀ ਮੱਧਮ ਹੋ ਗਈ ਸੀ। ਉਹਨੇ ਕਾਰ ਵਿਚ ਬੈਠਿਆਂ ਹੀ ਸੜਕ ਤੋਂ ਰੀਮੋਟ ਨਾਲ ਮਹੱਲ ਵਰਗੇ ਆਪਣੇ ਘਰ ਦਾ ਗੇਟ ਖੋਲ੍ਹਿਆ ਤੇ ਕਾਰ ਡਰਾਈਵੇ 'ਚ ਲਿਆ ਖੜਾਈ। ਚਾਰੇ ਪਾਸੇ ਚੁੱਪ ਛਾਈ ਹੋਈ ਸੀ ਜਿਸ ਨੂੰ ਬੈਕ ਯਾਰਡ 'ਚੋਂ ਕੁੱਤੇ ਨੇ ਭੌਂਕ ਕੇ ਭੰਗ ਕੀਤਾ ਤੇ ਫੇਰ ਬੜੀ ਦੇਰ ਖੱਬੇ ਸੱਜੇ ਭੱਜ ਕੇ ਭੌਂਕਦਾ ਰਿਹਾ। ਇਸ ਇਲਾਕੇ ਵਿਚ ਸਾਰੇ ਹੀ ਘਰ ਏਕੜ ਜਾਂ ਇਸ ਤੋਂ ਵੀ ਵੱਡੇ ਸਨ।

ਉਹਨੇ ਕਾਰ ਵਿਚੋਂ ਹੀ ਰੀਮੋਟ ਨਾਲ ਗਰਾਜ ਖੋਲ੍ਹਿਆ। ਫੁਰਤੀ ਨਾਲ ਕਾਰ 'ਚੋਂ ਬਾਹਰ ਆ ਕੇ, ਗਰਾਜ 'ਚ ਦਾਖਲ ਹੋ ਗਰਾਜ ਬੰਦ ਕਰ ਲਿਆ। ਏਧਰ ਉਧਰ ਵੇਖਿਆ, ਖੂੰਜੇ 'ਚ ਪਿਆ ਬੇਸ ਬਾਲ ਖੇਡਣ ਵਾਲਾ ਬੈਟ ਉਹਦੀ ਨਜ਼ਰੇ ਪਿਆ ਜੋ ਉਸ ਨੇ ਚੁੱਕ ਲਿਆ। ਘਰ ਦਾ ਲਾਕ ਖੋਲ੍ਹ ਕੇ ਅੰਦਰ ਦਾਖਲ ਹੋਇਆ ਤੇ ਸਿਕਿਉਰਿਟੀ ਅਲਾਰਮ ਬੰਦ ਕੀਤਾ। ਐਡਾ ਵੱਡਾ ਘਰ ਅੱਜ ਜੀਆਂ ਬਿਨਾ ਭਾਂ ਭਾਂ ਕਰਦਾ ਤੇ ਵੱਢਣ ਨੂੰ ਆਉਂਦਾ ਸੀ। ਥੋੜਾ ਭੈਅਭੀਤ ਹੁੰਦਿਆਂ ਅੰਦਰ ਬਾਹਰ ਦੀਆਂ ਲਾਈਟਾਂ ਜਗਾ ਦਿੱਤੀਆਂ।



ਅੱਜ ਪਹਿਲੀ ਵਾਰ ਬਹਾਦਰ ਸਿੰਘ ਤੇ ਉਨ੍ਹਾਂ ਦਾ ਜਰਮਨ ਸ਼ੈਫਰਡ ਕੁੱਤਾ ਸ਼ੇਰੂ ਹੀ ਘਰ ਸਨ। ਸ਼ੇਰੂ ਘਰ ਦੇ ਯਾਰਡ ਵਿਚ ਚਿੜੀ ਵੀ ਨਾ ਫੜਕਣ ਦਿੰਦਾ, ਪਰ ਬਹਾਦਰ ਸਿੰਘ ਦਾ ਕੁੱਤੇ ਨਾਲ ਇੰਡੀਆ ਵਾਂਗ ਇਥੇ ਵੀ ਘੱਟ ਹੀ ਮੋਹ ਸੀ। ਸ਼ੇਰੂ ਬਥੇਰਾ ਉਹਦੇ ਪੈਰ ਚੁੰਮਦਾ ਤੇ ਪੂਛ ਹਿਲਾਉਂਦਾ ਪਰ ਉਹ ਸ਼ੇਰੂ ਨੂੰ ਘਰ ਅੰਦਰ ਤਾਂ ਦੂਰ ਦੀ ਗੱਲ, ਗਰਾਜ ਵਿਚ ਵੀ ਨਾ ਵੜਨ ਦਿੰਦਾ। ਵਿਹਲੇ ਵੇਲੇ ਘਰ ਦੇ ਬਾਕੀ ਜੀਅ ਸ਼ੇਰੂ ਨਾਲ ਖੇਡਦੇ ਪਰ ਬਹਾਦਰ ਸਿੰਘ ਉਹਨੂੰ ਦੂਰ ਦੂਰ ਹੀ ਕਰਦਾ। ਜੇ ਕਿਤੇ ਸ਼ੇਰੂ ਨੇੜੇ ਆਉਂਦਾ ਤਾਂ ਹੱਥ ਦੇ ਇਸ਼ਾਰੇ ਨਾਲ ਦਬਕਾ ਮਾਰ, 'ਹਤ! ਤੇਰੀ ਕਤੀੜ ਦੀ...।' ਕਹਿ ਕੇ ਭੱਜਾ ਦਿੰਦਾ।

ਪਰ ਅੱਜ ਬਹਾਦਰ ਸਿੰਘ ਥੋੜਾ ਸਹਿਮਿਆ ਤੇ ਉਖੜਿਆ ਲੱਗਦਾ ਸੀ। ਕੁਝ ਦਿਨ ਪਹਿਲਾਂ ਹੀ ਉਹਦੇ ਗਵਾਂਢ ਵਾਲੇ ਘਰ ਲੁਟੇਰੇ ਚਾਕੂ-ਗੰਨਾਂ ਨਾਲ ਲੈਸ ਹੋ ਕੇ ਆ ਵੜੇ ਸਨ। ਜਾਨੀ ਨੁਕਸਾਨ ਤਾਂ ਨਹੀਂ ਸੀ ਹੋਇਆ ਪਰ ਮਾਲੀ ਨੁਕਸਾਨ ਤੇ ਘਰ ਦੇ ਮੈਂਬਰਾਂ ਦੀ ਮਾਰਕੁੱਟ ਕਰ ਗਏ ਸਨ। ਬਹਾਦਰ ਸਿੰਘ ਨੂੰ ਡਰ ਨਾਲ ਐਂ ਲੱਗ ਰਿਹਾ ਸੀ, "ਲੈ ਬਈ ਮਿੱਤਰਾ, ਅੱਜ ਆ ਗਏ ਗਿੱਦੜਾਂ ਦੇ ਭੱਤੇ। ਨਾ ਜਾਣੀਏ ਜੇ ਕੋਈ ਰਾਤੀਂ ਆ ਪਵੇ ਭਾਵੇਂ 'ਸਕੂਰਟੀ ਅਲਾਰਮ' ਲਾ ਹੀ ਲੈਣਾ ਏ, ਪਰ ਪੁਲਿਸ ਨੇ ਤਾਂ ਬਾਅਦ 'ਚ ਈ ਆਉਣਾ, ਚੋਰਾਂ ਨੇ ਤਾਂ ਆਪਣਾ ਕੰਮ ਕਰ ਜਾਣਾ, ਨਾਲੇ ਗਵਾਂਢੀਆਂ ਵੀ ਤਾਂ ਅਲਾਰਮ ਲਾਇਆ ਸੀ।"

ਉਹਨੂੰ ਮਨ ਦਾ ਵਹਿਮ ਹੀ ਬੇਚੈਨ ਕਰ ਰਿਹਾ ਸੀ। ਕਦੀ ਦਿਲ 'ਚ ਆਉਂਦਾ, ਯਾਰ ਤੂੰ ਬੰਦਾ ਏਂ, ਡਰ ਕਾਹਦਾ, ਵੇਖੀ ਜਾਊ। ਵੈਸੇ ਮੁੰਡੇ ਨੇ ਸਿਟੀ ਸ਼ੈਰਿਫ ਦਾ ਵੀ ਫੋਨ ਨੰਬਰ ਲਿਖਾਇਆ ਸੀ ਤੇ ਕਿਹਾ ਸੀ, "ਡੈਡੀ ਆਪਾਂ ਅਮਰਜੈਂਸੀ 'ਚ ਕਦੀ ਵੀ ਸ਼ੈਰਿਫ ਨੂੰ ਫੋਨ ਕਰ ਸਕਦੇ ਆਂ।" ਪਰ ਅੱਜ ਇਹ ਸਾਰੇ ਨੰਬਰ ਬੇਕਾਰ ਲੱਗਦੇ ਸਨ। ਇਨ੍ਹਾਂ ਸੋਚਾਂ 'ਚ ਹੀ ਕਦੇ ਐਸ ਕਮਰੇ ਦੇ ਪਰਦੇ, ਕਦੀ ਦੂਜੇ ਦੇ ਹੇਠਾਂ-ਉਪਰ ਕੀਤੇ। ਹੱਥ 'ਚ ਫੜਿਆ ਬੈਟ ਆਪਣੇ ਬੈਡ ਰੂਮ 'ਚ ਜਾ ਕੇ ਬੈਡ ਦੇ ਸਿਰਹਾਣੇ ਇਕ ਪਾਸੇ ਖੜਾ ਕਰ ਦਿੱਤਾ ਅਤੇ ਬੈਡ ਦੀ ਦੂਜੀ ਸਾਈਡ 'ਤੇ ਬੈਡ ਦੇ ਹੇਠ ਪਈ ਕਿਰਪਾਨ ਕੱਢ ਟਿੱਕਾ ਦਿੱਤੀ। ਫੇਰ ਕਾਹਲੀ ਨਾਲ ਹੇਠਾਂ ਰਸੋਈ ਵਿਚ ਆ ਕੇ ਅੱਧਾ ਗਲਾਸ ਵਿਸਕੀ ਦਾ ਭਰ ਲਿਆ, ਫਟਾਫਟ ਸੋਡਾ ਪਾ ਇਕੋ ਸਾਹੇ ਹਲਕ ਤੋਂ ਹੇਠਾਂ ਕੀਤਾ। ਮਾਈਕਰੋਵੇਵ 'ਚ ਗਰਮ ਰੱਖਿਆ ਫੂਡ ਕੱਢ ਅਜੇ ਦੋ ਚਮਚੇ ਹੀ ਖਾਧੇ ਸਨ, ਉਹਨੂੰ ਯਾਦ ਆਇਆ ਕਿ ਸ਼ੇਰੂ ਨੂੰ ਤਾਂ ਕੁਝ ਖਾਣ ਨੂੰ ਪਾਇਆ ਈ ਨਹੀਂ। ਬੱਚੇ ਸਪੈਸ਼ਲ ਤਾਕੀਦ ਕਰਕੇ ਗਏ ਸਨ, "ਡੈਡੀ! ਸ਼ੇਰੂ ਨੂੰ ਪਾਣੀ ਤੇ ਫੂਡ ਯਾਦ ਨਾਲ ਪਾ ਦਿਉ।"

ਹੁਣ ਤੱਕ ਉਹ ਥੋੜਾ ਸਰੂਰ ਵਿਚ ਹੋ ਗਿਆ ਸੀ, ਸ਼ਾਇਦ ਇਸੇ ਕਰਕੇ ਦਿਲ ਵੀ ਥੋੜਾ ਦਲੇਰ ਹੋ ਗਿਆ ਸੀ। ਉਹ ਗੁਣਗੁਣਾਉਂਦਾ ਬਾਹਰ ਬੈਕ ਯਾਰਡ 'ਚ ਆਇਆ, ਸ਼ੇਰੂ ਡਰਦਾ ਡਰਦਾ ਉਹਦੇ ਪੈਰਾਂ ਨੂੰ ਸੁੰਘਣ ਲੱਗਾ। ਬਹਾਦਰ ਸਿੰਘ ਨੇ ਪਹਿਲਾਂ ਕਦੀ ਵੀ ਸ਼ੇਰੂ ਨੂੰ ਫੂਡ ਜਾਂ ਹੋਰ ਕੁਝ ਖਾਣ ਲਈ ਨਹੀਂ ਸੀ ਪਾਇਆ ਪਰ ਅੱਜ ਉਹਨੇ ਸ਼ੇਰੂ ਦਾ ਫੂਡ ਵਾਲਾ ਕੌਲਾ ਨੱਕੋ ਨੱਕ ਭਰ ਉਹਦੇ ਅੱਗੇ ਰੱਖਿਆ ਤੇ ਦੂਜੇ ਹੱਥ 'ਚ ਫੜੀਆਂ ਦੋ ਸੁੱਕੇ ਮੀਟ ਦੀਆਂ ਨਿੱਕੀਆਂ ਨਿੱਕੀਆਂ ਛੜਾਂ ਫੂਡ ਉਤੇ ਟਿਕਾ ਦਿਤੀਆਂ। ਸ਼ੇਰੂ ਨੇ ਫੂਡ ਸੁੰਘ ਕੇ ਪੂਛ ਹਿਲਾਉਣੀ ਸ਼ੁਰੂ ਕਰ ਦਿੱਤੀ ਤੇ ਬਹਾਦਰ ਸਿੰਘ ਵੱਲ ਟਿੱਕਟਿਕੀ ਲਾ ਵੇਖਣ ਲੱਗਾ। ਬਹਾਦਰ ਸਿੰਘ ਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ ਸ਼ੇਰੂ ਆਖ ਰਿਹਾ ਹੋਵੇ, "ਫਿਕਰ ਨਾ ਕਰ! ਮੈਂ ਹੈਗਾਂ ਤੇਰੇ ਨਾਲ ਸਰਦਾਰਾ। ਤੂੰ ਨਿਸ਼ਚਿੰਤ ਹੋ ਕੇ ਸੌਂ ਜਾ।"

ਬਹਾਦਰ ਸਿੰਘ ਝੁਕ ਕੇ ਕਿੰਨਾ ਚਿਰ ਸ਼ੇਰੂ ਦਾ ਸਿਰ ਤੇ ਕੰਡ ਪਲੋਸਦਾ ਰਿਹਾ ਅਤੇ ਉਹਦੇ ਦਿਲ 'ਚ ਸ਼ੇਰੂ ਲਈ ਐਨਾ ਪਿਆਰ ਆ ਰਿਹਾ ਸੀ ਕਿ ਉਹਦਾ ਜੀ ਕਰਦਾ ਗਰਾਜ ਤਾਂ ਕੀ, ਅੱਜ ਇਹਦਾ ਫੂਡ ਵਾਲਾ ਕੌਲਾ ਰਸੋਈ 'ਚ ਲੈ ਜਾਵਾਂ। ਸ਼ੇਰੂ ਪਚਾਕੇ ਮਾਰ ਮਾਰ ਖਾਣ ਲੱਗ ਪਿਆ ਤੇ ਬਹਾਦਰ ਸਿੰਘ ਅੰਦਰ ਆ ਕੇ ਆਪਣੇ ਬੈਡ ਤੇ ਬੇਫਿਕਰ ਹੋ ਆਣ ਡਿੱਗਾ ਤੇ ਛੇਤੀ ਹੀ ਉਹਦੇ ਘੁਰਾੜੇ ਵੱਜਣ ਲੱਗੇ।

## ਸ਼ਾਇਰੀ

### ਜੀਵਨ ਇਕ ਵੰਗਾਰ

ਜੀਵਨ ਰੂਪੀ ਘੋਲ ਨੂੰ,
ਇੱਕ ਵੰਗਾਰ ਸਮਝਣਾ ਚਾਹੀਦੈ।
ਮਿਹਨਤ, ਮੁਸ਼ੱਕਤ ਸੰਗ ਇਹ,
ਘੋਲ ਲੜਨਾ ਚਾਹੀਦੈ।
ਵਕਤ ਦੇ ਨਾਲ ਨਾਲ
ਸਭ ਮਸਲੇ ਹੱਲ ਹੋ ਜਾਣਗੇ,
ਫਿਕਰਾਂ ਸੰਗ ਕਦੇ ਵਕਤ
ਨਹੀਂ ਬਰਬਾਦ ਕਰਨਾ ਚਾਹੀਦੈ।

ਜੀਵਨ ਵਿਚ ਵੰਗਾਰਾਂ ਨੂੰ
ਸਮਝੋ ਤੇ ਪਰਖ ਕਰ ਲਵੋ।
ਵੰਗਾਰ ਨੂੰ ਮੌਕਾ ਬਣਾ,
ਤਿਆਰ ਸਭ ਕੁਝ ਕਰ ਲਵੋ।
ਸਾਥੀਆਂ ਦੀ ਰਮਜ਼ ਜਾਣ,
ਜ਼ਿੰਦਗੀ ਨੂੰ ਢਾਲ ਲਓ,
ਬੇ-ਫਿਕਰ ਫਿਰ ਹੋ ਕੇ ਯਾਰੋ,
ਉਲਝਣਾਂ ਹੱਲ ਕਰ ਲਓ।

ਵਕਤ ਦੀ ਪੁਕਾਰ ਪਰਖੋ,
ਹਰ ਪਲ ਰਹੋ ਸਦਾ ਸਾਵਧਾਨ!
ਹੱਲ ਲੱਭਣੇ ਪੈਣੇ ਨੇ,
ਹੈ ਜ਼ਿੰਦਗੀ ਇਕ ਇਮਤਿਹਾਨ।
ਰੱਖੋ ਭਰੋਸਾ ਰੱਬ 'ਤੇ,
ਅਤੇ ਸੱਚ 'ਤੇ ਪਹਿਰਾ ਦਿਓ,
ਕਾਮਯਾਬੀ ਕਦਮ ਚੁੰਮੂ,
ਝੁਲਣਗੇ ਫਿਰ ਸਦਾ ਨਿਸ਼ਾਨ।

ਦੁਨੀਆਂ 'ਚ ਯਾਰੋ ਵਿਚਰਨਾ,
ਧੁੱਪ ਛਾਂ ਦਾ ਹੀ ਸੁਮੇਲ ਹੈ।
ਵੰਗਾਰਾਂ ਥੀਂ ਜੋ ਝੱਲ ਗਏ,
ਉਨ੍ਹਾਂ ਲਈ ਇਕ ਖੇਲ ਹੈ।
ਖੁਸ਼ੀ ਹੁੰਦੀ ਪਲ ਦੋ ਪਲ,
ਹੈ ਗਮ ਭਰਪੂਰ ਜ਼ਿੰਦਗੀ,
ਜੀਵਨ ਯਾਰੋ ਇਕ ਦੀਵਾ,
ਵਿਚ ਸਿਰੜ, ਸਿਦਕ ਤੇਲ ਹੈ।

ਜੀਵਨ ਇਕ ਦਰਿਆ ਦੇ ਵਾਂਗੂੰ,
ਸਦਾ ਨਿਰੰਤਰ ਵਗਦੇ ਰਹਿਣਾ।
ਭੱਜ ਭੱਜ ਕੇ ਜੋ ਮੂਲ ਨ ਥੱਕਦੇ,
ਔਖੇ ਪੈਂਡੀਂ ਭੱਜਦੇ ਰਹਿਣਾ।
ਲੱਖ ਔਕੜਾਂ ਆਵਣ ਭਾਵੇਂ,
ਫਿਰ ਵੀ ਯਾਰੋ ਸੀ ਨਾ ਕਹਿਣਾ,
ਜੀਵਨ ਤੱਤ ਨਿਚੋੜ ਹੈ ਇਹੀਓ,
ਹੱਸਦੇ ਹੱਸਦੇ ਦੁਖੜੇ ਸਹਿਣਾ।

ਜੀਵਨ ਇਕ ਅਮੁੱਕ ਹੈ ਗਾਥਾ,
ਇਸ ਦਾ ਸਾਰ ਹੈ ਪਾਉਣਾ ਔਖਾ।
ਅਗੰਮ, ਅਦੁੱਤੀ, ਅਜਬ, ਨਿਰਾਲਾ,
ਇਸ ਦਾ ਭੇਦ ਨ ਪਾਉਣਾ ਸੌਖਾ।
ਹਰ ਪ੍ਰਾਣੀ ਦਾ ਕਿੱਸਾ ਇਹੀਓ,
ਵੰਗਾਰਾਂ ਥੀਂ ਕਿਵੇਂ ਸੁਲਝਾਵੇ,
ਦਰ ਮੌਕੇ ਦੇ ਸਿਜਦੇ ਕਰਦਾ,
ਲੱਭਦਾ ਫਿਰਦਾ ਚੰਗਾ ਪਾਉਖਾ।

ਜੋਗੀ, ਤਪੀ, ਤਪੀਸਵਰ ਲਦ ਗਏ,
ਵੰਗਾਰਾਂ ਦਾ ਹੱਲ ਸਮਝਾਂਦੇ।
ਚੇਲਿਆਂ ਤੇ ਮੁਰੀਦਾਂ ਤਾਈਂ,
ਜੀਵਨ ਦੀ ਘੁੰਡੀ ਦਰਸਾਉਂਦੇ।

ਤੱਤ ਸਾਰ ਸਭ ਇਹੀਓ ਹੱਸਣ,
ਹੌਸਲੇ ਦਾ ਸਦਾ ਪੱਲਾ ਫੜਨਾ,
ਹਰ ਵੰਗਾਰ ਨੂੰ ਮੌਕਾ ਸਮਝੋ,
ਜੀਵਨ ਤੋਂ ਕਾਹਤੋਂ ਘਬਰਾਂਦੇ।

*-ਮਨਜੀਤ ਸਿੰਘ ਗਿੱਲ*
*ਡਿਟਰਾਇਟ, ਮਿਸ਼ੀਗਨ।*
*ਫੋਨ: 248-885-6680*

---

### ਤੇਰੀ ਬੇ-ਪਰਵਾਹੀ

ਕਿੰਜ ਦੀ ਤੇਰੀ ਬੇ-ਪਰਵਾਹੀ
ਰਾਹ ਨਾ ਦੱਸੀ ਸਿੱਧੀ।
ਕੱਪੜ-ਤਨ ਦੋਵੇਂ ਮਿੱਟੀਓ ਮਿੱਟੀ
ਕੱਚੇ ਰਾਹੀਂ ਡਿੱਗੀ।
ਦੇਖ ਕੇ ਮੇਰੀ ਬੇ-ਬਸੀ ਨੂੰ
ਕਈ ਪੈਰਾਂ ਨੇ ਮਿੱਧੀ।
ਝਾੜ ਕੇ ਕੱਪੜੇ ਫਿਰ ਮੈਂ ਤੁਰ ਪਈ
ਮੈਂ ਵੀ ਡਾਢੀ ਜਿੱਦੀ।

ਸਿਖਰ ਦੁਪਹਿਰ ਦਾ ਵੇਲਾ ਹੋਇਆ
ਸੂਰਜ ਦੇ ਵੱਲ ਤੱਕਿਆ।
ਤਨ ਮਨ ਅੱਗੋ ਅੱਗੀ ਹੋਇਆ
ਤੇਰਾ ਭਰੋਸਾ ਰੱਖਿਆ।
ਬੂਹਾ ਘਰ ਦਾ ਢੋ ਕੇ ਬੈਠੀ
ਲਾਜ ਸ਼ਰਮ ਨੂੰ ਢੱਕਿਆ।
ਤੂੰ ਖੜਕਾਵੇਂ ਤਾਂ ਖੋਲ੍ਹਾਂਗੀ
ਚਾਹੇ ਲਖ ਲੋਕਾਂ ਨੇ ਧੱਕਿਆ।

ਉਮਰ ਤੋਂ ਲੰਮੀ ਮੇਰੀ ਆਸ਼ਾ
ਹਾਰ ਕੇ ਕਿੰਜ ਮੈਂ ਜਾਵਾਂ।
ਪੂਰੇ ਸਾਹ ਖਰਚ ਨਹੀਂ ਕਰਨੇ
ਪਹਿਲੇ ਤੈਨੂੰ ਪਾਵਾਂ।
ਬਿਨ ਹੱਦਾਂ ਦੇ ਰਿਸ਼ਤਾ ਜੀਵਾਂ
ਕਈ ਕਈ ਜਨਮ ਹੰਢਾਵਾਂ।
ਇੱਕ ਇੱਕ ਦਿਨ ਦੀ ਗੰਢ ਮੈਂ ਬੰਨੀ
ਤੂੰ ਆਵੇਂ ਖੋਲ੍ਹ ਦਿਖਾਵਾਂ।

ਬਾਬੁਲ ਤੇਰਾ ਲੜ ਫੜਾਇਆ
ਹੁਣ ਨਾ ਛੱਡਿਆ ਜਾਵੇ।
ਰੁੱਤ ਜੋਬਨ ਦੀ, ਰੁਸ ਰੁਸ ਬੈਠੇ
ਜਿੰਦੜੀ ਅੱਗ ਹੰਢਾਵੇ।
ਸੁਣ ਮੇਰੇ ਮਿੱਟੀ ਦੇ ਬਾਵੇ
ਬਿਰਹਨ ਕੁਝ ਸਮਝਾਵੇ।
ਢਲਦੀ ਜ਼ਿੰਦਗੀ ਧੁੱਪਾਂ ਵਰਗੀ
ਢਲ ਕੇ ਸ਼ਾਮ ਲਿਆਵੇ।

*-ਦਿਲਜੋਧ ਸਿੰਘ, ਵਿਸਕਾਨਸਿਨ*
*diljodh@yahoo.com*

---

### ਪਰਿੰਦੇ

ਸਿੱਖ ਉਡਣਾਂ ਤੂੰ ਵਾਂਗ ਪਰਿੰਦਿਆਂ ਦੇ,
ਸਰਹੱਦਾਂ ਤੇਰੀਆਂ ਨੂੰ ਟਿੱਚ ਜੋ ਜਾਣਦੇ ਨੇ।
ਕਿਹੜੀ ਜਾਤ ਮੰਨਾਂ ਇਨ੍ਹਾਂ ਪਰਿੰਦਿਆਂ ਦੀ,
ਇਹ ਮੰਦਿਰ ਮਸੀਤ ਹਰ ਦਰ ਜਾਂਵਦੇ ਨੇ।

ਅਮੀਰੀ ਤੇ ਗਰੀਬੀ-ਦੋਵੇਂ ਰੰਗ ਸਮਿਆਂ ਦੇ,
ਦੋਹਾਂ ਦੇ ਬਨੇਰਿਆਂ ਨੂੰ ਇਕੋ ਜਿਹਾ ਸਿਆਣਦੇ ਨੇ।
ਜਾਤਾਂ-ਪਾਤਾਂ ਦੀਆਂ ਤੁਸੀਂ ਵੰਡੀਆਂ ਜਮਾਤਾਂ ਜੋ,
ਚੋਗਾ ਪਾਉਂਦੇ ਇਨ੍ਹਾਂ ਤਾਂਈਂ ਸਭੇ ਇਕੋ ਹਾਣ ਦੇ ਨੇ।
ਭੇਦ-ਭਾਵ ਤੋਂ ਉਪਰ ਉਠ ਉਚੀ ਮਾਰ ਉਡਾਰੀ,
ਲੈਣਾ ਅਨੰਦ ਜੇ ਉਹੀ ਜੋ ਪਰਿੰਦੇ ਮੁੱਢੋਂ ਮਾਣਦੇ ਨੇ।

*-ਜਤਿੰਦਰ ਸ਼ਰਮਾ*
*ਫੋਨ: 91-95014-75400*

### ਆਪਾਂ ਕੀ ਲੈਣਾ

ਬਚਦਾ ਕੱਖ ਨਾ ਜੱਟਾ ਹੁਣ ਤਾਂ ਹਾੜੀ ਸਾਉਣੀ
ਘਟੀ ਆਮਦਨ ਖਰਚੇ ਦੀ ਵਹੀ ਹੋ ਗਈ ਦੂਣੀ।
ਉਂਜ ਤਾਂ ਵਿਚ ਗੀਤਾਂ ਦੇ ਭਾਵੇਂ ਸਰਦਾ ਵਰਦਾ
ਭਰ ਦੁਨੀਆਂ ਦਾ ਢਿੱਡ, ਆਪ ਖੁਦਕੁਸ਼ੀਆਂ ਕਰਦਾ।
ਕੌਣ ਵੜ ਅੰਦਰ ਦੇਖੂ, ਕੀਹਨੇ ਦੁੱਖ ਉਹਦਾ ਸਹਿਣਾ।
ਓ ਚੱਲ ਆਪਾਂ ਕੀ ਲੈਣਾ, ਆਪਾਂ ਦੱਸ ਕੀ ਲੈਣਾ!

ਵਧ ਗਏ ਬਾਬੇ ਲਾਇਸੰਸੀ ਹਥਿਆਰਾਂ ਦੇ ਵਾਂਗੂੰ
ਧਰਮ ਵੀ ਬਣਦਾ ਜਾਂਦਾ ਹੁਣ ਤਾਂ ਵਪਾਰਾਂ ਵਾਗੂੰ।
ਉਂਜ ਤਾਂ ਕਹਾਉਣ ਨੂੰ ਪੰਥ ਦੇ ਰਖਵਾਲੇ ਬਾਹਲੇ
ਫਿਰ ਵੀ ਅੰਗ ਗੁਰੂ ਦੇ ਗਲੀਆਂ ਵਿਚ ਮਿਲਦੇ ਭਾਲੇ।
ਵਧ ਗਿਆ ਚੜ੍ਹਾਵਾ ਤੇ ਸ਼ਰਧਾ ਘਟਦੀ ਜਾਂਦੀ ਐ
ਲਾ ਦਿੱਤੀ ਲੇਖੇ ਜੋ ਹੱਕ ਦੀ ਕਮਾਈ ਸਾਂਭੀ ਐ।
ਓਹੀ ਭੋਗੂ ਸੁੱਖ ਜਿਹਨੇ ਬਾਬੇ ਦੇ ਚਰਨੀਂ ਪੈਣਾ।
ਓ ਚੱਲ ਆਪਾਂ ਕੀ ਲੈਣਾ, ਆਪਾਂ ਦੱਸ ਕੀ ਲੈਣਾ!

ਜੜ੍ਹਾਂ 'ਚ ਬੈਠ ਗਈ ਸਾਡੇ ਤਾਂ ਇਹ ਬੇਰੁਜ਼ਗਾਰੀ
ਹਰ ਕੋਈ ਫੜਨਾ ਚਾਹਵੇ ਹੁਣ ਜਹਾਜ਼ ਦੀ ਬਾਰੀ।
ਪੜ੍ਹੇ-ਲਿਖੇ ਵੀ ਫਿਰਦੇ ਨੇ ਵਾਂਝੇ ਰੁਜ਼ਗਾਰਾਂ ਤੋਂ
ਕੌਣ ਬਚਾਊ ਗਲਤ ਨੀਤੀਆਂ ਦੀਆਂ ਮਾਰਾਂ ਤੋਂ।
ਕੁਚੱਜੇ ਸਿਸਟਮ ਵਿਚ ਨੇ ਬੜੀਆਂ ਹੀ ਖੋਟਾਂ ਜੀ
ਇਕ ਰਿਸ਼ਵਤਖੋਰੀ ਤੇ ਦੂਜਾ ਰਾਖਵਾਂ ਕੋਟਾ ਜੀ।
ਜਿਹਦੀ ਬੋਲੇ ਤੂਤੀ ਉਸ ਕਿਉਂ ਪੁੱਠੇ ਵਹਿਣੀ ਵਹਿਣਾ।
ਓ ਚੱਲ ਆਪਾਂ ਕੀ ਲੈਣਾ, ਆਪਾਂ ਦੱਸ ਕੀ ਲੈਣਾ!

ਮੁੱਛ-ਫੁੱਟ ਗੱਭਰੂ ਡੋਜ ਸਿਲਵਰ ਪੰਨੀ ਦੀ ਲਾਉਂਦਾ
ਕੋਈ ਆਖੇ ਨਸ਼ੇੜੀ, ਕਈਆਂ 'ਚ ਵੈਲੀ ਕਹਾਉਂਦਾ।
ਨਵੀਂ ਨਵੀਂ ਲੱਗੀ ਐ ਵੱਡਿਆਂ ਦੇ ਨਾਲ ਯਾਰੀ
ਭੋਰ ਭੋਰ ਵਿਕਣੀ ਐ ਹੁਣ ਤਾਂ ਸਾਰੀ ਦੀ ਸਾਰੀ।
ਚੜ੍ਹੀ ਐ ਲੋਰ ਸਿਆਸੀ, ਉਤਰਨ ਦਾ ਨਾਂ ਨਾ ਲੈਂਦੀ
ਪੁੱਤ ਬਣੂ ਮੇਰਾ ਡਿਪਟੀ ਪਿੰਡ ਮਾਂ ਇਹ ਕਹਿੰਦੀ।
ਆਪੇ ਆਊ ਅਕਲ ਟਿਕਾਣੇ ਜਦ ਪੱਲੇ ਕੱਖ ਨਾ ਰਹਿਣਾ।
ਓ ਚੱਲ ਆਪਾਂ ਕੀ ਲੈਣਾ, ਆਪਾਂ ਦੱਸ ਕੀ ਲੈਣਾ!

ਦੋਵੇਂ ਹੱਥਾਂ ਨਾਲ ਲੁੱਟਦੇ ਐ ਇਹ ਸਿਆਸੀ ਬਾਣੇ
ਜਿਸ ਦੇ ਘਰ ਲੀਡਰ ਉਹਦੇ ਕਮਲੇ ਵੀ ਸਿਆਣੇ।
ਕੱਲ ਆਏ ਸੀ ਪਿੰਡ ਇਕ ਪੱਥਰ ਵਿਕਾਸ ਦਾ ਲਾ'ਗੇ
ਆਹ ਕਰ ਦੂੰ ਵਾਹ ਕਰ ਦੂੰ, ਗੱਲਾਂ ਦਾ ਕੜਾਹ ਬਣਾ'ਗੇ।
ਕੌਣ ਲਗਾਊ ਪਾਰ ਬੇੜਾ ਇਸ ਉਲਝੀ ਤਾਣੀ ਦਾ
ਕਦ ਸਮਝਣਗੇ ਸੱਚ ਲੋਕ ਇਸ ਝੂਠੀ ਕਹਾਣੀ ਦਾ।
ਲੈ ਕੇ ਨੋਟ ਅਸੀਂ ਘੋੜਾ ਵੋਟ ਦਾ ਦੱਬ ਈ ਦੇਣਾ।
ਓ ਚੱਲ ਆਪਾਂ ਕੀ ਲੈਣਾ, ਆਪਾਂ ਦੱਸ ਕੀ ਲੈਣਾ!

ਬੰਦ ਕਰ ਅੱਖਾਂ ਬਿੱਲੀ ਕਦੇ ਵੀ ਭੱਜਦੀ ਹੁੰਦੀ ਨ੍ਹੀਂ
ਖਾ ਚੋਰੀ ਦਾ ਆਟਾ ਕਦੇ ਕੁੱਤੀ ਰੱਜਦੀ ਹੁੰਦੀ ਨ੍ਹੀਂ।
ਜਦ ਲੱਗੀ ਹੋਵੇ ਗੁਆਂਢ ਤਾਂ ਲੋਹੜੀ ਲੱਗਦੀ ਐ
ਸੇਕ ਆਦਰਾਂ ਹੋਣ ਜਦ ਘਰ ਆਪਣੇ ਮਘਦੀ ਐ।
ਹੁਣ ਤਾਂ ਨੁਕਰੇ ਲਾਉਣਾ ਪੈਣਾ ਇਨ੍ਹਾਂ ਖੋਰਾਂ ਨੂੰ
ਸਹੀ ਪਾਸੇ ਨੂੰ ਹੈ ਪਾਉਣਾ ਜਵਾਨੀ ਦੇ ਜੋਰਾਂ ਨੂੰ।
ਜਦੋਂ ਬੀਤੀ ਆਪਣੇ 'ਤੇ ਫਿਰ ਨ੍ਹੀਂ ਮੂਹੋਂ ਕਹਿਣਾ।
ਓ ਚੱਲ ਆਪਾਂ ਕੀ ਲੈਣਾ, ਆਪਾਂ ਦੱਸ ਕੀ ਲੈਣਾ!

*-ਸ਼ਗਨਦੀਪ ਸਿੰਘ*
*ਪਿੰਡ ਪਿਉਰੀ, ਸ਼੍ਰੀ ਮੁਕਤਸਰ ਸਾਹਿਬ*
*ਫੋਨ: 91-95014-59259*


# ਪੰਜਾਬ ਦੇ ਪਿੰਡਾਂ ਦਾ ਵਿਕਾਸ

## 1953-1955 ਦੀਆਂ ਗੱਲਾਂ ਬਾਤਾਂ

***ਧੜੱਲੇਦਾਰ ਅਫਸਰ ਵਜੋਂ ਜਾਣੇ ਜਾਂਦੇ ਮਹਿੰਦਰ ਸਿੰਘ ਰੰਧਾਵਾ ਨੇ 'ਆਪ-ਬੀਤੀ' ਵਿਚ ਆਪਣੇ ਜੀਵਨ ਅਤੇ ਕੰਮਾਂ ਦਾ ਖੂਬ ਲੇਖਾ-ਜੋਖਾ ਕੀਤਾ ਹੈ। 'ਪੰਜਾਬ ਦੇ ਪਿੰਡਾਂ ਦਾ ਵਿਕਾਸ' ਨਾਂ ਦੇ ਇਸ ਲੇਖ ਵਿਚ ਉਸ ਨੇ ਆਜ਼ਾਦੀ ਤੋਂ ਬਾਅਦ ਪੰਜਾਬ ਦੇ ਹਾਲਾਤ ਦਾ ਕੁਝ ਕੁ ਖੁਲਾਸਾ ਕੀਤਾ ਹੈ। ਇਸ ਵਿਚ ਉਸ ਵੇਲੇ ਦੀਆਂ ਸਰਕਾਰਾਂ ਅਤੇ ਅਫਸਰਾਂ ਦੀ ਪਿੰਡਾਂ ਬਾਰੇ ਪਹੁੰਚ ਦੇ ਦਰਸ਼ਨ ਹੁੰਦੇ ਹਨ। -ਸੰਪਾਦਕ***

ਭਾਰਤ ਸਰਕਾਰ ਨੇ ਪਿੰਡਾਂ ਦੀ ਉਨਤੀ ਲਈ ਕਮਿਊਨਿਟੀ ਡਿਵੈਲਪਮੈਂਟ ਸਕੀਮ ਜਾਰੀ ਕੀਤੀ। ਪੰਜਾਬ ਸਰਕਾਰ ਨੇ ਇਸ ਸਕੀਮ ਦਾ ਮੁੱਖ ਅਫ਼ਸਰ ਸ੍ਰੀ ਟੰਡਨ ਨੂੰ ਲਗਾਇਆ। ਟੰਡਨ ਬੜਾ ਹੁਸ਼ਿਆਰ ਤੇ ਗੰਭੀਰ ਅਫ਼ਸਰ ਸੀ, ਪਰ ਸ਼ਹਿਰੀ ਹੋਣ ਦੇ ਨਾਤੇ ਪਿੰਡਾਂ ਦੇ ਮਸਲੇ ਨਹੀਂ ਸੀ ਸਮਝਦਾ। ਸਾਲ ਲੰਘ ਗਿਆ, ਪਰ ਸਕੀਮ ਨੇ ਪੰਜਾਬ 'ਤੇ ਕੋਈ ਅਸਰ ਨਾ ਪਾਇਆ। ਉਸ ਵੇਲੇ ਸ. ਪ੍ਰਤਾਪ ਸਿੰਘ ਕੈਰੋਂ ਪੰਜਾਬ ਦਾ ਵਿਕਾਸ ਮੰਤਰੀ ਸੀ। ਉਸ ਨੇ ਟੰਡਨ ਨੂੰ ਬਦਲ ਕੇ ਮੈਨੂੰ ਪੰਜਾਬ ਦਾ ਵਿਕਾਸ ਕਮਿਸ਼ਨਰ ਲਾਇਆ।

ਮੈਂ ਆਪਣਾ ਸਮਾਨ ਅੰਬਾਲਾ ਛਾਉਣੀ ਦੇ ਕਿਸੇ ਗੁਦਾਮ ਵਿਚ ਬੰਦ ਕਰ ਕੇ ਸ਼ਿਮਲੇ ਪਹੁੰਚ ਗਿਆ। ਇਕ ਦਿਨ ਕੈਰੋਂ ਨੇ ਮੈਨੂੰ ਆਪਣੇ ਘਰ ਰਾਤ ਦੇ ਖਾਣੇ 'ਤੇ ਸੱਦਿਆ। ਮੈਂ ਵੇਖਿਆ ਕਿ ਉਹ ਥਾਲੀ ਜਿਸ ਵਿਚ ਮਾਂਹ ਦੀ ਦਾਲ ਤੇ ਸਬਜ਼ੀ ਸੀ, ਚੁਕ



ਐਮ.ਐਸ. ਰੰਧਾਵਾ

ਕੇ ਮੇਰੇ ਲਈ ਆਪ ਲੈ ਆਇਆ। ਉਸ ਦੀ ਨਿਮਰਤਾ ਦਾ ਮੇਰੇ ਉਪਰ ਬੜਾ ਅਸਰ ਹੋਇਆ। ਲੋਕਾਂ ਵਿਚ ਤਾਂ ਆਮ ਇਹੀ ਗੱਲ ਮਸ਼ਹੂਰ ਸੀ ਕਿ ਕੈਰੋਂ ਬੜਾ ਕੌੜਾ ਆਦਮੀ ਹੈ ਤੇ ਅਫ਼ਸਰਾਂ ਨਾਲ ਅੱਛਾ ਸਲੂਕ ਨਹੀਂ ਕਰਦਾ।

ਪੇਂਡੂ ਵਿਕਾਸ ਦੇ ਇਲਾਵਾ ਮੇਰੇ ਕੋਲ ਚੱਕਬੰਦੀ ਦੀ ਸਕੀਮ ਵੀ ਸੀ। ਇਹ ਚੱਕਬੰਦੀ ਦੀ ਸਕੀਮ ਹੀ ਹੈ ਜਿਨ੍ਹੇ ਪੰਜਾਬ ਦੇ ਪਿੰਡਾਂ ਦਾ ਨਕਸ਼ਾ ਪਲਟਿਆ। ਜ਼ਿਮੀਂਦਾਰਾਂ ਦੇ ਖੇਤ ਜੋ ਖਿਲਰੇ-ਪੁਲਰੇ ਸਨ, ਇਕੱਠੇ ਕੀਤੇ ਗਏ ਤੇ ਚੱਕ ਬਣਾਏ ਗਏ ਅਤੇ ਨਾਲ ਹੀ ਕੱਚੀਆਂ ਸੜਕਾਂ ਦਾ ਵੀ ਪ੍ਰਬੰਧ ਕੀਤਾ ਗਿਆ। ਉਸ ਵੇਲੇ ਮੈਂ ਸੋਚਿਆ ਸੀ ਕਿ ਪੰਜਾਬ ਦੀ ਸਾਰੀ ਜ਼ਮੀਨ ਇਕ ਪੂਲ ਵਿਚ ਹੈ ਤੇ ਇਹ ਠੀਕ ਸਮਾਂ ਸੀ ਕਿ ਐਸੀਆਂ ਸੜਕਾਂ ਦਾ ਵੀ ਇੰਤਜ਼ਾਮ ਕੀਤਾ ਜਾਵੇ ਜਿਹੜੀਆਂ ਬਹੁਤ ਸਾਰੇ ਪਿੰਡਾਂ ਨੂੰ ਜੋੜ ਕੇ ਪੱਕੀਆਂ ਸੜਕਾਂ ਨਾਲ ਮਿਲਾਉਣ। ਮੈਂ ਸਾਰੇ ਪੰਜਾਬ ਦੇ ਪੀ.ਡਬਲਿਊ.ਡੀ. ਇੰਜੀਨੀਅਰ ਇਕੱਠੇ ਕੀਤੇ ਤੇ ਉਨ੍ਹਾਂ ਨੂੰ ਇਹ ਗੱਲ ਸਮਝਾਈ ਕਿ ਇਹ ਵੇਲਾ ਹੈ ਕਿ ਤੁਸੀਂ ਨਵੀਆਂ ਸੜਕਾਂ ਖਿਚ ਕੇ ਪੇਂਡੂ ਜੀਵਨ ਵਿਚ ਪਲਟਾ ਪੈਦਾ ਕਰ ਸਕੇਦ ਹੋ; ਤੇ ਜੇ ਇਹ ਮੌਕਾ ਖੁੰਝ ਗਿਆ ਤਾਂ ਫਿਰ ਕਦੇ ਵੀ ਇਹ ਸੜਕਾਂ ਨਹੀਂ ਬਣ ਸਕਣੀਆਂ, ਕਿਉਂਕਿ ਜ਼ਮੀਨਾਂ ਐਕੁਆਇਰ ਕਰਨੀਆਂ ਬਹੁਤ ਮੁਸ਼ਕਿਲ ਹਨ। ਉਨ੍ਹਾਂ ਸਾਰੇ ਇੰਜੀਨੀਅਰਾਂ ਦੀ ਸਮਝ ਵਿਚ ਇਹ ਗੱਲ ਆ ਗਈ। ਤਹਿਸੀਲਾਂ ਦੇ ਨਕਸ਼ੇ ਲਿਆਂਦੇ ਗਏ ਅਤੇ ਉਨ੍ਹਾਂ 'ਤੇ ਸੜਕਾਂ ਦੀਆਂ ਨਵੀਆਂ ਲੀਹਾਂ ਖਿੱਚੀਆਂ ਗਈਆਂ।

ਇਸ ਸਕੀਮ ਵਿਚ ਮੁਢਲਾ ਅਸੂਲ ਸੀ ਕਿ ਜਿਥੇ ਕਿਸੇ ਜ਼ਿਮੀਂਦਾਰ ਦਾ ਵੱਧ ਤੋਂ ਵੱਧ ਰਕਬਾ ਹੈ, ਉਥੇ ਹੀ ਉਹਦਾ ਚੱਕ ਬਣਾਇਆ ਜਾਵੇ। ਇਸ ਅਸੂਲ ਨੇ ਚੱਕਬੰਦੀ ਦੇ ਕੰਮ ਵਿਚ ਬੜੀ ਸਹੂਲੀਅਤ ਦਿੱਤੀ। ਇਸ ਅਸੂਲ ਦੇ ਹੁੰਦਿਆਂ ਵੀ ਮੌਕੇ ਦੇ ਪਟਵਾਰੀਆਂ ਦੇ ਹੱਥ ਬਹੁਤ ਤਾਕਤ ਸੀ ਜਿਸ ਦਾ ਉਹ ਨਾਜਾਇਜ਼ ਇਸਤੇਮਾਲ ਕਰਦੇ ਤੇ ਅਨਪੜ੍ਹ ਜ਼ਿਮੀਂਦਾਰਾਂ ਤੋਂ ਰਿਸ਼ਵਤ ਲੈਂਦੇ ਸਨ। ਕੈਰੋਂ ਨੇ ਆਪਣੀ ਖੁਫ਼ੀਆ ਏਜੰਸੀ ਵੀ ਬਣਾਈ ਹੋਈ ਸੀ ਜਿਸ ਦਾ ਮੋਢੀ ਕਾਂਗਰਸੀ ਸੋਸ਼ਲ ਵਰਕਰ ਮਾਸਟਰ ਚਰਨਜੀਤ ਸਿੰਘ ਸੀ। ਜਦ ਕਦੀ ਕੋਈ ਸ਼ਿਕਾਇਤ ਆਉਂਦੀ ਤਾਂ ਚਰਨਜੀਤ ਸਿੰਘ ਤੇ ਉਹਦੇ ਸਾਥੀ ਸਾਧੂ ਦੇ ਭੇਸ ਵਿਚ ਪਿੰਡ ਪਹੁੰਚ ਜਾਂਦੇ ਤੇ ਪੁਛਗਿਛ ਕਰਦੇ। ਇਸ ਦਾ ਵੀ ਬੜਾ ਚੰਗਾ ਅਸਰ ਪਿਆ। ਇਸ ਤੋਂ ਇਲਾਵਾ ਫਲਾਇੰਗ ਸੁਕਐਡ ਬਣਾਇਆ ਗਿਆ ਸੀ ਜਿਸ ਕੋਲ ਦੋ-ਤਿੰਨ ਮੋਟਰ ਗੱਡੀਆਂ ਸਨ। ਇਸ ਸਕੁਐਡ ਵਿਚ ਅਜਿਹੇ ਅਫ਼ਸਰ ਰੱਖੇ ਗਏ ਜੋ ਇਮਾਨਦਾਰੀ ਲਈ ਮਸ਼ਹੂਰ ਸਨ। ਜਦ ਕਦੀ ਕੋਈ ਸ਼ਿਕਾਇਤ ਆਉਂਦੀ ਤਾਂ ਉਹ ਮੌਕੇ 'ਤੇ ਜਾ ਕੇ ਤਫ਼ਤੀਸ਼ ਕਰਦੇ।

ਸੜਕਾਂ ਦੀ ਸਕੀਮ ਦੇ ਮੁਤੱਲਕ ਪਿੰਡਾਂ ਵਿਚ ਭਾਰੀ ਉਤਸ਼ਾਹ ਸੀ। ਸਾਰੇ ਪੰਜਾਬ ਵਿਚ ਹਜ਼ਾਰਾਂ ਪੇਂਡੂਆਂ ਨੇ ਇਨ੍ਹਾਂ ਸੜਕਾਂ 'ਤੇ ਮਿੱਟੀ ਪਾਈ। ਇਨ੍ਹਾਂ ਦਿਨਾਂ ਵਿਚ ਹੀ ਮੈਂ ਫਰੀਦਾਬਾਦ ਤੇ ਗੁੜਗਾਵਾਂ ਦਾ ਦੌਰਾ ਕੀਤਾ। ਇਨ੍ਹਾਂ ਪੇਂਡੂਆਂ ਵਿਚ ਵੀ ਬੜਾ ਉਤਸ਼ਾਹ ਸੀ। ਮੈਂ ਜਿਥੇ ਵੀ ਜਾਂਦਾ, ਉਹ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੰਦੇ ਤੇ ਹਾਥੀਆਂ 'ਤੇ ਜਲੂਸ ਕੱਢਦੇ। ਇਸ ਦੇ ਮੁਕਾਬਲੇ ਜਦ ਕਦੀ ਮੰਤਰੀ ਇਲਾਕਿਆਂ ਵਿਚ ਦੌਰਾ ਕਰਨ ਜਾਂਦੇ ਤਾਂ ਉਨ੍ਹਾਂ ਦੀ ਕੋਈ ਪੁਛ-ਪ੍ਰਤੀਤ ਨਾ ਹੁੰਦੀ। ਇਸ ਤੋਂ ਭੀਮ ਸੈਨ ਸੱਚਰ ਜੋ ਮੁੱਖ ਮੰਤਰੀ ਸੀ, ਮੇਰੇ ਨਾਲ ਬਹੁਤ ਖਾਰ ਖਾਣ ਲੱਗਾ।

ਮੈਂ ਤੇ ਕੈਰੋਂ ਨੇ ਡਿਪਟੀ ਕਮਿਸ਼ਨਰਾਂ ਦੀ ਕਾਨਫਰੰਸ ਸੱਦੀ ਜਿਸ ਵਿਚ ਵਿਕਾਸ ਦੀਆਂ ਸਕੀਮਾਂ ਬਾਰੇ ਵਿਚਾਰ ਕੀਤਾ ਗਿਆ। ਬਜਾਏ ਇਸ ਦੇ ਕਿ ਇਸ ਕੰਮ ਨੂੰ ਚੰਗਾ ਸਮਝਦਾ, ਭੀਮ ਸੈਨ ਸੱਚਰ ਉਲਟਾ ਇਸ ਦਾ ਵਿਰੋਧ ਕਰਨ ਲੱਗਾ। ਉਸ ਵੇਲੇ ਪ੍ਰਤਾਪ ਸਿੰਘ ਕੈਰੋਂ ਤੇ ਸੱਚਰ ਦੀ ਆਪੋ ਵਿਚ ਬੜੀ ਤਣੋ-ਤਣੀ ਸੀ।

ਇਸ ਸਕੀਮ ਅਧੀਨ ਸਾਰੇ ਪੰਜਾਬ ਵਿਚ ਸਕੂਲ ਦੀਆਂ ਇਮਾਰਤਾਂ ਤੇ ਪੰਚਾਇਤ ਘਰਾਂ ਦਾ ਜਾਲ ਵਿਛਾ ਦਿੱਤਾ ਗਿਆ। ਇਸ ਮੌਕੇ 'ਤੇ ਹੀ ਮੈਂ ਲਾਇਬ੍ਰੇਰੀ ਸਕੀਮ ਬਣਾਈ ਤੇ ਸਾਰੇ ਉਘੇ ਪਿੰਡਾਂ ਵਿਚ ਲਾਇਬ੍ਰੇਰੀਆਂ ਸਥਾਪਤ ਕੀਤੀਆਂ। ਇਸ ਸਕੀਮ ਨੇ ਪੰਜਾਬੀ ਪ੍ਰਕਾਸ਼ਕਾਂ ਦੀ ਬੜੀ ਸਹਾਇਤਾ ਕੀਤੀ। ਜਿਸ ਪ੍ਰਕਾਸ਼ਕ ਦੀਆਂ 3-4 ਸੌ ਪੁਸਤਕਾਂ ਇਕੱਠੀਆਂ ਵਿਕ ਜਾਣ, ਉਹਦੀ ਬੜੀ ਮਦਦ ਹੋ ਜਾਂਦੀ। ਜੇ ਇਸ ਤਰ੍ਹਾਂ ਦੀ ਮਦਦ ਨਾ ਕੀਤੀ ਜਾਂਦੀ ਤਾਂ ਪੰਜਾਬੀ ਸਾਹਿਤ ਨੂੰ ਬੜਾ ਧੱਕਾ ਲਗਦਾ।



*ਸੰਨ 1953 ਵਿਚ ਪੰਜਾਬ ਦੇ ਦੌਰੇ ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਲੁਧਿਆਣੇ ਨਾਮਧਾਰੀ ਜੱਥੇ ਨਾਲ।*

ਇਸ ਵਿਕਾਸ ਸਕੀਮ ਦਾ ਕਾਂਗੜਾ ਕੁੱਲੂ ਦੇ ਪਹਾੜੀ ਇਲਾਕਿਆਂ ਵਿਚ ਵੀ ਕਾਫੀ ਅਸਰ ਪਿਆ। ਕੁੱਲੂ ਵਿਚ ਮੈਂ ਸੇਬ ਲਾਉਣ ਦੀ ਸਕੀਮ ਚਲਾਈ। ਜ਼ਿਮੀਂਦਾਰਾਂ ਨੂੰ ਟ੍ਰੇਨਿੰਗ ਦਿੱਤੀ ਤੇ ਨਾਲ ਹੀ ਸੰਦ, ਖਾਦਾਂ ਤੇ ਕੀੜੇਮਾਰ ਦਵਾਈਆਂ ਵੀ ਮੁਫ਼ਤ ਦਿੱਤੀਆਂ। ਇਸ ਸਕੀਮ ਨੇ ਹੀ ਪਹਾੜੀ ਇਲਾਕਿਆਂ ਵਿਚ ਸੇਬਾਂ ਦੀ ਕਾਸ਼ਤ ਨੂੰ ਬੜ ਉਤਸ਼ਾਹ ਦਿੱਤਾ।

ਪੰਡਤ ਜਵਾਹਰ ਲਾਲ ਨਹਿਰੂ ਨੇ ਪੰਜਾਬ ਦਾ ਦੌਰਾ ਰੱਖਿਆ। ਮੈਂ ਤੇ ਕੈਰੋਂ ਨੇ ਸਲਾਹ ਦਿੱਤੀ ਕਿ ਇਨ੍ਹਾਂ ਨੂੰ ਨਵਾਂ ਸ਼ਹਿਰ ਦੇ ਪਿੰਡਾਂ ਦਾ ਦੌਰਾ ਕਰਵਾਇਆ ਜਾਵੇ। ਨਵਾਂ ਸ਼ਹਿਰ ਤਹਿਸੀਲ ਦੀ ਭੌਂ ਬੜੀ ਉਪਜਾਊ ਹੈ ਤੇ ਇਥੇ ਪ੍ਰੋਜੈਕਟ ਅਫਸਰ ਅਜੈਬ ਸਿੰਘ ਨੇ ਖੇਤੀ ਦਾ ਕੰਮ ਵੀ ਬੜਾ ਚੰਗਾ ਕੀਤਾ ਸੀ। ਜਦ ਨਹਿਰੂ ਦੇ ਦੌਰੇ ਦੀ ਖ਼ਬਰ ਅਖਬਾਰ ਵਿਚ ਛਪੀ ਤਾਂ ਜਲੰਧਰ ਦੇ ਅਖ਼ਬਾਰ 'ਪ੍ਰਤਾਪ' ਨੇ ਲੇਖਾਂ ਦੀ ਲੜੀ ਜਾਰੀ ਕੀਤੀ ਜਿਸ ਦਾ ਨਾਂ ਰੱਖਿਆ- 'ਨਵਾਂ ਸ਼ਹਿਰ ਕਮਿਊਨਿਟੀ ਪ੍ਰੋਜੈਕਟ ਕਾ ਫਰਾਡ'। ਮੈਨੂੰ ਹਾਲੇ ਤੱਕ ਸਮਝ ਨਹੀਂ ਆਉਂਦੀ ਕਿ ਅਖਬਾਰ ਉਸਾਰੂ ਕੰਮ ਦਾ ਕਿਉਂ ਵਿਰੋਧ ਕਰਦੇ ਹਨ? ਨਹਿਰੂ ਦੇ ਆਉਣ ਤੋਂ ਦਸ ਦਿਨ ਪਹਿਲਾਂ ਮੈਂ ਆਪ ਜਾ ਕੇ ਸਾਰੇ ਪਿੰਡਾਂ ਦਾ ਦੌਰਾ ਕੀਤਾ। ਇਹ ਫੈਸਲਾ ਕੀਤਾ ਗਿਆ ਕਿ ਪਿੰਡ ਨੌਰਾ ਵਿਚ ਜਲਸਾ ਕੀਤਾ ਜਾਏ ਅਤੇ ਪੰਡਤ ਨਹਿਰੂ ਦਾ ਉਥੇ ਸੁਆਗਤ ਕੀਤਾ ਜਾਵੇ। 'ਪ੍ਰਤਾਪ' ਦੇ ਐਡੀਟਰ ਨੇ ਲਿਖਿਆ ਕਿ ਪੰਡਤ ਜੀ ਨੂੰ ਨਵਾਂ ਸ਼ਹਿਰ ਦਾ ਆਰੀਆ ਸਕੂਲ ਵੀ ਦੇਖਣਾ ਚਾਹੀਦਾ ਹੈ। ਮੈਂ ਕਿਹਾ ਕਿ ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ। ਜਦ ਆਰੀਆ ਸਕੂਲ ਗਏ ਤਾਂ ਬਾਕੀ ਪਤਵੰਤਿਆਂ ਵਿਚ ਐਡੀਟਰ ਸਾਹਿਬ ਵੀ ਮੌਜੂਦ ਸਨ। ਜਦ ਉਨ੍ਹਾਂ ਨੇ ਪੰਡਤ ਨਹਿਰੂ ਨਾਲ ਹੱਥ ਮਿਲਾਇਆ ਤਾਂ ਮੈਂ ਕਿਹਾ ਕਿ ਇਹ ਉਹੋ ਵਿਅਕਤੀ ਹਨ ਜਿਨ੍ਹਾਂ ਨੇ ਲੜੀਵਾਰ ਵਿਕਾਸ ਸਕੀਮ ਦੇ ਵਿਰੋਧ ਵਿਚ ਮਜ਼ਮੂਨ ਲਿਖੇ ਹਨ। ਇਹ ਗੱਲ ਸੁਣਦੇ ਹੀ ਐਡੀਟਰ ਦਾ ਮੂੰਹ ਫਿੱਕਾ ਪੈ ਗਿਆ।

ਨੌਰਾ ਪਿੰਡ ਵਿਚ ਬੜੀ ਉਚੀ ਸਟੇਜ ਬਣਾਈ ਗਈ। ਮੈਂ ਸੋਚਿਆ ਕਿ ਪੰਡਤ ਨਹਿਰੂ ਦੇ ਬੋਲਣ ਤੋਂ ਪਹਿਲਾਂ ਪਿੰਡ ਦੇ ਸਰਪੰਚ ਨੂੰ ਐਡਰੈਸ ਪੜ੍ਹਨਾ ਚਾਹੀਦਾ ਸੀ। ਸਰਪੰਚ ਦੇ ਐਡਰੈਸ ਵਿਚ ਲਿਖਿਆ ਸੀ ਕਿ ਕੁਝ ਫਿਰਕਾਪ੍ਰਸਤ, ਵਿਕਾਸ ਸਕੀਮ ਦਾ ਵਿਰੋਧ ਕਰ ਰਹੇ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੀ ਤਾਕਤ ਦਾ ਮਜ਼ਬੂਤੀ ਨਾਲ ਗਲਾ ਘੁੱਟ ਦਿੱਤਾ ਜਾਵੇ। ਇਸ 'ਤੇ ਲੋਕਾਂ ਨੇ ਤਾੜੀਆਂ ਵਜਾਈਆਂ।

ਇਨ੍ਹਾਂ ਦਿਨਾਂ ਵਿਚ ਹੀ ਮੈਂ ਇਰਾਦਾ ਕੀਤਾ ਕਿ ਪੰਜਾਬ, ਹਰਿਆਣਾ ਤੇ ਕਾਂਗੜਾ ਕੁੱਲੂ ਦੇ ਲੋਕ ਗੀਤ ਇਕੱਠੇ ਕੀਤੇ ਜਾਣ। ਮੈਂ ਵਿਕਾਸ ਅਫ਼ਸਰਾਂ ਦੀ ਨੀਲੋਖੜੀ ਵਿਚ ਕਾਨਫਰੰਸ ਸੱਦੀ ਜਿਹਦੇ ਵਿਚ ਉਨ੍ਹਾਂ ਨੂੰ ਇਹ ਸਕੀਮ ਸਮਝਾਈ। ਇਸ ਸਕੀਮ ਵਿਚ ਇਸਤਰੀ ਵਿਕਾਸ ਅਫ਼ਸਰਾਂ ਨੇ ਬੜੀ ਦਿਲਚਸਪੀ ਲਈ ਅਤੇ ਮੈਨੂੰ ਬਹੁਤ ਸਾਰੇ ਗੀਤ ਇਕੱਠੇ ਕਰ ਕੇ ਭੇਜੇ। ਇਸ ਸਾਰੇ ਮਸਾਲੇ ਨੂੰ ਮੈਂ ਅੰਦਰੇਟਾ ਪਿੰਡ ਜਿਥੇ ਸ. ਸੋਭਾ ਸਿੰਘ ਵਸਦੇ ਹਨ, ਜਾ ਕੇ ਤਕਤੀਬ ਦਿੱਤੀ। ਪੰਜਾਬ ਦੇ ਇਨ੍ਹਾਂ ਲੋਕਾਂ ਗੀਤਾਂ ਨੂੰ ਚਿਤਰਾਂ ਨਾਲ ਸਜਾਇਆ ਗਿਆ ਤੇ ਪ੍ਰੀਤਮ ਸਿੰਘ ਨਵਯੁਗ ਵਾਲਿਆਂ ਨੇ ਇਸ ਪੁਸਤਕ ਨੂੰ ਬੜੀ ਖੂਬਸੂਰਤੀ ਨਾਲ ਛਾਪਿਆ। ਇਹ ਪੁਸਤਕ ਪਾਠਕਾਂ ਨੇ ਬਹੁਤ ਪਸੰਦ ਕੀਤੀ।

ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਵਿਚ ਸਭਿਆਚਾਰਕ ਵਿਕਾਸ ਦਾ ਆਰੰਭ ਹੋਇਆ। ਭੰਗੜਾ ਪੱਛਮੀ ਪੰਜਾਬ ਵਿਚ ਇਸ ਪਾਸੇ ਆਇਆ। ਕਮਿਊਨਿਟੀ ਡਿਵੈਲਪਮੈਂਟ ਸਕੀਮ ਵਿਚ ਮੈਂ ਬਹੁਤ ਸਾਰੇ ਸਮਾਜਿਕ ਵਿਦਿਅਕ ਅਫ਼ਸਰ ਭਰਤੀ ਕੀਤੇ ਜੋ ਭੰਗੜੇ ਦੇ ਮਾਹਿਰ ਸਨ। ਭੰਗੜਾ ਟੀਮਾਂ ਬਣਾਈਆਂ ਗਈਆਂ ਤੇ ਇਨ੍ਹਾਂ ਨੂੰ ਵੇਖ ਕੇ ਸਕੂਲਾਂ ਦੇ ਮੁੰਡਿਆਂ ਵਿਚ ਵੀ ਜਾਗ੍ਰਤੀ ਪੈਦਾ ਹੋਈ ਤੇ ਭੰਗੜੇ ਦਾ ਰਿਵਾਜ਼ ਪਿਆ। ਲੜਕੀਆਂ ਦੇ ਸਕੂਲਾਂ ਵਿਚ ਗਿੱਧੇ ਨੂੰ ਵੀ ਮਾਨਤਾ ਮਿਲੀ।

***ਹੁਣ ਮੈਂ ਅਜਿਹੇ ਬੀ.ਡੀ.ਓ. ਦਾ ਜ਼ਿਕਰ ਕਰਦਾ ਹਾਂ ਜੋ ਪਿੰਡਾਂ ਦਾ ਰਹਿਣ ਵਾਲਾ ਸੀ। ਬੀ.ਐਸ.ਸੀ. ਐਗਰੀਕਲਚਰ ਸੀ ਤੇ ਸੀ ਵੀ ਜੱਟ। ਮੈਂ ਉਸ ਦੇ ਕੰਮ ਦਾ ਮੁਆਇਨਾ ਕਰਨਾ ਗਿਆ ਤਾਂ ਪਤਾ ਲਗਾ ਕਿ ਕਈ ਲੱਖਾਂ ਦੀ ਰਕਮ ਜਮ੍ਹਾਂ ਹੈ, ਪਰ ਖਰਚ ਕੁਝ ਵੀ ਨਹੀਂ। ਇਸ ਪੈਸੇ ਨਾਲ ਪਿੰਡਾਂ ਦੀਆਂ ਨਾਲੀਆਂ ਤੇ ਗਲੀਆਂ ਪੱਕੀਆਂ ਹੋ ਸਕਦੀਆਂ ਸਨ ਤੇ ਖੇਤੀ ਦੇ ਮਹਿੰਗੇ ਸੰਦ ਜ਼ਿਮੀਂਦਾਰਾਂ ਲਈ ਖਰੀਦੇ ਜਾ ਸਕਦੇ ਸਨ। ਪੁੱਛਿਆ ਤਾਂ ਉਤਰ ਦਿੱਤਾ ਕਿ "ਮੈਂ ਸਰਕਾਰ ਦਾ ਪੈਸਾ ਬਚਾ ਰਿਹਾ ਹਾਂ।" ਮੈਨੂੰ ਬੜਾ ਗੁੱਸਾ ਆਇਆ ਤੇ ਉਸ ਨੂੰ ਫਿੱਟ ਲਾਹਨਤ ਪਾਈ।***

ਕੋਈ ਸਕੀਮ ਵੀ ਚਲਾਉਣੀ ਹੋਵੇ ਤਾਂ ਅੱਛੇ ਅਫਸਰ ਤੇ ਕਾਮੇ ਭਰਤੀ ਕਰਨਾ ਬੜਾ ਜ਼ਰੂਰੀ ਹੁੰਦਾ ਹੈ। ਜਦੋਂ ਮੈਂ ਗਰਾਮ ਸੇਵਕਾਂ ਦੀ ਭਰਤੀ ਕੀਤੀ ਤਾਂ ਇਸ ਗੱਲ ਨੂੰ ਮੁੱਖ ਰੱਖਿਆ ਕਿ ਇਨ੍ਹਾਂ ਵਿਅਕਤੀਆਂ ਵਿਚ ਉਤਸ਼ਾਹ ਵੀ ਹੈ ਜਾਂ ਨਹੀਂ, ਤੇ ਇਨ੍ਹਾਂ ਨੂੰ ਪੇਂਡੂ ਮਸਲਿਆਂ ਦੀ ਕਿੰਨੀ ਕੁ ਸਮਝ ਹੈ। ਪਹਿਲਾਂ ਟੈਸਟ ਇਹ ਦਿੱਤਾ ਜਾਂਦਾ ਸੀ ਕਿ ਤਿੰਨ ਮੀਲ ਦੀ ਦੌੜ ਲਾਓ। ਇਸ ਵਿਚ ਹੀ ਬਹੁਤ ਸਾਰੇ ਕਮਜ਼ੋਰ ਨਿਕਲ ਜਾਂਦੇ। ਇਸ ਪਿਛੋਂ ਹਲ ਚਲਾਉਣ ਲਈ ਕਿਹਾ ਜਾਂਦਾ। ਜੋ ਇਨ੍ਹਾਂ ਦੋਹਾਂ ਵਿਚ ਪਾਸ ਹੋ ਜਾਣ, ਉਨ੍ਹਾਂ ਦਾ ਇਮਤਿਹਾਨ ਲਿਆ ਜਾਂਦਾ। ਇਸ ਤਰ੍ਹਾਂ ਬਹੁਤ ਕਰ ਕੇ ਉਹ ਹੀ ਭਰਤੀ ਹੋਏ ਜੋ ਪਿੰਡਾਂ ਦੇ ਰਹਿਣ ਵਾਲੇ ਸਨ। ਇਸ ਸਕੀਮ ਵਿਚ ਮੁੱਖ ਅਫ਼ਸਰ ਜਿਸ ਨੂੰ ਪ੍ਰੋਜੈਕਟ ਅਫਸਰ ਕਹਿੰਦੇ ਸਨ, ਦਾ ਬੜਾ ਭਾਰੀ ਰੋਲ ਸੀ। ਇਕ ਗ਼ਲਤ ਆਦਮੀ ਉਪਰ ਲੱਗਾ ਹੋਵੇ ਤਾਂ ਹੇਠਾਂ ਵੀ ਨਿਕੰਮੇ ਹੋ ਜਾਂਦੇ ਹਨ। ਆਮ ਕਰ ਕੇ ਇਨ੍ਹਾਂ ਅਫ਼ਸਰਾਂ ਦੀ ਭਰਤੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਕੀਤੀ ਜਾਂਦੀ। ਕੈਰੋਂ ਨੇ ਇਹ ਬੰਦ ਕਰ ਦਿੱਤੀ ਤੇ ਕਿਹਾ ਕਿ ਜਿਨ੍ਹਾਂ ਨੇ ਦੇਸ਼ ਦੀ ਸੇਵਾ ਕੀਤੀ ਹੈ, ਉਨ੍ਹਾਂ ਨੂੰ ਭਰਤੀ ਕੀਤਾ ਜਾਵੇ। ਇਸੇ ਸਕੀਮ ਵਿਚ ਹੀ ਸ. ਮੰਗਲ ਸਿੰਘ ਜੋ ਕਾਂਗਰਸ ਤੇ ਅਕਾਲੀ ਨੇਤਾ ਸਨ, ਨੂੰ ਫਰੀਦਾਬਾਦ ਦਾ ਪ੍ਰੋਜੈਕਟ ਅਫ਼ਸਰ ਲਾਇਆ ਗਿਆ। ਉਨ੍ਹਾਂ ਨੇ ਬਹੁਤ ਅੱਛਾ ਕੰਮ ਕੀਤਾ। ਇਸ ਪਿਛੋਂ ਕੈਰੋਂ ਨੇ ਮੈਨੂੰ ਕਿਹਾ ਕਿ ਬਲਦੇਵ ਕਪੂਰ ਜੋ ਉਸ ਦੇ ਬਹੁਤ ਨੇੜੇ ਸੀ, ਨੂੰ ਪ੍ਰੋਜੈਕਟ ਅਫਸਰ ਭਰਤੀ ਕਰ ਲਿਆ ਜਾਵੇ। ਬਲਦੇਵ ਕਪੂਰ ਕਿਉਂਕਿ ਸ਼ਹਿਰੀ ਆਦਮੀ ਸੀ, ਇਸ ਕਰ ਕੇ ਮੈਂ ਨਾਂਹ-ਨੁੱਕਰ ਕੀਤੀ।

"ਤੂੰ ਇਹਨੂੰ ਰੱਖ ਕੇ ਤਾਂ ਵੇਖ ਕਿੰਨਾ ਕੰਮ ਕਰਦਾ ਹੈ।" ਕੈਰੋਂ ਨੇ ਕਿਹਾ।

"ਇਹ ਸ਼ਹਿਰੀ ਏ, ਪਿੰਡਾਂ ਦੀ ਜ਼ਿੰਦਗੀ ਤੇ ਪੇਂਡੂਆਂ ਦੇ ਮਸਲਿਆਂ ਨੂੰ ਕਿਵੇਂ ਸਮਝੇਗਾ।" ਮੈਂ ਉਤਰ ਦਿੱਤਾ।

"ਇਨ੍ਹਾਂ ਪਿੰਡ ਸੁਧਾਰ ਕੰਮਾਂ ਵਿਚ ਪੇਂਡੂ ਹੋਣਾ, ਜਾਂ ਐਗਰੀਕਲਚਰ ਦਾ ਗ੍ਰੈਜੂਏਟ ਹੋਣਾ ਏਨਾ ਜ਼ਰੂਰੀ ਨਹੀਂ ਜਿੰਨਾ ਇਨਸਾਨ ਵਿਚ ਜੋਸ਼ ਤੇ ਸੇਵਾ ਭਾਵ ਹੋਣਾ। ਇਹਨੂੰ ਤੂੰ ਜ਼ਰੂਰ ਮੌਕਾ ਦੇ।"

ਮੈਂ ਕੈਰੋਂ ਦੇ ਇਸਰਾਰ 'ਤੇ ਬਲਦੇਵ ਕਪੂਰ ਨੂੰ ਬਲਾਕ ਡਿਵੈਲਪਮੈਂਟ ਅਫ਼ਸਰ ਚੁਣ ਲਿਆ ਤੇ ਉਹਨੂੰ ਖਰੜ ਬਲਾਕ ਵਿਚ ਲਗਾ ਦਿੱਤਾ। ਉਹਨੇ ਤਿੰਨ ਮਹੀਨਿਆਂ ਵਿਚ ਹੀ ਏਨਾ ਕੰਮ ਕਰ ਦਿੱਤਾ ਜਿੰਨਾ ਉਸ ਤੋਂ ਪਹਿਲੇ ਬੀ.ਡੀ.ਓ. ਨੇ ਸਾਲ ਵਿਚ ਕੀਤਾ ਸੀ। ਬਲਦੇਵ ਨੇ ਪੇਂਡੂਆਂ, ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਕੈਂਪ ਲਗਾ ਕੇ ਪਿੰਡਾਂ ਵਿਚ ਸੜਕਾਂ ਦਾ ਜਾਲ ਵਿਛਾ ਦਿੱਤਾ। ਕਈ ਪਿੰਡਾਂ ਦੀਆਂ ਗਲੀਆਂ ਪੱਕੀਆਂ ਕਰਾਈਆਂ ਤੇ ਕਈ ਨਵੇਂ ਨਮੂਨੇ ਦੇ ਸਕੂਲ ਬਣਾਏ। ਖਰੜ ਦੇ ਪਿੰਡਾਂ ਵਿਚ ਤਰੱਕੀ ਦੀ ਲਹਿਰ ਦੌੜ ਗਈ, ਜਿਧਰ ਦੇਖੋ, ਤਰੱਕੀ ਦੇ ਆਸਾਰ ਦਿਖਾਈ ਦੇਣ ਲੱਗ ਪਏ। ਮੇਰੇ ਦਿਲ ਵਿਚ ਬਲਦੇਵ ਕਪੂਰ ਦੀ ਮੁਹੱਬਤ ਘਰ ਕਰ ਗਈ। ਮੈਂ ਉਹਨੂੰ ਮਾਤਹਿਤ ਨਹੀਂ ਸੀ ਸਮਝਦਾ, ਬਲਕਿ ਆਪਣਾ ਦੋਸਤ ਸਮਝਦਾ। ਮੈਂ ਹਮੇਸ਼ਾ ਉਸ ਨੂੰ ਜੱਫ਼ੀ ਪਾ ਕੇ ਮਿਲਦਾ।

ਬਲਦੇਵ ਕਪੂਰ ਕੈਰੋਂ ਨੂੰ ਲਾਹੌਰ ਤੋਂ ਜਾਣਦਾ ਸੀ ਤੇ ਦੋਨੋਂ ਇਕੋ ਜੇਲ੍ਹ ਵਿਚ ਕੁਝ ਸਮਾਂ ਬਿਤਾ ਚੁੱਕੇ ਸਨ। ਬਲਦੇਵ ਵਿਦਿਆਰਥੀਆਂ ਦਾ ਲੀਡਰ ਤੇ ਦੇਸ਼ ਭਗਤ ਸੀ। ਉਸ ਦੇ ਦਿਲ ਵਿਚ ਜਜ਼ਬਾ ਸੀ ਕਿ ਦੇਸ਼ ਦੀ ਅਥਾਹ ਸੇਵਾ ਕਰਾਂ। ਹਿੰਦੁਸਤਾਨ ਪਿੰਡਾਂ ਵਿਚ ਵਸਦਾ ਹੈ, ਤੇ ਜਿਸ ਨੂੰ ਦੇਸ਼ ਦੀ ਸੇਵਾ ਦਾ ਜਜ਼ਬਾ ਹੋਵੇ, ਉਸ ਲਈ ਗ੍ਰਾਮ ਸੁਧਾਰ ਤੋਂ ਅੱਛਾ ਕਿਹੜਾ ਕੰਮ ਹੋ ਸਕਦਾ ਹੈ!

ਕੁਝ ਮਹੀਨਿਆਂ ਵਿਚ ਹੀ ਪੰਜਾਬ ਵਿਚ ਭੂਚਾਲ ਆਇਆ ਅਤੇ ਵਜ਼ਾਰਤ ਜੋ ਪਹਿਲਾਂ ਹੀ ਲੜਖੜਾ ਰਹੀ ਸੀ, ਧੜੱਮ ਨਾਲ ਹੇਠਾਂ ਡਿਗੀ ਤੇ ਕੈਰੋਂ ਮੁੱਖ ਮੰਤਰੀ ਬਣ ਗਿਆ। ਬਲਦੇਵ ਕਪੂਰ 'ਤੇ ਕੈਰੋਂ ਨੂੰ ਖਾਸ ਭਰੋਸਾ ਸੀ ਤੇ ਬਹੁਤ ਸਾਰੇ ਮਾਮਲਿਆਂ ਵਿਚ ਉਹ ਇਸ ਦਾ ਮਸ਼ਵਰਾ ਲੈਂਦਾ ਸੀ। ਘਰੇਲੂ ਸਨਅਤਾਂ ਵਿਚ ਬਲਦੇਵ ਨੇ ਬੜੀ ਦਿਲਚਸਪੀ ਲਈ ਤੇ ਕਾਂਗੜੇ ਜ਼ਿਲ੍ਹੇ ਵਿਚ ਬਹੁਤ ਸਾਰੇ ਸੈਂਟਰ ਖੋਲ੍ਹੇ। ਬਲਦੇਵ ਅਮਰੀਕਾ ਤੇ ਜਾਪਾਨ ਵੀ ਗਿਆ ਅਤੇ ਬਹੁਤ ਸਾਰੀਆਂ ਨਵੀਆਂ ਗੱਲਾਂ ਸਿੱਖ ਕੇ ਆਇਆ।

ਹੁਣ ਮੈਂ ਅਜਿਹੇ ਬੀ.ਡੀ.ਓ. ਦਾ ਜ਼ਿਕਰ ਕਰਦਾ ਹਾਂ ਜੋ ਪਿੰਡਾਂ ਦਾ ਰਹਿਣ ਵਾਲਾ ਸੀ। ਬੀ.ਐਸ.ਸੀ. ਐਗਰੀਕਲਚਰ ਸੀ ਤੇ ਸੀ ਵੀ ਜੱਟ। ਮੈਂ ਉਸ ਦੇ ਕੰਮ ਦਾ ਮੁਆਇਨਾ ਕਰਨਾ ਗਿਆ ਤਾਂ ਪਤਾ ਲਗਾ ਕਿ ਕਈ ਲੱਖਾਂ ਦੀ ਰਕਮ ਜਮ੍ਹਾਂ ਹੈ, ਪਰ ਖਰਚ ਕੁਝ ਵੀ ਨਹੀਂ। ਇਸ ਪੈਸੇ ਨਾਲ ਪਿੰਡਾਂ ਦੀਆਂ ਨਾਲੀਆਂ ਤੇ ਗਲੀਆਂ ਪੱਕੀਆਂ ਹੋ ਸਕਦੀਆਂ ਸਨ ਤੇ ਖੇਤੀ ਦੇ ਮਹਿੰਗੇ ਸੰਦ ਜ਼ਿਮੀਂਦਾਰਾਂ ਲਈ ਖਰੀਦੇ ਜਾ ਸਕਦੇ ਸਨ। ਪੁੱਛਿਆ ਤਾਂ ਉਤਰ ਦਿੱਤਾ ਕਿ "ਮੈਂ ਸਰਕਾਰ ਦਾ ਪੈਸਾ ਬਚਾ ਰਿਹਾ ਹਾਂ।" ਮੈਨੂੰ ਬੜਾ ਗੁੱਸਾ ਆਇਆ ਤੇ ਉਸ ਨੂੰ ਫਿੱਟ ਲਾਹਨਤ ਪਾਈ।

ਕੈਰੋਂ ਦੀ ਗੱਦੀ 1962 ਵਿਚ ਹੀ ਡੋਲਣ ਲੱਗ ਪਈ ਸੀ। ਉਹ ਚਾਹੁੰਦਾ ਸੀ ਕਿ ਪੰਜਾਬ ਦੇ ਅਫ਼ਸਰ ਫ਼ੁਰਤੀ ਨਾਲ ਕੰਮ ਕਰਨ ਤੇ ਸੂਬਾ ਜਲਦੀ ਤਰੱਕੀ ਕਰੇ। ਉਹ ਨਾਲਾਇਕ ਤੇ ਬੇਈਮਾਨ ਅਫ਼ਸਰਾਂ ਨੂੰ ਸਭ ਦੇ ਸਾਹਮਣੇ ਝਾੜ ਦਿੰਦਾ ਸੀ। ਕੈਰੋਂ ਏਨਾ ਮਸਰੂਫ਼ ਰਹਿੰਦਾ ਸੀ ਕਿ ਉਹਨੂੰ ਆਪਣੇ ਘਰ ਦੀ ਸੁਧ ਨਹੀਂ ਸੀ। 1962 ਵਿਚ ਵੀ ਜੂਨ ਵਿਚ ਉਹ ਮੈਨੂੰ ਦਿੱਲੀ ਮਿਲਿਆ ਤੇ ਕਿਹਾ, "ਤੂੰ ਪੰਜਾਬ ਵਾਪਸ ਜਾ ਤੇ ਚੀਫ਼ ਸੈਕਰੇਟਰੀ ਦਾ ਅਹੁਦਾ ਸੰਭਾਲ ਲੈ।" ਮੈਂ ਯੋਜਨਾ ਕਮਿਸ਼ਨ ਵਿਚ ਸਲਾਹਕਾਰ ਲੱਗਾ ਸੀ ਤੇ ਮੁਲਕ ਦੇ ਕੁਦਰਤੀ ਸੋਮਿਆਂ ਦੇ ਅਧਿਐਨ ਦਾ ਕੰਮ ਜਾਰੀ ਕੀਤਾ ਸੀ ਜੋ ਅਜੇ ਅਧ ਵਿਚਾਲੇ ਹੀ ਸੀ। ਸੋ, ਮੈਂ ਪੰਜਾਬ ਜਾਣਾ ਠੀਕ ਨਾ ਸਮਝਿਆ।

ਜੂਨ 1964 ਵਿਚ ਕੈਰੋਂ ਨੇ ਅਸਤੀਫ਼ਾ ਦੇ ਦਿੱਤਾ। ਮਤਲਬਪ੍ਰਸਤ ਤੇ ਖੁਦਗਰਜ਼ ਲੋਕਾਂ ਜਿਨ੍ਹਾਂ ਦਾ ਉਸ ਦੇ ਗਿਰਦ ਝੁਰਮਟ ਲਗਾ ਰਹਿੰਦਾ ਸੀ, ਉਸ ਨੂੰ ਇਸ ਤਰ੍ਹਾਂ ਛੱਡ ਗਏ ਜਿਵੇਂ ਸ਼ਹਿਦ ਖਤਮ ਹੋਣ 'ਤੇ ਮੱਖੀਆਂ ਲੋਪ ਹੋ ਜਾਂਦੀਆਂ ਹਨ। ਜਿਹੜੇ ਥੋੜ੍ਹੇ ਜਿਹੇ ਬੰਦੇ ਉਸ ਦੇ ਵਫਾਦਾਰ ਰਹੇ, ਉਨ੍ਹਾਂ ਵਿਚੋਂ ਬਲਦੇਵ ਵੀ ਸੀ। ਇਸ ਵਫਾਦਾਰੀ ਕਰ ਕੇ ਮੇਰੇ ਦਿਲ ਵਿਚ ਉਸ ਦੀ ਇਜ਼ਤ ਹੋਰ ਵੀ ਵਧ ਗਈ।


ਅਕਤੂਬਰ 1964 ਵਿਚ ਮੈਂ ਆਪਣੇ ਬਾਗ ਜੋ ਖਰੜ ਗਾਰਡਨ ਕਾਲੋਨੀ ਵਿਚ ਹੈ, ਵਿਚ ਠਹਿਰਿਆ ਹੋਇਆ ਸੀ ਤੇ ਬਲਦੇਵ ਮਿਲਣ ਆਇਆ। ਚਾਰੇ ਪਾਸੇ ਮਾਯੂਸੀ ਦੀਆਂ ਘਟਨਾਵਾਂ ਛਾ ਰਹੀਆਂ ਸਨ, ਪਰ ਬਲਦੇਵ ਉਸੇ ਤਰ੍ਹਾਂ ਦ੍ਰਿੜ ਤੇ ਬਾਹੌਸਲਾ ਸੀ। ਮੈਂ ਉਸ ਨੂੰ ਕਿਹਾ ਕਿ ਮੇਰਾ ਸੰਦੇਸ਼ਾ ਪ੍ਰਤਾਪ ਸਿੰਘ ਨੂੰ ਦੇਵੇ ਕਿ ਉਹ ਸਾਰੇ ਪੰਜਾਬ ਦਾ ਬਾਦਸ਼ਾਹ ਸੀ, ਕੀ ਜ਼ਰੂਰਤ ਸੀ ਕਿ ਉਸ ਦਾ ਟੱਬਰ ਜਗ੍ਹਾ ਜਗ੍ਹਾ ਸਿਨਮੇ ਬਣਾਉਂਦਾ ਫਿਰੇ। ਬੜਾ ਅੱਛਾ ਹੋਵੇ, ਜੇ ਇਸ ਸਾਰੀ ਜਾਇਦਾਦ ਦਾ ਟਰਸਟ ਬਣਾ ਦਿੱਤਾ ਜਾਵੇ, ਤੇ ਟੱਬਰ ਨੂੰ ਵਿਚੋਂ ਮਾਕੂਲ ਗੁਜ਼ਾਰੀ ਮਿਲ ਜਾਵੇ ਤੇ ਬਾਕੀ ਆਮਦਨੀ ਪਿੰਡਾਂ ਦੇ ਹੋਣਹਾਰ ਮੁੰਡਿਆਂ ਨੂੰ ਸਨਅਤੀ ਤਾਲੀਮ ਲਈ ਵਜ਼ੀਫ਼ਿਆਂ ਦੇ ਤੌਰ 'ਤੇ ਵੰਡੀ ਜਾਵੇ। ਇਸ ਤਰ੍ਹਾਂ ਦੀ ਵੱਡੀ ਕੁਰਬਾਨੀ ਨਾਲ ਹੀ ਬਦਨਾਮੀ ਦਾ ਦਾਗ ਧੁਲ ਸਕਦਾ ਹੈ। ਕੁਝ ਦਿਨਾਂ ਪਿਛੋਂ ਬਲਦੇਵ ਫੇਰ ਮਿਲਣ ਆਇਆ ਤੇ ਉਸ ਕਿਹਾ ਕਿ ਕੈਰੋਂ ਨੂੰ ਤਾਂ ਇਹ ਸਲਾਹ ਬੜੀ ਪਸੰਦ ਆਈ ਹੈ, ਪਰ ਟੱਬਰ ਨਹੀਂ ਮੰਨਦਾ। ਇਹ ਮੇਰੀ ਬਲਦੇਵ ਨਾਲ ਆਖਰੀ ਮੁਲਾਕਾਤ ਸੀ।

ਫਰਵਰੀ 1965 ਦੀ ਇਕ ਸਵੇਰ ਮੈਂ ਪੜ੍ਹਿਆ ਕਿ ਬਲਦੇਵ ਵੀ ਕੈਰੋਂ ਨਾਲ ਹੀ ਮਾਰਿਆ ਗਿਆ ਹੈ ਤਾਂ ਮੇਰੇ ਦਿਲ ਵਿਚ ਉਸ ਦੀ ਇੱਜ਼ਤ ਹੋਰ ਵੀ ਵਧ ਗਈ ਕਿ ਵਫ਼ਾਦਾਰੀ ਤੇ ਦੋਸਤੀ ਇਸ ਦਾ ਨਾਂ ਹੈ। ਆਖਰੀ ਵੇਲੇ ਤੱਕ ਸਾਥ ਦਿੱਤਾ।

# ਸਦਾਬਹਾਰ ਮੁਸਕਾਨ ਵਾਲੀ ਮਾਧੁਰੀ ਦੀਕਸ਼ਿਤ

ਫਿਲਮ 'ਅਬੋਧ' ਦੀ ਮਾਸੂਮ ਜਿਹੀ ਗੋਰੀ ਅਤੇ ਫਿਲਮ 'ਤੇਜ਼ਾਬ' ਦੀ 'ਏਕ ਦੋ ਤੀਨ' ਵਾਲੀ ਅੱਲ੍ਹੜ ਕੁੜੀ ਫਿਲਮ 'ਬੇਟਾ' ਵਿਚ ਧਕ ਧਕ ਡਾਂਸ ਕਰਕੇ ਕਦੋਂ ਸਿਨੇਮਾ ਪ੍ਰੇਮੀਆਂ ਦੇ ਦਿਲ ਦੀ ਧੜਕਣ ਬਣ ਗਈ, ਫਿਲਮੀ ਪੰਡਿਤਾਂ ਨੂੰ ਪਤਾ ਵੀ ਨਾ ਲੱਗਾ।

22 ਜੂਨ 1990 ਨੂੰ ਮੈਂ ਦਿੱਲੀ ਦੇ ਮਸ਼ਹੂਰ ਸਿਨੇਮਾ ਹਾਲ ਸ਼ੀਲਾ ਵਿਚ ਫਿਲਮ 'ਦਿਲ' ਦਾ ਪ੍ਰੀਮੀਅਰ ਸ਼ੋ ਵੇਖ ਰਿਹਾ ਸਾਂ। ਫਿਲਮ ਦਾ ਗਾਣਾ 'ਮੁਝੇ ਨੀਂਦ ਨਾ ਆਏ...' ਜਦ ਸ਼ੁਰੂ ਹੋਇਆ ਤਾਂ ਕੀ ਵੇਖਦਾ ਹਾਂ, ਹਾਲ 'ਚ ਬੈਠੇ ਦਰਸ਼ਕ ਡਾਂਸ ਕਰਨ ਲੱਗ ਪਏ ਅਤੇ ਉਨ੍ਹਾਂ ਸਕਰੀਨ 'ਤੇ ਪੈਸੇ ਸੁਟਣੇ ਸ਼ੁਰੂ ਕਰ ਦਿਤੇ। ਇਹੋ ਜਿਹਾ ਮੰਜ਼ਰ ਮੈਨੂੰ ਫਿਲਮ 'ਨਾਨਕ ਨਾਮ ਜਹਾਜ਼ ਹੈ' ਦੀ ਭਰਪੂਰ ਕਾਮਯਾਬੀ ਤੋਂ ਕਈ ਦਹਾਕਿਆਂ ਪਿਛੋਂ ਵੇਖਣ ਨੂੰ ਮਿਲਿਆ ਸੀ। ਮਾਧੁਰੀ ਦੀਕਸ਼ਿਤ ਦੀ ਅਦਾਕਾਰੀ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ।



ਭੀਮ ਰਾਜ ਗਰਗ, ਚੰਡੀਗੜ੍ਹ
ਫੋਨ: 91-98765-45157

ਮਾਧੁਰੀ ਦਾ ਜ਼ਿਕਰ ਅਕਸਰ ਭਾਰਤੀ ਸਿਨੇਮਾ ਦੀ ਇੱਕ ਬੇਹਤਰੀਨ ਫਿਲਮ ਅਭਿਨੇਤਰੀ ਅਤੇ ਪ੍ਰਸਿੱਧ ਨ੍ਰਿਤਕੀ ਵਜੋਂ ਹੁੰਦਾ ਹੈ। 1980 ਤੇ 90ਵਿਆਂ ਦੌਰਾਨ ਮਾਧੁਰੀ ਦੇ ਨਾਚ ਅਤੇ ਅਦਾਕਾਰੀ ਦਾ ਅਜਿਹਾ ਜਾਦੂ ਸੀ ਕਿ ਉਹ ਪੂਰੇ ਦੇਸ਼ ਦੀ ਧੜਕਣ ਬਣ ਗਈ। ਉਸ ਨੇ ਆਪਣੀਆਂ ਦਿਲਕਸ਼ ਅਦਾਵਾਂ ਨਾਲ ਲਗਭਗ ਤਿੰਨ ਦਹਾਕੇ ਸਿਨੇਮਾ-ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕੀਤਾ। ਮਾਧੁਰੀ ਨੇ ਹਰ ਦਿਲ ਅਜ਼ੀਜ਼ ਅਦਾਕਾਰਾ ਮਧੂਬਾਲਾ ਦੀ ਮੁਸਕਾਨ ਨੂੰ ਚੁਰਾ ਕੇ ਆਪਣੀ ਅਦਾਇਗੀ ਵਿਚ ਸ਼ਾਮਿਲ ਕੀਤਾ ਅਤੇ ਹਰ ਵਰਗ ਦੇ ਦਰਸ਼ਕ ਨੂੰ ਆਪਣਾ ਮੁਰੀਦ ਬਣਾਉਣ 'ਚ ਕਾਮਯਾਬ ਹੋ ਗਈ। ਨੋਇਡਾ ਫਿਲਮ ਸਿਟੀ ਦੇ ਉਦਘਾਟਨ ਵੇਲੇ ਇਕ ਛੋਟੀ ਜਿਹੀ ਮੁਲਾਕਾਤ ਦੌਰਾਨ ਮਾਧੁਰੀ ਨੇ ਕਿਹਾ ਸੀ, "ਉਹ ਮਧੂਬਾਲਾ ਦੀ ਨਕਲ ਕਿਵੇਂ ਕਰ ਸਕਦੀ ਹੈ? ਜੇ ਦਰਸ਼ਕਾਂ ਨੂੰ ਉਸ ਦੀ ਅਦਾਕਾਰੀ 'ਚੋਂ ਮਧੂਬਾਲਾ ਜੀ ਦੀ ਝਲਕ ਆਉਂਦੀ ਹੈ ਤਾਂ ਇਹ ਓਹਦੇ ਲਈ ਬੜੇ ਫਖਰ ਦੀ ਗੱਲ ਹੈ।"

ਮਾਧੁਰੀ ਦਾ ਜਨਮ 15 ਮਈ 1967 ਨੂੰ ਮੁੰਬਈ ਦੇ ਇਕ ਮੱਧ ਵਰਗੀ ਬ੍ਰਾਹਮਣ ਪਰਿਵਾਰ 'ਚ ਪਿਤਾ ਸ਼ੰਕਰ ਦੀਕਸ਼ਿਤ ਅਤੇ ਮਾਂ ਸਨੇਹਲਤਾ ਦੀਕਸ਼ਿਤ ਦੇ ਘਰ ਹੋਇਆ। ਮਾਧੁਰੀ ਦੀਆਂ ਦੋ ਭੈਣਾਂ-ਰੂਪਾ ਤੇ ਭਾਰਤੀ ਅਤੇ ਇੱਕ ਭਰਾ ਅਜੀਤ ਹੈ। ਮਾਧੁਰੀ ਨੇ ਤਿੰਨ ਸਾਲ ਦੀ ਉਮਰੇ ਹੀ ਡਾਂਸ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਅੱਠ ਸਾਲ ਤੱਕ ਕੱਥਕ-ਨ੍ਰਿਤ ਦੀ ਟ੍ਰੇਨਿੰਗ ਲਈ। ਮਾਧੁਰੀ ਮੁੰਬਈ ਯੂਨੀਵਰਸਿਟੀ 'ਚ ਮਾਈਕ੍ਰੋਬਾਇਓਲਜੀ ਵਿਸ਼ੇ 'ਚ ਗਰੈਜੂਏਸ਼ਨ ਕਰਨ ਲਈ ਦਾਖਲ ਹੋਈ ਪਰ ਪੜ੍ਹਾਈ ਪੂਰੀ ਨਾ ਕਰ ਸਕੀ।

ਮਾਧੁਰੀ ਨੇ ਆਪਣੇ ਫਿਲਮੀ ਸਫਰ ਦਾ ਆਗਾਜ਼ 1984 'ਚ ਰਾਜਸ਼੍ਰੀ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਫਿਲਮ 'ਅਬੋਧ' ਵਿਚ ਗੋਰੀ ਦਾ ਰੋਲ ਨਿਭਾ ਕੇ ਕੀਤਾ। ਹਾਲਾਂ ਕਿ ਇਹ ਫਿਲਮ ਬਾਕਸ ਆਫਿਸ 'ਤੇ ਜ਼ਿਆਦਾ ਨਾ ਚੱਲੀ ਪਰ ਉਸ ਦੀ ਅਦਾਕਾਰੀ ਨੂੰ ਫਿਲਮ ਆਲੋਚਕਾਂ ਦਾ ਡੂੰਘਾ ਹੁੰਗਾਰਾ ਮਿਲਿਆ ਸੀ। ਇਸ ਪਿਛੋਂ ਉਸ ਨੂੰ ਜੋ ਵੀ ਫਿਲਮ ਮਿਲੀ, ਕਰਦੀ ਗਈ। ਸਾਲ 1984 ਤੋਂ 1988 ਤੱਕ ਉਹ ਇੰਡਸਟਰੀ 'ਚ ਜਗ੍ਹਾ ਬਣਾਉਣ ਲਈ ਸੰਘਰਸ਼ ਕਰਦੀ ਰਹੀ। ਇਸ ਦੌਰਾਨ ਉਸ ਨੇ ਕਈ ਬੀ.ਸੀ. ਗਰੇਡ ਫਿਲਮਾਂ ਜਿਵੇਂ 'ਸਵਾਤੀ', 'ਆਵਾਰਾ ਬਾਪ', 'ਜ਼ਮੀਨ', 'ਮੋਹਰੇ', 'ਹਿਫਾਜ਼ਤ' ਤੇ 'ਉਤਰ-ਦੱਖਣ' 'ਚ ਕੰਮ ਕੀਤਾ। ਪਰ ਇਨ੍ਹਾਂ 'ਚੋਂ ਕੋਈ ਵੀ ਫਿਲਮ ਬਾਕਸ ਆਫਿਸ ਉਤੇ ਕਾਮਯਾਬ ਨਾ ਹੋਈ।

ਦਿਲਕਸ਼ ਅਦਾਵਾਂ ਵਾਲੀ ਮਾਧੁਰੀ ਨੇ 17 ਸਾਲ ਦੀ ਉਮਰ 'ਚ ਬਾਲੀਵੁੱਡ 'ਚ ਕਦਮ ਰੱਖਿਆ ਸੀ ਜਦੋਂ ਕਿ 21 ਸਾਲ ਦੀ ਉਮਰ 'ਚ ਉਸ ਨੇ ਵਿਨੋਦ ਖੰਨਾ ਨਾਲ ਹੌਟ ਅਤੇ ਬੋਲਡ ਸੀਨ ਦਿੰਦਿਆਂ ਫਿਲਮ 'ਦਯਾਵਾਨ' 'ਚ ਮੀਂਹ ਦੀਆਂ ਬੂੰਦਾਂ 'ਚ 'ਆਜ ਫਿਰ ਤੁਮ ਪੇ ਪਿਆਰ ਆਇਆ ਹੈ' ਗਾਣਾ ਰਿਕਾਰਡ ਕੀਤਾ ਸੀ। ਉਸ ਸਮੇਂ ਮਾਧੁਰੀ ਨੇ ਵਿਨੋਦ ਖੰਨਾ ਨਾਲ ਇੰਟੀਮੇਟ ਸੀਨ ਦੇ ਕੇ ਤਹਿਲਕਾ ਮਚਾ ਦਿੱਤਾ ਸੀ। ਪਿਛੋਂ ਮਾਧੁਰੀ ਨੇ ਵਿਨੋਦ ਖੰਨਾ ਨਾਲ ਚੁੰਮਣ ਵਾਲੇ ਦ੍ਰਿਸ਼ ਦਿਖਾਉਣ ਦਾ ਅਫਸੋਸ ਜ਼ਾਹਰ ਕੀਤਾ ਸੀ।

ਸਾਲ 1988 'ਚ ਮਾਧੁਰੀ ਤੇ ਅਨਿਲ ਕਪੂਰ ਦੀ ਫਿਲਮ 'ਤੇਜ਼ਾਬ' ਰਿਲੀਜ਼ ਹੋਈ। ਫਿਲਮ 'ਚ ਮਾਧੁਰੀ 'ਤੇ ਫਿਲਮਾਇਆ ਗਿਆ ਗੀਤ 'ਏਕ ਦੋ ਤੀਨ' ਕਾਫੀ ਮਕਬੂਲ ਹੋਇਆ। ਇਸ ਫਿਲਮ ਨੇ ਉਸ ਦੇ ਕੈਰੀਅਰ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਉਹ ਫਿਲਮੀ ਆਸਮਾਨ ਦਾ ਚਮਕਦਾ ਸਿਤਾਰਾ ਬਣ ਗਈ। ਇਸ ਪਿਛੋਂ ਮਾਧੁਰੀ ਦੀਆਂ ਸਫਲ ਫਿਲਮਾਂ ਦਾ ਇਕ ਨਵਾਂ ਸਿਲਸਿਲਾ ਸ਼ੁਰੂ ਹੋ ਗਿਆ। 1990 'ਚ ਆਈ ਫਿਲਮ 'ਦਿਲ' ਸੁਪਰਹਿੱਟ ਹੋਈ। ਇਸ ਵਿਚ ਮਾਧੁਰੀ ਨੇ ਇੱਕ ਅਮੀਰ ਤੇ ਵਿਗੜੈਲ ਲੜਕੀ ਦਾ ਕਿਰਦਾਰ ਨਿਭਾਇਆ ਸੀ ਅਤੇ ਉਸ ਨੂੰ ਦਮਦਾਰ ਅਦਾਕਾਰੀ ਲਈ ਪਹਿਲੀ ਵਾਰ ਫਿਲਮ ਫੇਅਰ ਅਵਾਰਡ ਮਿਲਿਆ।

ਸਾਲ 1991 ਮਾਧੁਰੀ ਲਈ ਬਹੁਤ ਖਾਸ ਸਾਬਤ ਹੋਇਆ। ਇਸ ਸਾਲ ਉਸ ਦੀਆਂ '100 ਡੇਜ਼', 'ਪਰਹਾਰ', 'ਸਾਜਨ' ਵਰਗੀਆਂ ਹਿੱਟ ਫਿਲਮਾਂ ਰਿਲੀਜ਼ ਹੋਈਆਂ। ਇਨ੍ਹਾਂ ਫਿਲਮਾਂ ਦੀ ਸਫਲਤਾ ਪਿਛੋਂ ਮਾਧੁਰੀ ਸ਼ੁਹਰਤ ਦੀਆਂ ਬੁਲੰਦੀਆਂ 'ਤੇ ਜਾ ਪਹੁੰਚੀ। 1992 'ਚ ਮਾਧੁਰੀ ਦੀ ਫਿਲਮ 'ਬੇਟਾ' ਅਤੇ 1994 'ਚ ਰਾਜਸ਼੍ਰੀ ਪ੍ਰੋਡਕਸ਼ਨ ਦੀ ਫਿਲਮ 'ਹਮ ਆਪ ਕੇ ਹੈਂ ਕੌਨ' ਰਿਲੀਜ਼ ਹੋਈ। ਇਸ ਫਿਲਮ 'ਚ ਮਾਧੁਰੀ ਦੀ ਸਲਮਾਨ ਖਾਨ ਨਾਲ ਜੋੜੀ ਦਰਸ਼ਕਾਂ ਨੇ ਬਹੁਤ ਪਸੰਦ ਕੀਤੀ। ਮਾਧੁਰੀ 'ਤੇ ਫਿਲਮਾਇਆ ਗਿਆ ਗੀਤ 'ਦੀਦੀ ਤੇਰਾ ਦੇਵਰ ਦੀਵਾਨਾ...' ਸਰੋਤਿਆਂ ਵਿਚ ਕ੍ਰੇਜ਼ ਬਣ ਗਿਆ ਸੀ।

ਸਾਲ 1997 ਵਿਚ ਮਾਧੁਰੀ ਦੀ ਇੱਕ ਹੋਰ ਫਿਲਮ 'ਦਿਲ ਤੋ ਪਾਗਲ ਹੈ' ਸੁਪਰਹਿੱਟ ਹੋਈ। ਫਿਲਮ ਵਿਚ ਸ਼ਾਹਰੁਖ ਖਾਨ ਨਾਲ ਉਸ ਦੀ ਜੋੜੀ ਕਾਫੀ ਜਚੀ। 2002 ਵਿਚ ਫਿਲਮ 'ਦੇਵਦਾਸ' ਵਿਚ ਚੰਦਰਮੁਖੀ ਦੇ ਕਿਰਦਾਰ ਨਾਲ ਮਾਧੁਰੀ ਨੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਦਮਦਾਰ ਅਭਿਨੈ ਲਈ ਉਸ ਨੂੰ ਸਰਵਸ਼੍ਰੇਸ਼ਠ ਸਹਾਇਕ ਅਭਿਨੇਤਰੀ ਦਾ ਫਿਲਮ ਫੇਅਰ ਪੁਰਸਕਾਰ ਦਾ ਸਨਮਾਨ ਮਿਲਿਆ।

ਸ਼ੁਰੂਆਤੀ ਦੌਰ 'ਚ ਫਿਲਮਸਾਜ਼/ਡਾਇਰੈਕਟਰ ਉਸ ਦੀ ਮੁਸਕਾਨ ਦਾ ਮਜ਼ਾਕ ਇਹ ਕਹਿ ਕੇ ਉਡਾਉਂਦੇ ਸਨ ਕਿ ਮਾਧੁਰੀ ਜਦ ਹੱਸਦੀ ਹੈ ਤਾਂ ਉਸ ਦੇ ਦੰਦ ਬਾਹਰ ਨੂੰ ਵਿਖਾਈ ਦਿੰਦੇ ਹਨ। ਫਿਰ ਇੱਕ ਸਮਾਂ ਅਜਿਹਾ ਆਇਆ ਜਦੋਂ ਵੱਡੇ-ਵੱਡੇ ਨਿਰਮਾਤਾ ਉਸ ਦੀ ਮੁਸਕਾਨ ਦੇ ਕਾਇਲ ਹੋ ਗਏ।

ਮਾਧੁਰੀ ਨੇ ਰਾਜੀਵ ਰਾਏ ਦੀ ਮਲਟੀ-ਸਟਾਰ ਫਿਲਮ 'ਤ੍ਰਿਦੇਵ' ਵਿਚ ਸੰਨੀ ਦਿਓਲ ਨਾਲ ਜੋੜੀ ਬਣਾ ਕੇ ਸਫਲਤਾ ਹਾਸਲ ਕੀਤੀ। ਮਾਧੁਰੀ ਨੇ ਫਿਲਮ 'ਪਰਿੰਦਾ' ਵਿਚ ਅਨਿਲ ਕਪੂਰ ਦੇ ਨਾਲ ਪਾਰੋ ਵਰਗੀ ਛੋਟੀ ਭੂਮਿਕਾ ਰਾਹੀਂ ਦਰਸ਼ਕਾਂ ਦੇ ਦਿਲ ਜਿੱਤੇ। ਫਿਲਮ 'ਬੇਟਾ' 'ਚ ਇੱਕ ਅਜਿਹੀ ਔਰਤ ਦਾ ਕਿਰਦਾਰ ਨਿਭਾਇਆ, ਜਿਸ ਦਾ ਵਿਆਹ ਇੱਕ ਅਨਪੜ੍ਹ ਵਿਅਕਤੀ ਨਾਲ ਹੋਇਆ ਅਤੇ ਜੋ ਉਸ ਦੀ ਮਤਰੇਈ ਮਾਂ ਦੇ ਜ਼ੁਲਮਾਂ ਤੋਂ ਛੁਟਕਾਰਾ ਦਿਵਾਉਂਦੀ ਹੈ। ਇਸ ਫਿਲਮ ਵਿਚ ਉਸ ਦੀ ਭੂਮਿਕਾ ਨੂੰ ਸ੍ਰੀਦੇਵੀ ਲਈ ਲਿਖਿਆ ਗਿਆ ਸੀ। ਕੁਝ ਫਿਲਮ ਰਿਵੀਉਕਾਰਾਂ ਨੇ ਮਜ਼ਾਕ ਵਿਚ ਕਿਹਾ ਸੀ ਕਿ ਫਿਲਮ ਨੂੰ 'ਬੇਟੀ' ਕਿਹਾ ਜਾਣਾ ਚਾਹੀਦਾ ਹੈ। 1993 ਵਿਚ ਮਾਧੁਰੀ ਨੇ ਸੰਜੇ ਦੱਤ ਅਤੇ ਜੈਕੀ ਸ਼ਰਾਫ ਦੀ ਵਿਵਾਦਪੂਰਨ ਸੁਪਰਹਿੱਟ ਫਿਲਮ 'ਖਲਨਾਇਕ' ਵਿਚ ਪੁਲਿਸ ਅਫਸਰ ਗੰਗਾ ਦੀ ਭੂਮਿਕਾ ਨਿਭਾਈ ਸੀ।



ਮਾਧੁਰੀ ਦੀਆਂ ਅਹਿਮ ਫਿਲਮਾਂ 'ਚ 'ਰਾਮ ਲਖਨ', 'ਪਰਿੰਦਾ', 'ਕਿਸ਼ਨ-ਕਨ੍ਹੱਈਆ', '100 ਡੇਅਜ਼', 'ਸਾਜਨ', 'ਪਰਹਾਰ', 'ਬੇਟਾ', 'ਹਮ ਆਪ ਕੇ ਹੈਂ ਕੌਨ', 'ਪ੍ਰੇਮ ਪ੍ਰਤਿਗਿਆ', 'ਖਲਨਾਇਕ', 'ਰਾਜਾ', 'ਮ੍ਰਿਤੂਦੰਡ', 'ਦਿਲ ਤੋ ਪਾਗਲ ਹੈ', 'ਪੁਕਾਰ', 'ਦਯਾਵਾਨ', 'ਲੱਜਾ', 'ਯਾਰਾਨਾ', 'ਜਮਾਈ ਰਾਜਾ' ਅਤੇ 'ਦੇਵਦਾਸ' ਆਦਿ ਸ਼ਾਮਲ ਹਨ।

ਮਾਧੁਰੀ ਨੇ ਉਸ ਦੌਰ ਦੇ ਲਗਭਗ ਸਾਰੇ ਵੱਡੇ ਕਲਾਕਾਰਾਂ-ਅਮਿਤਾਭ ਬੱਚਨ, ਅਨਿਲ ਕਪੂਰ, ਮਿਥੁਨ ਚੱਕਰਵਰਤੀ, ਆਮਿਰ ਖਾਨ, ਜਿਤੇਂਦਰ, ਜੈਕੀ ਸ਼ਰਾਫ, ਸੰਜੇ ਦੱਤ, ਰਜਨੀਕਾਂਤ, ਵਿਨੋਦ ਖੰਨਾ ਅਤੇ ਸਨੀ ਦਿਓਲ ਨਾਲ ਕੰਮ ਕੀਤਾ ਹੈ। ਮਾਧੁਰੀ ਤੇ ਅਨਿਲ ਕਪੂਰ ਦੀਆਂ ਫਿਲਮਾਂ ਵਿਚ ਸਾਕਾਰਾਤਮਕ ਤੇ ਰੁਮਾਨੀ ਸਾਂਝ ਸੀ ਅਤੇ ਉਨ੍ਹਾਂ ਦੀ ਆਫ-ਸਕਰੀਨ ਕੈਮਿਸਟਰੀ ਵੀ ਬਹੁਤ ਵਧੀਆ ਸੀ। ਬਾਲੀਵੁੱਡ 'ਚ ਉਸ ਦੀ ਜੋੜੀ ਸਭ ਤੋਂ ਜ਼ਿਆਦਾ ਅਨਿਲ ਕਪੂਰ ਨਾਲ ਪਸੰਦ ਕੀਤੀ ਗਈ।

ਅਨਿਲ ਕਪੂਰ ਤੋਂ ਬਾਅਦ ਮਾਧੁਰੀ ਦੀ ਸੰਜੇ ਦੱਤ ਨਾਲ ਗਜਬ ਦੀ ਜੋੜੀ ਬਣੀ। ਉਨ੍ਹਾਂ ਦੀ ਪਹਿਲੀ ਫਿਲਮ 'ਮਹਾਨਤਾ' ਸੀ। ਬਾਅਦ ਵਿਚ ਉਹ 'ਖਤਰੋਂ ਕੇ ਖਿਲਾੜੀ', 'ਥਾਣੇਦਾਰ' ਅਤੇ 'ਇਲਾਕਾ' ਵਰਗੀਆਂ ਫਿਲਮਾਂ ਵਿਚ ਇਕੱਠੇ ਦੇਖੇ ਗਏ। 1991 ਵਿਚ ਇਕ ਰੋਮਾਂਟਿਕ ਫਿਲਮ 'ਸਾਜਨ' ਨੇ ਦੋਹਾਂ ਦੇ ਸਬੰਧਾਂ ਦੀਆਂ ਅਫਵਾਹਾਂ ਨੂੰ ਖੰਭ ਲਾ ਦਿਤੇ ਸਨ। ਜ਼ਾਹਰਾ ਤੌਰ 'ਤੇ ਫਿਲਮ 'ਸਾਜਨ' ਦੇ ਸੈਟਾਂ 'ਤੇ ਇਕ-ਦੂਜੇ ਲਈ ਉਨ੍ਹਾਂ ਦਾ ਪਿਆਰ ਵਧਦਾ ਗਿਆ। ਫਿਲਮ ਦੀ ਸਫਲਤਾ ਨੇ ਉਨ੍ਹਾਂ ਦੇ ਸਬੰਧ ਹੋਰ ਵੀ ਗੂੜ੍ਹੇ ਬਣਾ ਦਿੱਤੇ।




ਮਾਧੁਰੀ ਆਪਣੇ ਪਰਿਵਾਰ ਨਾਲ

ਪਰ ਮਾਧੁਰੀ ਦੇ ਪਿਤਾ ਨੇ ਇਸ 'ਤੇ ਇਤਰਾਜ਼ ਕੀਤਾ ਕਿਉਂਕਿ ਉਸ ਵੇਲੇ ਸੰਜੇ ਦੀ ਰਿਚਾ ਸ਼ਰਮਾ ਨਾਲ ਸ਼ਾਦੀ ਹੋ ਚੁਕੀ ਸੀ। ਆਖਰੀ ਵਾਰ ਉਨ੍ਹਾਂ ਨੇ ਫਿਲਮ 'ਖਲਨਾਇਕ' (1993) ਵਿਚ ਕੰਮ ਕੀਤਾ।

ਮਾਧੁਰੀ ਦੀ ਜੋੜੀ ਸ਼ਾਹਰੁਖ ਖਾਨ ਨਾਲ ਫਿਲਮ 'ਅੰਜਾਮ' ਵਿਚ ਬਣੀ। ਦੋਹਾਂ ਨੂੰ ਯਸ਼ ਰਾਜ ਫਿਲਮਜ਼ ਦੀ ਸੁਪਰ ਹਿੱਟ ਫਿਲਮ 'ਦਿਲ ਤੋ ਪਾਗਲ ਹੈ' ਵਿਚ ਦੁਬਾਰਾ ਇਕੱਠੇ ਵੇਖਿਆ ਗਿਆ। ਉਨ੍ਹਾਂ ਦੇ ਸਕਰੀਨ 'ਤੇ ਭਾਵੁਕ ਅਤੇ ਖ਼ੂਬਸੂਰਤ ਰੋਮਾਂਸ ਨੂੰ ਨੌਜਵਾਨ ਪੀੜ੍ਹੀ ਨੇ ਪਿਆਰ ਆਈਕਨ ਵਜੋਂ ਪ੍ਰਵਾਨ ਕੀਤਾ। ਇਸ ਫਿਲਮ ਵਿਚ ਮਾਧੁਰੀ ਨੇ ਇਕ ਜਵਾਨ ਔਰਤ ਦੀ ਨੈਤਿਕ ਦੁਬਿਧਾ ਦਾ ਸਾਹਮਣਾ ਕਰਨ ਵਾਲਾ ਕਿਰਦਾਰ ਨਿਭਾਇਆ। ਮਾਧੁਰੀ ਤੇ ਸ਼ਾਹਰੁਖ ਖਾਨ ਨੇ ਪੰਜ ਫਿਲਮਾਂ 'ਕੋਇਲਾ', 'ਅੰਜਾਮ', 'ਦਿਲ ਤੋ ਪਾਗਲ ਹੈ', 'ਹਮ ਤੁਮਹਾਰੇ ਹੈਂ ਸਨਮ' ਅਤੇ 'ਦੇਵਦਾਸ' ਵਿਚ ਕੰਮ ਕੀਤਾ। ਮਾਧੁਰੀ ਨੇ ਆਮਿਰ ਖਾਨ ਨਾਲ 'ਦਿਲ' ਅਤੇ 'ਦੀਵਾਨਾ ਮੁਝ ਸਾ ਨਹੀਂ' ਫਿਲਮਾਂ 'ਚ ਕੰਮ ਕੀਤਾ।

ਸਲਮਾਨ ਨਾਲ ਮਾਧੁਰੀ ਦੀ ਕੈਮਿਸਟਰੀ 'ਸਾਜਨ' ਅਤੇ 'ਦਿਲ ਤੇਰਾ ਆਸ਼ਿਕ' ਫਿਲਮਾਂ 'ਚ ਦਿਖਾਈ ਦਿੱਤੀ। ਪਰ ਫਿਲਮ 'ਹਮ ਆਪ ਕੇ ਹੈਂ ਕੌਣ' ਨੇ ਭਾਰਤੀ ਸਿਨੇਮਾ ਵਿਚ ਸਭ ਤੋਂ ਹੈਰਾਨਕੁਨ ਇਤਿਹਾਸ ਬਣਾਇਆ ਹੈ। ਫਿਲਮ ਵਿਚ ਮਾਧੁਰੀ ਦੀ ਸ਼ਰਾਰਤੀ, ਮਜ਼ਬੂਤ ਸੋਚ ਅਤੇ ਆਜ਼ਾਦ ਲੜਕੀ ਦੀ ਭੂਮਿਕਾ ਨੇ ਉਸ ਨੂੰ ਫਿਲਮਫੇਅਰ ਬੈਸਟ ਐਕਟ੍ਰੈਸ ਪੁਰਸਕਾਰ ਦੁਆਇਆ। ਕਿਹਾ ਜਾਂਦਾ ਹੈ ਕਿ ਇਸ ਫਿਲਮ ਵਾਸਤੇ ਮਾਧੁਰੀ ਨੂੰ ਕੋਈ ਦੋ ਕਰੋੜ 75 ਲੱਖ 35 ਹਜ਼ਾਰ ਰੁਪਏ ਮਿਲੇ ਸਨ।

ਮਾਧੁਰੀ ਦਾ ਸੁਪਨਾ ਡਾਕਟਰ ਬਣਨ ਦਾ ਸੀ। ਉਹ ਆਪ ਤਾਂ ਡਾਕਟਰ ਨਾ ਬਣ ਸਕੀ ਪਰ ਉਸ ਨੇ ਆਪਣਾ ਜੀਵਨ ਸਾਥੀ ਸ੍ਰੀਰਾਮ ਨੇਨੇ ਨੂੰ ਚੁਣਿਆ ਜੋ ਅਮਰੀਕਾ ਵਿਚ ਪੇਸ਼ੇ ਵਜੋਂ ਇੱਕ ਡਾਕਟਰ ਸੀ। ਮਾਧੁਰੀ ਅਤੇ ਨੇਨੇ ਦੀ ਸ਼ਾਦੀ 17 ਅਕਤੂਬਰ 1999 ਨੂੰ ਹੋ ਹੋਈ। ਉਨ੍ਹਾਂ ਦੇ ਦੋ ਬੇਟੇ-ਆਰੀਨ ਅਤੇ ਰਾਈਨ ਹਨ।

ਮਾਧੁਰੀ ਦਾ ਫਿਲਮ ਕੈਰੀਅਰ ਜਦੋਂ ਸਿਖਰ 'ਤੇ ਸੀ ਤਾਂ ਉਸ ਨੇ ਫਿਲਮ 'ਹਮ ਤੁਮਹਾਰੇ ਹੈਂ ਸਨਮ' (2002) ਤੋਂ ਬਾਅਦ ਵਿਆਹੁਤਾ ਜੀਵਨ ਬਿਤਾਉਣ ਲਈ ਫਿਲਮ ਜਗਤ ਤੋਂ ਕਿਨਾਰਾ ਕਰ ਲਿਆ। ਪਰ ਉਹ ਜ਼ਿਆਦਾ ਦੇਰ ਤਕ ਗਲੈਮਰ ਦੀ ਦੁਨੀਆਂ ਦਾ ਮੋਹ ਨਾ ਛੱਡ ਸਕੀ ਅਤੇ ਉਸ ਨੇ ਡਾਂਸ ਰਿਐਲਿਟੀ ਸ਼ੋਅ 'ਝਲਕ ਦਿਖਲਾ ਜਾ' ਵਿਚ ਇੱਕ ਜੱਜ ਦੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿਤੀ। ਇਸ ਸ਼ੋਅ ਨੂੰ ਦਰਸ਼ਕਾਂ ਤੋਂ ਮਿਲੇ ਹੁੰਗਾਰੇ ਨੇ ਮਾਧੁਰੀ ਦਾ ਹੌਸਲਾ ਇਸ ਕਦਰ ਵਧਾਇਆ ਕਿ ਉਹ ਆਪਣੇ ਪਤੀ ਡਾ. ਨੇਨੇ ਨਾਲ ਵਾਪਸ ਦੇਸ਼ ਪਰਤ ਆਈ।

ਸਾਲ 2007 'ਚ ਯਸ਼ਰਾਜ ਫਿਲਮਜ਼ ਦੀ 'ਆਜਾ ਨੱਚ ਲੈ' ਨਾਲ ਮਾਧੁਰੀ ਨੇ ਬਾਲੀਵੁੱਡ 'ਚ ਆਪਣੀ ਦੂਜੀ ਪਾਰੀ ਦੀ ਸ਼ੁਰੂਆਤ ਕੀਤੀ। ਹਾਲਾਂਕਿ ਮਾਧੁਰੀ ਦੇ ਕੰਮ ਦੀ ਰੱਜ ਕੇ ਤਾਰੀਫ ਹੋਈ ਪਰ ਫਿਲਮ ਬਾਕਸ ਆਫਿਸ 'ਤੇ ਪਿਟ ਗਈ। ਮਾਧੁਰੀ ਨੇ 2013 'ਚ ਰਿਲੀਜ਼ ਹੋਈਆਂ ਫਿਲਮਾਂ 'ਯੇ ਜਵਾਨੀ ਹੈ ਦੀਵਾਨੀ' ਅਤੇ 'ਡੇਢ ਇਸ਼ਕੀਆ' ਕੀਤੀਆਂ। ਬਾਲੀਵੁੱਡ ਦੇ ਮਸ਼ਹੂਰ ਫਿਲਮਕਾਰ ਕਰਨ ਜੌਹਰ ਦੀ ਫਿਲਮ 'ਯੇ ਜਵਾਨੀ ਹੈ ਦੀਵਾਨੀ' 'ਚ ਮਾਧੁਰੀ ਨੇ 'ਘੱਗਰਾ' ਗਾਣਾ ਪੇਸ਼ ਕੀਤਾ। ਪਰ ਅਫਸੋਸ! 'ਗੁਲਾਬ ਗੈਂਗ' ਵਰਗੀਆਂ ਫਿਲਮਾਂ ਵੀ ਮਾਧੁਰੀ ਦੇ ਡਗਮਗਾਉਂਦੇ ਫਿਲਮ ਕੈਰੀਅਰ ਨੂੰ ਬੰਨੇ ਲਾਉਣ 'ਚ ਕਾਮਯਾਬ ਨਾ ਹੋ ਸਕੀਆਂ।

ਮਾਧੁਰੀ ਨੇ ਕਈ ਫਿਲਮਾਂ 'ਚ ਆਪਣੇ ਨ੍ਰਿਤ ਦੇ ਜੌਹਰ ਦਿਖਾਏ। ਮਾਧੁਰੀ ਨੂੰ 'ਬੇਟਾ' ਫਿਲਮ ਦੇ ਇਸ ਗੀਤ ਰਾਹੀਂ ਹੀ 'ਧਕ ਧਕ ਗਰਲ' ਨਾਂ ਨਾਲ ਪੁਕਾਰਿਆ ਜਾਣ ਲੱਗਾ। ਮਾਧੁਰੀ ਦਾ ਕਹਿਣਾ ਹੈ ਕਿ ਨ੍ਰਿਤ ਹੀ ਉਸ ਦੀ ਅਸਲੀ ਪਛਾਣ ਹੈ ਅਤੇ ਉਹ ਸਟੇਜ ਡਾਂਸਰ ਹੋਣ ਦੇ ਨਾਲ-ਨਾਲ ਸਟਰੀਟ ਡਾਂਸਰ ਵੀ ਹੈ। ਉਸ ਨੇ ਜੋ ਕੁਝ ਵੀ ਸ਼ੋਖੀ ਭਰੇ ਗਾਣੇ ਕੀਤੇ ਹਨ, ਉਨ੍ਹਾਂ ਦਾ ਸਿਹਰਾ ਸਰੋਜ ਖਾਨ ਨੂੰ ਜਾਂਦਾ ਹੈ ਕਿਉਂਕਿ ਉਸ 'ਚ ਅਦਾ ਤੇ ਨਜ਼ਾਕਤ ਸ਼ਾਮਿਲ ਹੈ। ਮਾਧੁਰੀ ਅਮਰੀਕਾ ਵਿਚ ਆਪਣੀ ਡਾਂਸ ਅਕੈਡਮੀ ਵੀ ਚਲਾਉਂਦੀ ਹੈ। 'ਡਾਂਸ ਵਿਦ ਮਾਧੁਰੀ' ਨਾਂ ਦੀ ਐਪ ਰਾਹੀਂ ਡਾਂਸ ਸਿੱਖਣ ਦੇ ਚਾਹਵਾਨ ਘਰ ਬੈਠੇ ਡਾਂਸ ਸਿੱਖ ਰਹੇ ਹਨ। ਮਾਧੁਰੀ ਭਾਵੇਂ ਅੱਜ ਕੱਲ ਲਾਈਮ ਲਾਈਟ ਤੋਂ ਦੂਰ ਰਹਿੰਦੀ ਹੈ ਪਰ ਇੱਕ ਸਮੇਂ ਉਹ ਬਾਲੀਵੁੱਡ ਕੁਈਨ ਅਖਵਾਉਂਦੀ ਸੀ। ਮਾਧੁਰੀ 'ਸੋ ਯੂ ਥਿੰਕ ਯੂ ਕੈਨ ਡਾਂਸ' ਅਤੇ 'ਅਬ ਇੰਡੀਆ ਕੀ ਬਾਰੀ' ਸ਼ੋਅ ਵਿਚ ਜੱਜ ਵੀ ਬਣੇਗੀ।

ਮਾਧੁਰੀ ਬਾਲੀਵੁੱਡ ਦੀ ਡਾਂਸਿੰਗ ਦਿਵਾ ਅਤੇ 1000 ਵਾਟ ਮੁਸਕਾਨ ਵਾਲੀ ਅਭਿਨੇਤਰੀ ਹੈ। ਉਸ ਨੂੰ 'ਨੱਬੇਵਿਆਂ ਦੀ ਮਧੂਬਾਲਾ' ਕਿਹਾ ਜਾਂਦਾ ਹੈ। ਉਸ ਨੂੰ ਬਾਲੀਵੁੱਡ ਦੀ ਮਰਲਿਨ ਮੋਨਰੋ ਵੀ ਕਿਹਾ ਜਾਂਦਾ ਹੈ। ਨਾਮੀ ਚਿੱਤਰਕਾਰ ਐਮ.ਐਫ. ਹੁਸੈਨ ਉਸ ਦੀ ਖ਼ੂਬਸੂਰਤੀ ਤੇ ਅਭਿਨੈ ਪ੍ਰਤਿਭਾ ਦਾ ਇਸ ਕਦਰ ਕਾਇਲ ਸੀ ਕਿ ਉਸ ਨੇ ਫਿਲਮ 'ਹਮ ਆਪ ਕੇ ਹੈਂ ਕੌਣ' 67 ਵਾਰ ਦੇਖੀ। ਫੇਰ 2007 ਵਿਚ ਉਸ ਨੇ ਮਾਧੁਰੀ ਦੀ ਫਿਲਮ 'ਆਜਾ ਨੱਚ ਲੈ' ਨੂੰ ਵੇਖਣ ਲਈ ਇਕ ਥੀਏਟਰ ਪੂਰੇ ਦਾ ਪੂਰਾ ਬੁੱਕ ਕਰਵਾਇਆ ਸੀ। ਹੁਸੈਨ ਨੇ ਮਾਧੁਰੀ ਦੀਆਂ ਕਈ ਪੇਂਟਿੰਗ ਤਿਆਰ ਕੀਤੀਆਂ ਅਤੇ 2000 ਵਿਚ ਉਸ ਨੇ 'ਗਜ ਗਾਮਨੀ' ਨਾਂ ਦੀ ਫਿਲਮ ਬਣਾ ਕੇ ਮਾਧੁਰੀ ਨੂੰ ਸਮਰਪਿਤ ਕੀਤੀ ਸੀ।

ਮਸ਼ਹੂਰ ਗਾਇਕਾ ਨੀਤੀ ਮੋਹਨ ਮਾਧੁਰੀ ਦੀ ਇੰਨੀ ਵੱਡੀ ਪ੍ਰਸ਼ੰਸਕ ਹੈ ਕਿ ਉਹ ਉਸ ਦਾ ਮੰਦਿਰ ਆਪਣੇ ਘਰ 'ਚ ਬਣਵਾਉਣਾ ਚਾਹੁੰਦੀ ਹੈ। ਉਸ ਦੀ ਚਾਹਤ ਹੈ ਕਿ ਉਹ ਇਕ ਦਿਨ ਮਾਧੁਰੀ ਲਈ ਜ਼ਰੂਰ ਗਾਵੇ। ਫਿਲਮ 'ਬੇਟਾ' ਵਿਚ 'ਧਕ ਧਕ' ਗੀਤ 'ਤੇ ਮਾਧੁਰੀ ਦਾ ਡਾਂਸ ਦੇਖਣ ਪਿੱਛੋਂ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਕਿਹਾ ਸੀ, ਮਾਧੁਰੀ ਬਿਨਾ ਕਿਸੇ ਅਸ਼ਲੀਲਤਾ ਦੇ ਵੀ ਬਿਹਤਰੀਨ ਤਰੀਕੇ ਨਾਲ ਗਲੈਮਰ ਦਾ ਪ੍ਰਦਰਸ਼ਨ ਕਰਦੀ ਹੈ।

ਮਾਧੁਰੀ ਨੇ ਕਰੀਬ 70 ਫਿਲਮਾਂ ਵਿਚ ਆਪਣੀ ਅਦਾਇਗੀ ਦੇ ਜੌਹਰ ਵਿਖਾਏ ਹਨ। ਇਸ ਤੋਂ ਇਲਾਵਾ ਉਸ ਨੇ ਫਿਲਮ 'ਦੇਵਦਾਸ' ਅਤੇ 'ਵਜੂਦ' ਲਈ ਗਾਇਆ ਵੀ ਹੈ।

ਮਾਧੁਰੀ ਨੂੰ ਚਾਰ ਵਾਰ ਫਿਲਮ 'ਦਿਲ' (1990), 'ਬੇਟਾ' (1993), 'ਹਮ ਆਪ ਕੇ ਹੈਂ ਕੌਨ' (1995) ਅਤੇ 'ਦਿਲ ਤੋ ਪਾਗਲ ਹੈ' (1998) ਵਿਚ ਬੇਹਤਰੀਨ ਅਦਾਕਾਰੀ ਲਈ ਫਿਲਮਫੇਅਰ ਸਰਵਸ੍ਰੇਸ਼ਟ ਅਭਿਨੇਤਰੀ ਪੁਰਸਕਾਰ ਮਿਲਿਆ। ਫਿਲਮ 'ਦੇਵਦਾਸ' (2003) ਲਈ ਉਸ ਨੂੰ ਸਰਵੋਤਮ ਸਹਾਇਕ ਅਦਾਕਾਰਾ ਦਾ ਫਿਲਮ ਫੇਅਰ ਅਵਾਰਡ ਮਿਲਿਆ। ਸਾਲ 2001 'ਚ 'ਫੋਰਬਜ਼' ਮੈਗਜ਼ੀਨ ਨੇ ਮਾਧੁਰੀ ਨੂੰ ਭਾਰਤੀ ਸਿਨੇਮਾ ਦੇ 5 ਸਭ ਤੋਂ ਵੱਧ ਪ੍ਰਭਾਵਸ਼ਾਲੀ ਲੋਕਾਂ ਦੀ ਲਿਸਟ 'ਚ ਸ਼ਾਮਲ ਕੀਤਾ ਸੀ। 2008 ਵਿਚ ਭਾਰਤ ਸਰਕਾਰ ਨੇ ਉਸ ਨੂੰ ਪਦਮਸ਼੍ਰੀ ਨਾਲ ਸਨਮਾਨਿਆ। ਮਾਧੁਰੀ ਨੂੰ ਸੰਯੁਕਤ ਰਾਸ਼ਟਰ ਬਾਲ ਫੰਡ (ਯੂਨੀਸੈਫ) ਵਲੋਂ ਸ਼ੁਰੂ ਕੀਤੇ ਗਏ 'ਮਦਰ'ਜ਼ ਐਬਸੋਲਿਊਟ ਅਫੈਕਸ਼ਨ ਅਭਿਆਨ' (ਬੱਚਿਆਂ ਲਈ ਮਾਂ ਦੇ ਦੁੱਧ ਦੀ ਮਹੱਤਤਾ ਨੂੰ ਉਤਸ਼ਾਹ ਦੇਣ ਲਈ) ਦਾ ਬ੍ਰਾਂਡ ਅੰਬੈਸਡਰ ਬਣਾਇਆ ਗਿਆ ਹੈ।

ਮਾਧੁਰੀ ਦੇ ਚਿਹਰੇ ਤੋਂ ਹੁਣ ਉਸ ਦੀ ਵਧਦੀ ਉਮਰ ਦਾ ਝਲਕਾਰਾ ਮਿਲਣ ਲੱਗ ਪਿਆ ਹੈ। ਕੁਝ ਸਮਾਂ ਪਹਿਲਾਂ ਮਾਧੁਰੀ ਨੇ ਮੀਡੀਆ ਫੋਟੋਗ੍ਰਾਫਰਾਂ ਨੂੰ ਦੇਖ ਦੇ ਆਪਣਾ ਚਿਹਰਾ ਲੁਕਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਉਸ ਦੀਆਂ ਇਹ ਫੋਟੋਆਂ ਸੋਸ਼ਲ ਮੀਡੀਏ 'ਤੇ ਵਾਇਰਲ ਹੋ ਗਈਆਂ। ਮਹਿਕਾਂ ਵੰਡਣ ਵਾਲੀ ਮਾਧੁਰੀ ਦੀ ਸਦਾਬਹਾਰ ਮੁਸਕਾਨ ਨੂੰ ਸਿਨੇਮਾ ਪ੍ਰੇਮੀ ਕਦੇ ਨਹੀਂ ਭੁੱਲਣਗੇ।

# ਮੰਜੂ ਵਾਰੀਅਰ ਬਣੇਗੀ ਕਮਲਾ ਦਾਸ






ਕਮਲਾ ਦਾਸ





ਕੇਰਲ ਦੀ ਚੋਟੀ ਦੀ ਲਿਖਾਰੀ ਕਮਲਾ ਦਾਸ ਉਰਫ਼ ਕਮਲਾ ਸੁਰੱਈਆ ਉਰਫ ਮਾਧਵੀਕੁੱਟੀ ਬਾਰੇ ਫਿਲਮਸਾਜ਼ ਕਮਾਲ-ਉਦ-ਦੀਨ ਮੁਹੰਮਦ ਵੱਲੋਂ ਬਣਾਈ ਜਾ ਰਹੀ ਫਿਲਮ 'ਆਮੀ' ਵਿਚ ਹੁਣ ਮਲਿਆਲਮ ਅਦਾਕਾਰਾ ਮੰਜੂ ਵਾਰੀਅਰ ਕਮਲਾ ਦਾਸ ਵਾਲਾ ਕਿਰਦਾਰ ਨਿਭਾਅ ਰਹੀ ਹੈ। ਪਹਿਲਾਂ ਇਸ ਫਿਲਮ ਲਈ ਵਿਦਿਆ ਬਾਲਨ ਦੀ ਚੋਣ ਕੀਤੀ ਸੀ, ਪਰ ਉਸ ਨੇ ਬਿਨਾਂ ਕੋਈ ਕਾਰਨ ਦੱਸੇ ਇਹ ਫਿਲਮ ਕਰਨ ਤੋਂ ਹੱਥ ਪਿਛਾਂਹ ਖਿੱਚ ਲਿਆ ਸੀ। ਉਸ ਵਕਤ ਇਹ ਗੱਲ ਸਾਹਮਣੇ ਆਈ ਸੀ ਕਿ ਹਿੰਦੂ

**ਆਮਨਾ ਕੌਰ**

ਕੱਟੜਵਾਦੀਆਂ ਦੀਆਂ ਧਮਕੀਆਂ ਕਾਰਨ ਵਿਦਿਆ ਬਾਲਨ ਨੇ ਇਸ ਰੱਫੜ ਵਿਚ ਪੈਣ ਤੋਂ ਕਿਨਾਰਾ ਕੀਤਾ ਹੈ। ਯਾਦ ਰਹੇ ਕਿ ਕੇਰਲ ਵਿਚ ਆਰ.ਐਸ.ਐਸ. ਦੀ ਅਗਵਾਈ ਹੇਠ ਕੱਟੜ ਜਥੇਬੰਦੀਆਂ ਅੱਜ ਕੱਲ੍ਹ ਬੜੀ ਸਰਗਰਮੀ ਕਰ ਰਹੀਆਂ ਹਨ ਅਤੇ ਇਹ ਘੱਟ-ਗਿਣਤੀਆਂ ਤੇ ਖੱਬੇ ਪੱਖੀਆਂ ਨੂੰ ਆਪਣਾ ਨਿਸ਼ਾਨਾ ਵੀ ਬਣਾ ਰਹੀਆਂ ਹਨ।

ਫਿਲਮਸਾਜ਼ ਕਮਾਲ ਨੇ ਦੱਸਿਆ ਕਿ ਮੰਜੂ ਵਾਰੀਅਰ ਦੀ ਚੋਣ ਨਾਲ ਉਸ ਨੂੰ ਪੂਰੀ ਤਸੱਲੀ ਹੈ। ਇਕ ਤਾਂ ਮੰਜੂ ਸਿਰੇ ਦੀ ਅਦਾਕਾਰਾ ਹੈ ਅਤੇ ਦੂਜੇ, ਮੰਜੂ ਦੇ ਨੈਣ-ਨਕਸ਼ ਕੁਝ ਕੁਝ ਕਮਲਾ ਦਾਸ ਨਾਲ ਮਿਲਦੇ ਜੁਲਦੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਮੰਜੂ ਵਾਰੀਅਰ ਕਮਲਾ ਦਾਸ ਦੇ ਕਿਰਦਾਰ ਨਾਲ ਪੂਰਾ ਨਿਆਂ ਕਰੇਗੀ। ਵਿਦਿਆ ਬਾਲਨ ਵੱਲੋਂ ਫਿਲਮ ਛੱਡਣ ਨਾਲ ਕਮਾਲ ਬਹੁਤ ਦੁਖੀ ਹੋਇਆ ਸੀ। ਉਸ ਨੇ ਤਾਂ ਪਿਛਲੇ ਸਾਲ ਨਵੰਬਰ ਵਿਚ ਫਿਲਮ ਦੀ ਸ਼ੂਟਿੰਗ ਵੀ ਸ਼ੁਰੂ ਕਰ ਲਈ ਸੀ ਅਤੇ ਵਿਦਿਆ ਬੜੇ ਚਾਅ ਨਾਲ ਖੁਦ ਫਿਲਮ ਨਾਲ ਸਬੰਧਤ ਫੋਟੋਆਂ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀਆਂ ਕਰ ਰਹੀ ਸੀ, ਪਰ ਅਚਾਨਕ ਉਸ ਨੇ ਫਿਲਮ ਤੋਂ ਇਨਕਾਰ ਕਰ ਦਿੱਤਾ ਸੀ। ਉਦੋਂ ਤਪੇ ਹੋਏ ਕਮਾਲ ਨੇ ਵਿਦਿਆ ਦੀ ਇਸ ਕਾਰਵਾਈ ਨੂੰ ਅਨੈਤਿਕ ਅਤੇ ਗੈਰ-ਪੇਸ਼ੇਵਾਰਾਨਾ ਕਰਾਰ ਦਿੱਤਾ ਸੀ। ਉਸ ਮੁਤਾਬਕ ਉਸ ਨੂੰ ਤਾਂ ਯਕੀਨ ਹੀ ਨਹੀਂ ਆਇਆ ਕਿ ਵਿਦਿਆ ਬਾਲਨ ਵਰਗੀ ਅਦਾਕਾਰਾ ਇੰਜ ਵੀ ਕਰ ਸਕਦੀ ਹੈ। ਕਮਾਲ ਮੁਤਾਬਕ, ਉਸ ਨੇ ਵਿਦਿਆ ਬਾਲਨ ਨਾਲ ਇਸ ਫਿਲਮ ਬਾਰੇ ਤਕਰੀਬਨ ਇਕ ਸਾਲ ਵਿਸਥਾਰ ਸਾਹਿਤ ਵਿਚਾਰ ਚਰਚਾ ਕੀਤੀ ਸੀ ਅਤੇ ਵਿਦਿਆ ਨੂੰ ਬਕਾਇਦਾ ਫਿਲਮ ਦੀ ਸਾਰੀ ਪਟਕਥਾ ਪੜ੍ਹ ਕੇ ਸੁਣਾਈ ਗਈ ਸੀ। ਸਭ ਕੁਝ ਤੈਅ ਵੀ ਹੋ ਗਿਆ ਸੀ, ਪਰ ਉਸ ਨੇ ਫਿਲਮ ਛੱਡਣ ਲੱਗਿਆਂ ਮਿੰਟ ਵੀ ਨਹੀਂ ਲਾਇਆ। ਉਸ ਨੇ ਕਮਾਲ ਨੂੰ ਸਿਰਫ਼ ਐਸ.ਐਮ.ਐਸ. ਭੇਜ ਕੇ ਫਿਲਮ ਤੋਂ ਨਾਂਹ ਕਰ ਦਿੱਤੀ। ਕਮਾਲ ਜਾਣਦਾ ਸੀ ਕਿ ਕਮਲਾ ਦਾਸ ਦੀ ਵਿਵਾਦਾਂ ਵਿਚ ਘਿਰੀ ਜ਼ਿੰਦਗੀ ਕਾਰਨ ਹੀ ਵਿਦਿਆ ਨੇ ਨਾਂਹ ਕੀਤੀ ਹੈ। ਯਾਦ ਰਹੇ ਕਿ ਆਪਣੀ ਉਮਰ ਦੇ ਆਖਰੀ ਪੜਾਅ ਦੌਰਾਨ ਕਮਲਾ ਦਾਸ ਨੇ ਇਸਲਾਮ ਅਪਣਾ ਲਿਆ ਸੀ। ਉਂਜ ਵੀ ਉਹ ਸਾਰੀ ਉਮਰ ਸਮਾਜ ਦੇ ਠੇਕੇਦਾਰਾਂ ਦੀਆਂ ਅੱਖਾਂ ਵਿਚ ਰੜਕਦੀ ਰਹੀ ਸੀ। ਉਸ ਨੇ ਆਪਣੀਆਂ ਰਚਨਾਵਾਂ ਤੋਂ ਇਲਾਵਾ ਆਪਣੀ ਜ਼ਿੰਦਗੀ ਬਾਰੇ ਲਿਖੀ ਕਿਤਾਬ 'ਮੇਰੀ ਕਹਾਣੀ' ਵਿਚ ਸਮਾਜ ਦੇ ਇਨ੍ਹਾਂ ਠੇਕੇਦਾਰਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਸਨ। ਇਹ ਕਿਤਾਬ ਅੰਗਰੇਜ਼ੀ ਅਤੇ ਪੰਜਾਬੀ ਤੋਂ ਇਲਾਵਾ ਸੰਸਾਰ ਦੀਆਂ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਈ ਸੀ ਅਤੇ ਹਰ ਵਾਰ ਇਸ ਬਾਰੇ ਖੂਬ ਚਰਚਾ ਹੋਈ ਸੀ।

ਹੁਣ ਪਤਾ ਲਗਾ ਹੈ ਕਿ ਹਿੰਦੂ ਕੱਟੜਪੰਥੀ ਮੰਜੂ ਵਾਰੀਅਰ ਦੇ ਪਿਛੇ ਵੀ ਪੈ ਗਏ ਹਨ। ਉਂਜ ਮੰਜੂ ਨੇ ਠੋਕ ਵਜਾ ਕੇ ਕਿਹਾ ਹੈ ਕਿ ਉਹ ਇਹ ਫਿਲਮ ਛੱਡੇਗੀ ਨਹੀਂ। ਉਸ ਨੇ ਇਹ ਮੰਨਿਆ ਹੈ ਕਿ ਉਸ ਦੇ ਕੁਝ ਨੇੜਲਿਆਂ ਨੇ ਉਸ ਨੂੰ ਇਹ ਫਿਲਮ ਨਾ ਕਰਨ ਦੀ ਸਲਾਹ ਦਿੱਤੀ ਹੈ, ਪਰ ਉਸ ਨੂੰ ਲਗਦਾ ਹੈ ਕਿ ਉਸ ਨੂੰ ਇਹ ਫਿਲਮ ਕਰਨੀ ਹੀ ਚਾਹੀਦੀ ਹੈ। ਇਸ ਤੋਂ ਪਹਿਲਾਂ ਮੰਜੂ ਵਾਰੀਅਰ ਨੇ ਕਮਾਲ-ਉਦ-ਦੀਨ ਨਾਲ ਦੋ ਫਿਲਮਾਂ ਕੀਤੀਆਂ ਹਨ। ਉਸ ਦਾ ਕਹਿਣਾ ਹੈ ਕਿ ਕਮਾਲ ਮਲਿਆਲਮ ਫਿਲਮ ਸਨਅਤ ਦਾ ਕਮਾਲ ਦਾ ਫਿਲਮਸਾਜ਼ ਹੈ ਅਤੇ ਬਣਾਈ ਜਾ ਰਹੀ ਫਿਲਮ 'ਆਮੀ' ਮਲਿਆਲਮ ਹੀ ਨਹੀਂ, ਸਮੁੱਚੇ ਭਾਰਤੀ ਸਿਨੇਮਾ ਦਾ ਮੀਲ ਪੱਥਰ ਸਾਬਤ ਹੋਵੇਗੀ।

ਕਮਾਲ ਨੇ ਆਪਣਾ ਫਿਲਮ ਕਰੀਅਰ 1986 ਵਿਚ ਸ਼ੁਰੂ ਕੀਤਾ ਸੀ ਅਤੇ ਹੁਣ ਤੱਕ ਉਹ 4 ਦਰਜਨ ਦੇ ਕਰੀਬ ਫਿਲਮਾਂ ਡਾਇਰੈਕਟਰ ਕਰ ਚੁੱਕਾ ਹੈ। ਇਨ੍ਹਾਂ ਵਿਚੋਂ ਅੱਠ-ਦਸ ਫਿਲਮਾਂ ਦੇ ਸੰਵਾਦ ਅਤੇ ਕਹਾਣੀਆਂ ਉਸ ਨੇ ਖੁਦ ਲਿਖੀਆਂ ਹਨ।



# ਨੂਰ ਦੀ ਨਿਆਮਤ

ਪਾਕਿਸਤਾਨੀ ਅਦਾਕਾਰਾ, ਫਿਲਮਸਾਜ਼ ਅਤੇ ਮਾਡਲ ਨੂਰ ਬੁਖਾਰੀ ਅੱਜ ਕੱਲ੍ਹ ਫਿਰ ਚਰਚਾ ਵਿਚ ਹੈ। ਉਸ ਨੇ ਕੁਝ ਫਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿਚ ਚੰਗੀ ਅਦਾਕਾਰੀ ਨਾਲ ਚੰਗਾ ਨਾਂ ਕਮਾਇਆ ਹੈ। ਹੁਣ ਉਹ 'ਸਾਇਆ-ਏ-ਖੁਦਾ-ਏ-ਜੁਲ ਜਲਾਲ' ਫਿਲਮ ਵਿਚ ਰੁਝੀ ਹੋਈ ਹੈ। ਇਸ ਫਿਲਮ ਵਿਚ 1947 ਤੋਂ ਲੈ ਕੇ ਹੁਣ ਤੱਕ ਦੇ ਪਾਕਿਸਤਾਨ ਦੇ ਇਤਿਹਾਸ ਉਤੇ ਝਾਤੀ ਮਾਰੀ ਗਈ ਹੈ। ਫਿਲਮਸਾਜ਼ ਉਮੈਰ ਫਜ਼ਲੀ ਵੱਲੋਂ ਬਣਾਈ ਇਸ ਫਿਲਮ ਵਿਚ ਉਨ੍ਹਾਂ ਪਾਕਿਸਤਾਨੀ ਜਾਬਾਜ਼ਾਂ ਦੀ ਬਾਤ ਪਾਈ ਗਈ ਹੈ ਜਿਨ੍ਹਾਂ ਨੂੰ ਇਤਿਹਾਸ ਵਿਚ ਬਣਦਾ ਸਥਾਨ ਨਹੀਂ ਮਿਲ ਸਕਿਆ। 2016 ਵਿਚ ਉਸ ਦੀ ਫਿਲਮ 'ਇਸ਼ਕ ਪਾਜ਼ੇਟਿਵ' ਨਾਲ ਖੂਬ ਧੁੰਮਾਂ ਪਾਈਆਂ। ਉਂਜ ਪਿਆਰ ਦੇ ਪੱਖ ਤੋਂ ਨੂਰ ਬੁਖਾਰੀ ਭਾਗਾਂ ਵਾਲੀ ਸਾਬਤ ਨਹੀਂ ਹੋਈ। ਉਸ ਨੇ ਚਾਰ ਵਾਰ ਸ਼ਾਦੀ ਕਰਵਾਈ ਅਤੇ ਚਾਰੇ ਸ਼ਾਦੀਆਂ ਸਫ਼ਲ ਨਹੀਂ ਹੋ ਸਕਦੀ। ਹੁਣ ਉਹ ਆਪਣਾ ਸਾਰਾ ਧਿਆਨ ਅਦਾਕਾਰੀ ਵੱਲ ਹੀ ਲਾ ਰਹੀ ਹੈ। ਉਸ ਨੇ 'ਉਫ਼ ਯੇਹ ਲੜਕੀਆਂ', 'ਮੇਰੇ ਅੰਗਨੇ ਮੇਂ' ਅਤੇ 'ਫਿਰ ਤਨਹਾ' ਵਰਗੇ ਲੜੀਵਾਰਾਂ ਵਿਚ ਕੰਮ ਕੀਤਾ। 2009 ਵਿਚ ਟੀ.ਵੀ ਸ਼ੋਅ 'ਅਨ-ਸੈਂਸਰਡ ਵਿਦ ਨੂਰ' ਪ੍ਰੋਗਰਾਮ ਨਾਲ ਉਸ ਦੀ ਖੂਬ ਚਰਚਾ ਹੋਈ ਸੀ।

# ਸਰਗੁਣ ਮਹਿਤਾ ਦੇ ਗੁਣ



ਆਪਣੀ ਨਵੀਂ ਫਿਲਮ 'ਲਹੌਰੀਏ' ਨਾਲ ਭੋਲੀ ਜਿਹੀ ਸੂਰਤ ਵਾਲੀ ਖੂਬਸੂਰਤ ਅਦਾਕਾਰਾ ਸਰਗੁਣ ਮਹਿਤਾ ਨੇ ਆਪਣੀ ਕਲਾ ਦਾ ਲੋਹਾ ਮੰਨਵਾ ਲਿਆ ਹੈ। ਛੇ ਸਤੰਬਰ 1988 ਨੂੰ ਚੰਡੀਗੜ੍ਹ ਵਿਚ ਜੰਮੀ ਸਰਗੁਣ ਨੇ ਆਪਣਾ ਕਰੀਅਰ ਥੀਏਟਰ ਅਤੇ ਫਿਰ ਟੈਲੀਵਿਜ਼ਨ ਤੋਂ ਸ਼ੁਰੂ ਕੀਤਾ ਸੀ। ਫਿਲਮੀ ਦੁਨੀਆਂ ਵਿਚ ਉਸ ਦਾ ਦਾਖ਼ਲਾ ਪੰਜਾਬੀ ਫਿਲਮ 'ਅੰਗਰੇਜ਼' ਨਾਲ ਹੋਇਆ ਸੀ ਅਤੇ ਪਹਿਲੀ ਹੀ ਫਿਲਮ ਨਾਲ ਉਹ ਦਰਸ਼ਕਾਂ ਅਤੇ ਆਲੋਚਕਾਂ ਦਾ ਧਿਆਨ ਖਿੱਚਣ ਵਿਚ ਕਾਮਯਾਬ ਰਹੀ। ਇਸ ਫਿਲਮ ਵਿਚ ਉਸ ਦਾ ਨਾਇਕ ਅਮਰਿੰਦਰ ਗਿੱਲ ਸੀ। 'ਲਹੌਰੀਏ' ਵਿਚ ਵੀ ਉਸ ਦਾ ਨਾਇਕ ਅਮਰਿੰਦਰ ਗਿੱਲ ਹੀ ਹੈ, ਪਰ ਸਰਗੁਣ ਨੇ ਫਿਲਮ ਵਿਚ ਅਮਰਿੰਦਰ ਨਾਲੋਂ ਕਿਤੇ ਬਿਹਤਰ ਅਦਾਕਾਰੀ ਕੀਤੀ ਹੈ। ਹਾਲ ਹੀ ਵਿਚ ਉਸ ਦੀ ਫਿਲਮ 'ਜਿੰਦੂਆ' ਨੇ ਵੀ ਧਿਆਨ ਖਿੱਚਿਆ ਸੀ ਅਤੇ 2016 ਵਿਚ 'ਲਵ ਪੰਜਾਬ' ਵਿਚ ਵੀ ਉਹ ਬਤੌਰ ਨਾਇਕਾ ਦਿਖਾਈ ਦਿੱਤੀ ਸੀ। ਇਸ ਫਿਲਮ ਲਈ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਅਦਾਕਾਰਾ ਦਾ ਇਨਾਮ ਵੀ ਮਿਲਿਆ ਸੀ। ਸਰਗੁਣ ਅਸਲ ਵਿਚ ਗੁਣਾਂ ਦੀ ਗੁਥਲੀ ਹੈ ਅਤੇ ਉਸ ਨੇ ਆਪਣੇ ਇਨ੍ਹਾਂ ਗੁਣਾਂ, ਸਬਰ ਅਤੇ ਮਿਹਨਤ ਸਦਕਾ ਫਿਲਮੀ ਦੁਨੀਆਂ ਵਿਚ ਵੱਖਰਾ ਤੇ ਬਣਦਾ ਸਥਾਨ ਮੱਲ ਲਿਆ ਹੈ। 'ਅੰਗਰੇਜ਼' ਵਿਚ ਉਸ ਦਾ ਰੋਲ ਭਾਵੇਂ ਸਾਈਡ ਹੀਰੋਇਨ ਦਾ ਹੀ ਸੀ, ਪਰ ਉਦੋਂ ਸਭ ਤੋਂ ਵੱਧ ਚਰਚਾ ਉਸ ਵੱਲੋਂ ਨਿਭਾਏ ਧੰਨ ਕੌਰ ਦੇ ਕਿਰਦਾਰ ਹੀ ਹੋਈ ਸੀ।

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਵੈ॥

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 67ਵੀਂ ਬਰਸੀ

## 4 ਜੂਨ 2017, ਦਿਨ ਐਤਵਾਰ

## ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੀਫੋਰਨੀਆ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।


ਸੰਤ ਬਾਬਾ ਪ੍ਰੇਮ ਸਿੰਘ ਜੀ

### ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ
**2 ਜੂਨ 2017 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ**
ਭੋਗ ਸ੍ਰੀ ਅਖੰਡ ਪਾਠ ਸਾਹਿਬ
**4 ਜੂਨ 2017 ਦਿਨ ਐਤਵਾਰ, ਸਵੇਰੇ 9:30 ਵਜੇ**

4 ਜੂਨ ਨੂੰ ਬੀਬੀ ਸੁਰਜੀਤ ਕੌਰ ਜੀ ਸੈਕਰਾਮੈਂਟੋ ਮਨੋਹਰ ਸ਼ਬਦ ਕੀਰਤਨ ਨਾਲ ਸੰਗਤਾਂ ਦੀ ਸੇਵਾ ਕਰਨਗੇ

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ 11 ਵਜੇ ਤੋਂ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

*67th Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from June 2 to June 4, 2017. All are requested to participate to pay homage to the great Saint of the 20th Century & Seek God's blessings.*

**For More Info. Please Contact:**
Paramjit S. Gahra 510-334-0255, Puran S. Ghotra 707-704-6915, Jagir Singh Multani 510-502-5580
Dr. Surinder Singh Kohal 925-324-1012, Harjit Singh 707-334-7514, Jit Singh 650-823-0597
Malkit Singh 510-860-7811, Daljit Singh 650-826-1357, Surinder Singh 510-472-3571

Ad space sponsored by

**Law Office of Manpreet Singh Gahra**

Berkeley Office : 2161, Shattuck Ave., Suite#304, Berkeley, CA 94704
Phone: 510-841-4582, Sacramento Office : Ph. 916-924-1617

**Bobby's Driving School**
1197 A Street #11, Hayward, CA 94541
Ph: 510-472-3571 And 510-813-8631